Listing and Selling Homes From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

Buy/Sell Real Estate
in Bay Area
Call: Jaideep Singh
Ph: 510-565-5250
Email: jaideeprealtor@gmail.com
DRE#02021283
I can help you every step of the way.
No Pressure, No Obligation.
Fluent in Punjabi and Hindi.

Nineteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 50, December 15, 2018
20451 N. Plum Grove Rd., Palatine, IL 60074
Ph:847-359-0746, Fax:847-705-9388

## ਬਰਗਾੜੀ ਮੋਰਚਾ: ਪ੍ਰਬੰਧਕਾਂ ਨੇ ਇਨਸਾਫ ਤੋਂ ਪਹਿਲਾਂ ਹੀ ਮੈਦਾਨ ਛੱਡਿਆ

**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਗੋਲੀਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਲਾਇਆ ਬਰਗਾੜੀ ਇਨਸਾਫ਼ ਮੋਰਚਾ ਖਤਮ ਕਰਨ ਦੇ ਫੈਸਲੇ ਉਤੇ ਵੱਡੇ ਸਵਾਲ ਉਠੇ ਹਨ। ਮੋਰਚੇ ਵਿਚ ਸ਼ਾਮਲ ਹੋਈਆਂ ਸਿੱਖ ਜਥੇਬੰਦੀਆਂ ਵੀ ਸਵਾਲ ਕਰ ਰਹੀਆਂ ਹਨ ਕਿ



ਸਰਕਾਰ ਤਾਂ ਹਮੇਸ਼ਾ ਇਹੀ ਕਹਿੰਦੀ ਆਈ ਹੈ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਮਿਲੇਗੀ ਪਰ ਅੱਜ ਤੱਕ ਇਸ ਪਾਸੇ ਕੋਈ ਕਾਰਵਾਈ ਨਹੀਂ ਹੋਈ। ਹੁਣ ਜਥੇਦਾਰਾਂ ਨੂੰ ਅਜਿਹਾ ਕੀ ਭਰੋਸਾ ਮਿਲ ਗਿਆ ਕਿ ਝੱਟ ਮੋਰਚਾ ਖਤਮ ਕਰਨ ਲਈ ਰਾਜ਼ੀ ਹੋ ਗਏ?

ਸਵਾਲ ਇਹ ਵੀ ਉਠ ਰਹੇ ਹਨ ਕਿ ਜੇ ਸਰਕਾਰ ਉਤੇ ਭਰੋਸਾ ਹੀ ਕਰਨਾ ਸੀ ਤਾਂ ਇੰਨੇ ਲੰਮੇ ਮੋਰਚੇ ਦੀ ਕੀ ਤੁਕ ਬਣਦੀ ਸੀ। ਸਰਕਾਰ ਤਾਂ ਸ਼ੁਰੂ ਤੋਂ ਹੀ ਆਖ ਰਹੀ ਸੀ ਕਿ ਹਰ ਮੰਗ ਪੂਰੀ ਹੋਵੇਗੀ। ਉਧਰ, ਮੁਤਵਾਜ਼ੀ ਜਥੇਦਾਰ ਤੇ ਮੋਰਚੇ ਦੇ ਪ੍ਰਬੰਧਕ ਬਲਜੀਤ ਸਿੰਘ ਦਾਦੂਵਾਲ ਅਤੇ ਧਿਆਨ ਸਿੰਘ ਮੰਡ ਵੀ ਮੋਰਚੇ ਦੀ ਸਮਾਪਤੀ ਦੇ ਫੈਸਲੇ ਉਤੇ ਆਪਸ ਵਿਚ ਖਹਿਬੜ ਪਏ ਹਨ। ਦਾਦੂਵਾਲ ਨੇ ਦਾਅਵਾ ਕੀਤਾ ਹੈ ਕਿ ਮੰਡ ਨੇ ਕਿਸੇ ਵੀ ਪ੍ਰਬੰਧਕ ਨਾਲ ਸਲਾਹ ਨਹੀਂ ਕੀਤੀ ਅਤੇ ਸਰਕਾਰ ਨਾਲ ਮਿਲ ਕੇ ਆਪੇ ਫੈਸਲਾ ਕਰ ਲਿਆ। ਦਾਦੂਵਾਲ ਨੇ 20 ਦਸੰਬਰ ਨੂੰ ਕੀਤੀ ਜਾ ਰਹੀ ਇਕੱਤਰਤਾ ਵਿਚ ਵੀ ਜਾਣ ਤੋਂ ਸਾਫ ਨਾਂਹ ਕਰ ਦਿੱਤੀ ਹੈ।

ਦੱਸ ਦਈਏ ਕਿ ਮੋਰਚੇ ਦੀ ਅਗਵਾਈ ਕਰ ਰਹੇ ਪ੍ਰਬੰਧਕਾਂ ਦੀਆਂ ਪਹਿਲਾਂ ਵੀ ਸਰਕਾਰ ਨਾਲ ਕਈ ਮੀਟਿੰਗਾਂ ਹੋਈਆਂ ਸਨ ਪਰ ਪ੍ਰਬੰਧਕ ਇਸ ਗੱਲ ਉਤੇ ਅੜੇ ਰਹੇ ਕਿ ਪਹਿਲਾਂ ਮੰਗਾਂ ਪੂਰੀਆਂ ਕਰੋ, ਮੋਰਚਾ ਫਿਰ ਹੀ ਖਤਮ ਕੀਤਾ ਜਾਵੇਗਾ। ਇਨ੍ਹਾਂ ਮੰਗਾਂ ਵਿਚ ਬਾਦਲਾਂ ਦੀ ਗ੍ਰਿਫਤਾਰੀ ਦੀ ਮੰਗ ਵੀ ਸੀ। ਹੁਣ ਸਰਕਾਰ ਨਾਲ ਅਚਾਨਕ ਸਮਝੌਤੇ ਪਿੱਛੋਂ ਵੱਡੀ ਗਿਣਤੀ ਸੰਗਤ ਨਾਰਾਜ਼ ਹੋ ਕੇ ਪੰਡਾਲ ਵਿਚੋਂ ਗਈ। ਮੋਰਚੇ ਦੀ ਸਮਾਪਤੀ ਤੋਂ ਐਨ ਪਹਿਲਾਂ ਕੈਪਟਨ ਸਰਕਾਰ ਦੇ ਮੰਤਰੀਆਂ ਦੇ ਵਫਦ ਨੇ ਬਰਗਾੜੀ ਮੋਰਚੇ ਵਿਚ ਪਹੁੰਚ ਕੇ ਭਰੋਸਾ ਦਿਵਾਇਆ ਕਿ ਸਿੱਖ ਸੰਗਤ ਦੀਆਂ ਸਾਰੀਆਂ ਮੰਗਾਂ ਪੂਰੀਆਂ ਹੋਣਗੀਆਂ। ਇਸ ਮੌਕੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਸੰਗਤ ਨੇ ਵਿਰੋਧ ਵੀ ਕੀਤਾ।

ਇਸ ਐਲਾਨ ਦੇ ਨਾਲ ਹੀ ਸੰਗਤਾਂ ਪੰਡਾਲ ਤੋਂ ਬਾਹਰ ਜਾਣ ਲੱਗੀਆਂ; ਹਾਲਾਂਕਿ ਕਿ ਪਹਿਲਾਂ ਧਿਆਨ ਸਿੰਘ ਮੰਡ ਵੱਲੋਂ ਦਾਅਵਾ ਕੀਤਾ ਜਾ ਰਿਹਾ ਸੀ ਕਿ ਮੋਰਚਾ ਤਾਂ ਹੀ ਸਮਾਪਤ ਕੀਤਾ ਜਾਵੇਗਾ, ਜਦੋਂ ਸਰਕਾਰ ਵੱਲੋਂ ਭੇਜਿਆ ਵਫਦ ਸਾਰੀਆਂ ਮੰਗਾਂ ਮੰਨ ਲਵੇਗਾ ਪਰ ਕੈਪਟਨ ਦੇ ਮੰਤਰੀ ਭਰੋਸਾ ਦੇ ਕੇ ਹੀ ਚੱਲਦੇ ਬਣੇ ਜਿਸ ਕਾਰਨ ਸੰਗਤ ਵਿਚ ਰੋਸ ਫੈਲ ਗਿਆ। ਸੰਗਤਾਂ ਦੇ ਰੋਸ ਕਰਕੇ ਹੀ ਬਰਗਾੜੀ ਮੋਰਚਾ ਦੇ ਪ੍ਰਬੰਧਕਾਂ ਨੇ ਮੋਰਚੇ ਦੀ ਸਮਾਪਤੀ ਦੇ ਨਾਲ ਹੀ ਐਲਾਨ ਕਰ ਦਿੱਤਾ ਕਿ

*(ਬਾਕੀ ਸਫਾ 6 ਉਤੇ)*

### ਵਿਧਾਨ ਸਭਾ ਚੋਣਾਂ

## ਕਾਂਗਰਸ ਦੇ 'ਅੱਛੇ ਦਿਨ' ਪਰਤੇ, ਭਾਜਪਾ ਨੂੰ ਨਮੋਸ਼ੀ

**ਨਵੀਂ ਦਿੱਲੀ:** ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਵੱਡੀ ਨਮੋਸ਼ੀ ਮਿਲੀ ਹੈ। ਇਨ੍ਹਾਂ ਚੋਣਾਂ ਨੂੰ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਸੈਮੀਫਾਈਨਲ ਵਜੋਂ ਪ੍ਰਚਾਰਿਆ ਗਿਆ ਸੀ। ਇਹ ਸੈਮੀਫਾਈਨਲ ਤਕਰੀਬਨ-ਤਕਰੀਬਨ ਕਾਂਗਰਸ ਦੇ ਨਾਮ ਰਿਹਾ। ਕਾਂਗਰਸ ਦੇ ਇਸ ਉਭਾਰ ਨੇ ਅਗਲੇ ਵਰ੍ਹੇ ਹੋ ਰਹੀਆਂ ਲੋਕ ਸਭਾ ਚੋਣਾਂ ਵਿਚ ਜਿੱਤ ਦੇ ਪੱਕੇ ਦਾਅਵੇ ਕਰੀ ਬੈਠੀ ਭਗਵਾ ਧਿਰ ਦੇ ਸਾਰੇ ਸੁਪਨੇ ਤੋੜ ਦਿੱਤੇ ਹਨ।

ਛੱਤੀਸਗੜ੍ਹ ਵਿਚ ਕਾਂਗਰਸ ਨੂੰ ਦੋ-ਤਿਹਾਈ ਬਹੁਮਤ ਨਾਲ ਮਿਲੀ ਜਿੱਤ ਦੀ ਅਹਿਮੀਅਤ ਇਸ ਗੱਲੋਂ ਵੀ ਹੈ ਕਿ ਰਾਹੁਲ ਗਾਂਧੀ ਦੀ ਅਗਵਾਈ ਹੇਠ ਲੜੀਆਂ ਚੋਣਾਂ ਵਿਚ ਇਹ ਪਹਿਲਾ ਸੂਬਾ ਹੈ ਜਿਸ ਵਿਚ ਕਾਂਗਰਸ ਨੇ ਭਾਜਪਾ ਨੂੰ ਫੈਸਲਾਕੁਨ ਤਰੀਕੇ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ ਹੈ। ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਪਿਛਲੇ ਪੰਦਰਾਂ ਸਾਲਾਂ ਤੋਂ ਰਾਜ ਕਰ ਰਹੀ ਸੀ ਅਤੇ ਉਸ ਨੂੰ ਸਥਾਪਤੀ ਵਿਰੋਧੀ ਲਹਿਰ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਕਾਂਗਰਸ ਨੇ ਜ਼ੋਰਦਾਰ ਵਾਪਸੀ ਕਰਦਿਆਂ ਛੱਤੀਸਗੜ੍ਹ ਵਿਚ ਆਪਣੇ ਦਮ 'ਤੇ ਬਹੁਮਤ ਹਾਸਲ ਕਰ ਲਿਆ। ਰਾਜਸਥਾਨ ਚੋਣ ਵੀ ਕਾਂਗਰਸ ਦੇ ਹੱਕ ਵਿਚ ਰਹੀ।

*(ਬਾਕੀ ਸਫਾ 6 ਉਤੇ)*

## ਭੁੱਲਾਂ ਬਖਸ਼ਾ ਕੇ ਕਸੂਤੇ ਘਿਰੇ ਬਾਦਲ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਖਾਸਕਰ ਬਾਦਲ ਪਰਿਵਾਰ ਤੋਂ ਸਿਆਸੀ ਸੰਕਟ ਟਾਲਣ ਲਈ ਪਾਰਟੀ ਵੱਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਜਾ ਕੇ ਭੁੱਲ ਬਖਸ਼ਾਉਣ ਲਈ ਤਿੰਨ ਦਿਨ ਕੀਤੀ ਸੇਵਾ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਇਸ ਸੇਵਾ ਦੌਰਾਨ ਅਕਾਲੀ ਆਗੂ ਵਾਰ-ਵਾਰ ਆਖਦੇ ਰਹੇ ਕਿ 10 ਸਾਲ ਦੀ ਸੱਤਾ ਦੌਰਾਨ ਉਨ੍ਹਾਂ ਕੋਲੋਂ ਅਨੇਕਾਂ ਭੁੱਲਾਂ ਹੋਈਆਂ ਹਨ। ਇਥੋਂ ਤੱਕ ਕਿ ਸ੍ਰੀ ਅਖੰਡ ਪਾਠ ਦੇ ਅਰੰਭ ਤੇ ਭੋਗ ਮੌਕੇ ਪਾਠੀ ਸਿੰਘ ਨੇ ਭੁੱਲਾਂ ਬਖਸ਼ਣ ਦੀ ਅਰਦਾਸ ਕੀਤੀ।

*(ਬਾਕੀ ਸਫਾ 6 ਉਤੇ)*



Ad Space Available
Please Call
Ph: 847-359-0746

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਬਾਦਲਾਂ ਵੱਲੋਂ ਦਸ ਸਾਲਾਂ ਦੇ 'ਗੁਨਾਹਾਂ' ਲਈ ਖਿਮਾ ਯਾਚਨਾ

**ਅੰਮ੍ਰਿਤਸਰ:** ਆਪਣੇ ਦਸ ਸਾਲ ਦੇ ਰਾਜ ਦੌਰਾਨ ਹੋਈਆਂ ਭੁੱਲਾਂ-ਚੁੱਕਾਂ ਦੀ ਖਿਮਾ ਯਾਚਨਾ ਵਾਸਤੇ ਸ਼੍ਰੋਮਣੀ ਅਕਾਲੀ ਦਲ ਨੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਅਕਾਲ ਤਖ਼ਤ ਦੇ ਨੇੜੇ ਗੁਰਦੁਆਰਾ ਬਾਬਾ ਗੁਰਬਖ਼ਸ਼ ਸਿੰਘ ਵਿਖੇ ਸ੍ਰੀ ਅਖੰਡ ਪਾਠ ਅਰੰਭ ਕਰਵਾਇਆ। ਇਸ ਮੌਕੇ ਬਾਦਲ ਪਰਿਵਾਰ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ, ਵਿਧਾਇਕ, ਸਾਬਕਾ ਮੰਤਰੀ, ਜ਼ਿਲ੍ਹਾ ਪ੍ਰਧਾਨਾਂ ਸਣੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਹੋਰ ਆਗੂਆਂ ਨੇ ਜੋੜਾ ਘਰ ਵਿਚ ਸੰਗਤਾਂ ਦੇ ਜੋੜੇ ਸਾਫ ਕੀਤੇ, ਲੰਗਰ ਘਰ ਵਿਚ ਸੇਵਾ ਕੀਤੀ ਅਤੇ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ। ਪ੍ਰਕਾਸ਼ ਸਿੰਘ ਬਾਦਲ ਦੇ 91ਵੇਂ ਜਨਮ ਦਿਨ ਮੌਕੇ ਸ਼੍ਰੋਮਣੀ ਅਕਾਲੀ ਦਲ ਵਲੋਂ ਖਿਮਾ ਯਾਚਨਾ ਵਾਸਤੇ ਰੱਖੇ ਅਖੰਡ ਪਾਠ ਮੌਕੇ



ਆਰੰਭਤਾ ਦੀ ਅਰਦਾਸ ਵਿਚ ਵੀ ਅਰਦਾਸੀਏ ਸਿੰਘ ਵੱਲੋਂ ਪਿਛਲੇ ਸਮੇਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਕੋਲੋਂ ਜਾਣੇ ਅਣਜਾਣੇ ਵਿਚ ਹੋਈਆਂ ਭੁੱਲਾਂ ਦੀ ਖਿਮਾ ਯਾਚਨਾ ਦਾ ਜ਼ਿਕਰ ਕੀਤਾ ਗਿਆ। ਅਰਦਾਸ ਵਿਚ ਖਿਮਾ ਯਾਚਨਾ ਬਾਰੇ ਉਨ੍ਹਾਂ ਕਿਹਾ ਕਿ ਸਿੱਖਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਨਿਮਾਣੇ ਸਿੱਖ ਵਜੋਂ ਭੁੱਲਾਂ ਚੁੱਕਾਂ ਬਖ਼ਸ਼ਾਉਣ ਵਾਸਤੇ ਹਾਜ਼ਰ ਹੋਏ ਹਨ। ਭੁੱਲਾਂ ਚੁੱਕਾਂ ਕਰਨ ਵਾਲੇ ਸੇਵਕਾਂ ਨੂੰ ਬਖ਼ਸ਼ ਕੇ ਆਪਣੇ ਲੜ ਲਾਇਆ ਜਾਵੇ।

ਪਾਠ ਦੀ ਆਰੰਭਤਾ ਮੌਕੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ ਕਿ ਸਮੁੱਚੀ ਪਾਰਟੀ ਕੋਲੋਂ ਰਾਜਕਾਲ ਦੌਰਾਨ ਫਰਜ਼ ਨਿਭਾਉਂਦਿਆਂ ਹੋਈਆਂ ਭੁੱਲਾਂ ਚੁੱਕਾਂ ਦੀ ਖਿਮਾ ਯਾਚਨਾ ਕਰਨ ਵਾਸਤੇ ਆਏ ਹਨ। ਵਿਰੋਧੀਆਂ ਵਲੋਂ ਇਸ ਸਬੰਧੀ ਕੀਤੇ ਜਾ ਰਹੇ ਪ੍ਰਚਾਰ ਬਾਰੇ ਉਨ੍ਹਾਂ ਕੁਝ ਵੀ ਕਹਿਣ ਤੋਂ ਇਨਕਾਰ ਕਰਦਿਆਂ ਆਖਿਆ ਕਿ ਵਿਰੋਧੀਆਂ ਦਾ ਕੰਮ ਸਿਰਫ ਵਿਰੋਧ ਕਰਨਾ ਹੈ, ਜੋ ਮਰਜ਼ੀ ਕੋਈ ਬੋਲੇ ਪਰ ਅੰਤ ਵਿਚ ਜਿੱਤ ਸਚਾਈ ਦੀ ਹੁੰਦੀ ਹੈ। ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ, ਸੇਵਾ ਸਿੰਘ ਸੇਖਵਾਂ ਆਦਿ ਨੂੰ ਮੁੜ ਪਾਰਟੀ ਵਿਚ ਸ਼ਾਮਲ ਕਰਨ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਸਾਬਕਾ ਮੁੱਖ ਮੰਤਰੀ ਨੇ ਆਖਿਆ ਕਿ ਉਨ੍ਹਾਂ ਨੇ ਇਨ੍ਹਾਂ ਸੀਨੀਅਰ ਆਗੂਆਂ ਨੂੰ ਕੁੱਝ ਵੀ ਨਹੀਂ ਕਿਹਾ ਅਤੇ ਨਾ ਹੀ ਕੁੱਝ ਕੀਤਾ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਸਾਰਿਆਂ ਨੂੰ ਚਾਹੀਦਾ ਹੈ ਕਿ ਉਹ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿਚ ਆਉਣ ਅਤੇ ਪਹਿਲਾਂ ਵਾਂਗ ਹੀ ਸੇਵਾ ਕਰਨ।

ਉਨ੍ਹਾਂ ਨੇ ਅਸਿੱਧੇ ਢੰਗ ਨਾਲ ਪਾਰਟੀ ਤੋਂ ਵੱਖ ਕੀਤੇ ਇਨ੍ਹਾਂ ਆਗੂਆਂ ਨੂੰ ਮੁੜ ਪਾਰਟੀ ਵਿਚ ਸ਼ਾਮਲ ਹੋਣ ਲਈ ਆਖਿਆ ਹੈ। ਜਦੋਂਕਿ ਕੁਝ ਹੋਰ ਆਗੂਆਂ ਵਲੋਂ ਗੱਲਬਾਤ ਦੌਰਾਨ ਰਾਜਕਾਲ ਸਮੇਂ ਜਾਣੇ ਅਣਜਾਣੇ ਵਿਚ ਹੋਈਆਂ ਭੁੱਲਾਂ ਦੀ ਖਿਮਾ ਯਾਚਨਾ ਵਾਸਤੇ ਗੁਰੂ ਘਰ ਨਤਮਸਤਕ ਹੋਣ ਬਾਰੇ ਆਖਿਆ ਹੈ ਪਰ ਕਿਸੇ ਵੀ ਆਗੂ ਨੇ ਇਹ ਖੁਲਾਸਾ ਨਹੀਂ ਕੀਤਾ ਕਿ ਕਿਹੜੀਆਂ ਭੁੱਲਾਂ ਚੁੱਕਾਂ ਵਾਸਤੇ ਖਿਮਾ ਯਾਚਨਾ ਕੀਤੀ ਜਾ ਰਹੀ ਹੈ। ਪਾਠ ਆਰੰਭ ਕਰਾਉਣ ਮਗਰੋਂ ਪ੍ਰਕਾਸ਼ ਸਿੰਘ ਬਾਦਲ ਨੇ ਸੰਕੇਤਕ ਤੌਰ ਉਤੇ ਸੰਗਤ ਦੇ ਜੋੜੇ ਝਾੜੇ ਅਤੇ ਲੰਗਰ ਘਰ ਵਿਚ ਸੇਵਾ ਕੀਤੀ ਪਰ ਸੁਖਬੀਰ ਸਿੰਘ ਬਾਦਲ ਤੇ ਹੋਰ ਅਕਾਲੀ ਆਗੂਆਂ ਨੇ ਦੋਵਾਂ ਥਾਵਾਂ ਉਤੇ ਇਕ ਇਕ ਘੰਟੇ ਤੋਂ ਵੱਧ ਸਮਾਂ ਸੇਵਾ ਕੀਤੀ। ਉਹ ਸ਼ਾਮ ਵੇਲੇ ਸ੍ਰੀ ਹਰਿਮੰਦਰ ਸਾਹਿਬ ਵਿਚ ਗੁਰਬਾਣੀ ਦਾ ਕੀਰਤਨ ਸੁਣਨ ਵਾਸਤੇ ਵੀ ਹਾਜ਼ਰ ਹੋਏ।

## ਧਰਮ ਦੇ ਨਾਂ 'ਤੇ ਡਰਾਮਾ ਕੀਤਾ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਧਰਮ ਦੇ ਨਾਂ 'ਤੇ ਸਿਆਸੀ ਡਰਾਮਾ ਕਰਨ ਅਤੇ ਪਿਛਲੇ 10 ਸਾਲਾਂ ਦੇ ਕੁਸ਼ਾਸਨ ਦੌਰਾਨ ਕੀਤੀਆਂ ਗਲਤੀਆਂ ਲਈ ਪਸ਼ਚਾਤਾਪ ਕਰਨ ਨੂੰ ਚੁਣੌਤੀ ਦਿੱਤੀ ਹੈ। ਮੁੱਖ ਮੰਤਰੀ ਨੇ ਬਾਦਲ ਪਰਿਵਾਰ ਅਤੇ ਹੋਰ ਆਗੂਆਂ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਅਕਾਲੀ ਦਲ ਪਿਛਲੇ ਦੋ ਸਾਲਾਂ ਦੌਰਾਨ ਆਪਣਾ ਜਨਤਕ ਸਮਰਥਨ ਪੂਰੀ ਤਰ੍ਹਾਂ ਗੁਆ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜੇਕਰ ਉਹ ਮੁਆਫੀ ਪ੍ਰਤੀ ਸੰਜੀਦਾ ਹਨ ਤਾਂ ਮਾੜੇ ਕੰਮਾਂ ਨੂੰ ਜਨਤਕ ਤੌਰ 'ਤੇ ਮੰਨਣ ਦਾ ਉਨ੍ਹਾਂ ਨੂੰ ਹੌਸਲਾ ਦਿਖਾਉਣਾ ਚਾਹੀਦਾ ਹੈ।

## ਬਾਦਲ ਪਰਿਵਾਰ ਦਾ ਗੁਨਾਹ ਮੁਆਫੀ ਯੋਗ ਨਹੀਂ: ਟਕਸਾਲੀ ਆਗੂ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਦਸ ਸਾਲ ਦੇ ਰਾਜ ਦੌਰਾਨ ਹੋਈਆਂ ਭੁੱਲਾਂ ਦੀ ਖਿਮਾ ਯਾਚਨਾ ਵਾਸਤੇ ਰਖਵਾਏ ਗਏ ਅਖੰਡ ਪਾਠ ਨੂੰ ਪਾਰਟੀ ਤੋਂ ਵੱਖ ਹੋਏ ਟਕਸਾਲੀ ਆਗੂਆਂ ਨੇ ਸਿੱਖ ਕੌਮ ਦੀਆਂ ਅੱਖਾਂ 'ਚ ਘੱਟਾ ਪਾਉਣ ਵਾਲੀ ਕਾਰਵਾਈ ਕਰਾਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਵਿਚੋਂ ਫਾਰਗ ਕੀਤੇ ਗਏ ਸਾਬਕਾ ਸੰਸਦ ਮੈਂਬਰ ਡਾ. ਰਤਨ ਸਿੰਘ ਅਜਨਾਲਾ ਨੇ ਕਿਹਾ ਕਿ ਬਾਦਲ ਪਰਿਵਾਰ ਦੇ ਗੁਨਾਹ ਨਾ ਮੁਆਫ਼ੀਯੋਗ ਹਨ। ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸਾਬਕਾ ਮੰਤਰੀ ਸੇਵਾ ਸਿੰਘ ਸੇਖਵਾਂ ਨੇ ਵੀ ਆਖਿਆ ਕਿ ਲਾਮ-ਲਸ਼ਕਰ ਲੈ ਕੇ ਮੁਆਫ਼ੀ ਮੰਗਣ ਆਉਣਾ ਨਿਮਾਣੇ ਸਿੱਖ ਵਜੋਂ ਮੁਆਫ਼ੀ ਮੰਗਣਾ ਨਹੀਂ ਹੈ।

## ਜਾਣ-ਬੁੱਝ ਕੇ ਕੀਤੇ ਪਾਪਾਂ ਦੀ ਮੁਆਫੀ ਨਹੀਂ ਮਿਲਦੀ: ਭਗਵੰਤ ਮਾਨ

**ਚੰਡੀਗੜ੍ਹ:** 'ਆਪ' ਦੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਬਾਦਲਾਂ ਨੇ ਆਪਣੇ ਸਿਆਸੀ ਜੀਵਨ ਅਤੇ ਖ਼ਾਸ ਕਰ ਕੇ ਪਿਛਲੇ 10 ਸਾਲ ਦੇ ਰਾਜ ਦੌਰਾਨ ਪੰਜਾਬ ਦੇ ਲੋਕਾਂ ਨੂੰ ਰੱਜ ਕੇ ਲੁੱਟਿਆ ਹੈ। ਉਹ ਹੁਣ ਆਪਣੀ ਸਿਆਸੀ ਜ਼ਮੀਨ ਖਿਸਕਦੀ ਦੇਖ ਕੇ ਇਸ ਤਰ੍ਹਾਂ ਦੇ ਡਰਾਮੇ ਕਰ ਰਹੇ ਹਨ। ਉਨ੍ਹਾਂ ਬਾਦਲਾਂ ਤੋਂ ਸਵਾਲ ਪੁੱਛਦਿਆਂ ਕਿਹਾ ਕਿ ਉਹ ਲੋਕਾਂ ਨੂੰ ਦੱਸਣ ਕਿ ਉਹ ਕਿਹੜੀਆਂ-ਕਿਹੜੀਆਂ ਭੁੱਲਾਂ ਦੀ ਮੁਆਫੀ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਬਾਦਲ ਲੋਕਾਂ ਦਾ ਧਿਆਨ ਭਟਕਾਉਣ ਲਈ ਧਰਮ ਦਾ ਸਹਾਰਾ ਲੈਂਦੇ ਰਹੇ ਹਨ। ਉਨ੍ਹਾਂ ਨੇ ਭੁੱਲਾਂ ਨਹੀਂ, ਸਗੋਂ ਪਾਪ ਕੀਤੇ ਹਨ।

## ਭੁੱਲ ਬਖ਼ਸ਼ਾਉਣ ਦਾ ਕੰਮ ਬਹੁਤ ਦੇਰੀ ਨਾਲ: ਢੀਂਡਸਾ

**ਸੰਗਰੂਰ:** ਸੀਨੀਅਰ ਅਕਾਲੀ ਆਗੂ ਅਤੇ ਮੈਂਬਰ ਰਾਜ ਸਭਾ ਸੁਖਦੇਵ ਸਿੰਘ ਢੀਂਡਸਾ ਨੇ ਅਕਾਲੀ ਆਗੂਆਂ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਚ ਭੁੱਲ ਬਖ਼ਸ਼ਾਉਣ ਲਈ ਸ਼ੁਰੂ ਕੀਤੀ ਸੇਵਾ ਬਾਰੇ ਕਿਹਾ ਕਿ ਇਹ ਕੰਮ ਬਹੁਤ ਪਹਿਲਾਂ ਹੋ ਜਾਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਉਸ ਸਮੇਂ ਪਿਛਲੀ ਅਕਾਲੀ ਸਰਕਾਰ ਦੌਰਾਨ ਇਕ ਬੈਠਕ ਵਿਚ ਇਸ ਸਬੰਧੀ ਸੁਝਾਅ ਵੀ ਦਿੱਤਾ ਸੀ ਕਿ ਸਾਨੂੰ ਪਸ਼ਚਾਤਾਪ ਕਰਨ ਦੀ ਲੋੜ ਹੈ। ਉਸ ਸਮੇਂ ਇਹ ਗੱਲ ਮੰਨ ਲਈ ਗਈ ਸੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਲਈ ਸਹਿਮਤੀ ਹੋ ਗਈ ਸੀ। ਪਾਰਟੀ ਦੇ ਇਕ ਸਿਰਮੌਰ ਆਗੂ (ਨਾਂ ਨਹੀਂ ਲਿਆ) ਸ੍ਰੀ ਅੰਮ੍ਰਿਤਸਰ ਸਾਹਿਬ ਲਈ ਰਵਾਨਾ ਹੋ ਗਏ ਸਨ ਪਰ ਬਾਅਦ ਵਿਚ ਸ਼ਾਇਦ ਕਿਸੇ ਨੇ ਸਲਾਹ ਦੇ ਦਿੱਤੀ ਅਤੇ ਉਹ ਰਸਤੇ ਵਿਚੋਂ ਹੀ ਵਾਪਸ ਪਰਤ ਗਏ।



# ਸੁਖਬੀਰ 'ਤੇ ਸਿਆਸੀ ਸੰਕਟ ਨੂੰ ਟਾਲਣ ਲਈ ਬਾਦਲ ਹੋਏ ਸਰਗਰਮ

**ਚੰਡੀਗੜ੍ਹ:** ਪੰਜਾਬ ਦੇ ਸਭ ਤੋਂ ਵਡੇਰੀ ਉਮਰ ਦੇ ਸਿਆਸਤਦਾਨ ਪ੍ਰਕਾਸ਼ ਸਿੰਘ ਬਾਦਲ ਵੱਲੋਂ ਆਪਣੇ ਪੁੱਤਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸੰਕਟ ਵਿਚੋਂ ਕੱਢਣ ਲਈ ਪਾਰਟੀ ਉਪਰ ਦਬਦਬਾ ਕਾਇਮ



ਰਹਿਣ ਦਾ ਪ੍ਰਭਾਵ ਦੇਣ ਦੇ ਯਤਨ ਕੀਤੇ ਜਾਣ ਲੱਗੇ ਹਨ।

ਬਾਦਲ ਪਰਿਵਾਰ ਸਮੇਤ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਕੀਤੀ ਸੇਵਾ ਅਤੇ ਭੁੱਲਾਂ ਬਖ਼ਸ਼ਾਉਣ ਦੀ ਪ੍ਰਕਿਰਿਆ ਤੋਂ ਬਾਅਦ ਜਿਸ ਢੰਗ ਨਾਲ ਪ੍ਰਕਾਸ਼ ਸਿੰਘ ਬਾਦਲ ਨੇ ਮੋਹਰੀ ਭੂਮਿਕਾ ਨਿਭਾਈ ਅਤੇ ਸੁਖਬੀਰ ਸਿੰਘ ਬਾਦਲ ਨੂੰ ਪਰਦੇ ਪਿੱਛੇ ਧੱਕ ਦਿੱਤਾ ਹੈ, ਨੇ ਸਾਬਤ ਕਰ ਦਿੱਤਾ ਹੈ ਕਿ ਉਮਰ ਦੇ 9ਵੇਂ ਦਹਾਕੇ ਵਿਚੋਂ ਲੰਘ ਰਹੇ ਬਾਦਲ ਨੂੰ ਪਾਰਟੀ ਅਤੇ ਪਰਿਵਾਰ ਦਾ ਸੰਕਟ ਟਾਲਣ ਲਈ ਜੱਦੋ-ਜਹਿਦ ਕਰਨੀ ਪਵੇਗੀ।

ਮਾਝੇ ਦੇ ਟਕਸਾਲੀ ਆਗੂਆਂ ਨੇ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਕਰੀਬੀ ਰਿਸ਼ਤੇਦਾਰ ਖ਼ਿਲਾਫ਼ ਬਗਾਵਤ ਕੀਤੀ ਸੀ, ਜਦੋਂ ਕਿ ਪਾਰਟੀ ਦੇ ਸਾਬਕਾ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਵੱਲੋਂ ਅਸਿੱਧੇ ਤੌਰ 'ਤੇ ਛੋਟੇ ਬਾਦਲ ਦੀ ਲੀਡਰਸ਼ਿਪ ਨੂੰ ਚੁਣੌਤੀ ਦਿੱਤੀ ਗਈ ਸੀ। ਵੱਡੇ ਬਾਦਲ ਦੀਆਂ ਇਨ੍ਹਾਂ ਗਤੀਵਿਧੀਆਂ ਨੇ ਅਕਾਲੀ ਦਲ ਅੰਦਰ ਨਵੀਂ ਚਰਚਾ ਵੀ ਛੇੜੀ ਹੈ, ਕਿਉਂਕਿ ਵਿਧਾਨ ਸਭਾ ਚੋਣਾਂ ਦੌਰਾਨ ਨਮੋਸ਼ੀ ਭਰੀ ਹਾਰ ਤੋਂ ਬਾਅਦ ਸ੍ਰੀ ਬਾਦਲ ਨੇ ਆਪਣੀਆਂ ਗਤੀਵਿਧੀਆਂ ਸੀਮਤ ਕਰ ਲਈਆਂ ਸਨ।

ਪੰਜਾਬ ਦੀ ਸਿਆਸਤ ਵਿਚ ਸ਼੍ਰੋਮਣੀ ਅਕਾਲੀ ਦਲ ਇਸ ਸਮੇਂ ਬੇਹੱਦ ਸੰਕਟਮਈ ਦੌਰ ਵਿਚੋਂ ਲੰਘ ਰਿਹਾ ਹੈ। ਪਾਰਟੀ ਲੀਡਰਸ਼ਿਪ ਦੀ ਭਰੋਸੇਯੋਗਤਾ ਇਕ ਤਰ੍ਹਾਂ ਨਾਲ ਦਾਅ 'ਤੇ ਹੀ ਲੱਗੀ ਹੋਈ ਹੈ। ਲੋਕ ਸਭਾ ਚੋਣਾਂ ਨਜ਼ਦੀਕ ਹੋਣ ਕਾਰਨ ਪਾਰਟੀ ਲਈ ਚੁਣੌਤੀਆਂ ਵਧਣ ਦਾ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਪਾਰਟੀ ਦੇ ਇਕ ਸੀਨੀਅਰ ਆਗੂ ਦਾ ਕਹਿਣਾ ਹੈ ਕਿ ਸੰਸਦੀ ਚੋਣਾਂ ਦੀ ਅਗਵਾਈ ਵੱਡੇ ਬਾਦਲ ਕਰ ਸਕਦੇ ਹਨ ਜਦੋਂ ਕਿ ਪਹਿਲਾਂ ਪਾਰਟੀ ਦਾ ਸਾਰਾ ਕੰਮ ਛੋਟੇ ਬਾਦਲ ਅਤੇ ਉਨ੍ਹਾਂ ਦੇ ਕਰੀਬੀ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ 'ਤੇ ਹੀ ਛੱਡ ਦਿੱਤੇ ਜਾਣ ਦਾ ਪ੍ਰਭਾਵ ਜਾਣ ਲੱਗਿਆ ਸੀ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ਉਤੇ ਦੱਸਿਆ ਕਿ ਪਿਛਲੇ ਦਿਨਾਂ ਦੌਰਾਨ ਕੁਝ ਸੀਨੀਅਰ ਆਗੂਆਂ ਨੇ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕਰਕੇ ਪਾਰਟੀ ਵਿਚਲੇ ਕੁੱਝ ਮਸਲਿਆਂ 'ਤੇ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ ਤਾਂ ਵੱਡੇ ਬਾਦਲ ਚਰਚਾ ਕਰਨ ਤੋਂ ਮੂੰਹ ਫੇਰ ਲੈਂਦੇ ਤੇ ਕਹਿੰਦੇ "ਕੋਈ ਵੀ ਗੱਲ ਕਰਨੀ ਹੈ ਤਾਂ ਸੁਖਬੀਰ ਨਾਲ ਹੀ ਕਰੋ ਜਥੇਦਾਰ ਜੀ।" ਸ੍ਰੀ ਬਾਦਲ ਦਾ ਇਹ ਮਸ਼ਵਰਾ ਸੀਨੀਅਰ ਅਕਾਲੀ ਆਗੂਆਂ ਨੂੰ ਰਾਸ ਨਹੀਂ ਸੀ ਆ ਰਿਹਾ, ਕਿਉਂਕਿ ਛੋਟੇ ਬਾਦਲ ਅਤੇ ਜਥੇਦਾਰਾਂ ਦਰਮਿਆਨ ਪੀੜ੍ਹੀ ਅੰਤਰ (ਜੈਨਰੇਸ਼ਨ ਗੈਪ) ਹੋਣ ਕਾਰਨ ਦੂਰੀਆਂ ਵਧ ਰਹੀਆਂ ਹਨ।

ਪਾਰਟੀ ਅੰਦਰ ਬਗਾਵਤੀ ਸੁਰਾਂ ਉਠਣ ਦਾ ਕਾਰਨ ਵੀ ਸ੍ਰੀ ਬਾਦਲ ਵੱਲੋਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਸਰਗਰਮ ਸਿਆਸਤ ਤੋਂ ਅਣਐਲਾਨਿਆ ਕਿਨਾਰਾ ਕਰਨਾ ਹੀ ਇੱਕ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ। ਬਗਾਵਤੀ ਸੁਰਾਂ ਉਠਣ ਤੋਂ ਬਾਅਦ ਭਾਵੇਂ ਪਾਰਟੀ ਦੇ ਕਈ ਆਗੂਆਂ ਖਾਸ ਕਰ ਕੇ ਨਿਰਮਲ ਸਿੰਘ ਕਾਹਲੋਂ, ਜਥੇਦਾਰ ਤੋਤਾ ਸਿੰਘ, ਪ੍ਰੇਮ ਸਿੰਘ ਚੰਦੂਮਾਜਰਾ, ਚਰਨਜੀਤ ਸਿੰਘ ਅਟਵਾਲ ਆਦਿ ਦੀ ਅਕਾਲੀ ਦਲ ਦੇ ਅੰਦਰ ਕੋਈ ਖਾਸ ਭੂਮਿਕਾ ਨਹੀਂ ਸੀ ਮੰਨੀ ਜਾਂਦੀ ਪਰ ਇਸ ਸਮੇਂ ਇਨ੍ਹਾਂ ਆਗੂਆਂ ਨੂੰ ਮੂਹਰਲੀਆਂ ਸਫ਼ਾਂ ਵਿੱਚ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਅਕਾਲੀ ਦਲ ਦੇ ਸੀਨੀਅਰ ਆਗੂਆਂ ਦਾ ਮੰਨਣਾ ਹੈ ਕਿ ਵੱਡੇ ਬਾਦਲ ਦੀਆਂ ਜੇਕਰ ਸਰਗਰਮ ਨਹੀਂ ਹੁੰਦੇ ਤਾਂ ਸੰਕਟ ਟਾਲਣਾ ਹੀ ਮੁਸ਼ਕਲ ਨਹੀਂ ਸਗੋਂ ਪਾਰਟੀ ਨੂੰ ਆਉਂਦੀਆਂ ਚੋਣਾਂ ਦੌਰਾਨ ਸਿਆਸੀ ਤੌਰ 'ਤੇ ਵੱਡਾ ਨੁਕਸਾਨ ਹੋ ਸਕਦਾ ਹੈ, ਕਿਉਂਕਿ ਵਿਧਾਨ ਸਭਾ ਚੋਣਾਂ ਤੋਂ ਬਾਅਦ ਛੋਟੇ ਬਾਦਲ ਅਜੇ ਲੋਕਾਂ ਦੇ ਮਨ 'ਚ ਸੁਲਝੇ ਸਿਆਸਤਦਾਨ ਵਾਲੀ ਥਾਂ ਬਣਾਉਣ ਵਿਚ ਕਾਮਯਾਬ ਨਹੀਂ ਹੋ ਸਕੇ। ਵਿਧਾਨ ਸਭਾ ਚੋਣਾਂ ਦੀ ਹਾਰ ਤੋਂ ਬਾਅਦ ਵੱਡੇ ਬਾਦਲ ਆਪਣੇ ਵਿਧਾਨ ਸਭਾ ਹਲਕੇ ਲੰਬੀ ਦੇ ਪਿੰਡਾਂ ਵਿੱਚ ਹੀ ਆਪਣੇ ਹਮਾਇਤੀਆਂ ਦੇ ਦੁੱਖ ਸੁੱਖ 'ਚ ਸ਼ਰੀਕ ਹੁੰਦੇ ਹਨ ਜਾਂ ਫਿਰ ਕਦੇ ਕਦਾਈਂ ਚੰਡੀਗੜ੍ਹ ਵਿਚ ਵਰਕਰਾਂ ਦੇ ਸ਼ਿਕਵੇ ਸੁਣਨ ਦੇ ਬਹਾਨੇ ਲੋਕਾਂ ਨਾਲ ਰਾਬਤਾ ਰੱਖ ਰਹੇ ਹਨ।

# ਪੰਜਾਬ ਪੁਲਿਸ ਲਈ ਸਿਰਦਰਦੀ ਬਣਿਆ ਅਤਿਵਾਦੀ ਜ਼ਾਕਿਰ ਮੂਸਾ

**ਚੰਡੀਗੜ੍ਹ:** ਕਸ਼ਮੀਰੀ ਅਤਿਵਾਦੀ ਜ਼ਾਕਿਰ ਮੂਸਾ ਨੇ ਸੁਰੱਖਿਆ ਏਜੰਸੀਆਂ ਨੂੰ ਵਾਹਣੇ ਪਾਇਆ ਹੋਇਆ ਹੈ। ਖੁਫੀਆ ਰਿਪੋਰਟਾਂ ਮੁਤਾਬਕ ਜ਼ਾਕਿਰ ਮੂਸਾ ਪੰਜਾਬ ਵਿਚ ਲੁਕਿਆ ਹੋਇਆ ਹੈ। ਪੁਲਿਸ ਦਿਨ-ਰਾਤ ਜ਼ਾਕਿਰ ਮੂਸਾ ਦੀ ਭਾਲ ਵਿਚ ਜੁਟੀ ਹੋਈ ਹੈ ਪਰ ਅਜੇ ਤੱਕ ਕੋਈ ਸੂਹ ਨਹੀਂ ਮਿਲੀ। ਜ਼ਾਕਿਰ ਮੂਸਾ ਦੇ ਪੰਜਾਬ 'ਚ ਹੋਣ ਦੀ ਖੁਫ਼ੀਆ ਸੂਹ ਮਿਲਣ ਮਗਰੋਂ ਪੰਜਾਬ ਪੁਲਿਸ ਤੇ ਰੇਲਵੇ ਪੁਲਿਸ ਵੱਲੋਂ ਵਿਸ਼ੇਸ਼ ਚੈਕਿੰਗ ਕੀਤੀ ਜਾ ਰਹੀ ਹੈ। ਇਸ ਕਰਕੇ ਆਮ ਲੋਕ ਵੀ ਪਰੇਸ਼ਾਨ ਹਨ। ਪੁਲਿਸ ਦੀਆਂ ਵੀ ਨੀਂਦਰਾਂ ਉਡੀਆਂ ਹੋਈਆਂ ਹਨ।

ਖੁਫੀਆ ਏਜੰਸੀਆਂ ਨੇ ਦਾਅਵਾ ਕੀਤਾ ਹੈ ਕਿ ਅਤਿਵਾਦੀ ਜ਼ਾਕਿਰ ਮੂਸਾ ਇਨ੍ਹੀਂ ਦਿਨੀਂ ਪੰਜਾਬ 'ਚ ਕਿਤੇ ਲੁਕਿਆ ਬੈਠਾ ਹੈ। ਉਹ ਆਪਣਾ



ਹੁਲੀਆ ਬਦਲਦਾ ਰਹਿੰਦਾ ਹੈ। ਹੁਣ ਉਸ ਦੀ ਇਕ ਫੋਟੋ ਸਿੱਖ ਦੇ ਹੁਲੀਏ 'ਚ ਵਾਇਰਲ ਹੋ ਰਹੀ ਹੈ ਜਿਸ 'ਚ ਉਸ ਨੇ ਪੱਗ ਬੰਨ੍ਹੀ ਹੈ ਤੇ ਦਾੜ੍ਹੀ ਰੱਖੀ ਹੋਈ ਹੈ। ਖੁਫੀਆ ਰਿਪੋਰਟਾਂ ਮੁਤਾਬਕ ਜ਼ਾਕਿਰ ਮੂਸਾ ਨੇ ਪੱਗ ਬੰਨ੍ਹ ਕੇ ਸਿੱਖ ਦਾ ਰੂਪ ਵਟਾਇਆ ਹੋਇਆ ਹੈ। ਇਸ ਕਰ ਕੇ ਸੁਰੱਖਿਆ ਫੋਰਸਾਂ ਵੱਲੋਂ ਉਸ ਦੇ ਪੋਸਟਰ ਵੀ ਲਾਏ ਗਏ ਹਨ। ਉਸ ਬਾਰੇ ਸੂਚਨਾ ਦੇਣ ਲਈ ਕਿਹਾ ਗਿਆ ਹੈ। ਮੂਸਾ ਦੇ ਅੰਮ੍ਰਿਤਸਰ ਬੈਲਟ 'ਚ ਹੋਣ ਦੇ ਇਨਪੁਟ ਤੋਂ ਕੁਝ ਦਿਨ ਬਾਅਦ ਹੀ 18 ਨਵੰਬਰ, 2018 ਨੂੰ ਨਿਰੰਕਾਰੀ ਮਿਸ਼ਨ, ਅੰਮ੍ਰਿਤਸਰ 'ਤੇ ਗ੍ਰੇਨੇਡ ਅਟੈਕ ਹੋਇਆ, ਜਿਸ 'ਚ 3 ਲੋਕਾਂ ਦੀ ਮੌਤ ਤੇ 12 ਜ਼ਖ਼ਮੀ ਹੋ ਗਏ ਸੀ।

## ਬਾਦਲਾਂ ਦੀ 'ਸੇਵਾ' ਲਈ ਸ਼੍ਰੋਮਣੀ ਕਮੇਟੀ ਰਹੀ ਪੱਬਾਂ ਭਾਰ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦਲ ਦੀ ਲੀਡਰਸ਼ਿਪ ਦੀ 'ਸੇਵਾ' ਲਈ ਸਮੁੱਚੀ ਸ਼੍ਰੋਮਣੀ ਗੁਰਦੁਆਰਾ ਕਮੇਟੀ ਪੱਬਾਂ ਭਾਰ ਫਿਰ ਰਹੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਜੋ ਕਿ ਅਕਾਲੀ ਸਰਕਾਰ ਸਮੇਂ ਮੰਤਰੀ ਵੀ ਰਹੇ ਹਨ, ਵੀ ਅਕਾਲੀ ਆਗੂਆਂ ਨਾਲ ਦੋ ਦਿਨ ਤੋਂ ਬਾਕਾਇਦਾ ਜੋੜੇ ਪਾਲਿਸ਼ ਕਰਨ ਤੇ ਲੰਗਰ ਦੇ ਜੂਠੇ ਬਰਤਨ ਸਾਫ਼ ਕਰਨ ਦੀ ਸੇਵਾ ਕਰ ਰਹੇ। ਇਥੇ ਹੀ ਬੱਸ ਨਹੀਂ ਉਨ੍ਹਾਂ ਨਾਲ ਸਮੁੱਚੀ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਤੇ ਕਰਮਚਾਰੀ ਵੀ ਅਕਾਲੀ ਆਗੂਆਂ ਦੀ ਟਹਿਲ ਸੇਵਾ 'ਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ।

ਹੋਰ ਤਾਂ ਹੋਰ ਐਤਵਾਰ ਦੀ ਛੁੱਟੀ ਹੋਣ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਮੁੱਖ ਦਫਤਰ ਵਿਖੇ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਦਫਤਰ ਵੀ ਖੁੱਲ੍ਹੇ ਰੱਖੇ ਗਏ। ਸ੍ਰੀ ਦਰਬਾਰ ਸਾਹਿਬ ਦਾ ਸੂਚਨਾ ਕੇਂਦਰ ਅਕਾਲੀ ਆਗੂਆਂ ਤੇ ਸਮਰਥਕਾਂ ਦੇ ਮਿਲਣ-ਗਿਲਣ ਦਾ ਮੁੱਖ ਕੇਂਦਰ ਬਣਿਆ ਰਿਹਾ।

## ਚਾਰ ਸਾਹਿਬਜ਼ਾਦਿਆਂ ਦੀ ਯਾਦ 'ਚ

# ਦੂਜਾ ਸਾਲਾਨਾ ਖਾਲਸਾ ਦਰਬਾਰ

## 25 ਦਸੰਬਰ 2018 (ਮੰਗਲਵਾਰ)

### ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ




ਗੁਰਦੁਆਰਾ ਸੈਨ ਹੋਜ਼ੇ ਦੀ ਸ਼ਾਨਦਾਰ ਇਮਾਰਤ

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਕੀਰਤਨ ਸੁਣ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਪਹੁੰਚ ਰਹੇ ਪੰਥ ਪ੍ਰਸਿਧ ਰਾਗੀ ਜਥੇ



ਭਾਈ ਇੰਦਰਜੀਤ ਸਿੰਘ ਖਾਲਸਾ
ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ



ਭਾਈ ਹਰਚਰਨ ਸਿੰਘ ਖਾਲਸਾ
ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ



ਭਾਈ ਤਾਜਵਿੰਦਰ ਸਿੰਘ
ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ



ਭਾਈ ਹਰਜਿੰਦਰ ਸਿੰਘ
ਸ੍ਰੀ ਨਗਰ ਵਾਲੇ



ਭਾਈ ਸਤਵਿੰਦਰ ਸਿੰਘ
ਦਿੱਲੀ ਵਾਲੇ

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ (ਕੈਲੀਫੋਰਨੀਆ)

**3636 Gurdwara Ave., San Jose, CA 95148 (Ph: 408-274-9373)**

**ਗੁਰਦੁਆਰਾ ਸਾਹਿਬ ਦੀ ਵੈਬਸਾਈਟ: www.sanjosegurdwara.org**

**Donation to Gurdwara Sahib:** You can now donate on-line as well using Credit/Debit card or Paypal.
Visit: www.sanjosegurdwara.org and touch "Donate" tab and enter information.
You can also enter a message like Ardas etc and listen it on Gurdwara website radio same day after Rehras Sahib Path at 6pm.

### ਤੀਜੇ ਮੋਰਚੇ ਲਈ ਸਰਗਰਮੀਆਂ

# ਪੰਜਾਬ ਦੀ ਸਿਆਸਤ 'ਚ 16 ਦਸੰਬਰ ਨੂੰ ਆਏਗਾ ਉਬਾਲ

**ਚੰਡੀਗੜ੍ਹ:** ਪੰਜਾਬ ਦੀ ਸਿਆਸਤ 'ਚ 16 ਦਸੰਬਰ ਨੂੰ ਉਬਾਲ ਆਏਗਾ। ਇਸ ਦਿਨ ਇੱਕ ਪਾਸੇ ਪੰਚਾਇਤੀ ਚੋਣਾਂ ਕਰ ਕੇ ਸਿਆਸੀ ਪਾਰਾ ਚੜ੍ਹਿਆ ਹੋਏਗਾ ਤੇ ਦੂਜੇ ਪਾਸੇ ਦੋ ਨਵੀਆਂ ਪਾਰਟੀਆਂ ਦਾ ਐਲਾਨ ਹੋ ਸਕਦਾ ਹੈ। ਆਮ ਆਦਮੀ ਪਾਰਟੀ ਦਾ ਸੁਖਪਾਲ ਖਹਿਰਾ ਦੀ



ਅਗਵਾਈ ਵਾਲਾ ਬਾਗੀ ਧੜਾ 16 ਦਸੰਬਰ ਨੂੰ ਨਵੀਂ ਪਾਰਟੀ ਬਾਰੇ ਵੱਡਾ ਐਲਾਨ ਕਰੇਗਾ। ਇਸ ਦੇ ਨਾਲ ਹੀ ਅਕਾਲੀ ਦਲ ਦੇ ਬਾਗ਼ੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਤੇ ਰਤਨ ਸਿੰਘ ਅਜਨਾਲਾ ਵੀ ਇਸ ਦਿਨ ਆਪਣੇ ਪੱਤੇ ਖੋਲ੍ਹਣਗੇ।

ਦਰਅਸਲ 'ਆਪ' ਦੇ ਬਾਗ਼ੀ ਧੜੇ, ਲੋਕ ਇਨਸਾਫ਼ ਪਾਰਟੀ ਦੇ ਬੈਂਸ ਭਰਾਵਾਂ ਤੇ ਪੰਜਾਬ ਮੰਚ ਦੇ ਮੁਖੀ ਤੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਵੱਲੋਂ 8 ਦਸੰਬਰ ਤੋਂ ਨੌਂ ਰੋਜ਼ਾ ਇਨਸਾਫ਼ ਮਾਰਚ, ਤਲਵੰਡੀ ਸਾਬੋ ਤੋਂ ਕੀਤਾ ਗਿਆ ਹੈ। ਇਹ ਮਾਰਚ 16 ਦਸੰਬਰ ਨੂੰ ਪਟਿਆਲੇ ਖਤਮ ਹੋਵੇਗਾ, ਜਿੱਥੇ ਬਾਗ਼ੀ ਧੜੇ ਦੇ ਆਗੂ ਸੁਖਪਾਲ ਸਿੰਘ ਖਹਿਰਾ ਕੋਈ ਵੱਡਾ ਸਿਆਸੀ ਐਲਾਨ ਕਰਨਗੇ। ਦੂਜੇ ਪਾਸੇ 16 ਦਸੰਬਰ ਨੂੰ ਹੀ ਬਾਗੀ ਟਕਸਾਲੀ ਅਕਾਲੀ ਲੀਡਰ ਵੀ ਆਪਣੀ ਅਗਲੀ ਰਣਨੀਤੀ ਐਲਾਨਣਗੇ। ਉਨ੍ਹਾਂ ਵੱਲੋਂ ਨਵਾਂ ਅਕਾਲੀ ਦਲ ਬਣਾਉਣ ਦਾ ਐਲਾਨ ਕੀਤਾ ਜਾ ਚੁੱਕਾ ਹੈ। ਉਹ 16 ਦਸੰਬਰ ਨੂੰ ਅਗਲੇ ਪੱਤੇ ਖੋਲ੍ਹਣਗੇ।

ਉਂਜ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨਵਾਂ ਅਕਾਲੀ ਦਲ ਬਣਾਉਣ ਦੇ ਐਲਾਨ ਦਾ ਸਵਾਗਤ ਕਰ ਚੁੱਕੇ ਹਨ। ਇਸ ਦੇ ਨਾਲ ਹੀ ਖਹਿਰਾ ਨੇ ਇਤਰਾਜ਼ ਕੀਤਾ ਸੀ ਕਿ ਉਨ੍ਹਾਂ ਨਾਲ ਸਲਾਹ ਕਰਕੇ ਨਵੀਂ ਪਾਰਟੀ ਬਣਾਉਣ ਦਾ ਐਲਾਨ ਕਰਨਾ ਚਾਹੀਦਾ ਸੀ।

ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਿਥੇ ਸਿੱਖਾਂ ਦੀ ਬਹੁ-ਗਿਣਤੀ ਹੋਵੇ, ਅਖੌਤੀ ਪੰਥਕ ਸਰਕਾਰ ਹੋਵੇ, ਉਥੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋ ਜਾਵੇ, ਦੋਸ਼ੀਆਂ ਵੱਲੋਂ ਘਟਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ ਚੈਲਿੰਜ ਕੀਤਾ ਜਾਵੇ, ਫਿਰ ਵੀ ਦੋਸ਼ੀ ਫੜੇ ਨਾ ਜਾਣ ਤਾਂ ਸਰਕਾਰ ਲਈ ਇਸ ਤੋਂ ਵੱਡੀ ਬੇਸ਼ਰਮੀ ਵਾਲੀ ਗੱਲ ਕੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਵੱਲੋਂ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਵਿੱਚੋਂ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ, ਜਿਸ ਕਰ ਕੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਨਿਆਂ ਅਤੇ ਪੰਜਾਬ ਦੀ ਜਵਾਨੀ ਤੇ ਕਿਸਾਨੀ ਨੂੰ ਬਚਾਉਣ ਲਈ ਮਾਰਚ ਕੱਢਿਆ ਜਾ ਰਿਹਾ ਹੈ।

## ਇਨਸਾਫ ਮਾਰਚ ਵਿਚ ਜੱਫਰਵਾਲ ਦੀ ਮੌਜੂਦਗੀ ਨੇ ਛੇੜੀ ਚਰਚਾ

**ਚੰਡੀਗੜ੍ਹ:** ਸਾਬਕਾ ਖ਼ਾਲਿਸਤਾਨੀ ਆਗੂ ਵੱਸਣ ਸਿੰਘ ਜੱਫਰਵਾਲ ਤੇ ਉਸ ਦੀ ਪਾਰਟੀ ਯੂਨਾਈਟਡ ਅਕਾਲੀ ਦਲ ਦੇ ਹੋਰਨਾਂ ਆਗੂਆਂ ਨਾਲ 'ਆਪ' ਦੇ ਬਾਗ਼ੀ ਆਗੂਆਂ ਤੇ ਹੋਰਨਾਂ ਧਿਰਾਂ ਵੱਲੋਂ ਤਲਵੰਡੀ ਸਾਬੋ ਤੋਂ ਸ਼ੁਰੂ ਕੀਤੇ ਗਏ ਇਨਸਾਫ ਮਾਰਚ ਵਿਚ ਸ਼ਿਰਕਤ ਕਰਨ ਨਾਲ ਚਰਚਾ ਛਿੜ ਪਈ ਹੈ। ਜੱਫਰਵਾਲ ਨੇ ਕੁਝ ਦਿਨ ਪਹਿਲਾਂ ਸੋਸ਼ਲ ਮੀਡੀਆ 'ਤੇ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਹੇਠਲੇ ਧੜੇ ਦੀ ਹਮਾਇਤ ਦਾ ਐਲਾਨ ਕੀਤਾ ਸੀ ਜਿਸ ਨੇ ਪਟਿਆਲਾ ਤੋਂ ਐਮ.ਪੀ. ਡਾ. ਧਰਮਵੀਰ ਗਾਂਧੀ ਅਤੇ ਲੋਕ ਇਨਸਾਫ਼ ਪਾਰਟੀ ਨਾਲ ਮਿਲ ਕੇ ਇਨਸਾਫ ਮਾਰਚ ਸ਼ੁਰੂ ਕੀਤਾ ਹੈ।



ਜ਼ੱਫਰਵਾਲ ਨੇ ਕਿਹਾ ਕਿ ਉਹ ਹੁਣ ਖ਼ਾਲਿਸਤਾਨ ਜਾਂ ਵੱਖਰੇ ਰਾਜ ਦੀ ਮੰਗ ਨਹੀਂ ਕਰਦੇ। ਖ਼ਾਲਿਸਤਾਨ ਦੀ ਲਹਿਰ ਦੇ ਉਹ ਦਿਨ ਹੁਣ ਨਹੀਂ ਰਹੇ। ਅੱਜ ਦੇ ਪੰਜਾਬ ਦੀ ਇਹ ਮੰਗ ਨਹੀਂ ਹੈ। ਅੱਜ ਪੰਜਾਬ ਨੂੰ ਨਸ਼ਿਆਂ ਦੀ ਅਲਾਮਤ, ਬੇਰੁਜ਼ਗਾਰੀ, ਖੇਤੀ ਸੰਕਟ ਤੇ ਲੋਕਾਂ ਤੇ ਸੂਬੇ ਦੀ ਡਿਗਦੀ ਸਿਹਤ ਜਿਹੇ ਮੁੱਦਿਆਂ ਨੇ ਗ੍ਰਸਿਆ ਹੋਇਆ ਹੈ। ਮੈਂ ਇਨਸਾਫ਼ ਮਾਰਚ ਵਿਚ ਇਸ ਲਈ ਸ਼ਾਮਲ ਹੋਇਆ ਹਾਂ ਕਿਉਂਕਿ ਇਸ ਦੇ ਆਗੂ ਇਹ ਮੁੱਦੇ ਉਠਾ ਰਹੇ ਹਨ।

## ਅਕਾਲੀ ਦਲ ਅਸੂਲਾਂ ਵਾਲੀ ਪਾਰਟੀ ਨਹੀਂ ਰਹੀ: ਬ੍ਰਹਮਪੁਰਾ

**ਫਰੀਦਕੋਟ:** ਸ਼੍ਰੋਮਣੀ ਅਕਾਲੀ ਦਲ ਤੋਂ ਬਾਗੀ ਹੋਏ ਮਾਝੇ ਦੇ ਟਕਸਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਨੇ ਸਪੱਸ਼ਟ ਕੀਤਾ ਕਿ ਉਹ ਕਿਸੇ ਵੀ ਕੀਮਤ 'ਤੇ ਅਕਾਲੀ ਦਲ ਵਿਚ ਵਾਪਸ ਨਹੀਂ ਜਾਣਗੇ। ਉਨ੍ਹਾਂ ਕਿਹਾ ਕਿ ਹੁਣ ਮੰਨਣ-ਮਨਾਉਣ ਵਾਲੀ ਕੋਈ ਗੱਲ ਨਹੀਂ ਰਹੀ, ਕਿਉਂਕਿ ਅਕਾਲੀ ਦਲ ਅਸੂਲਾਂ ਦੀ ਪਾਰਟੀ ਨਹੀਂ ਰਹੀ ਤੇ ਇਸ ਪਾਰਟੀ ਵਿਚ ਆਗੂਆਂ ਅਤੇ ਵਰਕਰਾਂ ਦੀ ਕੋਈ ਪੁੱਛ-ਪ੍ਰਤੀਤ ਨਹੀਂ ਹੈ। ਉਹ 16 ਦਸੰਬਰ ਨੂੰ ਨਵਾਂ ਅਕਾਲੀ ਦਲ ਬਣਾ ਰਹੇ ਹਨ, ਇਸ ਲਈ ਪੰਜਾਬ ਭਰ ਦੇ ਟਕਸਾਲੀ ਅਕਾਲੀ ਆਗੂਆਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ।

## ਜਥੇਦਾਰ ਬਡਾਲੀ ਨੇ ਟਕਸਾਲੀ ਆਗੂਆਂ ਨਾਲ ਸੁਰ ਮਿਲਾਈ

**ਕੁਰਾਲੀ:** ਟਕਸਾਲੀ ਆਗੂਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ (ਬ) ਦੀਆਂ ਨੀਤੀਆਂ ਨੂੰ ਲੈ ਕੇ ਕੁੱਝ ਸਮੇਂ ਤੋਂ ਅਲਾਪੀਆਂ ਜਾ ਰਹੀਆਂ ਬਾਗੀ ਸੁਰਾਂ ਦਾ ਸੇਕ ਹਲਕਾ ਖਰੜ ਤੱਕ ਪਹੁੰਚ ਗਿਆ ਹੈ। ਹਲਕਾ ਖਰੜ ਦੇ ਸਾਬਕਾ ਵਿਧਾਇਕ ਜਥੇਦਾਰ ਉਜਾਗਰ ਸਿੰਘ ਬਡਾਲੀ ਨੇ ਕਈ ਮਹੀਨਿਆਂ ਦੀ ਸਿਆਸੀ ਚੁੱਪ ਮਗਰੋਂ ਟਕਸਾਲੀ ਆਗੂਆਂ ਨਾਲ ਤੁਰਨ ਦਾ ਫੈਸਲਾ ਕੀਤਾ ਹੈ। ਜਥੇਦਾਰ ਬਡਾਲੀ ਨੇ ਇਹ ਐਲਾਨ ਆਪਣੇ ਪਿੰਡ ਸੁਲਤਾਨਪੁਰ ਟੱਪਰੀਆਂ ਵਿਚ ਹੋਏ ਇਕੱਠ ਦੌਰਾਨ ਲੋਕ ਸਭਾ ਮੈਂਬਰ ਅਤੇ ਟਕਸਾਲੀ ਆਗੂ ਜਥੇਦਾਰ ਬ੍ਰਹਮਪੁਰਾ ਦੀ ਹਾਜ਼ਰੀ ਵਿਚ ਕੀਤਾ। ਜਥੇਦਾਰ ਬ੍ਰਹਮਪੁਰਾ ਨੇ ਜਥੇਦਾਰ ਬਡਾਲੀ ਦੀ ਅਗਵਾਈ ਹੇਠ ਟਕਸਾਲੀ ਆਗੂਆਂ ਨਾਲ ਤੁਰਨ ਵਾਲੇ ਅਕਾਲੀ ਵਰਕਰਾਂ ਦਾ ਸਵਾਗਤ ਕੀਤਾ।

## ਝੂਠੇ ਪੁਲਿਸ ਮੁਕਾਬਲੇ: 35 ਸਾਲਾਂ ਬਾਅਦ ਵੀ ਨਿਆਂ ਦੀ ਉਡੀਕ

**ਜਲੰਧਰ:** ਪੰਜਾਬ ਵਿਚ ਚੱਲੀ ਅਤਿਵਾਦ ਦੀ ਹਨੇਰੀ ਦੌਰਾਨ ਜਿੰਨੇ ਦੋਸ਼ ਸੂਬੇ ਦੀ ਪੁਲਿਸ 'ਤੇ ਲੱਗੇ ਹਨ ਉਨੇ ਸ਼ਾਇਦ ਹੀ ਦੇਸ਼ ਦੇ ਕਿਸੇ ਹੋਰ ਸੂਬੇ ਦੀ ਪੁਲਿਸ 'ਤੇ ਲੱਗੇ ਹੋਣ। ਵੱਡਾ ਦੁਖਾਂਤ ਹੈ ਕਿ ਝੂਠੇ ਪੁਲਿਸ ਮੁਕਾਬਲਿਆਂ ਤੇ ਪੁਲਿਸ ਹਿਰਾਸਤ ਵਿਚ ਮਾਰੇ ਗਏ ਨੌਜਵਾਨਾਂ ਦੀ ਗਿਣਤੀ 35 ਸਾਲ ਬੀਤ ਜਾਣ ਦੇ ਬਾਵਜੂਦ ਨਹੀਂ ਹੋ ਸਕੀ।




ਕਾਂਗਰਸ ਸਿਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਦੋਸ਼ ਮੜ੍ਹਨ ਵਾਲਾ ਸ਼੍ਰੋਮਣੀ ਅਕਾਲੀ ਦਲ 1984 ਤੋਂ ਬਾਅਦ 15 ਸਾਲ ਸੱਤਾ ਵਿਚ ਰਿਹਾ ਪਰ ਝੂਠੇ ਮੁਕਾਬਲਿਆਂ ਅਤੇ ਪੁਲਿਸ ਹਿਰਾਸਤ ਵਿਚ ਮਾਰੇ ਗਏ ਨੌਜਵਾਨਾਂ ਬਾਰੇ ਇਕ ਵੀ ਕਾਨੂੰਨੀ ਕਾਰਵਾਈ ਨਹੀਂ ਕੀਤੀ।

ਅਮਰੀਕਾ ਦੀ ਇਨਸਾਫ਼ ਨਾਂ ਦੀ ਜਥੇਬੰਦੀ ਵੱਲੋਂ ਪੰਜਾਬ ਵਿਚ ਹੋਏ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਜਿਹੜੀ ਰਿਪੋਰਟ ਨਸ਼ਰ ਕੀਤੀ ਗਈ ਹੈ, ਉਸ ਵਿਚ ਵੀ ਉਨ੍ਹਾਂ ਨੇ 10 ਹਜ਼ਾਰ ਦੇ ਕਰੀਬ ਪੀੜਤ ਪਰਿਵਾਰਾਂ ਤੱਕ ਪਹੁੰਚ ਕੀਤੀ ਤੇ 8300 ਜਣਿਆਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਹੀ ਸੀਨੀਅਰ ਆਗੂ ਜਸਵੰਤ ਸਿੰਘ ਖਾਲੜਾ ਜਦੋਂ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਦੋ ਹਜ਼ਾਰ ਦੇ ਕਰੀਬ ਨੌਜਵਾਨਾਂ ਦਾ ਪਤਾ ਲਾਉਣ ਵਿਚ ਕਾਮਯਾਬ ਰਹੇ ਸਨ ਤਾਂ ਉਨ੍ਹਾਂ ਨੂੰ ਵੀ 6 ਸਤੰਬਰ 1995 ਨੂੰ ਪੁਲਿਸ ਨੇ ਚੁੱਕ ਲਿਆ ਸੀ। ਅਜੇ ਤੱਕ ਉਨ੍ਹਾਂ ਦੀ ਨਾ ਤਾਂ ਲਾਸ਼ ਮਿਲੀ ਤੇ ਨਾ ਹੀ ਉਨ੍ਹਾਂ ਨੂੰ ਪੁਲਿਸ ਨੇ ਮ੍ਰਿਤਕ ਐਲਾਨਿਆ। ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਜਨਰਲ ਸਕੱਤਰ ਗੁਰਬਚਨ ਸਿੰਘ ਅਤੇ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੇ ਪ੍ਰਧਾਨ ਹਰਮਨਦੀਪ ਸਿੰਘ ਸਰਹਾਲ ਨੇ ਕਿਹਾ ਕਿ ਕਿੰਨੀ ਵੱਡੀ ਤਰਾਸਦੀ ਹੈ ਕਿ 1984 ਤੋਂ 1995 ਤੱਕ ਹੋਏ ਪੁਲਿਸ ਤਸ਼ੱਦਦ 'ਚ ਮਾਰੇ ਗਏ ਨੌਜਵਾਨਾਂ ਦੇ ਸਹੀ ਅੰਕੜੇ ਹੀ ਨਹੀਂ ਦੱਸੇ ਜਾ ਰਹੇ। ਗੁਰਬਚਨ ਸਿੰਘ ਨੇ ਕਿਹਾ ਕਿ ਪੰਜਾਬ ਵਿਚੋਂ ਪਰਵਾਸ ਕਰਕੇ ਵਿਦੇਸ਼ਾਂ 'ਚ ਵੱਸਣ ਵਾਲੇ ਉਨ੍ਹਾਂ ਨੌਜਵਾਨਾਂ ਦੀ ਗਿਣਤੀ ਇਸੇ ਕਰਕੇ ਵੱਧ ਹੈ ਕਿ ਸੂਬੇ ਵਿਚ ਪੁਲੀਸ ਦੀ ਦਹਿਸ਼ਤ ਅਜੇ ਵੀ ਬਰਕਰਾਰ ਹੈ।

ਹਰਮਨਦੀਪ ਸਿੰਘ ਸਰਹਾਲ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਤਾਂ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰੇ ਗਏ ਨੌਜਵਾਨਾਂ ਨੂੰ ਮਾਨਤਾ ਨਹੀਂ ਦਿੰਦੀ, ਘੱਟੋ-ਘੱਟ ਸਿੱਖ ਸੰਘਰਸ਼ ਦੌਰਾਨ ਮਾਰੇ ਗਏ ਸਿੱਖ ਨੌਜਵਾਨਾਂ ਨੂੰ ਸ਼੍ਰੋਮਣੀ ਕਮੇਟੀ ਤਾਂ ਮਾਨਤਾ ਦੇਵੇ। ਉਨ੍ਹਾਂ ਦਾਅਵਾ ਕੀਤਾ ਕਿ ਗੁਰਦਾਸਪੁਰ ਤੇ ਸਰਹੱਦੀ ਜ਼ਿਲ੍ਹਿਆਂ ਵਿਚ ਕੋਈ 1500 ਅਜਿਹੇ ਨਵੇਂ ਕੇਸ ਸਾਹਮਣੇ ਆਏ ਹਨ ਜਿਨ੍ਹਾਂ ਦਾ ਅਜੇ ਤੱਕ ਕਦੇ ਜ਼ਿਕਰ ਨਹੀਂ ਹੋਇਆ।

## ਮਾਲਵਿੰਦਰ ਤੇ ਸ਼ਿਵਇੰਦਰ ਹੋਏ ਹੱਥੋਪਾਈ

**ਨਵੀਂ ਦਿੱਲੀ:** ਫੋਰਟਿਸ ਅਤੇ ਰਨਬੈਕਸੀ ਦੇ ਸਾਬਕਾ ਪ੍ਰਮੋਟਰ ਮਾਲਵਿੰਦਰ ਸਿੰਘ ਅਤੇ ਸ਼ਿਵਇੰਦਰ ਸਿੰਘ ਹੁਣ ਗੁੱਥਮ-ਗੁੱਥਾ ਹੋ ਗਏ ਹਨ। ਲੜਾਈ ਜਗਜ਼ਾਹਿਰ ਹੋਣ ਮਗਰੋਂ ਛੋਟੇ ਭਰਾ ਸ਼ਿਵਇੰਦਰ ਸਿੰਘ ਨੇ ਕਿਹਾ ਕਿ ਕੁੱਟਮਾਰ ਦੀ ਤਾਜ਼ਾ ਘਟਨਾ ਨਾਲ ਉਸ ਦੇ ਵੱਡੇ ਭਰਾ ਮਾਲਵਿੰਦਰ ਸਿੰਘ ਨਾਲ ਇਕੱਠਿਆਂ ਕੰਮ ਕਰਨ ਦੇ ਸਾਰੇ ਸੰਭਾਵੀ ਰਸਤੇ ਬੰਦ ਹੋ ਗਏ ਹਨ। ਮਾਲਵਿੰਦਰ ਸਿੰਘ ਨੇ ਸੋਸ਼ਲ ਮੀਡੀਆ 'ਤੇ ਪਾਏ ਵੀਡੀਓ ਵਿਚ ਦਾਅਵਾ ਕੀਤਾ ਹੈ ਕਿ ਉਸ ਨੂੰ ਸ਼ਿਵਇੰਦਰ ਨੇ ਕੁੱਟਿਆ ਹੈ।

ਮਾਲਵਿੰਦਰ ਸਿੰਘ ਨੇ ਦਾਅਵਾ ਕੀਤਾ ਕਿ ਸ਼ਿਵਇੰਦਰ ਗਰੁੱਪ ਕੰਪਨੀ ਪ੍ਰਿਅਸ ਰੀਅਲ ਅਸਟੇਟ ਦੀ ਬੋਰਡ ਮੀਟਿੰਗ 'ਚ ਅੜਿੱਕਾ ਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਜਿਸ ਨੇ ਗੁਰਿੰਦਰ ਸਿੰਘ ਢਿੱਲੋਂ ਅਤੇ ਉਨ੍ਹਾਂ ਦੇ ਪਰਿਵਾਰ ਦੀਆਂ ਕੰਪਨੀਆਂ ਨੂੰ ਕਰੀਬ ਦੋ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਦਿੱਤਾ ਸੀ।

ਸ਼ਿਵਇੰਦਰ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਸ ਦੀ ਇਮਾਨਦਾਰੀ ਉਤੇ ਉਂਗਲ ਉਠਾਈ ਗਈ ਹੈ। ਸ਼ਿਵਇੰਦਰ ਸਿੰਘ ਨੇ ਕਿਹਾ ਕਿ ਬੈਠਕ 'ਚ ਪਹੁੰਚਣ ਉਤੇ ਮਾਲਵਿੰਦਰ ਲੋਹ-ਲਾਖਾ ਹੋ ਗਿਆ ਅਤੇ ਉਸ ਨੇ ਗਲਾ ਫੜ ਕੇ ਦੀਵਾਰ ਵੱਲ ਧੱਕ ਦਿੱਤਾ ਅਤੇ ਬਚਾਅ 'ਚ ਉਸ (ਸ਼ਿਵਇੰਦਰ) ਨੇ ਵੀ ਧੱਕਾ ਮਾਰਿਆ। ਸ਼ਿਵਇੰਦਰ ਨੇ ਕਿਹਾ ਕਿ ਵੱਡੇ ਭਰਾ ਨੇ ਪੁਲਿਸ ਕੋਲ ਸ਼ਿਕਾਇਤ ਵੀ ਕੀਤੀ ਹੈ ਜੋ ਪਰਿਵਾਰ ਦੇ ਦਖਲ ਕਾਰਨ ਵਾਪਸ ਲੈ ਲਈ ਗਈ।

## ਡਾ. ਮੋਹਨਜੀਤ ਨੂੰ ਪੰਜਾਬੀ ਦਾ ਸਾਹਿਤ ਅਕਾਦਮੀ ਪੁਰਸਕਾਰ

**ਨਵੀਂ ਦਿੱਲੀ:** ਸਾਹਿਤ ਅਕਾਦਮੀ ਨੇ ਆਪਣੇ ਸਾਲਾਨਾ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ। ਅਕਾਦਮੀ ਵੱਲੋਂ ਐਤਕੀਂ ਸੱਤ ਕਵਿਤਾ ਸੰਗ੍ਰਹਿ, ਛੇ ਨਾਵਲ, ਛੇ ਕਹਾਣੀ ਸੰਗ੍ਰਹਿ, ਤਿੰਨ ਆਲੋਚਨਾਵਾਂ ਤੇ ਦੋ ਨਿਬੰਧ ਸੰਗ੍ਰਹਿ ਇਸ ਮਾਣਮੱਤੇ ਪੁਰਸਕਾਰ ਲਈ ਚੁਣੇ ਗਏ ਹਨ। ਪੰਜਾਬੀ ਭਾਸ਼ਾ ਲਈ ਇਹ ਪੁਰਸਕਾਰ ਡਾ. ਮੋਹਨਜੀਤ ਨੂੰ ਉਨ੍ਹਾਂ ਦੇ ਕਾਵਿ-ਸੰਗ੍ਰਿਹ 'ਕੋਣੇ ਦਾ ਸੂਰਜ' ਲਈ ਦੇਣ ਦਾ ਐਲਾਨ ਕੀਤਾ ਗਿਆ ਹੈ। ਡਾ. ਮੋਹਨਜੀਤ ਤੋਂ ਇਲਾਵਾ ਕਵਿਤਾ ਵਿਚ ਇਹ ਪੁਰਸਕਾਰ ਲੈਣ ਵਾਲੇ ਕਵੀਆਂ ਵਿਚ ਸਨੰਤ ਤਾਂਤੀ (ਅਸਮੀਆ), ਪ੍ਰਵੇਸ਼ ਨਰਿੰਦਰ ਕਾਮਤ (ਕੋਂਕਣੀ), ਐਸ. ਰਮੇਸ਼ਨ ਨਾਇਰ (ਮਲਿਆਲਮ), ਡਾ. ਰਾਜੇਸ਼ ਕੁਮਾਰ ਵਿਆਸ (ਰਾਜਸਥਾਨੀ), ਡਾ. ਰਮਾਕਾਂਤ ਸ਼ੁਕਲ (ਸੰਸਕ੍ਰਿਤ) ਤੇ ਖੀਮਣ ਯੂ. ਮੁਲਾਣੀ (ਸਿੰਧੀ) ਸ਼ਾਮਲ ਹਨ।

ਨਾਵਲਕਾਰਾਂ ਵਿਚ ਇੰਦਰਜੀਤ ਕੇਸਰ (ਡੋਗਰੀ), ਅਨੀਸ ਸਲੀਮ (ਅੰਗਰੇਜ਼ੀ) ਸ੍ਰੀਮਤੀ ਚਿੱਤਰਾ ਮੁਦਗਲ (ਹਿੰਦੀ), ਸ਼ਿਆਮ ਬੇਸਰਾ (ਸੰਤਾਲੀ), ਐਸ. ਰਾਮਾਕ੍ਰਿਸ਼ਨਨ (ਤਾਮਿਲ) ਤੇ ਰਹਿਮਾਨ ਅੱਬਾਸ (ਉਰਦੂ) ਸ਼ਾਮਲ ਹਨ। ਕਹਾਣੀ ਸੰਗ੍ਰਹਿਆਂ ਲਈ ਸੰਜੀਵ ਚਟੋਪਾਧਿਆਏ (ਬਾਤੂਲਾ), ਰਿਤੂਰਾਜ ਬਸੁਮਤਾਰੀ (ਬੋਡੋ), ਮੁਸ਼ਤਾਕ ਅਹਿਮਦ ਮੁਸ਼ਤਾਕ (ਕਸ਼ਮੀਰੀ), ਪ੍ਰੋ. ਵੀਣਾ ਠਾਕੁਰ (ਮੈਥਿਲੀ), ਬੁਧੀਚੰਦਰ ਹੈਸਨਾਂਬਾ (ਮਣੀਪੁਰੀ) ਤੇ ਲੋਕਨਾਥ ਉਪਾਧਿਆਏ ਚਾਪਾਗਾਈ (ਨੇਪਾਲੀ) ਨੂੰ ਇਹ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ।

ਅਕਾਦਮੀ ਦੇ ਮੁਖੀ ਡਾ. ਚੰਦਰ ਸ਼ੇਖਰ ਕੰਬਾਰ ਦੀ ਪ੍ਰਧਾਨਗੀ ਹੇਠ ਕਾਰਜਕਾਰੀ ਮੰਡਲ ਦੀ ਬੈਠਕ ਵਿਚ ਇਨ੍ਹਾਂ ਇਨਾਮਾਂ ਬਾਰੇ ਫੈਸਲਾ ਕੀਤਾ ਗਿਆ। ਪੰਜਾਬੀ ਹਿੱਸੇ ਦੀ ਕਨਵੀਨਰ ਡਾ. ਵਨੀਤਾ ਨੇ ਦੱਸਿਆ ਕਿ ਪੰਜਾਬੀ ਸਨਮਾਨ ਦਾ ਫੈਸਲਾ ਕਰਨ ਵਾਲੀ ਜਿਊਰੀ ਵਿਚ ਨਾਵਲਕਾਰ ਨਛੱਤਰ, ਪ੍ਰੋ. ਅਵਤਾਰ ਸਿੰਘ ਤੇ ਮੋਹਨ ਭੰਡਾਰੀ ਸ਼ਾਮਲ ਸਨ, ਜਿਨ੍ਹਾਂ ਲੰਮੇ ਸਮੇਂ ਤੋਂ ਕਵਿਤਾ ਦੇ ਪਿੜ ਵਿਚ ਕਾਰਜਸ਼ੀਲ ਡਾ. ਮੋਹਨਜੀਤ ਦੇ ਨਾਂ ਦੀ



ਚੋਣ ਕੀਤੀ।

ਇਨਾਮਾਂ ਲਈ ਪਹਿਲੀ ਜਨਵਰੀ 2012 ਤੋਂ 31 ਦਸੰਬਰ 2016 ਤੱਕ ਦੀਆਂ ਪਹਿਲੀ ਵਾਰ ਛਪੀਆਂ ਕਿਤਾਬਾਂ ਉਪਰ ਵਿਚਾਰ ਕੀਤਾ ਗਿਆ। ਪੁਰਸਕਾਰ ਵਿਚ ਇਕ ਲੱਖ ਰੁਪਏ ਦੀ ਰਕਮ, ਤਾਂਬੇ ਦੀ ਸ਼ੀਲਡ, ਪ੍ਰਸ਼ੰਸਾ ਪੱਤਰ ਤੇ ਸ਼ਾਲ ਸ਼ਾਮਲ ਹਨ।


ਇਹ ਮਾਣਮੱਤੇ ਪੁਰਸਕਾਰ 29 ਜਨਵਰੀ 2019 ਨੂੰ ਵਿਸ਼ੇਸ਼ ਸਮਾਗਮ ਦੌਰਾਨ ਭੇਟ ਕੀਤੇ ਜਾਣਗੇ। ਹਿੰਦੀ ਲਈ ਨਾਵਲ 'ਪੋਸਟ ਬਾਕਸ ਨੰ: 203-ਨਾਲਾ ਸੋਪਾਰਾ' ਤੇ ਅੰਗਰੇਜ਼ੀ ਨਾਵਲ 'ਦਿ ਬਲਾਈਂਡ ਲੇਡੀਜ਼ ਡਿਸੈਂਡੇਟਸ' ਨੂੰ ਇਸ ਵਕਾਰੀ ਪੁਰਸਕਾਰ ਦਾ ਹੱਕਦਾਰ ਪਾਇਆ ਗਿਆ। ਸਨਮਾਨ ਦੇ ਐਲਾਨ ਮਗਰੋਂ ਡਾ. ਮੋਹਨਜੀਤ ਨੇ ਕਿਹਾ ਕਿ ਉਨ੍ਹਾਂ ਦੀ ਰਚਨਾਤਮਕਤਾ, ਕਵਿਤਾ ਤੇ ਸੱਚ ਨੂੰ ਸਨਮਾਨ ਮਿਲਿਆ ਹੈ। ਉਨ੍ਹਾਂ ਕਿਹਾ ਕਿ ਉਹ ਅਜਿਹੇ ਸਨਮਾਨ ਲੈਣ ਲਈ ਜੋੜ-ਤੋੜ ਤੋਂ ਸਦਾ ਹੀ ਦੂਰ ਰਹੇ ਜਿਸ ਕਰ ਕੇ ਦੇਰੀ ਹੋਈ ਪਰ 'ਦੇਰ ਆਏ ਦਰੁਸਤ ਆਏ' ਦੀ ਮਿਸਾਲ ਅਨੁਸਾਰ ਇਸ ਵਿਚ ਵੀ ਕੁਝ 'ਚੰਗਾ' ਹੀ ਹੋਵੇਗਾ।

# ਗੁਰਦੁਆਰਾ ਫਰੀਮਾਂਟ ਵਿਚ ਰੰਗ ਨੂੰ ਲੈ ਕੇ ਹੋਏ ਝਗੜੇ ਪਿਛੇ ਛੁਪੇ ਇਕ ਹੋਰ ਰੰਗ ਦੀ ਅਸਲ ਗਾਥਾ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਜਿਵੇਂ ਕਿ ਆਪ ਸਭ ਜਾਣਦੇ ਹੋ, 23 ਨਵੰਬਰ 2018 ਨੂੰ ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਇਕ ਬੜੀ ਮੰਦਭਾਗੀ ਘਟਨਾ ਵਾਪਰੀ, ਜੋ ਅਤਿ ਨਿੰਦਣਯੋਗ ਹੈ। ਇਹ ਸਭ ਨਹੀਂ ਸੀ ਹੋਣਾ ਚਾਹੀਦਾ। ਦੋ ਪੰਜਾਬੀ ਅਖਬਾਰਾਂ ਨੇ ਜਿਸ ਤਰੀਕੇ ਨਾਲ ਇਸ ਦੀ ਖਬਰ ਬਣਾਈ, ਉਹ ਸੱਚਾਈ ਤੋਂ ਕੋਹਾਂ ਦੂਰ ਸੀ। ਅਸੀਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਹੋਣ ਦੇ ਨਾਤੇ ਆਪ ਜੀ ਨੂੰ ਸੱਚਾਈ ਤੋਂ ਜਾਣੂ ਕਰਵਾਉਣਾ ਆਪਣਾ ਫਰਜ਼ ਸਮਝਦੇ ਹਾਂ।

ਸ. ਬਲਕਾਰ ਸਿੰਘ ਬੰਬੇ ਗਾਰਡਨ ਵਾਲਿਆਂ ਨੇ ਪੇਂਟ ਦੀ ਸੇਵਾ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਦੀ ਸਬ ਕਮੇਟੀ (construction) ਪਾਸੋਂ ਲਈ। ਉਨ੍ਹਾਂ ਪੇਂਟ ਦੀ ਸੇਵਾ ਗੁਰੂ ਦਰਬਾਰ ਹਾਲ ਅਤੇ ਪਾਲਕੀ ਸਾਹਿਬ ਲਈ ਕਰਵਾਈ। ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ।




ਯੂਥ, ਜੋ ਸਾਡੀ ਕੌਮ ਦਾ ਭਵਿੱਖ ਹੈ, ਜਿਨ੍ਹਾਂ ਨੂੰ ਅਕਸਰ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਕਰਦੇ ਵੇਖਿਆ ਜਾ ਸਕਦਾ ਹੈ, ਵਲੋਂ ਪਾਲਕੀ ਸਾਹਿਬ ਦੇ ਰੰਗ 'ਤੇ ਇਤਰਾਜ਼ ਉਠਾਇਆ ਗਿਆ। 78 ਦਸਤਖਤਾਂ ਵਾਲੀ ਇਕ ਅਰਜ਼ੀ ਸੁਪਰੀਮ ਕੌਂਸਲ ਨੂੰ ਸੌਂਪੀ ਗਈ। ਸੁਪਰੀਮ ਕੌਂਸਲ ਮੈਂਬਰ ਸ. ਹਰਮਿੰਦਰ ਸਿੰਘ ਵਲੋਂ 22 ਨਵੰਬਰ 2018 ਨੂੰ ਸ਼ਾਮ ਪੰਜ ਵਜੇ ਸੁਪਰੀਮ ਕੌਂਸਲ ਦੀ ਮੀਟਿੰਗ ਸੱਦੀ ਗਈ, ਜਿਸ ਦਾ ਮਕਸਦ ਪਾਲਕੀ ਸਾਹਿਬ ਦੇ ਰੰਗ ਦਾ ਨਿਰਣਾ ਕਰਨਾ ਸੀ। ਸੁਪਰੀਮ ਕੌਂਸਲ ਮੈਂਬਰ ਭਾਈ ਕੁਲਜੀਤ ਸਿੰਘ ਕਿਸੇ ਰੁਝੇਵੇਂ ਕਾਰਨ ਮੀਟਿੰਗ ਵਿਚ ਨਾ ਆ ਸਕੇ ਪਰ ਉਨ੍ਹਾਂ ਭਾਈ ਹਰਮਿੰਦਰ ਸਿੰਘ ਨਾਲ ਸਹਿਮਤੀ ਪ੍ਰਗਟਾਈ ਕਿ ਉਹ ਜੋ ਵੀ ਫੈਸਲਾ ਕਰਨਗੇ, ਉਨ੍ਹਾਂ ਨੂੰ ਮਨਜ਼ੂਰ ਹੋਵੇਗਾ।

ਭਾਈ ਹਰਿੰਦਰਪਾਲ ਸਿੰਘ ਅਤੇ ਭਾਈ ਜਸਵਿੰਦਰ ਸਿੰਘ ਜੰਡੀ ਮੀਟਿੰਗ ਬਾਰੇ ਖਾਮੋਸ਼ ਰਹੇ। ਸ. ਜੰਡੀ ਮੀਟਿੰਗ ਦੌਰਾਨ ਗੁਰੂ ਘਰ ਹਾਜਰ ਸਨ, ਪਰ ਉਹ ਮੀਟਿੰਗ ਵਿਚ ਨਹੀਂ ਆਏ। ਇਕ ਹੋਰ ਸੁਪਰੀਮ ਕੌਂਸਲ ਮੈਂਬਰ ਬੀਬੀ ਅਵਨਿੰਦਰ ਕੌਰ ਕਿਤੇ ਬਾਹਰ ਸਨ, ਪਰ ਉਨ੍ਹਾਂ ਵੀ ਆਪਣੀ ਰਾਏ ਸੁਪਰੀਮ ਕੌਂਸਲ ਮੈਂਬਰਾਂ ਨੂੰ ਦੇ ਦਿਤੀ ਸੀ। ਅਖੀਰ 5 ਵਜੇ ਮੀਟਿੰਗ ਹੋਈ, ਜਿਸ ਵਿਚ ਬਹੁਤ ਸਾਰੇ ਪ੍ਰਬੰਧਕ ਹਾਜਰ ਹੋਏ। ਸੁਪਰੀਮ ਕੌਂਸਲ ਮੈਂਬਰ ਭਾਈ ਹਰਮਿੰਦਰ ਸਿੰਘ, ਧਾਰਮਕ ਕਮੇਟੀ ਮੈਂਬਰ ਅੰਮ੍ਰਿਤ ਪਾਲ ਸਿੰਘ, ਫਾਇਨਾਂਸ ਕਮੇਟੀ ਮੈਂਬਰ ਭੁਪਿੰਦਰ ਸਿੰਘ ਪਰਮਾਰ, ਧਾਰਮਕ ਕਮੇਟੀ ਮੈਂਬਰ ਭਾਈ ਦਰਸ਼ਨ ਸਿੰਘ, ਸਪੋਰਟਸ ਕਮੇਟੀ ਮੈਂਬਰ ਭਾਈ ਤੇਜ ਪਾਲ ਸਿੰਘ, ਭਾਈ ਹਰਮਿੰਦਰ ਸਿੰਘ ਅਤੇ ਭਾਈ ਅਵਤਾਰ ਸਿੰਘ (ਮਹਾਰਾਜ ਸੁਖ ਆਸਨ ਸੇਵਾਦਾਰ)-ਸਭ ਦੀ ਆਮ ਸਹਿਮਤੀ ਨਾਲ ਪਾਲਕੀ ਸਾਹਿਬ ਦਾ ਰੰਗ ਬਦਲਣ ਦਾ ਨਿਰਣਾ ਲਿਆ ਗਿਆ।

ਸ. ਜਸਜੀਤ ਸਿੰਘ ਚੇਲਾ ਸਭ ਨੂੰ ਆਪਣੀ ਰਾਏ ਦੇ ਕੇ ਗਏ ਕਿ ਮੈਨੂੰ ਵੀ ਰੰਗ ਜਚਿਆ ਨਹੀਂ। ਜੈਕਾਰਾ ਬੁਲਾਇਆ ਗਿਆ ਅਤੇ ਸੇਵਾਦਾਰਾਂ ਨੇ ਅਗਲੇ ਦਿਨ ਪੇਂਟ ਬਦਲਣ ਦੀ ਤਿਆਰੀ ਕਰ ਲਈ।

ਗੁਰਪੁਰਬ ਵਾਲੇ ਦਿਨ ਦੀਵਾਨ ਸਮਾਪਤੀ ਤੋਂ ਬਾਅਦ ਸੇਵਾਦਾਰ ਪਾਲਕੀ ਸਾਹਿਬ ਨੂੰ ਰੰਗ ਕਰਨ ਦੀ ਤਿਆਰੀ ਵਿਚ ਸਨ ਅਤੇ ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ ਕਿ ਜਿਸ ਜਸਜੀਤ ਸਿੰਘ ਚੇਲਾ ਨੂੰ ਇਹ ਅਸਮਾਨੀ ਰੰਗ ਕੱਲ ਪਸੰਦ ਨਹੀਂ ਸੀ, ਉਹ ਅੱਜ ਆਪਣੇ 8 ਕੁ ਸਾਥੀਆਂ ਨਾਲ ਇਤਰਾਜ਼ ਕਰਨ ਆ ਜਾਵੇਗਾ। ਉਸ ਵਕਤ ਸੇਵਾਦਾਰ ਬੱਚਿਆਂ ਨਾਲ ਸਿਰਫ ਤਿੰਨ ਵਿਅਕਤੀ-ਭਾਈ ਰਾਜਿੰਦਰਪਾਲ ਸਿੰਘ, ਭਾਈ ਹਰਜੀਤ ਸਿੰਘ ਅਤੇ ਭਾਈ ਦਰਸ਼ਨ ਸਿੰਘ ਸਨ। ਚਸ਼ਮਦੀਦ ਲੋਕਾਂ ਅਨੁਸਾਰ ਚੇਲਾ ਗਰੁਪ ਨੇ ਪੌੜੀ ਵਗਾਹ ਮਾਰੀ। ਇਸ ਹਰਕਤ ਤੋਂ ਸੇਵਾਦਾਰ ਬੱਚੇ ਸਹਿਮ ਗਏ। ਸ. ਜਸਜੀਤ ਸਿੰਘ ਨੇ ਭਾਈ ਹਰਜੀਤ ਸਿੰਘ ਨੂੰ ਕਿਹਾ ਕਿ ਤੇਰੇ 'ਤੇ ਅਸੀਂ ਭੰਨ ਤੋੜ ਦਾ ਕੇਸ ਦਰਜ ਕਰਵਾ ਦਿਆਂਗੇ। ਸ. ਕਮਲਜੀਤ ਸਿੰਘ, ਜੋ ਤਾਜ਼ਾ ਤਾਜ਼ਾ ਸ. ਜਸਜੀਤ ਸਿੰਘ ਚੇਲਾ ਨਾਲ ਰਲਿਆ ਹੈ, ਨੇ ਦਰਸ਼ਨ ਸਿੰਘ ਨੂੰ ਗਾਲ੍ਹ ਕੱਢ ਦਿਤੀ। ਨੌਬਤ ਹੱਥੋਪਾਈ ਤਕ ਆ ਗਈ। ਇਕ ਪਾਸੇ ਤਿੰਨ ਸੇਵਾਦਾਰ, ਦੂਜੇ ਪਾਸੇ 8 ਜਣਿਆਂ ਦਾ ਚੇਲਾ ਗਰੁਪ। ਕਿਹਾ ਜਾਂਦਾ ਹੈ ਕਿ ਅਗਰ ਭਾਈ ਦਰਸ਼ਨ ਸਿੰਘ ਗੁਰੂ ਬਖਸ਼ੇ ਸ਼ਸਤਰ ਦੀ ਸਮੇਤ ਮਿਆਨ ਵਰਤੋਂ ਨਾ ਕਰਦਾ ਤਾਂ ਉਸ ਦਾ ਵੱਡਾ ਸਰੀਰਕ ਨੁਕਸਾਨ ਹੋ ਸਕਦਾ ਸੀ।

ਆਓ, ਹੁਣ ਇਸ ਗੱਲ 'ਤੇ ਵਿਚਾਰ ਕਰੀਏ ਕਿ ਕੀ ਬਹੁਮਤ ਸੁਪਰੀਮ ਕੌਂਸਲ ਦੇ ਮੈਂਬਰਾਂ ਵਲੋਂ ਸੇਵਾਦਾਰਾਂ ਨੂੰ ਰੰਗ ਬਦਲ ਦੇਣ ਦੀ ਇਜਾਜ਼ਤ ਦੇਣ ਤੋਂ ਬਾਅਦ ਸ. ਜਸਜੀਤ ਸਿੰਘ ਚੇਲਾ ਵਲੋਂ ਪ੍ਰਬੰਧਕਾਂ ਦੇ ਕੰਮ ਵਿਚ ਦਖਲ ਦੇਣ ਦੀ ਲੋੜ ਸੀ? ਸਵਾਲ ਹੈ ਕਿ ਇਹ ਸ਼ਖਸ ਗੁਰੂ ਘਰ ਵਿਚ ਲੜਾਈ ਕਰਵਾ ਕੇ ਕਿਸ ਨੂੰ ਖੁਸ਼ ਕਰਨਾ ਚਾਹੁੰਦਾ ਹੈ?

ਇਸ ਲੜਾਈ ਦੀਆਂ ਅਗਰ ਪਰਤਾਂ ਫਰੋਲੀਏ ਤਾਂ ਥੱਲਿਓਂ ਸ. ਜਸਜੀਤ ਸਿੰਘ ਚੇਲਾ ਜੀ ਪ੍ਰਗਟ ਹੋਣਗੇ। ਦਰਅਸਲ ਇਨ੍ਹਾਂ ਦਾ ਗੁਰੂਘਰ ਦੇ ਦੋ ਸੇਵਾਦਾਰਾਂ-ਸ. ਦਰਸ਼ਨ ਸਿੰਘ ਅਤੇ ਸ. ਜਸਦੀਪ ਸਿੰਘ 'ਤੇ ਮਾਣਹਾਨੀ ਦਾ ਕੇਸ ਕੀਤਾ ਹੋਇਆ ਹੈ ਕਿ ਇਹ ਦੋ ਬੰਦੇ ਮੈਨੂੰ ਸਰਕਾਰੀਆ (ਟਾਊਟ) ਕਹਿੰਦੇ ਹਨ। ਸ. ਕਮਲਜੀਤ ਸਿੰਘ ਉਸ ਕੇਸ ਦਾ ਗਵਾਹ ਹੈ। ਦੂਸਰਾ ਗਵਾਹ ਜੰਟੀ ਸਿੰਘ ਹੈ। ਸ. ਜਸਜੀਤ ਸਿੰਘ ਚੇਲਾ ਵਲੋਂ ਦੋਸ਼ ਲਾਇਆ ਜਾ ਰਿਹਾ ਹੈ ਕਿ ਦਰਸ਼ਨ ਸਿੰਘ ਨੇ ਗਵਾਹ 'ਤੇ ਹਮਲਾ ਕਰ ਦਿੱਤਾ।

ਸਾਡਾ ਭਾਈਚਾਰਾ ਇਸ ਬਾਰੇ ਚਿੰਤਿਤ ਹੈ ਕਿ ਆਪਣੀ ਅਗਲੀ ਪਨੀਰੀ ਨੂੰ ਗੁਰੂ ਘਰ ਨਾਲ ਕਿਵੇਂ ਜੋੜਿਆ ਜਾਵੇ? ਕੁਝ ਗੁਰਮੁਖ ਪਿਆਰੇ ਇਸ ਦਿਸ਼ਾ ਵਿਚ ਕੁਝ ਕੰਮ ਕਰ ਰਹੇ ਹਨ ਜਿਵੇਂ ਕਿ ਖਾਲਸਾ ਸਕੂਲ ਰਾਹੀਂ, ਗਤਕੇ ਰਾਹੀਂ। ਬੱਚੇ ਸੁਖ ਆਸਨ ਕਰਨ, ਪ੍ਰਕਾਸ਼ ਕਰਨ ਆਦਿ ਸੇਵਾਵਾਂ ਵਿਚ ਹਿੱਸਾ ਲੈਂਦੇ ਹਨ। ਸ. ਜਸਜੀਤ ਸਿੰਘ ਚੇਲਾ ਗਰੁਪ ਦੀ ਇਸ ਕਾਰਵਾਈ ਨਾਲ ਬੱਚਿਆਂ 'ਚ ਸਹਿਮ ਪੈਦਾ ਹੋਇਆ ਹੈ। ਸਿੱਖੀ ਦੀ ਇਹ ਕੈਸੀ ਸੇਵਾ ਹੈ?

ਅਸੀਂ ਮੌਜੂਦਾ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਨੇ ਦੋਹਾਂ ਧਿਰਾਂ-ਸ. ਦਰਸ਼ਨ ਸਿੰਘ ਅਤੇ ਸ. ਕਮਲਜੀਤ ਸਿੰਘ ਵਿਚਾਲੇ ਸੁਲਾਹ ਸਫਾਈ ਕਰਵਾਉਣ ਦੀ ਅਥਾਹ ਕੋਸ਼ਿਸ਼ ਕੀਤੀ, ਪਰ ਚੇਲਾ ਗਰੁਪ ਨੇ ਫੈਸਲਾ ਨਹੀਂ ਹੋਣ ਦਿਤਾ। ਗੁਰੂਘਰ ਦੀ ਸੰਗਤ ਨੂੰ ਕਿਉਂ ਕੇਸਾਂ ਵਿਚ ਉਲਝਾਉਣਾ ਚਾਹੁੰਦੇ ਹਨ? ਸੰਗਤ ਜਾਣਦੀ ਹੈ ਕਿ ਇਸ ਤੋਂ ਪਹਿਲਾਂ ਵੀ ਸ. ਜਸਜੀਤ ਸਿੰਘ ਚੇਲਾ ਹੋਰਾਂ ਉਮਰ ਭਰ ਕਬਜੇ ਦੀ ਮਨਸ਼ਾ ਨਾਲ ਪੰਜ ਪਿਆਰਿਆਂ ਨੂੰ ਉਮਰ ਲਈ ਚੁਣਿਆ ਹੋਇਆ ਦੱਸ ਕੇ ਕੋਰਟ ਕੇਸ ਵਿਚ ਐਸਾ ਉਲਝਾਇਆ ਸੀ ਕਿ ਗੁਰੂ ਘਰ ਦਾ ਅਤੇ ਸੰਗਤ ਦਾ ਲਗਭਗ 8 ਲੱਖ ਡਾਲਰ ਬਰਬਾਦ ਹੋ ਗਿਆ ਸੀ।

ਅਸੀਂ ਇਸ ਪਹਿਲੇ ਇਸ਼ਤਿਹਾਰ ਰਾਹੀਂ ਗੁਰੂ ਕੇ ਸਭ ਸਿੱਖਾਂ ਨੂੰ ਬੇਨਤੀ ਕਰਦੇ ਹਾਂ ਕਿ ਆਪਣਾ ਫਰਜ਼ ਪਛਾਣੋ ਤੇ ਗੁਰੂ ਘਰ ਦੀ ਸ਼ਾਂਤੀ ਨੂੰ ਖਰਾਬ ਕਰਨ ਵਾਲੇ ਸ਼ਾਤਰ ਲੋਕਾਂ ਤੋਂ ਬਚੋ। ਇਹ ਧਰਮ ਸਥਾਨ ਹੈ। ਇਥੇ ਸ਼ਰਾਰਤੀ ਲੋਕਾਂ ਦਾ ਕੋਈ ਕੰਮ ਨਹੀਂ।

ਅਸੀਂ ਸੰਗਤ ਨਾਲ ਵਾਅਦਾ ਕਰਦੇ ਹਾਂ ਕਿ ਗੁਰੂਘਰ ਵਿਚ ਅਸ਼ਾਂਤੀ ਫੈਲਾਉਣ ਵਾਲੇ ਅਨਸਰਾਂ ਵਿਰੁਧ ਆਪ ਦੇ ਸਹਿਯੋਗ ਨਾਲ ਲੋੜੀਂਦੀ ਕਾਰਵਾਈ ਜਰੂਰ ਕੀਤੀ ਜਾਵੇਗੀ। ਅਗਰ ਕੋਈ ਸ਼ਬਦ ਗਲਤ ਲਿਖਿਆ ਗਿਆ ਹੋਵੇ, ਖਿਮਾ ਦੇ ਜਾਚਕ ਹਾਂ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

## ਗੁਰੂ ਪੰਥ ਦੇ ਦਾਸ

**ਭਾਈ ਕੁਲਜੀਤ ਸਿੰਘ**
**ਸੁਪਰੀਮ ਕੌਂਸਲ ਮੈਂਬਰ**

**ਭਾਈ ਹਰਮਿੰਦਰ ਸਿੰਘ**
**ਸੁਪਰੀਮ ਕੌਂਸਲ ਮੈਂਬਰ**

*Paid Advt.*

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਦੁਸ਼ਯੰਤ ਚੌਟਾਲਾ ਨੇ ਜਨ ਨਾਇਕ ਜਨਤਾ ਪਾਰਟੀ ਬਣਾਈ

**ਜੀਂਦ:** ਸੰਸਦ ਮੈਂਬਰ ਦੁਸ਼ਯੰਤ ਚੌਟਾਲਾ ਨੇ ਪਾਂਡੂ-ਪਿੰਡਾਰਾ ਵਿਚ ਜਨ ਨਾਇਕ ਜਨਤਾ ਪਾਰਟੀ ਦਾ ਐਲਾਨ ਕਰ ਕੇ ਆਪਣੇ ਸਿਆਸੀ ਜੀਵਨ ਦੀ ਨਵੀਂ ਪਾਰੀ ਸ਼ੁਰੂ ਕਰ ਦਿੱਤੀ ਹੈ। ਇਸ ਪਾਰਟੀ ਦੇ ਬੈਨਰ ਹੇਠ ਹੀ ਡਾ. ਅਜੈ ਸਿੰਘ ਚੌਟਾਲਾ, ਦਿਗਵਿਜੈ ਚੌਟਾਲਾ ਅਤੇ ਉਨ੍ਹਾਂ ਦੇ ਹਮਾਇਤੀ ਆਪਣੀ ਅਗਲੀ ਸਿਆਸੀ ਪਾਰੀ ਖੇਡਣਗੇ। ਪਾਰਟੀ ਨੇ ਨਾਲ ਹੀ ਉਨ੍ਹਾਂ ਆਪਣੇ ਝੰਡੇ ਦਾ ਵੀ ਐਲਾਨ ਵੀ ਕਰ ਦਿੱਤਾ, ਜਿਸ ਦਾ ਤਿੰਨ ਚੌਥਾਈ ਹਿੱਸਾ ਹਰਾ ਤੇ ਇਕ ਚੌਥਾਈ ਹਿੱਸਾ ਪੀਲੇ ਰੰਗ ਦਾ ਹੈ।

ਡੱਬਵਾਲੀ ਤੋਂ ਵਿਧਾਇਕਾ ਨੈਨਾ ਚੌਟਾਲਾ, ਇਨੈਲੋ ਦੇ ਕੌਮੀ ਮੀਤ ਪ੍ਰਧਾਨ ਰਹੇ ਅਨੰਤ ਰਾਮ ਤੰਵਰ, ਫੂਲ ਦੇਵੀ ਅਤੇ ਡਾ. ਕੇਸੀ ਬਾਂਗੜ, ਇਨਸੋ ਦੇ ਕੌਮੀ ਪ੍ਰਧਾਨ ਦਿਗਵਿਜੈ ਸਿੰਘ ਚੌਟਾਲਾ ਨੇ ਨਾਰੀਅਲ ਤੋੜ ਕੇ ਅਤੇ ਹਰੇ ਤੇ ਪੀਲੇ ਰੰਗ ਦਾ ਝੰਡਾ ਲਹਿਰਾ ਕੇ ਨਵੀਂ ਪਾਰਟੀ ਦਾ ਐਲਾਨ ਕੀਤਾ। ਇਸ ਮੌਕੇ ਦਿਗਵਿਜੈ ਸਿੰਘ ਚੌਟਾਲਾ ਨੇ ਕਿਹਾ ਕਿ ਹਰਾ ਰੰਗ ਹਰਿਆਲੀ ਤੇ ਸੁਰੱਖਿਆ ਅਤੇ ਪੀਲਾ ਰੰਗ ਉਦਾਰਵਾਦ, ਊਰਜਾ ਤੇ ਖੁਸ਼ਹਾਲੀ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਉਹ ਆਪਣੀ ਜਥੇਬੰਦੀ ਨੂੰ ਲੋਕਾਂ ਵਿਚਾਲੇ ਇਸ ਢੰਗ ਨਾਲ ਉਤਾਰਨਗੇ ਕਿ ਅੱਗੇ ਆਉਣ ਵਾਲੇ ਸਮੇਂ ਵਿਚ ਕਾਂਗਰਸ, ਭਾਜਪਾ ਤੇ ਇਨੈਲੋ ਸਮੇਤ ਸਾਰੇ ਵਿਰੋਧੀ ਧਿਰਾਂ ਦੇ ਕਿਲ੍ਹੇ ਢਹਿ ਜਾਣ।

ਉਨ੍ਹਾਂ ਪਾਰਟੀ ਦੇ ਨਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਨ ਨਾਇਕ ਤੋਂ ਮਤਲਬ ਮਰਹੂਮ ਚੌਧਰੀ ਦੇਵੀ ਲਾਲ ਦੀਆਂ ਨੀਤੀਆਂ ਤੋਂ ਅਤੇ ਜਨਤਾ ਦਾ ਮਤਲਬ ਹਰਿਆਣਾ ਵਾਸੀਆਂ ਤੋਂ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਅੱਜ ਕੋਈ ਵੀ ਪਾਰਟੀ ਦਾ ਆਮ ਲੋਕਾਂ ਨਾਲ ਸਿੱਧੇ ਤੌਰ ਨਹੀਂ ਜੁੜੀ ਹੋਈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਾ ਮੁੱਖ ਧਿਆਨ ਸਿਹਤ, ਸਿੱਖਿਆ, ਸੁਰੱਖਿਆ ਅਤੇ ਰੁਜ਼ਗਾਰ ਉੱਤੇ ਰਹੇਗਾ।

# ਆਰ. ਬੀ. ਆਈ. ਦੇ ਗਵਰਨਰ ਊਰਜਿਤ ਪਟੇਲ ਵੱਲੋਂ ਅਸਤੀਫਾ

**ਨਵੀਂ ਦਿੱਲੀ:** ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਊਰਜਿਤ ਪਟੇਲ ਨੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਆਪਣੇ ਨਿੱਜੀ ਕਾਰਨਾਂ ਦੇ ਚੱਲਦਿਆਂ ਅਹੁਦੇ ਤੋਂ ਅਸਤੀਫਾ ਦੇ ਰਹੇ ਹਨ। ਦੱਸ ਦਈਏ ਕਿ ਕੇਂਦਰ ਸਰਕਾਰ ਤੇ ਆਰ.ਬੀ.ਆਈ. ਵਿਚਾਲੇ ਪਿਛਲੇ ਕਾਫੀ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ। ਪਟੇਲ ਨੇ ਰਘੂਰਾਮ ਰਾਜਨ ਦੀ ਥਾਂ ਲਈ ਸੀ ਤੇ ਕਾਰਜਕਾਲ ਸਤੰਬਰ 2019 ਨੂੰ ਖਤਮ ਹੋਣਾ ਸੀ ਪਰ ਇਸ ਤੋਂ ਪਹਿਲਾਂ ਹੀ ਉਨ੍ਹਾਂ ਨੇ ਅਸਤੀਫਾ ਦੇ ਦਿੱਤਾ ਹੈ।

ਦੱਸ ਦਈਏ ਕਿ ਕੁਝ ਸਮਾਂ ਪਹਿਲਾਂ ਊਰਜਿਤ ਪਟੇਲ ਨੇ ਨੋਟਬੰਦੀ ਦੇ ਅੰਕੜੇ ਜਾਰੀ ਕੀਤੇ ਸਨ ਜੋ ਕੇਂਦਰ ਦੀ ਮੋਦੀ ਸਰਕਾਰ ਨੂੰ ਪਸੰਦ ਨਹੀਂ ਆਏ। ਉਨ੍ਹਾਂ ਵੱਲੋਂ ਅੰਕੜੇ ਜਾਰੀ ਕਰਨ ਬਾਅਦ ਵਿਰੋਧੀ ਧਿਰ ਲਗਾਤਾਰ ਮੋਦੀ ਸਰਕਾਰ ਨੂੰ ਘੇਰ ਰਿਹਾ ਸੀ। ਪਿਛਲੇ ਮਹੀਨੇ ਤੋਂ ਰਿਜ਼ਰਵ ਬੈਂਕ ਦੀ ਖੁਦਮੁਖਤਿਆਰੀ ਤੇ ਕੁਝ ਹੋਰ ਕਾਰਨਾਂ ਕਰ ਕੇ ਆਰ.ਬੀ.ਆਈ ਤੇ ਸਰਕਾਰ ਵਿਚ ਕਾਫੀ ਖਿੱਚ-ਧੂਹ ਹੋਈ ਸੀ। ਆਰ.ਬੀ.ਆਈ. ਮੁਖੀ ਇਸ ਤੋਂ ਕਾਫੀ ਔਖੇ ਸਨ। ਉਧਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਉਹ ਊਰਜਿਤ ਪਟੇਲ ਦੀ ਕਮੀ ਨੂੰ ਮਹਿਸੂਸ ਕਰਨਗੇ। ਉਨ੍ਹਾਂ ਕਿਹਾ ਕਿ ਊਰਜਿਤ ਪਟੇਲ ਪੇਸ਼ਾਵਰ ਤਰੀਕੇ ਨਾਲ ਆਪਣੀਆਂ ਸੇਵਾਵਾਂ ਨੂੰ ਨਿਭਾਇਆ ਹੈ।

ਭਾਰਤ ਦੇ ਵਿੱਤ ਮੰਤਰੀ ਅਰੁਣ ਜੇਤਲੀ ਨੇ ਉਨ੍ਹਾਂ ਦੇ ਅਸਤੀਫੇ ਬਾਰੇ ਕਿਹਾ, "ਸਰਕਾਰ ਊਰਜਿਤ ਪਟੇਲ ਵੱਲੋਂ ਆਰ.ਬੀ.ਆਈ. ਦੇ ਗਵਰਨਰ ਅਤੇ ਉੱਪ ਗਵਰਨਰ ਵਜੋਂ ਦੇਸ ਦੀਆਂ ਕੀਤੀਆਂ ਸੇਵਾਵਾਂ ਨੂੰ ਮਾਨਤਾ ਦਿੰਦੀ ਹੈ। ਭਾਰਤ ਦੇ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਨੇ ਊਰਜਿਤ ਪਟੇਲ ਦੇ ਅਸਤੀਫੇ ਤੋਂ ਬਾਅਦ ਕੀਤੇ ਟਵੀਟ ਵਿੱਚ ਲਿਖਿਆ, ਮੈਂ ਡਾ. ਊਰਜਿਤ ਪਟੇਲ ਦੇ ਅਸਤੀਫੇ ਤੋਂ ਦੁਖੀ ਹਾਂ ਪਰ ਹੈਰਾਨ ਨਹੀਂ। ਸਵੈਮਾਣ ਵਾਲਾ ਕੋਈ ਵਿਦਵਾਨ ਜਾਂ ਅਕਾਦਮਿਕ ਇਸ ਸਰਕਾਰ ਵਿੱਚ ਕੰਮ ਨਹੀਂ ਕਰ ਸਕਦਾ।

# ਜਲ੍ਹਿਆਂਵਾਲਾ ਬਾਗ ਯਾਦਗਾਰੀ ਐਕਟ 'ਚ ਸੋਧ ਨੂੰ ਮਨਜ਼ੂਰੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਕੇਂਦਰੀ ਮੰਤਰੀ ਮੰਡਲ ਨੇ ਜਲ੍ਹਿਆਂਵਾਲਾ ਬਾਗ ਯਾਦਗਾਰ ਐਕਟ 1951 'ਚ ਸੋਧ ਕਰਦਿਆਂ ਵਿਰੋਧੀ ਪਾਰਟੀ ਦੇ ਨੇਤਾ ਨੂੰ ਇਸ 'ਚ ਮੈਂਬਰ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਐਕਟ 'ਚ 3 ਸੋਧਾਂ ਕੀਤੀਆਂ ਗਈਆਂ ਹਨ ਅਤੇ ਸਭ ਤੋਂ ਪ੍ਰਮੁੱਖ ਸੋਧ ਇਕ ਦਲ ਵਿਸ਼ੇਸ਼ ਦੇ ਜਲ੍ਹਿਆਂ ਵਾਲਾ ਬਾਗ਼ 'ਤੇ ਰਹੇ ਕਬਜ਼ੇ ਨੂੰ ਖਤਮ ਕਰ ਦਿੱਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਹੁਣ ਤੱਕ ਇਸ ਦਾ ਟਰੱਸਟੀ ਕਾਂਗਰਸ ਪਾਰਟੀ ਦਾ ਮੁਖੀ ਹੁੰਦਾ ਸੀ, ਜੋ ਬਹੁਦਲੀ ਪ੍ਰਣਾਲੀ 'ਚ ਉਚਿਤ ਵਿਵਸਥਾ ਨਹੀਂ ਹੈ, ਇਸ ਲਈ ਸਰਕਾਰ ਨੇ ਇਸ 'ਚ ਬਦਲਾਅ ਕੀਤਾ ਹੈ। ਨਵੀਂ ਵਿਵਸਥਾ ਅਨੁਸਾਰ ਲੋਕ ਸਭਾ ਵਿਚ ਵਿਰੋਧੀ ਧਿਰ ਦਾ ਨੇਤਾ ਜਾਂ ਸਭ ਤੋਂ ਵੱਡੇ ਦਲ ਦਾ ਨੇਤਾ ਅਤੇ ਸਰਕਾਰ ਦਾ ਪ੍ਰਤੀਨਿਧੀ ਇਸ 'ਚ ਸ਼ਾਮਲ ਹੋਵੇਗਾ ਤਾਂ ਕਿ ਟਰੱਸਟ ਦੇ ਰਾਜਨੀਤੀਕਰਨ ਨੂੰ ਰੋਕਿਆ ਜਾ ਸਕੇ। ਇਸ ਤੋਂ ਇਲਾਵਾ ਕੇਂਦਰੀ ਕੈਬਨਿਟ ਨੇ ਪੰਜਾਬ ਦੇ ਦਰਿਆ ਰਾਵੀ 'ਤੇ ਸ਼ਾਹਪੁਰ ਕੰਢੀ ਬੰਨ੍ਹ (ਡੈਮ) ਪ੍ਰੋਜੈਕਟ ਨੂੰ ਅਮਲ 'ਚ ਲਿਆਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਇਸ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਕੰਮ ਲਈ ਅਗਲੇ ਪੰਜ ਸਾਲਾਂ ਤੱਕ (2018-19 ਤੋਂ 2022-23) ਕੇਂਦਰ ਵੱਲੋਂ 485.38 ਕਰੋੜ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ।

# ਕਾਂਗਰਸ ਦੇ 'ਅੱਛੇ ਦਿਨ' ਪਰਤੇ, ਭਾਜਪਾ ਨੂੰ ਨਮੋਸ਼ੀ

*(ਪਿਛਲੇ ਸਫੇ ਦੀ ਬਾਕੀ)*

ਤਿਲੰਗਾਨਾ ਵਿਚ ਕੇ. ਚੰਦਰਸ਼ੇਖਰ ਰਾਓ ਦੀ ਅਗਵਾਈ ਵਾਲੀ ਤਿਲੰਗਾਨਾ ਰਾਸ਼ਟਰੀ ਸਮਿਤੀ (ਟੀ.ਆਰ.ਐਸ.) ਨੇ ਦੋ ਤਿਹਾਈ ਬਹੁਮਤ ਨਾਲ ਮੁੜ ਸੱਤਾ ਵਿਚ ਵਾਪਸੀ ਕੀਤੀ। ਮਿਜ਼ੋਰਮ ਵਿਚ ਮਿਜ਼ੋ ਨੈਸ਼ਨਲ ਫਰੰਟ (ਐਮ.ਐਨ.ਐਸ.) ਨੇ ਕਾਂਗਰਸ ਕੋਲੋਂ ਸੱਤਾ ਖੋਹ ਲਈ ਹੈ। ਪੰਜ ਰਾਜਾਂ ਵਿਚੋਂ ਸਭ ਤੋਂ ਵੱਧ ਹੈਰਾਨ ਕਰਨ ਵਾਲੇ ਨਤੀਜੇ ਕਬਾਇਲੀ ਰਾਜ ਛੱਤੀਸਗੜ੍ਹ ਦੇ ਰਹੇ, ਜਿਥੇ ਮੁੱਖ ਮੰਤਰੀ ਰਮਨ ਸਿੰਘ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੇ 15 ਸਾਲ ਦੇ ਕਾਰਜਕਾਲ ਦਾ ਭੋਗ ਪੈ ਗਿਆ।

ਤਿੰਨ ਅਹਿਮ ਰਾਜਾਂ ਵਿਚ ਸੱਤਾ ਗੁਆਉਣ ਵਾਲੀ ਭਾਜਪਾ ਦੇ ਵੋਟ% ਨੂੰ ਸਾਲ 2013 ਦੇ ਮੁਕਾਬਲੇ ਐਤਕੀਂ ਭਾਵੇਂ ਵੱਡਾ ਖੋਰਾ ਲੱਗਾ ਹੈ, ਪਰ ਇਸ ਖੋਰੇ (ਵੋਟਾਂ) ਦਾ ਲਾਹਾ ਇਕੱਲੀ ਕਾਂਗਰਸ ਨੂੰ ਨਹੀਂ ਬਲਕਿ ਹੋਰਨਾਂ ਪਾਰਟੀਆਂ ਨੂੰ ਵੀ ਮਿਲਿਆ ਹੈ। 2014 ਦੀਆਂ ਆਮ ਚੋਣਾਂ ਮਗਰੋਂ ਭਗਵੀਂ ਪਾਰਟੀ ਨੂੰ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਵੋਟ% ਪੱਖੋਂ ਵੱਡਾ ਝਟਕਾ ਲੱਗਾ ਹੈ। ਪਾਰਟੀ ਨੇ 2014 ਵਿਚ ਇਨ੍ਹਾਂ ਤਿੰਨਾਂ ਰਾਜਾਂ ਦੀਆਂ 65 ਲੋਕ ਸਭਾ ਸੀਟਾਂ 'ਚੋਂ 62 'ਤੇ ਜਿੱਤ ਦਰਜ ਕਰਦਿਆਂ ਹੂੰਝਾ ਫੇਰ ਦਿੱਤਾ ਸੀ। ਛੱਤੀਸਗੜ੍ਹ ਵਿਚ ਕਾਂਗਰਸ ਨੂੰ 43.2% ਵੋਟ ਮਿਲੇ ਜਦੋਂਕਿ 2013 'ਚ ਇਹ ਅੰਕੜਾ 40.3% ਸੀ। ਉਧਰ, ਇਸ ਕਬਾਇਲੀ ਰਾਜ ਵਿਚ ਭਾਜਪਾ ਦੇ ਵੋਟ ਸ਼ੇਅਰ ਨੂੰ 8.1% ਦਾ ਖੋਰਾ ਲੱਗਾ ਹੈ। ਵੋਟ ਸਮੀਖਿਅਕਾਂ ਮੁਤਾਬਕ ਕੁਝ ਛੋਟੀਆਂ ਪਾਰਟੀਆਂ ਤੇ ਆਜ਼ਾਦ ਉਮੀਦਵਾਰ ਵੱਧ ਵੋਟਾਂ ਲੈਣ ਵਿਚ ਸਫਲ ਰਹੇ ਹਨ। ਅਜੀਤ ਜੋਗੀ ਦੀ ਪਾਰਟੀ ਨੂੰ 10.7% ਵੋਟਾਂ ਮਿਲੀਆਂ ਹਨ।



ਆਜ਼ਾਦ ਉਮੀਦਵਾਰਾਂ ਨੇ ਵੀ 5.3% ਦੀ ਥਾਂ 6.3% ਵੋਟਾਂ ਹਾਸਲ ਕਰ ਕੇ ਆਪਣੀ ਕਾਰਗੁਜ਼ਾਰੀ 'ਚ ਸੁਧਾਰ ਕੀਤਾ ਹੈ। ਰਾਜਸਥਾਨ ਵਿਚ ਭਾਜਪਾ ਦੀ ਵੋਟ ਪ੍ਰਤੀਸ਼ਤ 38.8% (2013 ਵਿਚ 45.2%) ਰਹੀ। ਲੋਕ ਸਭਾ ਚੋਣਾਂ ਵਿਚ 25 ਸੀਟਾਂ 'ਤੇ ਜਿੱਤ ਨਾਲ ਇਹ ਅੰਕੜਾ 55% ਦੇ ਕਰੀਬ ਸੀ। ਕਾਂਗਰਸ ਨੇ ਐਤਕੀਂ 2013 ਦੇ ਮੁਕਾਬਲੇ 6.1% ਵੱਧ ਵੋਟਾਂ ਹਾਸਲ ਕੀਤੀਆਂ। ਮੱਧ ਪ੍ਰਦੇਸ਼, ਜਿਥੇ ਭਾਜਪਾ ਤੇ ਕਾਂਗਰਸ ਦਰਮਿਆਨ ਮੁਕਾਬਲਾ ਕਾਫੀ ਸਖਤ ਸੀ, ਵਿਚ ਅੰਕੜੇ ਕਾਫੀ ਦਿਲਚਸਪ ਹਨ। ਕਾਂਗਰਸ ਦਾ ਇਥੇ ਵੋਟ ਸ਼ੇਅਰ 41.4% ਰਿਹਾ, ਜੋ ਪੰਜ ਸਾਲ ਪਹਿਲਾਂ 36.4% ਸੀ। ਉਧਰ, ਸ਼ਿਵਰਾਜ ਚੌਹਾਨ ਦੀ ਅਗਵਾਈ ਵਾਲੀ ਭਾਜਪਾ ਦਾ ਵੋਟ ਸ਼ੇਅਰ 3.6 ਫੀਸਦ ਹੀ ਘਟਿਆ ਹੈ, ਪਰ ਪਾਰਟੀ ਸੱਤਾ ਤੋਂ ਲਾਂਭੇ ਹੋ ਗਈ ਹੈ।

# ਭੁੱਲਾਂ ਬਖਸ਼ਾ ਕੇ ਕਸੂਤੇ ਘਿਰੇ ਬਾਦਲ

*(ਪਿਛਲੇ ਸਫੇ ਦੀ ਬਾਕੀ)*

ਅਕਾਲੀ ਆਗੂਆਂ, ਖਾਸਕਰ ਬਾਦਲਾਂ ਨੂੰ ਤਿੰਨ ਦਿਨ ਦੀ ਸੇਵਾ ਦੌਰਾਨ ਇਹੀ ਸਵਾਲ ਕੀਤੇ ਗਏ ਕਿ ਉਹ ਕਿਹੜੀਆਂ ਭੁੱਲਾਂ ਦੀ ਮੁਆਫੀ ਮੰਗ ਰਹੇ ਹਨ ਪਰ ਇਸ ਬਾਰੇ ਕੋਈ ਢੁਕਵਾਂ ਜਵਾਬ ਨਾ ਦਿੱਤਾ ਗਿਆ। ਪ੍ਰਕਾਸ਼ ਸਿੰਘ ਬਾਦਲ ਨੇ ਸੇਵਾ ਦੇ ਪਹਿਲੇ ਦਿਨ ਇਹ ਆਖ ਕੇ ਮੀਡੀਆ ਤੋਂ ਖਹਿੜਾ ਛੁਡਾ ਲਿਆ ਕੇ ਭੋਗ ਵਾਲੇ ਦਿਨ ਉਹ ਸਭ ਦੱਸ ਦੇਣਗੇ, ਜਦੋਂ ਭੋਗ ਪੈਣ ਤੋਂ ਬਾਅਦ ਬਾਦਲ ਤੋਂ ਪੁੱਛਿਆ ਗਿਆ ਤਾਂ ਉਹ ਇੰਨਾ ਆਖ ਕੇ ਟਾਲ ਗਏ ਕਿ 'ਗੁਰੂ ਨੂੰ ਕੋਈ ਭੁੱਲਾਂ ਦੀ ਸੂਚੀ ਨਹੀਂ ਦੇਣੀ, ਗੁਰੂ ਜਾਣੀ-ਜਾਣ ਹੈ ਅਤੇ ਬਖਸ਼ਣਹਾਰ ਹੈ।'

ਭਾਵੇਂ ਬਾਦਲ ਇਨ੍ਹਾਂ ਭੁੱਲਾਂ ਬਾਰੇ ਕੁਝ ਨਹੀਂ ਬੋਲੇ ਪਰ ਇਸ ਗੱਲ ਦੀ ਚਰਚਾ ਛਿੜ ਗਈ ਹੈ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ 'ਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਗੋਲੀ ਕਾਂਡ ਵਿਚ ਬਾਦਲਾਂ ਨੇ ਆਪਣੇ ਆਪ ਨੂੰ ਦੋਸ਼ੀ ਮੰਨ ਲਿਆ ਹੈ। ਸਿੱਖ ਬੁੱਧੀਜੀਵੀ ਤੇ ਵਿਰੋਧੀ ਧਿਰਾਂ ਸਵਾਲ ਕਰ ਰਹੀਆਂ ਹਨ ਕਿ ਸ਼੍ਰੋਮਣੀ ਅਕਾਲੀ ਦਲ ਨੇ ਸਵੀਕਾਰ ਲਿਆ ਹੈ ਕਿ ਬੇਅਦਬੀ ਤੇ ਪੰਥਕ ਸੰਕਟ ਲਈ ਉਹ ਹੀ ਜ਼ਿੰਮੇਵਾਰ ਹਨ। ਸਿੱਖ ਆਗੂਆਂ ਨੇ ਕਿਹਾ ਹੈ ਕਿ ਪਹਿਲਾਂ ਇਹ ਤੈਅ ਕੀਤਾ ਜਾਣਾ ਚਾਹੀਦਾ ਹੈ ਕਿ ਅਕਾਲੀ ਲੀਡਰ ਕਿਹੜੀ-ਕਿਹੜੀ ਗਲਤੀ ਤੇ ਅਵੱਗਿਆ ਦੀ ਮੁਆਫੀ ਮੰਗ ਰਹੇ ਹਨ।

ਸੋਸ਼ਲ ਮੀਡੀਆ ਉਪਰ ਬਾਦਲਾਂ ਖਿਲਾਫ਼ ਸਖਤ ਤੇ ਮਜ਼ਾਕੀਆ ਟਿੱਪਣੀਆਂ ਵੀ ਕੀਤੀਆਂ ਜਾ ਰਹੀਆਂ ਹਨ। ਇਹ ਸਵਾਲ ਵੀ ਕੀਤਾ ਜਾ ਰਿਹਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਵੱਲੋਂ 10 ਸਾਲਾਂ ਦੇ ਸ਼ਾਸਨ ਨੂੰ 'ਰਾਜ ਨਹੀਂ ਸੇਵਾ' ਦਾ ਨਾਂ ਦਿੱਤਾ ਗਿਆ ਸੀ ਪਰ ਫਿਰ ਸੇਵਾ ਕਰਦਿਆਂ ਕਿਹੜੀਆਂ ਗਲਤੀਆਂ ਹੋ ਗਈਆਂ, ਇਹ ਵੀ ਸਪੱਸ਼ਟ ਕੀਤਾ ਜਾਵੇ।

ਫੇਸਬੁੱਕ 'ਤੇ ਇਹ ਟਿੱਪਣੀ ਵੀ ਕੀਤੀ ਗਈ, 'ਇਹ ਕਿਹੋ ਜਿਹੀ ਭੁੱਲ ਹੋਈ ਕਿ ਖੁਦ ਹੀ ਗਲਤੀਆਂ ਮੰਨ ਲਈਆਂ, ਜੱਜ ਵੀ ਆਪ ਹੀ ਬਣ ਗਏ ਤੇ ਸਜ਼ਾ ਵੀ ਖੁਦ ਹੀ ਸੁਣਾ ਲਈ ਗਈ। ਬਾਦਲਾਂ ਦੀ ਸੇਵਾ ਦੀ ਇਸ ਪੱਖੋਂ ਵੀ ਨੁਕਤਾਚੀਨੀ ਹੋ ਰਹੀ ਹੈ ਕਿ ਵੀ.ਵੀ.ਆਈ.ਪੀ. ਸੁਰੱਖਿਆ ਕਰ ਕੇ ਆਮ ਸ਼ਰਧਾਲੂਆਂ ਨੂੰ ਵੱਡੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।

ਇਸ ਤੋਂ ਇਲਾਵਾ ਅਕਾਲੀ ਆਗੂਆਂ ਦੀ ਸੁਰੱਖਿਆ ਵਿਚ ਮੌਜੂਦ ਕਰਮਚਾਰੀਆਂ ਵੱਲੋਂ ਮਰਿਆਦਾ ਦੀ ਉਲੰਘਣਾ ਦੇ ਕਈ ਮਾਮਲੇ ਸਾਹਮਣੇ ਆਏ। ਬਾਦਲਾਂ ਦੇ ਸਵਾਗਤ ਲਈ ਸ਼੍ਰੋਮਣੀ ਕਮੇਟੀ ਵੱਲੋਂ ਗਲੀਚੇ ਵਿਛਾਉਣ ਦੀ ਵੀ ਅਲੋਚਨਾ ਹੋ ਰਹੀ ਹੈ। ਸਵਾਲ ਇਹ ਵੀ ਉੱਠ ਰਹੇ ਹਨ ਕਿ ਜੇਕਰ ਬਾਦਲ ਪਰਿਵਾਰ ਨੂੰ ਆਪਣੀ ਗਲਤੀ ਉਤੇ ਕੋਈ ਪਛਤਾਵਾ ਸੀ ਤਾਂ ਆਪਣਾ ਵੀ.ਵੀ.ਆਈ.ਪੀ. ਵਾਲਾ ਰੁਤਬਾ ਘਰ ਹੀ ਛੱਡ ਕੇ ਇਕ ਨਿਮਾਣੇ ਸਿੱਖ ਵਾਂਗੂ ਆਉਂਦੇ।

# ਬਰਗਾੜੀ ਮੋਰਚਾ: ਪ੍ਰਬੰਧਕਾਂ ਨੇ ਇਨਸਾਫ ਤੋਂ ਪਹਿਲਾਂ ਹੀ ਮੈਦਾਨ ਛੱਡਿਆ

*(ਪਿਛਲੇ ਸਫੇ ਦੀ ਬਾਕੀ)*

ਸੰਘਰਸ਼ ਜਾਰੀ ਰਹੇਗਾ। ਪੰਡਾਲ ਵਿਚੋਂ ਜ਼ੋਰ-ਜ਼ੋਰ ਦੀਆਂ ਆਵਾਜ਼ਾਂ ਆ ਰਹੀਆਂ ਸਨ ਕਿ ਬਾਦਲਾਂ ਨੂੰ ਗ੍ਰਿਫਤਾਰ ਕਰੋ, ਸਜ਼ਾ ਦਿਉ। ਬਾਅਦ ਵਿਚ ਧਿਆਨ ਸਿੰਘ ਮੰਡ ਨੇ ਐਲਾਨ ਕੀਤਾ ਕਿ ਇਸ ਮੋਰਚੇ ਨੂੰ ਸਮਾਪਤ ਕਰ ਦਿੱਤਾ ਗਿਆ ਹੈ ਪਰ ਸੰਘਰਸ਼ ਜਾਰੀ ਰਹੇਗਾ।

ਬਰਗਾੜੀ ਮੋਰਚੇ ਨੂੰ ਮਿਲੇ ਹੁੰਗਾਰੇ ਨੇ ਪੰਜਾਬ ਦੀਆਂ ਸਿਆਸੀ ਧਿਰਾਂ, ਖਾਸਕਰ ਕੇ ਕਾਂਗਰਸ ਦੀ ਨੀਂਦ ਹਰਾਮ ਕਰ ਦਿੱਤੀ ਸੀ। ਵੱਡੀ ਗਿਣਤੀ ਲੋਕ ਆਪ ਮੁਹਾਰੇ ਮੋਰਚੇ ਨਾਲ ਜੁੜੇ ਸਨ। ਇਹ ਪ੍ਰਭਾਵ ਬਣ ਰਿਹਾ ਸੀ ਕਿ 2019 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਧਿਰਾਂ ਲਈ ਇਹ ਮੋਰਚਾ ਵੱਡੀ ਚੁਣੌਤੀ ਖੜ੍ਹੀ ਕਰ ਸਕਦਾ ਹੈ ਪਰ ਹੁਣ ਸਰਕਾਰ ਇਸ ਮੋਰਚੇ ਨੂੰ ਖਤਮ ਕਰਵਾਉਣ ਵਿਚ ਸਫਲ ਰਹੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

## ਬੀਬੀ ਗਿਆਨ ਕੌਰ ਸੁਰਗਵਾਸ

**ਯੂਬਾ ਸਿਟੀ (ਬਿਊਰੋ):** ਇਥੋਂ ਦੀ ਇਕ ਜਾਣੀ-ਪਛਾਣੀ ਸ਼ਖਸੀਅਤ ਬੀਬੀ ਗਿਆਨ ਕੌਰ ਬੈਂਸ ਲੰਘੀ 8 ਦਸੰਬਰ ਨੂੰ 90 ਸਾਲ ਦੀ ਉਮਰ ਭੋਗ ਕੇ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਏ। ਉਹ ਪਿਛਲੇ 69 ਸਾਲ ਤੋਂ ਯੂਬਾ ਸਿਟੀ ਰਹਿੰਦੇ ਆ ਰਹੇ ਸਨ ਤੇ ਉਨ੍ਹਾਂ ਦਾ ਪਿਛਲਾ ਪਿੰਡ ਪਿੱਪਲਾਂ ਵਾਲਾ ਸੀ।

ਬੀਬੀ ਗਿਆਨ ਕੌਰ ਆਪਣੇ ਪਿਛੇ ਇਕ



ਧੀ, ਚਾਰ ਪੁੱਤਰ ਅਤੇ ਪੋਤਰਿਆਂ-ਦੋਹਤਰਿਆਂ ਅਤੇ ਪੜਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੇ ਪਤੀ ਬਖਤਾਵਰ ਸਿੰਘ ਬੈਂਸ ਕੁਝ ਸਮਾਂ ਪਹਿਲਾਂ ਸਵਰਗ ਸਿਧਾਰ ਗਏ ਸਨ। ਬੀਬੀ ਗਿਆਨ ਕੌਰ ਬੜੀ ਪਿਆਰੀ ਸ਼ਖਸੀਅਤ ਸਨ ਅਤੇ ਜਿਸ ਨੂੰ ਵੀ ਮਿਲਦੇ, ਆਪਣੇ ਪਿਆਰ ਨਾਲ ਕੀਲ ਲੈਂਦੇ। ਬੀਬੀ ਗਿਆਨ ਕੌਰ ਦੀਆਂ ਅੰਤਿਮ ਰਸਮਾਂ ਤੇ ਸਸਕਾਰ 14 ਦਸੰਬਰ ਨੂੰ ਇਥੇ ਉਲਰੇ ਮੈਮੋਰੀਅਲ ਚੈਪਲ ਵਿਖੇ ਸਵੇਰੇ 11 ਵਜੇ ਹੋਣਗੇ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਟਾਇਰਾ ਬਿਊਨਾ ਵਿਖੇ ਹੋਵੇਗੀ। ਹੋਰ ਜਾਣਕਾਰੀ ਲਈ ਫੋਨ: 530-673-3140 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਘਿਰੇ ਜੀ. ਕੇ. ਨੇ ਦਿੱਲੀ ਕਮੇਟੀ ਦੀ ਪ੍ਰਧਾਨਗੀ ਤੋਂ ਦਿੱਤਾ ਅਸਤੀਫਾ

**ਨਵੀਂ ਦਿੱਲੀ:** ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਕਾਰਜਕਾਰਨੀ ਕਮੇਟੀ ਦੀਆਂ ਚੋਣਾਂ ਤਕਰੀਬਨ ਤਿੰਨ ਮਹੀਨੇ ਪਹਿਲਾਂ ਕਰਾਉਣ ਦਾ ਐਲਾਨ ਵੀ ਕਰ ਦਿੱਤਾ। ਜਨਰਲ



ਸਕੱਤਰ ਮਨਜਿੰਦਰ ਸਿੰਘ ਸਿਰਸਾ ਸਮੇਤ ਬਾਦਲ ਧੜੇ ਦੇ 14 ਮੈਂਬਰਾਂ ਨੇ ਆਪਣੇ ਅਸਤੀਫੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਭੇਜ ਦਿੱਤੇ। ਇਹ ਘਟਨਾਕ੍ਰਮ ਉਸ ਸਮੇਂ ਵਾਪਰਿਆ ਜਦੋਂ ਸੁਖਬੀਰ ਸਿੰਘ ਬਾਦਲ ਦੇ ਨਿਰਦੇਸ਼ਾਂ 'ਤੇ ਸਿਰਸਾ ਨੇ ਕਾਰਜਕਾਰਨੀ ਬੋਰਡ ਦੀ ਬੈਠਕ ਸੱਦੀ ਸੀ।

ਦਿੱਲੀ ਕਮੇਟੀ ਦੇ ਕਾਨਫਰੰਸ ਹਾਲ ਵਿਖੇ ਬੈਠਕ ਦੌਰਾਨ ਮੈਂਬਰਾਂ ਵਿਚਕਾਰ ਤਿੱਖੀ ਬਹਿਸ ਵੀ ਹੋਈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਦਿੱਲੀ ਇਕਾਈ ਦੇ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਨੇ ਕਿਹਾ ਕਿ ਉਹ ਆਪਣੇ ਉਪਰ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਮੁਕਤ ਹੋਣ ਤੱਕ ਕਮੇਟੀ ਵਿੱਚ ਕੋਈ ਅਹੁਦਾ ਨਹੀਂ ਲੈਣਗੇ। ਉਨ੍ਹਾਂ ਐਲਾਨ ਕੀਤਾ ਕਿ ਕਾਰਜਕਾਰਨੀ ਕਮੇਟੀ ਦੀਆਂ ਚੋਣਾਂ ਤੈਅ ਸਮੇਂ ਤੋਂ ਪਹਿਲਾਂ 27-29 ਦਸੰਬਰ ਜਾਂ ਦਿੱਲੀ ਗੁਰਦੁਆਰਾ ਚੋਣ ਬੋਰਡ ਵੱਲੋਂ ਨਿਰਧਾਰਤ ਕੀਤੀ ਜਾਣ ਵਾਲੀ ਤਰੀਕ ਨੂੰ ਕਰਵਾਈਆਂ ਜਾਣਗੀਆਂ। ਇਸ ਦੌਰਾਨ ਗੁਰਦੁਆਰਾ ਚੋਣ ਬੋਰਡ ਨੂੰ ਚਿੱਠੀ ਲਿਖ ਦਿੱਤੀ ਗਈ ਹੈ। ਉਂਜ ਮੌਜੂਦਾ ਕਾਰਜਕਾਰਨੀ ਦੀ ਮਿਆਦ 29 ਮਾਰਚ 2019 ਤੱਕ ਹੈ। ਸ੍ਰੀ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਕਮੇਟੀ ਵਿਚ ਤਾਕਤਾਂ ਨੂੰ ਲੈ ਕੇ ਜੀ. ਕੇ. ਨਾਲ ਕੋਈ ਟਕਰਾਅ ਨਹੀਂ ਹੈ।

ਗਹਿਮਾ-ਗਹਿਮੀ ਦੌਰਾਨ ਗੀਤਾ ਕਾਲੋਨੀ ਤੋਂ ਕਮੇਟੀ ਮੈਂਬਰ ਹਰਿੰਦਰਪਾਲ ਸਿੰਘ ਬੈਠਕ ਵਿਚੋਂ ਬਾਈਕਾਟ ਕਰ ਕੇ ਬਾਹਰ ਚਲੇ ਗਏ ਤੇ ਉਨ੍ਹਾਂ ਬਾਹਰ ਆ ਕੇ ਆਪਣਾ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ। ਸ੍ਰੀ ਸਿਰਸਾ, ਕੁਲਵੰਤ ਸਿੰਘ ਬਾਠ ਤੇ ਹੋਰ ਆਗੂ ਉਨ੍ਹਾਂ ਨੂੰ ਮਨਾ ਕੇ ਮੀਟਿੰਗ ਹਾਲ ਵਿਚ ਲੈ ਗਏ।

## ਨਵੇਂ ਅੰਤ੍ਰਿੰਗ ਬੋਰਡ ਦੀਆਂ ਚੋਣਾਂ ਲਈ ਸਥਿਤੀ ਸਪਸ਼ਟ ਨਹੀਂ

ਸਿੱਖ ਸਿਆਸਤ ਨਾਲ ਜੁੜੇ ਕੁਝ ਮਾਹਿਰਾਂ ਮੁਤਾਬਕ 27 ਜਾਂ 29 ਦਸੰਬਰ ਨੂੰ ਨਵੇਂ ਬੋਰਡ ਲਈ ਚੋਣਾਂ ਕਰਵਾਉਣੀਆਂ ਇਸ ਕਰ ਕੇ ਵੀ ਸੰਭਵ ਨਹੀਂ ਹੋਣਗੀਆਂ ਕਿਉਂਕਿ ਦਿੱਲੀ ਕਮੇਟੀ ਦੇ ਮੌਜੂਦਾ ਅੰਤ੍ਰਿੰਗ ਬੋਰਡ ਦੀ ਮਿਆਦ 29 ਮਾਰਚ 2019 ਤੱਕ ਹੈ। ਇਸ ਲਈ ਗੁਰਦੁਆਰਾ ਡਾਇਰੈਕਟਰ ਵੱਲੋਂ ਪਹਿਲਾਂ ਇਹ ਮਾਮਲਾ ਕਾਨੂੰਨੀ ਵਿਭਾਗ ਕੋਲ ਭੇਜ ਕੇ ਇਹ ਸਲਾਹ ਮੰਗੀ ਜਾਵੇਗੀ ਕਿ, ਪਿਛਲੇ ਬੋਰਡ ਦੀ ਮਿਆਦ ਤੋਂ ਤਿੰਨ ਮਹੀਨੇ ਪਹਿਲਾਂ ਹੀ ਨਵੇਂ ਅੰਤ੍ਰਿੰਗ ਬੋਰਡ ਦੀ ਚੋਣ ਕਰਵਾਈ ਜਾ ਸਕਦੀ ਹੈ ਜਾਂ ਨਹੀਂ?

ਜੇਕਰ ਕਰਵਾਈ ਜਾ ਸਕਦੀ ਹੈ ਤਾਂ, ਕੀ ਨਵਾਂ ਅੰਤ੍ਰਿੰਗ ਬੋਰਡ ਅਗਲੇ 2 ਸਾਲ ਲਈ ਕਾਰਜਸ਼ੀਲ ਰਹੇਗਾ ਜਾਂ ਪਿਛਲੇ ਅੰਤ੍ਰਿੰਗ ਬੋਰਡ ਦੇ ਬਾਕੀ ਬਚੇ 3 ਮਹੀਨੇ ਲਈ ਹੀ ਕੰਮ ਕਰ ਸਕੇਗਾ। ਫਿਰ ਗੁਰਦੁਆਰਾ ਡਾਇਰੈਕਟੋਰੇਟ ਵੱਲੋਂ ਮੰਗੀ ਸਲਾਹ ਬਾਰੇ ਕਾਨੂੰਨੀ ਵਿਭਾਗ ਕਦੋਂ ਜਵਾਬ ਦੇਵੇਗਾ, ਇਸ ਦੇ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਪਿਛਲੀਆਂ ਆਮ ਚੋਣਾਂ 26 ਫਰਵਰੀ 2017 ਨੂੰ ਹੋਈਆਂ ਸੀ ਜਿਸ ਵਿਚ ਅਕਾਲੀ ਦਲ (ਬਾਦਲ) ਨੇ ਜਿੱਤ ਪ੍ਰਾਪਤ ਕੀਤੀ ਸੀ। ਨਵੀਂ ਕਮੇਟੀ ਦੇ ਗਠਨ ਲਈ ਚੁਣੇ ਹੋਏ ਮੈਂਬਰਾਂ ਦਾ ਪਹਿਲਾ ਜਨਰਲ ਇਜਲਾਸ 24 ਮਾਰਚ ਨੂੰ ਸੱਦਿਆ ਗਿਆ ਸੀ ਜਿਸ ਵਿਚ ਮਨਜੀਤ ਸਿੰਘ ਜੀ.ਕੇ. ਨੂੰ ਪ੍ਰੋਟੈਮ ਸਪੀਕਰ (ਆਰਜ਼ੀ ਚੇਅਰਮੈਨ) ਚੁਣਿਆ ਅਤੇ ਇਸ ਤੋਂ ਬਾਅਦ ਦਿੱਲੀ ਫ਼ਤਿਹ ਦਿਵਸ ਸਮਾਗਮਾਂ ਦਾ ਹਵਾਲਾ ਦਿੰਦੇ ਹੋਏ ਜਨਰਲ ਹਾਊਸ ਮੁਲਤਵੀ ਕਰ ਦਿੱਤਾ ਗਿਆ ਸੀ।


## Matrimonials

### ਲੜਕੀ ਦੀ ਲੋੜ ਹੈ

Wanted suitable girl from USA/Canada, for Saini Sikh boy, 33, M. Engineering (Electrical and computer science), good job in the USA. Caste no bar. From Nawanshehar, Punjab. Please contact, Ph: 860-833-9913 or email: balisaini2284@gmail.com 50-51

ਜੱਟ ਸਿੱਖ ਚਾਹਲ, 27 ਸਾਲ, 5'-10", ਮਕੈਨੀਕਲ ਇੰਜੀਨੀਅਰ ਬੀ. ਟੈਕ ਜਿਲ੍ਹਾ ਲੁਧਿਆਣਾ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ ਜਾਂ ਪੀ. ਆਰ. ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਅਤੇ ਮਾਤਾ-ਪਿਤਾ ਅਮਰੀਕਾ, ਮਿਸ਼ੀਗਨ ਵਿਚ ਵੈਲ ਸੈਟਲਡ ਹਨ। ਸੰਪਰਕ ਕਰੋ, ਫੋਨ: 734-709-5997 ਜਾਂ 734-837-8799 44-51

### ਲੜਕੇ ਦੀ ਲੋੜ ਹੈ

Wanted suitable match for Sikh Khatri, pretty girl, 34, 5'-5", MS, Green Card holder, working US based MNC in New York. Innocently divorced issueless. Professionally qualified working boy in New York area preferred. E-mail: ajsw399@gmail.com 49-50


## ਫਰਜ਼ੀ ਡਰਾਈਵਿੰਗ ਲਾਇਸੈਂਸ ਦੇ ਦੋਸ਼ ਹੇਠ ਭਾਰਤੀ ਡਿਪੋਰਟ

**ਆਕਲੈਂਡ:** ਨਕਲੀ ਡਰਾਈਵਿੰਗ ਲਾਇਸੈਂਸ 'ਤੇ ਗੱਡੀ ਚਲਾਉਣ ਦੇ ਦੋਸ਼ ਹੇਠ ਇਕ ਭਾਰਤੀ ਨੂੰ ਡਿਪੋਰਟ ਕੀਤਾ ਜਾ ਰਿਹਾ ਹੈ। ਜੋਧਬੀਰ ਸਿੰਘ 2009 'ਚ ਆਪਣੀ ਪਤਨੀ ਨਾਲ ਨਿਊਜ਼ੀਲੈਂਡ ਆਇਆ ਸੀ ਅਤੇ ਉਸ ਦੀ ਪਤਨੀ ਬਤੌਰ ਰੈਸਟੋਰੈਂਟ ਮੈਨੇਜਰ ਕੰਮ ਕਰਦੀ ਸੀ। ਉਹ ਉਸ ਵੇਲੇ ਪਾਰਟਨਰਸ਼ਿਪ ਵੀਜ਼ਾ 'ਤੇ ਸੀ ਅਤੇ ਇਕ ਡੇਅਰੀ ਕੰਪਨੀ ਵਿਚ ਫੋਰਕ ਲਿਫਟ ਡਰਾਈਵਰ ਵਜੋਂ ਕੰਮ ਕਰਦਾ ਸੀ। ਉਸ ਨੇ ਲੰਘੇ ਮਾਰਚ 'ਚ ਵਰਕ ਵੀਜ਼ਾ ਦੀ ਅਰਜ਼ੀ ਲਾਈ ਤੇ ਨਾਲ ਆਪਣਾ ਭਾਰਤੀ ਲਾਇਸੈਂਸ ਵੀ ਲਾਇਆ। ਇਮੀਗ੍ਰੇਸ਼ਨ ਵਿਭਾਗ ਨੇ ਭਾਰਤ ਤੋਂ ਉਸ ਦਾ ਲਾਇਸੈਂਸ ਤਸਦੀਕ ਕਰਵਾਇਆ ਤਾਂ ਉਹ ਨਕਲੀ ਨਿਕਲਿਆ, ਜਿਸ ਪਿਛੋਂ ਉਸ ਨੂੰ ਡਿਪੋਰਟ ਕਰਨ ਦੇ ਹੁਕਮ ਸੁਣਾਏ ਗਏ ਹਨ।

# ਬਾਦਲਾਂ ਤੇ ਮਜੀਠੀਆ ਖਿਲਾਫ ਸ਼ਿਕਾਇਤ ਦਰਜ

**ਬਠਿੰਡਾ:** ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਨਜ਼ਦੀਕੀ ਰਿਸ਼ਤੇਦਾਰ ਜੈਜੀਤ ਸਿੰਘ ਜੌਹਲ ਉਰਫ ਜੋਜੋ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਬਿਕਰਮ ਸਿੰਘ ਮਜੀਠੀਆ, ਡਾ. ਦਲਜੀਤ ਸਿੰਘ ਚੀਮਾ ਅਤੇ ਹੋਰਾਂ ਖਿਲਾਫ ਕਾਨੂੰਨੀ ਲੜਾਈ ਵਿੱਢ ਦਿੱਤੀ ਹੈ। ਉਨ੍ਹਾਂ ਸੀਨੀਅਰ ਅਕਾਲੀ ਲੀਡਰਾਂ ਖਿਲਾਫ ਬਠਿੰਡਾ ਦੀ ਅਦਾਲਤ 'ਚ ਫੌਜਦਾਰੀ ਸ਼ਿਕਾਇਤ ਦਾਇਰ ਕੀਤੀ।

ਅਕਾਲੀ ਨੇਤਾਵਾਂ ਵੱਲੋਂ ਰਿਫਾਇਨਰੀ ਦੇ 'ਗੁੰਡਾ ਟੈਕਸ' ਮਾਮਲੇ 'ਚ ਉਨ੍ਹਾਂ ਦਾ ਨਾਮ ਉਛਾਲੇ ਜਾਣ ਤੋਂ ਉਹ ਖਫਾ ਸਨ। ਚੀਫ ਜੁਡੀਸ਼ੀਅਲ ਮੈਜਿਸਟਰੇਟ ਬਠਿੰਡਾ ਦੀ ਅਦਾਲਤ ਵੱਲੋਂ 25 ਜਨਵਰੀ ਨੂੰ ਅਗਲੀ ਸੁਣਵਾਈ ਕੀਤੀ ਜਾਵੇਗੀ। ਮਨਪ੍ਰੀਤ ਬਾਦਲ ਤਰਫੋਂ ਹਰੀ ਝੰਡੀ ਮਿਲਣ ਮਗਰੋਂ ਹੀ ਜੈਜੀਤ ਜੌਹਲ, ਬਾਦਲਾਂ ਤੇ ਮਜੀਠੀਆ ਖਿਲਾਫ ਨਿੱਤਰੇ ਹਨ। ਇਸ ਤੋਂ ਪਹਿਲਾਂ ਸ਼ਰੀਕਾਂ ਵਿਚ ਸਿਆਸੀ ਜੰਗ ਚੱਲ ਰਹੀ ਸੀ ਜਦੋਂ ਕਿ ਹੁਣ ਕਾਨੂੰਨੀ ਲੜਾਈ ਵੀ ਸ਼ੁਰੂ ਹੋ ਗਈ ਹੈ। ਜ਼ਿਲ੍ਹਾ ਅਦਾਲਤੀ ਕੰਪਲੈਕਸ ਵਿਚ ਜੈਜੀਤ ਜੌਹਲ ਕਾਂਗਰਸੀ ਨੇਤਾਵਾਂ ਨਾਲ ਆਏ ਅਤੇ ਉਨ੍ਹਾਂ ਦੇ ਐਡਵੋਕੇਟ ਸੰਦੀਪ ਬਾਘਲਾ ਨੇ ਇਸਤਗਾਸਾ ਦਾਇਰ ਕੀਤਾ।

ਫੌਜਦਾਰੀ ਸ਼ਿਕਾਇਤ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਵਿਧਾਇਕ ਬਿਕਰਮ ਸਿੰਘ ਮਜੀਠੀਆ, ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਅਤੇ ਪੰਜਾਬੀ ਨਿਊਜ਼ ਚੈਨਲ ਦੇ ਪ੍ਰਬੰਧਕ ਖਿਲਾਫ ਦਾਇਰ ਕੀਤੀ ਗਈ ਹੈ।

ਜੈਜੀਤ ਜੌਹਲ ਨੇ ਆਖਿਆ ਕਿ ਉਹ ਮਾਣਹਾਨੀ ਦੇ ਮਾਮਲੇ ਵਿਚ 10 ਕਰੋੜ ਦੇ ਮੁਆਵਜ਼ੇ ਲਈ ਵੱਖਰਾ ਕੇਸ ਦਾਇਰ ਕਰ ਰਹੇ ਹਨ। ਜੋਜੋ ਨੇ ਆਖਿਆ ਕਿ ਕੇਸ ਵਾਸਤੇ ਕਾਗਜ਼ਾਤ ਤਿਆਰ ਕਰਨ ਅਤੇ ਕੁਝ ਅਰਸਾ ਬਾਹਰ ਰਹਿਣ ਕਰਕੇ ਉਨ੍ਹਾਂ ਨੂੰ ਕੇਸ ਦਾਇਰ ਕਰਨ ਵਿਚ ਦੇਰੀ ਹੋ ਗਈ। ਉਨ੍ਹਾਂ ਆਖਿਆ ਕਿ ਉਹ ਬਾਦਲਾਂ ਨਾਲ ਸਮਝੌਤਾ ਕਰਨ ਨਾਲੋਂ ਪਿੰਡ 'ਚ ਖੇਤੀ ਕਰਨ ਨੂੰ ਤਰਜੀਹ ਦੇਣਗੇ।


## ਵੇਟਰ, ਤੰਦੂਰੀਏ ਤੇ ਡਿਸ਼ ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ, ਤੰਦੂਰੀਏ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 262-391-7666

49-51


## 'ਛਣਕਾਟਾ ਵੰਗਾਂ ਦਾ' ਵਿਚ ਗੀਤਾਂ ਦੀ ਛਹਿਬਰ ਲਾਉਣਗੇ ਮੋਨਾ ਸਿੰਘ ਤੇ ਹਰਮਨਦੀਪ

**ਫਰੀਮਾਂਟ (ਬਿਊਰੋ):** ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਵਲੋਂ 6 ਜਨਵਰੀ 2019, ਐਤਵਾਰ ਨੂੰ ਇਥੇ ਪੈਰਾਡਾਈਜ਼ ਬਾਲਰੂਮ ਵਿਚ ਕਰਵਾਏ ਜਾ ਰਹੇ 'ਛਣਕਾਟਾ ਵੰਗਾਂ ਦਾ' ਵਿਚ ਜਿਥੇ ਬਾਲੀਵੁੱਡ ਗਾਇਕਾ ਮੋਨਾ ਸਿੰਘ ਅਤੇ ਯੁਵਾ ਵਰਗ ਵਿਚ ਪ੍ਰਸਿਧ ਗਾਇਕਾ ਹਰਮਨਦੀਪ ਆਪਣੀ ਗਾਇਕੀ ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰਨਗੀਆਂ, ਉਥੇ 'ਭਾਬੀਏ ਨੀ ਭਾਬੀਏ' ਫੇਮ ਅਲਾਪ ਗਰੁੱਪ ਦੇ ਚੰਨੀ ਸਿੰਘ ਚੋਣਵੇਂ ਗੀਤਾਂ ਨਾਲ ਹਾਜ਼ਰੀ ਲਵਾਉਣਗੇ। ਉਸ ਦਾ ਵਿਸ਼ੇਸ਼ ਸਨਮਾਨ ਵੀ ਹੋਵੇਗਾ। ਇਸ ਤੋਂ ਇਲਾਵਾ ਗਾਇਕ ਸੱਤੀ ਪਾਬਲਾ, ਆਪਣਾ ਸੰਗੀਤ ਦੇ ਅਨੂਪ ਚੀਮਾ ਅਤੇ ਕੈਲੀ ਜਸ ਵੀ ਦਰਸ਼ਕਾਂ ਦੇ ਰੂਬਰੂ ਹੋਣਗੇ।

ਯੂ. ਸੀ. ਡੇਵਿਸ ਅਤੇ ਬੇਏਰੀਆ ਧਮਕ ਦੀਆਂ ਗਿੱਧਾ ਟੀਮਾਂ 'ਛਣਕਾਟਾ ਵੰਗਾਂ ਦਾ' ਦਾ ਮੁੱਖ ਆਕਰਸ਼ਣ ਹੋਣਗੀਆਂ। ਬਾਬਿਆਂ ਦਾ ਮਲਵਈ ਗਿੱਧਾ ਵੀ ਪੇਸ਼ ਹੋਵੇਗਾ ਤੇ 'ਪੰਜਾਬੀ ਧੜਕਣ' ਅਕੈਡਮੀ ਦੀਆਂ ਮੁਟਿਆਰਾਂ ਭੰਗੜਾ ਪੇਸ਼ ਕਰਨਗੀਆਂ। ਅਜੇ ਭੰਗੜਾ ਅਕੈਡਮੀ ਦੇ ਬੱਚੇ ਆਪਣੇ ਜੌਹਰ ਦਿਖਾਉਣਗੇ।

ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਐਸ. ਅਸ਼ੋਕ ਭੌਰਾ ਨੇ ਕਿਹਾ ਕਿ ਗਾਇਕਾ ਪਵਨਦੀਪ ਮੋਗਾ ਦੇ ਗਾਏ ਟਾਈਟਲ ਗੀਤ 'ਚੜ੍ਹ ਕੇ ਵੇਖ ਚੁਬਾਰੇ ਵੇ ਛਣਕਾਟਾ ਪੈਂਦਾ ਵੰਗਾਂ ਦਾ' 'ਤੇ ਵਿਸ਼ੇਸ਼ ਕੋਰੀਓਗ੍ਰਾਫੀ ਹੋਵੇਗੀ। ਮੰਚ ਸੰਚਾਲਨ ਸ਼ਕਤੀ ਮਾਣਕ ਦਾ ਹੋਵੇਗਾ।

ਹੋਰ ਜਾਣਕਾਰੀ ਲਈ ਫੋਨ: 510-695-4836 ਜਾਂ 510-512-3401 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


## ਕਿਚਨ ਹੈਲਪਰ ਦੀ ਲੋੜ ਹੈ

ਸੈਕਰਾਮੈਂਟੋ, ਕੈਲੀਫੋਰਨੀਆ ਵਿਚ ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ ਦੀ ਲੋੜ ਹੈ

ਮੁਫਤ ਰਿਹਾਇਸ਼ ਤੇ ਚੰਗੀ ਤਨਖਾਹ

ਸੰਪਰਕ ਕਰੋ:

ਫੋਨ: 916-468-8885

50-51



## Prince's Barber Shop

37477 Fremont Blvd, suite C, Fremont, CA 94536

**Men & Children's Hair Cut**

- *Threading
- *Men's Facials
- *Custom Designing
- *Line-ups
- *Custom Text
- *Hair Coler
- *Shave & Mundan
- *Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ

**Business hours:**
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



**Cell: (510)-677-9942**
**Shop: (510)-505-9605**

www.princebarbershop.com

# ਵਿੱਤੀ ਸੰਕਟ: ਪੰਜਾਬ ਸਰਕਾਰ ਕੇਂਦਰੀ ਗ੍ਰਾਂਟਾਂ ਵਰਤਣ ਤੋਂ ਵੀ ਅਸਮਰੱਥ

**ਚੰਡੀਗੜ੍ਹ:** ਵਿੱਤੀ ਸੰਕਟ ਕਾਰਨ ਪੰਜਾਬ ਸਰਕਾਰ ਕੇਂਦਰੀ ਫੰਡਾਂ ਦੀ ਵਰਤੋਂ ਕਰਨ ਤੋਂ ਵੀ ਅਸਮਰੱਥ ਹੈ। ਪੰਜਾਬ ਸਰਕਾਰ ਕੋਲ ਕੇਂਦਰੀ ਫੰਡਾਂ ਵਿਚ ਆਪਣਾ ਹਿੱਸਾ ਪਾਉਣ ਜੋਗੇ ਪੈਸੇ ਨਾ ਹੋਣ ਕਾਰਨ ਜਾਂ ਤਾਂ ਇਹ ਫੰਡ ਵਾਪਸ ਚਲੇ ਗਏ ਹਨ ਤੇ ਜਾਂ ਅਧਵਾਟੇ ਲਟਕੇ ਹੋਏ ਹਨ। ਸਰਕਾਰ ਦੀ ਇਸ ਨਾਲਾਇਕੀ ਦੀ ਸਭ ਤੋਂ ਵੱਧ ਮਾਰ ਖੇਤੀ ਸੈਕਟਰ ਨੂੰ ਪਈ ਹੈ। ਸਰਕਾਰ ਨੂੰ ਦਰਪੇਸ਼ ਵਿੱਤੀ ਸੰਕਟ ਕਾਰਨ ਖੇਤੀ ਖੇਤਰ ਲਈ ਰਾਜ ਸਰਕਾਰ ਵੱਲੋਂ ਆਪਣੇ ਹਿੱਸੇ ਦੀ ਰਾਸ਼ੀ ਪਾਉਣਾ ਤਾਂ ਦੂਰ ਦੀ ਗੱਲ, ਕੇਂਦਰ ਸਰਕਾਰ ਤੋਂ ਆਉਂਦੀ ਗ੍ਰਾਂਟ ਵੀ ਜਾਰੀ ਨਹੀਂ ਕਰਵਾਈ ਜਾਂਦੀ।

ਪੰਜਾਬ ਸਰਕਾਰ ਦੀ ਜ਼ਰਾਇਤੀ ਖੇਤਰ ਪ੍ਰਤੀ ਬੇਰੁਖ਼ੀ ਦਾ ਨਤੀਜਾ ਇਹ ਨਿਕਲਿਆ ਕਿ ਕੇਂਦਰ ਸਰਕਾਰ ਤੋਂ ਚਲੰਤ ਮਾਲੀ ਸਾਲ ਦੌਰਾਨ ਜਾਰੀ ਹੋਣ ਵਾਲੀ ਰਾਸ਼ੀ ਦਾ ਬਹੁਤ ਥੋੜ੍ਹਾ ਹਿੱਸਾ ਮਾਲੀ ਸਾਲ ਦੇ 8 ਮਹੀਨੇ ਲੰਘ ਜਾਣ ਤੋਂ ਬਾਅਦ ਜਾਰੀ ਹੋਇਆ ਹੈ। ਖੇਤੀ ਸਕੀਮਾਂ ਦੇ 256 ਕਰੋੜ ਰੁਪਏ ਖ਼ਜ਼ਾਨੇ ਵਿਚ ਅਟਕੇ ਹੋਏ ਹਨ। ਪੰਜਾਬ ਸਰਕਾਰ ਦੇ ਉਚ ਅਧਿਕਾਰੀਆਂ ਦਾ ਦੱਸਣਾ ਹੈ ਕਿ ਸਮੇਂ ਸਿਰ ਰਾਸ਼ੀ ਜਾਰੀ ਨਾ ਕੀਤੇ ਜਾਣ ਕਾਰਨ ਕੇਂਦਰ ਤੋਂ ਆਏ ਪੈਸੇ ਦੀ ਵਰਤੋਂ ਦੇ ਸਰਟੀਫਿਕੇਟ (ਯੂਸੀ) ਜਾਰੀ ਨਹੀਂ ਕੀਤੇ ਗਏ, ਜਿਸ ਕਰ ਕੇ 2018-2019 ਦੀ ਗ੍ਰਾਂਟ ਜਾਰੀ ਨਹੀਂ ਹੋ ਸਕੀ। ਕੇਂਦਰੀ ਖੇਤੀ ਮੰਤਰਾਲੇ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਪੂਰੇ ਭਾਰਤ ਵਿਚੋਂ ਪੰਜਾਬ ਅਜਿਹਾ ਸੂਬਾ ਹੈ, ਜਿਸ ਨੂੰ ਸਭ ਤੋਂ ਮਗਰੋਂ ਪੈਸੇ ਜਾਰੀ ਹੋਏ ਹਨ, ਜਦੋਂਕਿ ਪੰਜਾਬ ਖੇਤੀ ਆਧਾਰਿਤ ਸੂਬਾ ਹੈ। ਕੇਂਦਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਾਜ ਸਰਕਾਰ ਦਾ ਖੇਤੀ ਖੇਤਰ ਪ੍ਰਤੀ ਰਵੱਈਆ ਉਦਾਸੀਨ ਹੈ। ਰਾਜ ਸਰਕਾਰ ਵੱਲੋਂ ਕੇਂਦਰੀ ਸਕੀਮਾਂ ਪ੍ਰਤੀ ਬੇਰੁਖ਼ੀ ਕਾਰਨ ਕਿਸਾਨਾਂ ਨੂੰ ਸਮੇਂ ਸਿਰ ਸਬਸਿਡੀ 'ਤੇ ਬੀਜ, ਕੀਟਨਾਸ਼ਕ, ਨਦੀਨਨਾਸ਼ਕ ਦਵਾਈਆਂ ਤੇ ਮਸ਼ੀਨਰੀ ਨਹੀਂ ਦਿੱਤੀ ਜਾ ਰਹੀ।

ਯੋਜਨਾ ਵਿਭਾਗ ਦੇ ਅੰਕੜਿਆਂ ਮੁਤਾਬਕ ਸਾਲ 2016-2017 ਦੌਰਾਨ ਅਕਾਲੀ-ਭਾਜਪਾ ਸਰਕਾਰ ਵੱਲੋਂ ਵੀ ਖੇਤੀ ਖੇਤਰ ਲਈ ਕੇਂਦਰ ਤੋਂ ਆਏ 91 ਕਰੋੜ ਤਾਂ ਰਾਜ ਸਰਕਾਰ ਦੇ ਹਿੱਸੇ ਸਮੇਤ ਜਾਰੀ ਕੀਤੇ ਗਏ ਸਨ। ਉਸ ਤੋਂ ਬਾਅਦ 2017-2018 ਦੌਰਾਨ ਕੈਪਟਨ ਸਰਕਾਰ ਵੱਲੋਂ



ਪੈਸੇ ਜਾਰੀ ਕੀਤੇ ਜਾਣੇ ਸਨ, ਪਰ ਸਰਕਾਰ ਨੇ ਹੱਥ ਘੁੱਟ ਲਿਆ ਤੇ ਆਪਣੇ ਹਿੱਸੇ ਦੀ 87.61 ਕਰੋੜ ਰੁਪਏ ਜਾਰੀ ਕਰਨ ਦੀ ਥਾਂ 6.7 ਕਰੋੜ ਹੀ ਜਾਰੀ ਕੀਤੇ। ਇਸ ਤਰ੍ਹਾਂ 80.8 ਕਰੋੜ ਰੁਪਏ ਖ਼ਜ਼ਾਨੇ ਵਿਚ ਹੀ ਲਟਕੇ ਪਏ ਹਨ। ਰਾਜ ਸਰਕਾਰ ਵੱਲੋਂ ਆਪਣੇ ਹਿੱਸੇ ਵੀ ਰਾਸ਼ੀ ਜਾਰੀ ਨਾ ਕਰਨ ਅਤੇ ਕੇਂਦਰ ਸਰਕਾਰ ਦਾ ਪੈਸਾ ਸਮੇਂ ਸਿਰ ਵਿਭਾਗ ਨੂੰ ਨਾ ਦੇਣ ਕਾਰਨ ਖੇਤੀ ਸਕੀਮਾਂ ਲੀਹ ਤੋਂ ਲਹਿ ਜਾਂਦੀਆਂ ਹਨ ਤੇ ਕੇਂਦਰ ਸਰਕਾਰ ਅਗਲੇ ਵਿੱਤੀ ਵਰ੍ਹੇ ਦੀਆਂ ਗ੍ਰਾਂਟਾਂ ਵੀ ਸਮੇਂ ਸਿਰ ਨਹੀਂ ਦਿੰਦੀ। ਉਦਾਹਰਨ ਵਜੋਂ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਨੇ 2018-2019 ਲਈ 211 ਕਰੋੜ ਰੁਪਏ ਦੇ ਪ੍ਰੋਜੈਕਟਾਂ ਦੀ ਪ੍ਰਵਾਨਗੀ ਦਿੰਦਿਆਂ 60:40 ਦੇ ਹਿਸਾਬ ਨਾਲ ਯੋਜਨਾ ਨੂੰ ਹਰੀ ਝੰਡੀ ਦੇ ਦਿੱਤੀ ਸੀ।

ਪੰਜਾਬ ਸਰਕਾਰ ਵੱਲੋਂ ਸਾਲ 2017-2018 ਦੌਰਾਨ ਆਪਣੇ ਹਿੱਸੇ ਦਾ ਪੈਸਾ ਜਾਰੀ ਨਹੀਂ ਕੀਤਾ ਗਿਆ ਸੀ, ਇਸ ਲਈ ਚਲੰਤ ਮਾਲੀ ਸਾਲ ਦੌਰਾਨ ਕੇਂਦਰ ਸਰਕਾਰ ਨੇ ਨਵੰਬਰ ਮਹੀਨੇ ਵਿਚ 44 ਕਰੋੜ ਰੁਪਏ ਹੀ ਜਾਰੀ ਕੀਤੇ ਹਨ। ਸੂਤਰਾਂ ਦਾ ਦੱਸਣਾ ਹੈ ਕਿ ਇਸ ਸਬੰਧੀ ਵੀ ਕੇਂਦਰੀ ਖੇਤੀ ਮੰਤਰਾਲੇ ਵੱਲੋਂ ਪੰਜਾਬ ਦੇ ਅਫਸਰਾਂ ਨੂੰ ਮਿਹਣਾ ਮਾਰਿਆ ਗਿਆ ਕਿ ਸਾਰੇ ਸੂਬਿਆਂ ਨੇ ਪੈਸਾ ਲੈ ਲਿਆ ਹੈ ਤੇ ਸਿਰਫ ਪੰਜਾਬ, ਜੋ ਖੇਤੀ ਪ੍ਰਧਾਨ ਸੂਬਾ ਹੈ, ਵੱਲੋਂ ਖੇਤੀ ਖੇਤਰ ਲਈ ਪੈਸਾ ਨਹੀਂ ਲਿਆ ਜਾ ਰਿਹਾ ਹੈ। ਇਸ ਮਗਰੋਂ ਪੰਜਾਬ ਦੇ ਅਧਿਕਾਰੀ ਜਾਗੇ ਤੇ ਯੂਸੀ ਭੇਜੇ ਗਏ।

ਕੇਂਦਰ ਸਰਕਾਰ ਵੱਲੋਂ ਖੇਤੀ ਖੇਤਰ ਲਈ ਦੋ ਵੱਡੀਆਂ ਯੋਜਨਾਵਾਂ ਚਲਾਈਆਂ ਗਈਆਂ ਸਨ, ਜਿਨ੍ਹਾਂ ਵਿਚ ਕੌਮੀ ਖੇਤੀ ਵਿਕਾਸ ਯੋਜਨਾ ਅਤੇ ਕੌਮੀ ਅੰਨ ਸੁਰੱਖਿਆ ਮਿਸ਼ਨ ਹਨ। ਇਨ੍ਹਾਂ ਯੋਜਨਾਵਾਂ ਤਹਿਤ ਕੇਂਦਰ ਸਰਕਾਰ ਵੱਲੋਂ ਮੈਚਿੰਗ ਗਰਾਂਟ ਦੇ ਆਧਾਰ 'ਤੇ ਪੈਸਾ ਜਾਰੀ ਕੀਤਾ ਜਾਂਦਾ ਹੈ। ਰਾਜ ਸਰਕਾਰਾਂ ਵੱਲੋਂ ਇਨ੍ਹਾਂ ਯੋਜਨਾਵਾਂ ਵਿਚੋਂ ਹੀ ਕਿਸਾਨਾਂ ਨੂੰ ਸਬਸਿਡੀ ਉਤੇ ਬੀਜ ਸਪਲਾਈ ਕਰਨਾ, ਸਬਸਿਡੀ 'ਤੇ ਕੀਟਨਾਸ਼ਕ ਜਾਂ ਨਦੀਨਨਾਸ਼ਕ ਦਵਾਈਆਂ ਦੀ ਸਪਲਾਈ ਦੇਣਾ, ਖੇਤੀ ਮਸ਼ੀਨਰੀ ਉਤੇ ਸਬਸਿਡੀ ਦੇਣਾ ਆਦਿ ਸ਼ਾਮਲ ਹੈ। ਇਸੇ ਤਰ੍ਹਾਂ ਬਾਗ਼ਬਾਨੀ ਨੂੰ ਉਤਸ਼ਾਹਿਤ ਕਰਨ ਲਈ ਕੌਮੀ ਬਾਗ਼ਬਾਨੀ ਮਿਸ਼ਨ ਵੀ ਕੇਂਦਰੀ ਯੋਜਨਾ ਹੈ। ਕਿਸਾਨਾਂ ਨੂੰ ਜਾਗਰੂਕ ਕਰਨ ਅਤੇ ਸਹਾਇਤਾ ਲਈ ਪ੍ਰਦਰਸ਼ਨੀ ਪਲਾਂਟ ਅਤੇ ਖੇਤੀਬਾੜੀ ਸਬੰਧੀ ਗਿਆਨ ਦੇਣ ਲਈ ਬਲਾਕ ਪੱਧਰ 'ਤੇ ਕੈਂਪ ਲਾਉਣ ਲਈ ਸਟੇਟ ਐਕਸਟੈਂਸ਼ਨ ਪ੍ਰੋਗਰਾਮ ਤਹਿਤ ਵੀ ਪੈਸਾ ਦਿੱਤਾ ਜਾਂਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਯੋਜਨਾ ਤਹਿਤ 2016-2017 ਵਿਚ ਧੇਲਾ ਵੀ ਜਾਰੀ ਨਹੀਂ ਕੀਤਾ ਗਿਆ, ਜਦੋਂਕਿ 2016-2017 ਅਤੇ 2017-2018 ਦੌਰਾਨ ਕੇਂਦਰ ਸਰਕਾਰ ਨੇ ਯੋਜਨਾ ਤਹਿਤ 23 ਕਰੋੜ ਰੁਪਏ ਦੀ ਗ੍ਰਾਂਟ ਭੇਜੀ ਸੀ। ਇਸ ਵਿਚੋਂ ਇਸ ਸਾਲ 12 ਕਰੋੜ ਰੁਪਏ ਜਾਰੀ ਕੀਤੇ ਹਨ ਤੇ ਰਾਜ ਸਰਕਾਰ ਨੇ ਹੋਰ ਯੋਜਨਾਵਾਂ ਵਾਂਗ ਹੀ ਇਸ ਸਕੀਮ ਵਿਚ ਵੀ ਆਪਣੇ ਹਿੱਸੇ ਦੀ ਰਾਸ਼ੀ ਦਾ ਯੋਗਦਾਨ ਨਹੀਂ ਪਾਇਆ।

ਪੰਜਾਬ ਦੀਆਂ ਖੇਤੀ ਸਕੀਮਾਂ ਦਾ ਲੇਖਾ-ਜੋਖਾ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਕੇਂਦਰ ਵੱਲੋਂ ਭੇਜੇ ਪੈਸੇ ਵਿਚੋਂ ਅਜੇ ਤੱਕ 89 ਕਰੋੜ ਜਾਰੀ ਨਹੀਂ ਕੀਤੇ ਗਏ। ਰਾਜ ਸਰਕਾਰ ਵੱਲੋਂ ਪਾਏ ਜਾਣ ਵਾਲੇ ਹਿੱਸੇ 'ਚੋਂ ਵੀ 167 ਕਰੋੜ ਜਾਰੀ ਕੀਤੇ ਜਾਣ ਸਬੰਧੀ ਵੱਡਾ ਸਵਾਲੀਆ ਨਿਸ਼ਾਨ ਲੱਗਿਆ ਹੋਇਆ ਹੈ। ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ 167 ਕਰੋੜ ਦੀ ਰਾਸ਼ੀ ਮੌਜੂਦਾ ਹਾਲਾਤ ਵਿਚ ਜਾਰੀ ਕਰਨਾ ਬਹੁਤ ਵੱਡੀ ਚੁਣੌਤੀ ਹੈ।

## ਲਾਲ ਪਰੀ ਉਤੇ ਲਾਈ ਟੇਕ

**ਚੰਡੀਗੜ੍ਹ:** ਪੰਜਾਬ ਸਰਕਾਰ ਵਿੱਤੀ ਸੰਕਟ ਵਿਚੋਂ ਨਿਕਲਣ ਲਈ ਨਵੇਂ ਤਜਰਬੇ ਕਰਨ ਸਬੰਧੀ ਜ਼ੋਰ-ਸ਼ੋਰ ਨਾਲ ਵਿਚਾਰ-ਵਟਾਂਦਰਾ ਕਰ ਰਹੀ ਹੈ। ਸੂਤਰਾਂ ਅਨੁਸਾਰ ਆਮਦਨ ਵਧਾਉਣ ਲਈ ਸੂਬਾ ਸਰਕਾਰ ਜਲਦ 'ਲਾਲ ਪਰੀ' (ਸ਼ਰਾਬ) ਦੇ ਵਪਾਰ 'ਚ ਉੱਤਰਨ ਦੀ ਤਿਆਰੀ ਕਰ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਮਾਮਲੇ 'ਚ ਸਬੰਧਤ ਮੰਤਰਾਲੇ ਅਤੇ ਵਿਭਾਗ ਤੇਜ਼ੀ ਨਾਲ ਕੰਮ ਕਰ ਰਹੇ ਹਨ ਅਤੇ ਜਲਦ ਹੀ ਇਸ ਸਬੰਧੀ ਕੋਈ ਫੈਸਲਾ ਲਿਆ ਜਾ ਸਕਦਾ ਹੈ। ਦੱਸਿਆ ਜਾ ਰਿਹਾ ਹੈ ਕਿ ਸਰਕਾਰ ਇਸ ਗੱਲ 'ਤੇ ਵਿਚਾਰ ਕਰ ਰਹੀ ਹੈ ਕਿ ਸ਼ਰਾਬ ਦੇ ਵਪਾਰ ਨੂੰ ਆਪਣੇ ਹੱਥਾਂ 'ਚ ਲੈ ਕੇ ਇਸ ਕੰਮ ਤੋਂ ਆਉਣ ਵਾਲਾ ਮਾਲੀਆ ਵਧਾਇਆ ਜਾ ਸਕਦਾ ਹੈ। ਜਾਣਕਾਰੀ ਅਨੁਸਾਰ ਇਸ ਸਾਲ ਵੱਖ-ਵੱਖ ਰਾਜਾਂ ਦਾ ਦੌਰਾ ਕਰਕੇ ਪਰਤੀ ਪੰਜਾਬ ਸਰਕਾਰ ਦੀ ਵਿਸ਼ੇਸ਼ ਟੀਮ ਦੀਆਂ ਸਿਫਾਰਸ਼ਾਂ ਨੂੰ ਪਹਿਲਾਂ ਤਾਂ ਸਰਕਾਰ ਨੇ ਜ਼ਿਆਦਾ ਤਰਜੀਹ ਨਹੀਂ ਦਿੱਤੀ ਪਰ ਚਾਲੂ ਵਿੱਤੀ ਸਾਲ ਦੀ ਪਹਿਲੀ ਛਿਮਾਹੀ 'ਚ ਹੀ ਆਮਦਨ 'ਚ ਆਈ 18 ਫੀਸਦੀ ਦੀ ਕਟੌਤੀ ਨੇ ਸਰਕਾਰ ਨੂੰ ਇਸ ਬਾਰੇ ਸੋਚਣ ਉੱਤੇ ਮਜਬੂਰ ਕਰ ਦਿੱਤਾ।

## ਆਮ ਲੋਕਾਂ ਉਤੇ ਭਾਰ ਪਾਉਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣੇ ਡੇਢ ਸਾਲ ਤੋਂ ਵੀ ਜ਼ਿਆਦਾ ਸਮਾਂ ਲੰਘ ਗਿਆ ਹੈ ਪਰ ਵਿੱਤੀ ਸੰਕਟ 'ਚ ਘਿਰੀ ਸਰਕਾਰ ਦੀ ਸਿਰਦਰਦੀ ਘਟਦੀ ਨਜ਼ਰ ਨਹੀਂ ਆ ਰਹੀ। ਸਰਕਾਰੀ ਸੂਤਰਾਂ ਅਨੁਸਾਰ ਵਿੱਤੀ ਘਾਟੇ ਨੂੰ ਪੂਰਾ ਕਰਨ ਲਈ ਆਉਂਦੇ ਸਮੇਂ 'ਚ ਸਰਕਾਰ ਸਕੂਲਾਂ ਕਾਲਜਾਂ ਸਮੇਤ ਨਿੱਜੀ ਅਦਾਰਿਆਂ ਤੋਂ ਲਈ ਜਾਣ ਵਾਲੀ ਫੀਸ ਵਧਾਉਣ 'ਤੇ ਵੀ ਵਿਚਾਰ ਕਰ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਸਰਕਾਰ ਮੌਜੂਦਾ ਵਿੱਤੀ ਸਾਲ ਦੇ ਮੁਕਾਬਲੇ ਇਕੱਤਰ ਕੀਤੇ ਜਾਂਦੇ ਮਾਲੀਏ 'ਚ 18 ਫੀਸਦੀ ਦੀ ਕਮੀ ਦਰਜ ਹੋਣ ਦੇ ਚਲਦੇ ਸਰਕਾਰ ਦੀਆਂ ਮੁਸ਼ਕਲਾਂ ਹੋਰ ਵੱਧ ਗਈਆਂ ਹਨ। ਇਸ ਦੇ ਇਲਾਵਾ ਜੀ.ਐਸ.ਟੀ. ਤੋਂ ਇਕੱਠੀ ਕੀਤੀ ਜਾਂਦੀ ਰਾਸ਼ੀ ਦੇ ਇਲਾਵਾ ਜਿਥੇ ਹੋਰ ਟੈਕਸ ਵੀ ਸਰਕਾਰ ਦੀਆਂ ਵਿੱਤੀ ਲੋੜਾਂ ਨੂੰ ਪੂਰਾ ਨਹੀਂ ਕਰ ਪਾ ਰਹੇ ਉਥੇ ਸਰਕਾਰ ਵੱਲੋਂ ਲਗਾਏ ਗਏ ਸੈੱਸ ਵੀ ਸਰਕਾਰ ਨੂੰ ਵਿੱਤੀ ਸੰਕਟ ਵਿਚੋਂ ਕੱਢਣ 'ਚ ਅਸਮਰਥ ਲੱਗ ਰਹੇ ਹਨ।

# ਪੰਜਾਬ 'ਚ ਪੰਚਾਇਤੀ ਚੋਣਾਂ 30 ਦਸੰਬਰ ਨੂੰ, ਚੋਣ ਜ਼ਾਬਤਾ ਲਾਗੂ

**ਚੰਡੀਗੜ੍ਹ:** ਪੰਜਾਬ ਵਿੱਚ 13,276 ਗਰਾਮ ਪੰਚਾਇਤਾਂ ਦੀ ਚੋਣ ਲਈ 30 ਦਸੰਬਰ ਨੂੰ ਵੋਟਾਂ ਪੈਣਗੀਆਂ। ਸੂਬਾਈ ਚੋਣ ਕਮਿਸ਼ਨਰ ਜਗਪਾਲ ਸਿੰਘ ਸੰਧੂ ਨੇ ਇਨ੍ਹਾਂ ਚੋਣਾਂ ਦਾ ਐਲਾਨ ਕੀਤਾ। ਇਨ੍ਹਾਂ ਚੋਣਾਂ ਵਿਚ 1.27 ਕਰੋੜ ਦਿਹਾਤੀ ਵੋਟਰ ਆਪਣੇ ਜਮਹੂਰੀ ਹੱਕ ਦਾ ਇਸਤੇਮਾਲ ਕਰਨਗੇ। ਚੋਣਾਂ ਦਾ ਐਲਾਨ ਹੁੰਦਿਆਂ ਹੀ ਸੂਬੇ ਵਿਚ ਚੋਣ ਜ਼ਾਬਤਾ ਵੀ ਲਾਗੂ ਹੋ ਗਿਆ। ਚੋਣ ਪ੍ਰੋਗਰਾਮ ਦਾ ਐਲਾਨ ਕਰਦਿਆਂ ਕਮਿਸ਼ਨ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਸਬੰਧੀ ਨਾਮਜ਼ਦਗੀ ਦਾਖਲ ਕਰਨ ਦਾ ਅਮਲ 15 ਦਸੰਬਰ ਨੂੰ ਸ਼ੁਰੂ ਹੋਵੇਗਾ ਅਤੇ 19 ਦਸੰਬਰ ਤੱਕ ਸਬੰਧਤ ਰਿਟਰਨਿੰਗ ਅਫਸਰ ਕੋਲ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਣਗੇ। 20 ਦਸੰਬਰ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਕੀਤੀ ਜਾਵੇਗੀ ਅਤੇ 21 ਦਸੰਬਰ ਤੱਕ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ। ਇਸੇ ਦਿਨ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਜਾਣਗੇ। 30 ਦਸੰਬਰ ਦਿਨ ਐਤਵਾਰ ਨੂੰ ਸਵੇਰੇ 8:00 ਤੋਂ ਸ਼ਾਮ 4:00 ਵਜੇ ਤੱਕ ਵੋਟਾਂ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ ਤੇ ਨਤੀਜਿਆਂ ਦਾ ਐਲਾਨ ਇਸੇ ਦਿਨ ਕੀਤਾ ਜਾਵੇਗਾ। ਗਰਾਮ ਪੰਚਾਇਤ ਚੋਣਾਂ ਦੀ ਉਡੀਕ ਪਿਛਲੇ ਤਿੰਨ ਮਹੀਨਿਆਂ ਤੋਂ ਕੀਤੀ ਜਾ ਰਹੀ ਸੀ ਤੇ ਸਰਕਾਰ ਲਗਾਤਾਰ ਇਨ੍ਹਾਂ ਚੋਣਾਂ ਨੂੰ ਲਟਕਾਉਣ ਦੇ ਯਤਨ ਵਿਚ ਸੀ।

ਚੋਣ ਕਮਿਸ਼ਨ ਨੇ ਦੱਸਿਆ ਕਿ 13,276 ਪੰਚਾਇਤਾਂ ਲਈ 83,831 ਪੰਚਾਂ ਦੀ ਚੋਣ ਕੀਤੀ ਜਾਵੇਗੀ, ਜਿਨ੍ਹਾਂ ਵਿਚੋਂ ਅਨੁਸੂਚਿਤ ਜਾਤੀ ਲਈ 17,811, ਅਨੁਸੂਚਿਤ ਜਾਤੀ ਇਸਤਰੀ ਲਈ 12,634, ਆਮ ਵਰਗ ਇਸਤਰੀਆਂ ਲਈ 22,690, ਪਛੜੀਆਂ ਸ਼੍ਰੇਣੀਆਂ ਲਈ 4,381 ਅਤੇ ਆਮ ਵਰਗ ਲਈ 26,315 ਸੀਟਾਂ ਹਨ। ਉਨ੍ਹਾਂ ਦੱਸਿਆ ਕਿ ਚੋਣ ਅਮਲ ਨੂੰ ਨਿਯਮਾਂ ਅਨੁਸਾਰ ਨੇਪਰੇ ਚਾੜ੍ਹਨ ਲਈ 40 ਤੋਂ 50 ਅਬਜ਼ਰਵਰ ਲਾਏ ਜਾਣਗੇ। ਇਨ੍ਹਾਂ ਚੋਣਾਂ ਦੌਰਾਨ ਉਮੀਦਵਾਰ ਵੱਲੋਂ ਕੀਤੇ ਜਾਣ ਵਾਲੇ ਖਰਚ ਦੀ ਹੱਦ ਸਰਪੰਚ ਲਈ 30 ਹਜ਼ਾਰ ਰੁਪਏ ਮਿਥੀ ਗਈ ਹੈ, ਜਦੋਂ ਕਿ ਪੰਚਾਂ ਲਈ 20 ਹਜ਼ਾਰ ਰੁਪਏ ਹੈ। ਸ੍ਰੀ ਸੰਧੂ ਨੇ ਦੱਸਿਆ ਕਿ ਗ੍ਰਾਮ ਪੰਚਾਇਤ ਚੋਣਾਂ ਲਈ ਰਾਜ ਵਿਚ ਕੁੱਲ 1,27,87,395 ਵੋਟਰਾਂ ਦਾ ਨਾਮ ਦਰਜ ਹਨ, ਜਿਨ੍ਹਾਂ ਵਿਚੋਂ 66,88,245 ਪੁਰਸ਼ ਵੋਟਰ ਹਨ। 60,99,245 ਮਹਿਲਾ ਅਤੇ 97 ਤੀਜਾ ਲਿੰਗ ਵੋਟਰ ਹਨ। ਰਾਜ ਵਿੱਚ ਇਨ੍ਹਾਂ ਚੋਣਾਂ ਦੇ ਮੱਦੇਨਜ਼ਰ 17,268 ਬੂਥ ਸਥਾਪਤ ਕੀਤੇ ਗਏ ਹਨ ਅਤੇ 86,340 ਸਰਕਾਰੀ ਮੁਲਾਜ਼ਮਾਂ ਨੂੰ ਚੋਣ ਅਮਲ ਨੂੰ ਨੇਪਰੇ ਚਾੜ੍ਹਨ ਵਿਚ ਲਾਇਆ ਗਿਆ ਹੈ। ਚੋਣਾਂ ਦਾ ਐਲਾਨ ਹੁੰਦਿਆਂ ਹੀ ਪਿੰਡਾਂ ਵਿਚ ਮਾਹੌਲ ਬਦਲ ਗਿਆ ਤੇ ਸਰਪੰਚੀ ਦੇ ਚਾਹਵਾਨ ਉਮੀਦਵਾਰਾਂ ਨੇ ਸਰਗਰਮੀਆਂ ਵਿੱਢ ਦਿੱਤੀਆਂ ਹਨ।

ਚੇਤੇ ਰਹੇ ਕਿ ਸਰਕਾਰ ਨੇ 16 ਜੁਲਾਈ ਨੂੰ ਸਮੂਹ ਪੰਚਾਇਤਾਂ ਭੰਗ ਕਰਕੇ ਪ੍ਰਸ਼ਾਸਕ ਲਗਾ ਦਿੱਤੇ ਸਨ। ਸੰਵਿਧਾਨਕ ਤੌਰ 'ਤੇ ਗਰਾਮ ਪੰਚਾਇਤਾਂ ਦੇ ਭੰਗ ਹੋਣ ਤੋਂ 6 ਮਹੀਨਿਆਂ ਦੇ ਅੰਦਰ-ਅੰਦਰ ਚੋਣਾਂ ਦਾ ਅਮਲ ਨੇਪਰੇ ਚਾੜ੍ਹਨਾ ਜ਼ਰੂਰੀ ਹੈ। ਕੈਪਟਨ ਸਰਕਾਰ ਵੱਲੋਂ ਅਕਤੂਬਰ ਮਹੀਨੇ ਦੇ ਪਹਿਲੇ ਹਫਤੇ ਗਰਾਮ ਪੰਚਾਇਤਾਂ ਦੀਆਂ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ ਸੀ। ਸਤੰਬਰ ਮਹੀਨੇ ਪੰਚਾਇਤ ਸਮਿਤੀਆਂ ਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਚੋਣਾਂ ਹੋ ਵੀ ਗਈਆਂ ਸਨ।

## ਭਗਵੰਤ ਮਾਨ ਵੱਲੋਂ ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਨੂੰ 5-5 ਲੱਖ ਦੇਣ ਦਾ ਐਲਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਪਿੰਡਾਂ ਦੇ ਲੋਕਾਂ ਨੂੰ ਆਗਾਮੀ ਪੰਚਾਇਤੀ ਚੋਣਾਂ ਵਿਚ ਸਰਬਸੰਮਤੀ ਨੂੰ ਪਹਿਲ ਦੇਣ ਅਤੇ ਪੜ੍ਹੇ-ਲਿਖੇ, ਬੇਦਾਗ ਤੇ ਨੌਜਵਾਨ ਚਿਹਰਿਆਂ ਨੂੰ ਆਪਸੀ ਸਹਿਮਤੀ ਨਾਲ ਪੰਚ ਅਤੇ ਸਰਪੰਚ ਚੁਣਨ ਦੀ ਅਪੀਲ ਕੀਤੀ ਹੈ। ਪਾਰਟੀ ਦੇ ਸੀਨੀਅਰ ਨੇਤਾ ਅਤੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਅਤੇ ਫ਼ਰੀਦਕੋਟ ਤੋਂ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੇ ਲੋਕ ਸਭਾ ਹਲਕਿਆਂ ਵਿਚ ਜਿਹੜੇ ਪਿੰਡ ਸਰਬਸੰਮਤੀ ਨਾਲ ਪੰਚਾਇਤ ਖਾਸ ਕਰ ਕੇ ਸਰਪੰਚ ਬਣਾਉਣਗੇ, ਉਨ੍ਹਾਂ ਪਿੰਡਾਂ ਨੂੰ 5-5 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਇਨਾਮ ਵਜੋਂ ਦਿੱਤੀ ਜਾਵੇਗੀ।

## ਸਰਬਸੰਮਤੀ ਨਾਲ ਬਣੀਆਂ ਪੰਚਾਇਤਾਂ ਨੂੰ ਸਰਕਾਰ ਦੇਵੇਗੀ ਦੋ ਦੋ ਲੱਖ ਦਾ ਇਨਾਮ

**ਪਟਿਆਲਾ:** ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਆਖਿਆ ਕਿ ਸਰਬਸੰਮਤੀ ਨਾਲ ਪੰਚਾਇਤ ਚੁਣਨ ਵਾਲੇ ਪਿੰਡਾਂ ਨੂੰ ਇਨਾਮ ਵਜੋਂ ਸਰਕਾਰ ਵੱਲੋਂ ਦੋ ਦੋ ਲੱਖ ਦੀਆਂ ਵਿਸ਼ੇਸ਼ ਗਰਾਂਟਾਂ ਦਿੱਤੀਆਂ ਜਾਣਗੀਆਂ।

ਮੰਤਰੀ ਨੇ ਮਹਿਲਾਵਾਂ ਨੂੰ ਅਪੀਲ ਕੀਤੀ ਕਿ ਉਹ ਡੰਮੀ ਉਮੀਦਵਾਰ ਬਣਨ ਦੀ ਬਜਾਏ, ਸਰਗਰਮ ਭੂਮਿਕਾ ਨਿਭਾਉਣ ਤਾਂ ਜੋ ਇਨ੍ਹਾਂ ਚੋਣਾਂ ਦੌਰਾਨ ਮਹਿਲਾਵਾਂ ਲਈ ਪਹਿਲੀ ਵਾਰ ਕੀਤੇ ਗਏ ਪੰਜਾਹ ਫੀਸਦੀ ਰਾਖਵੇਂਕਰਨ ਦਾ ਅਸਲ ਮਨੋਰਥ ਪੂਰਾ ਹੋ ਸਕੇ।

# ਨਿਆਣਿਆਂ ਦੇ ਖਿਡੌਣੇ ਖਰੀਦਣ 'ਚ ਵੀ ਕਰੋੜਾਂ ਦੀ ਹੇਰਾਫੇਰੀ

**ਬਠਿੰਡਾ:** ਪੰਜਾਬ ਵਿਚ ਆਂਗਨਵਾੜੀ ਕੇਂਦਰਾਂ ਨੂੰ ਸਪਲਾਈ ਕੀਤੀਆਂ ਜਾਂਦੀਆਂ 'ਖਿਡੌਣਾ ਕਿੱਟਾਂ' ਦੇ ਮਾਮਲੇ 'ਚ ਕਰੋੜਾਂ ਦੇ ਘਪਲੇ ਦੇ ਤੱਥ ਸਾਹਮਣੇ ਆਏ ਹਨ। ਇਨ੍ਹਾਂ 'ਲਰਨਿੰਗ ਕਿੱਟਾਂ' ਵਿਚ ਚਾਕ, ਬੋਰਡ, ਗੇਂਦਾਂ ਆਦਿ ਸਾਮਾਨ ਹੁੰਦਾ ਹੈ। ਇਨ੍ਹਾਂ ਖਿਡੌਣਾ ਕਿੱਟਾਂ ਦੀ ਖ਼ਰੀਦ ਵੇਲੇ ਕਰੋੜਾਂ ਦੀ ਹੇਰਾਫੇਰੀ ਹੋਈ ਹੈ, ਜਿਸ ਸਬੰਧੀ ਜ਼ਿਲ੍ਹਾ ਪ੍ਰੋਗਰਾਮ ਅਫਸਰਾਂ ਉਤੇ ਉਂਗਲ ਉੱਠੀ ਹੈ। ਇਨ੍ਹਾਂ ਕਿੱਟਾਂ ਦੀ ਸਪਲਾਈ ਸੰਗਰੂਰ ਦੇ ਮਿੱਤਲ ਪਰਿਵਾਰ ਦੀ ਫਰਮ ਟੀ.ਆਰ. ਟਰੇਡਰਜ਼ ਨੇ ਦਿੱਤੀ ਸੀ।

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਨੇ ਉੱਚ ਅਫ਼ਸਰਾਂ 'ਤੇ ਆਧਾਰਿਤ ਚਾਰ ਟੀਮਾਂ ਤੋਂ ਇਨ੍ਹਾਂ ਲਰਨਿੰਗ ਕਿੱਟਾਂ ਬਾਰੇ ਪੜਤਾਲ ਕਰਾਈ ਹੈ। ਵਿਭਾਗ ਵੱਲੋਂ ਪੜਤਾਲੀਆ ਰਿਪੋਰਟ ਹੁਣ ਪੰਜਾਬ ਸਰਕਾਰ ਨੂੰ ਭੇਜ ਦਿੱਤੀ ਗਈ ਹੈ। ਹੁਣ ਅਗਲਾ ਫੈਸਲਾ ਵਿਭਾਗ ਦੀ ਮੰਤਰੀ ਵੱਲੋਂ ਲਿਆ ਜਾਣਾ ਹੈ। ਸੰਗਰੂਰ ਦਾ ਮਿੱਤਲ ਪਰਿਵਾਰ ਪਹਿਲਾਂ ਹੀ ਕਈ ਘਪਲਿਆਂ ਵਿਚ ਉਲਝਿਆ ਹੋਇਆ ਹੈ। ਵੇਰਵਿਆਂ ਅਨੁਸਾਰ ਸਮਾਜਿਕ ਸੁਰੱਖਿਆ ਵਿਭਾਗ ਦੀਆਂ ਟੀਮਾਂ ਵੱਲੋਂ ਜ਼ਿਲ੍ਹੇ ਦੇ ਕਰੀਬ 10-10 ਆਂਗਨਵਾੜੀ ਸੈਂਟਰਾਂ ਵਿਚ ਪੁੱਜੀਆਂ ਲਰਨਿੰਗ ਕਿੱਟਾਂ ਦੀ ਪੜਤਾਲ ਕੀਤੀ ਗਈ ਹੈ। ਕੰਟਰੋਲਰ ਆਫ ਸਟੋਰਜ਼ ਵੱਲੋਂ ਲਰਨਿੰਗ ਕਿੱਟ ਦੀ ਪ੍ਰਤੀ ਕਿੱਟ 690 ਰੁਪਏ ਕੀਮਤ ਨਿਸ਼ਚਿਤ ਕੀਤੀ ਗਈ ਹੈ ਤੇ ਕਿੱਟ ਦੀ ਬਾਕਾਇਦਾ ਸਪੈਸੀਫਿਕੇਸ਼ਨ ਵੀ ਜਾਰੀ ਕੀਤੀ ਗਈ ਹੈ। ਲਰਨਿੰਗ ਕਿੱਟ ਵਿਚ ਸੱਤ ਆਈਟਮਾਂ ਨੂੰ ਸ਼ਾਮਲ ਕੀਤਾ ਗਿਆ।

ਪੰਜਾਬ ਵਿਚ ਕਰੀਬ 27650 ਆਂਗਨਵਾੜੀ ਕੇਂਦਰ ਹਨ, ਜਿਨ੍ਹਾਂ ਨੂੰ ਦੋ ਵਰ੍ਹਿਆਂ ਦੌਰਾਨ ਸਪਲਾਈ ਦਿੱਤੀ ਗਈ। ਸੂਤਰਾਂ ਅਨੁਸਾਰ ਦਰਜਨ ਜ਼ਿਲ੍ਹਿਆਂ ਵਿਚ ਲਰਨਿੰਗ ਕਿੱਟਾਂ ਦੀ ਖਰੀਦ 2017-18 ਵਿਚ ਕੀਤੀ ਗਈ। ਪੜਤਾਲ ਰਿਪੋਰਟ ਅਨੁਸਾਰ ਲਰਨਿੰਗ ਕਿੱਟਾਂ ਗ਼ੈਰ-ਮਿਆਰੀ ਨਿਕਲੀਆਂ ਹਨ ਅਤੇ ਕਿੱਟਾਂ ਵਿਚ ਸਾਮਾਨ ਦੀ ਘੱਟ ਪਾਇਆ ਗਿਆ ਹੈ। ਲਰਨਿੰਗ ਕਿੱਟ ਵਿਚਲਾ ਬਲੈਕ ਬੋਰਡ ਛੋਟੇ ਆਕਾਰ ਦਾ ਪਾਇਆ ਗਿਆ। ਹਰ ਚਾਕ ਦੇ ਡੱਬੇ ਵਿਚ 50 ਚਾਕਾਂ ਦੀ ਥਾਂ 25 ਤੋਂ 30 ਚਾਕ ਹੀ ਨਿਕਲੇ ਹਨ। ਲਰਨਿੰਗ ਚਾਰਟ ਸਪਲਾਈ ਤਾਂ ਲੈਮੀਨੇਟਿਡ ਕਰਨੇ ਸਨ, ਪਰ ਸਧਾਰਨ ਚਾਰਟ ਦੇ ਦਿੱਤੇ। ਪਲਾਸਟਿਕ ਦੀ ਜੋ ਹਾਰਡ ਗੇਂਦ ਸਪਲਾਈ ਕਰਨੀ ਸੀ, ਉਸ ਦੀ ਥਾਂ ਹਲਕੀ ਪਲਾਸਟਿਕ ਗੇਂਦ ਦਿੱਤੀ ਗਈ। ਜ਼ਿਲ੍ਹਾ ਬਠਿੰਡਾ ਵਿਚ 2017-18 ਦੌਰਾਨ ਲਰਨਿੰਗ ਕਿੱਟਾਂ ਲਈ 41.75 ਲੱਖ ਰੁਪਏ ਖਰਚ ਕੀਤੇ ਗਏ ਹਨ। ਜ਼ਿਲ੍ਹੇ ਦੇ ਅੱਠ ਬਲਾਕਾਂ ਵਿਚ 6045 ਲਰਨਿੰਗ ਕਿੱਟਾਂ ਦੀ ਸਪਲਾਈ ਹੋਈ, ਜਿਨ੍ਹਾਂ ਵਿਚੋਂ ਰਾਮਪੁਰਾ ਵਿਚ 640, ਫੂਲ ਵਿਚ 470, ਭਗਤਾ ਭਾਈ ਕਾ ਵਿਚ 558, ਨਥਾਣਾ ਵਿਚ 580, ਤਲਵੰਡੀ ਸਾਬੋ ਵਿਚ 880, ਸੰਗਤ ਵਿਚ 610, ਮੌੜ ਵਿਚ 467 ਤੇ ਬਠਿੰਡਾ ਵਿਚ 1840 ਕਿੱਟਾਂ ਭੇਜੀਆਂ ਗਈਆਂ। ਪੜਤਾਲ ਵਿਚ ਪਾਇਆ ਗਿਆ ਕਿ ਕਿੱਟ ਦਾ ਅੰਦਾਜ਼ਨ ਅਸਲੀ ਭਾਅ 190 ਰੁਪਏ ਹੈ, ਜਦੋਂਕਿ ਇਸ ਦੀ ਖ਼ਰੀਦ 690 ਰੁਪਏ ਵਿਚ ਕੀਤੀ ਗਈ, ਭਾਵ ਪ੍ਰਤੀ ਕਿੱਟ 500 ਰੁਪਏ ਦੀ ਗੜਬੜੀ ਹੋਈ ਹੈ।

ਪੜਤਾਲ ਦੌਰਾਨ ਇਕੱਲੇ ਬਠਿੰਡਾ ਜ਼ਿਲ੍ਹੇ ਵਿਚ ਕਰੀਬ 30 ਲੱਖ ਰੁਪਏ ਦਾ ਘਪਲਾ ਦੱਸਿਆ ਗਿਆ ਹੈ, ਜਦੋਂਕਿ ਪੂਰੇ ਪੰਜਾਬ ਵਿਚ ਖ਼ਜ਼ਾਨੇ ਨੂੰ ਕਰੋੜਾਂ ਦਾ ਚੂਨਾ ਲੱਗਿਆ ਹੈ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰਾਂ ਵੱਲੋਂ ਜ਼ਿਲ੍ਹਾ ਪੱਧਰ 'ਤੇ ਕਿੱਟਾਂ ਦੀ ਖਰੀਦ ਕੀਤੀ ਗਈ ਹੈ। ਜ਼ਿਲ੍ਹਾ ਪ੍ਰੋਗਰਾਮ ਅਫਸਰ ਅਮਰਜੀਤ ਸਿੰਘ ਦਾ ਕਹਿਣਾ ਸੀ ਕਿ ਲਰਨਿੰਗ ਕਿੱਟਾਂ ਦੀ ਖਰੀਦ ਉਨ੍ਹਾਂ ਤੋਂ ਪਹਿਲਾਂ ਦੀ ਹੋਈ ਹੈ ਤੇ ਪੜਤਾਲੀਆ ਟੀਮ ਕਿੱਟਾਂ ਬਾਰੇ ਜਾਂਚ ਕਰ ਚੁੱਕੀ ਹੈ, ਪਰ ਰਿਪੋਰਟ ਬਾਰੇ ਪਤਾ ਨਹੀਂ ਹੈ। ਸੂਤਰਾਂ ਅਨੁਸਾਰ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ ਜਦੋਂ ਕੰਟਰੋਲਰ ਆਫ ਸਟੋਰਜ਼ ਤੋਂ ਪੁੱਛਿਆ ਤਾਂ ਕੰਟਰੋਲਰ ਦਫਤਰ ਨੇ ਲਿਖਿਆ ਕਿ ਸਪਲਾਈ ਦੇਣ ਵੇਲੇ ਫਰਮ ਨੇ ਲਰਨਿੰਗ ਕਿੱਟਾਂ ਹੀ ਬਦਲ ਦਿੱਤੀਆਂ। ਸਮਾਜਿਕ ਸੁਰੱਖਿਆ ਵਿਭਾਗ ਨੇ ਸਭ ਤੋਂ ਪਹਿਲਾਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰਾਂ ਤੋਂ ਹੀ ਕਿੱਟਾਂ ਦੀ ਰਿਪੋਰਟ ਮੰਗੀ ਸੀ। ਜਦੋਂ ਤਸੱਲੀ ਨਾ ਹੋਈ ਤਾਂ ਵਿਭਾਗ ਨੇ ਦਰਜਨ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਤੋਂ ਰਿਪੋਰਟ ਮੰਗੀ। ਡਿਪਟੀ ਕਮਿਸ਼ਨਰ ਸੰਗਰੂਰ ਨੇ ਇਨ੍ਹਾਂ ਕਿੱਟਾਂ ਦੇ ਗ਼ੈਰ-ਮਿਆਰੀ ਹੋਣ ਅਤੇ ਘੱਟ ਮਾਤਰਾ ਵਿਚ ਆਈਟਮਾਂ ਹੋਣ ਦੀ ਰਿਪੋਰਟ ਵਿਭਾਗ ਨੂੰ ਭੇਜੀ ਸੀ। ਅਖੀਰ ਹੁਣ ਵਿਭਾਗ ਨੇ ਚਾਰ ਟੀਮਾਂ ਬਣਾ ਕੇ ਪੜਤਾਲ ਕਰਾਈ ਹੈ।

# ਕਰਤਾਰਪੁਰ ਲਾਂਘੇ ਨੂੰ ਪਾਕਿਸਤਾਨ ਦੀ ਸਾਜ਼ਿਸ਼ ਦੱਸ ਕੇ ਘਿਰਿਆ ਕੈਪਟਨ

**ਜਲੰਧਰ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਰਤਾਰਪੁਰ ਲਾਂਘੇ ਨੂੰ ਪਾਕਿਸਤਾਨ ਫੌਜ ਦੀ ਸਾਜ਼ਿਸ਼ ਦੱਸਣ ਵਾਲੇ ਬਿਆਨ ਉਤੇ ਸਿੱਖ ਜਥੇਬੰਦੀਆਂ ਸਮੇਤ ਸਿਆਸੀ ਧਿਰਾਂ ਵਿਚ ਗੁੱਸੇ ਦੀ ਲਹਿਰ ਹੈ। ਪੰਜਾਬ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਕੈਪਟਨ ਅਮਰਿੰਦਰ ਸਿੰਘ ਦੇ ਇਸ ਬਿਆਨ ਦੀ ਨਿਖੇਧੀ ਹੋ ਰਹੀ ਹੈ। ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸਤਨਾਮ ਸਿੰਘ ਚਾਹਲ ਨੇ ਕਿਹਾ ਕਿ ਮੁੱਖ ਮੰਤਰੀ ਦੇ ਬਿਆਨ ਨਾਲ ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਲਈ ਚੱਲ ਰਹੀ ਪ੍ਰਕਿਰਿਆ ਨੂੰ ਧੱਕਾ ਲੱਗ ਸਕਦਾ ਹੈ।



ਕੈਨੇਡਾ ਤੋਂ ਸੁਰਜੀਤ ਸਿੰਘ ਭੱਟੀ ਨੇ ਕਿਹਾ ਕਿ ਜੇ ਪਾਕਿਸਤਾਨ ਖਾੜਕੂ ਲਹਿਰ ਨੂੰ ਮੁੜ ਖੜ੍ਹੀ ਕਰਨ ਦੀ ਕੋਸ਼ਿਸ਼ ਵਿਚ ਹੈ, ਤਾਂ ਇਹ ਮੁੱਦਾ ਸਰਕਾਰੀ ਪੱਧਰ 'ਤੇ ਨਜਿੱਠਿਆ ਜਾਣਾ ਚਾਹੀਦਾ ਹੈ। ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਤੋਂ ਸੁਖਜਿੰਦਰ ਸਿੰਘ ਨੇ ਕੈਪਟਨ ਅਮਰਿੰਦਰ ਸਿੰਘ ਦੇ ਇਸ ਬਿਆਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਦੀ ਬੋਲੀ ਬੋਲ ਕੇ ਪੰਜਾਬ ਦੇ ਮੁੱਖ ਮੰਤਰੀ ਨੇ ਪਰਵਾਸੀ ਪੰਜਾਬੀਆਂ ਨੂੰ ਨਿਰਾਸ਼ ਕੀਤਾ ਹੈ।

ਯੂਨਾਈਟਿਡ ਖਾਲਸਾ ਦਲ ਯੂਕੇ ਦੇ ਜਨਰਲ ਸਕੱਤਰ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਕੇਂਦਰ ਦੀ ਸ਼ਹਿ 'ਤੇ ਬਿਆਨਬਾਜ਼ੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਦੋਸਤੀ ਦੀ ਪਹਿਲਕਦਮੀ ਕਰਕੇ ਭਾਜਪਾ ਦਾ ਏਜੰਡਾ ਫੇਲ੍ਹ ਕਰ ਦਿੱਤਾ ਹੈ, ਜਿਹੜਾ ਉਨ੍ਹਾਂ ਨੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਵਰਤਣਾ ਸੀ। ਇਸੇ ਕਰਕੇ ਪਾਕਿਸਤਾਨ ਨੂੰ ਅਤਿਵਾਦੀ ਸਰਗਰਮੀਆਂ ਦੇ ਕੇਂਦਰ ਵਜੋਂ ਉਭਾਰ ਕੇ ਭਾਜਪਾ ਹਿੰਦੂ ਵੋਟਾਂ ਲੈਣਾ ਚਾਹੁੰਦੀ ਹੈ।

ਇਸੇ ਤਰ੍ਹਾਂ ਕੈਲੇਫੋਰਨੀਆ ਤੋਂ ਬਲਦੇਵ ਸਿੰਘ ਲਿੱਤਰਾਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਨੇ ਸਿੱਖ ਸ਼ਰਧਾਲੂਆਂ ਨੂੰ ਸ਼ੱਕ ਦੇ ਘੇਰੇ ਵਿਚ ਲੈ ਆਂਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਪਹਿਲਾਂ ਹੀ ਬਹੁਤ ਵੱਡਾ ਸੰਤਾਪ ਭੋਗਿਆ ਹੈ। ਹੁਣ ਫਿਰ ਅਜਿਹੀ ਬਿਆਨਬਾਜ਼ੀ ਨਾਲ ਸਿੱਖ ਭਾਈਚਾਰੇ ਨੂੰ ਬਦਨਾਮ ਕਰਨ ਦੀ ਕੋਝੀ ਚਾਲ ਚੱਲੀ ਜਾ ਰਹੀ ਹੈ। ਆਮ ਆਦਮੀ ਪਾਰਟੀ ਦੇ ਸਾਬਕਾ ਵਿਧਾਇਕ ਜਰਨੈਲ ਸਿੰਘ ਨੇ ਵੀ ਸੋਸ਼ਲ ਮੀਡੀਆ 'ਤੇ ਕੈਪਟਨ ਅਮਰਿੰਦਰ ਸਿੰਘ ਦੇ ਇਸ ਬਿਆਨ ਬਾਰੇ ਕਿਹਾ ਕਿ ਵਾਘਾ ਸਰਹੱਦ ਤੋਂ ਵੀ ਸਿੱਖ ਤੇ ਹਿੰਦੂ ਭਾਈਚਾਰੇ ਦੇ ਲੋਕ ਪਾਕਿਸਤਾਨੀ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਂਦੇ ਹਨ। ਕਰਤਾਰਪੁਰ ਲਾਂਘਾ ਖੋਲ੍ਹਣ ਨਾਲ ਅਤਿਵਾਦ ਨਹੀਂ ਆ ਸਕਦਾ।

# ਲਾਂਘੇ ਨੂੰ ਸਿਆਸੀ ਰੰਗਤ ਚਾੜ੍ਹਨ ਤੋਂ ਪਾਕਿਸਤਾਨ ਨਰਾਜ਼

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਹੈ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਲਈ ਉਨ੍ਹਾਂ ਦੀ ਪਹਿਲਕਦਮੀ ਨੂੰ ਭਾਰਤ ਸਿਆਸੀ ਰੰਗਤ ਚਾੜ੍ਹਨ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਕਿ ਬਹੁਤ ਹੀ ਅਫਸੋਸਨਾਕ ਹੈ। ਪਾਕਿਸਤਾਨ ਸਰਕਾਰ ਨੇ ਪਿਛਲੇ ਮਹੀਨੇ ਭਾਰਤੀ ਸਿੱਖਾਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ ਵੀਜ਼ਾ ਮੁਕਤ ਲਾਂਘਾ ਦੇਣ ਲਈ ਨੀਂਹ ਪੱਥਰ ਰੱਖਿਆ ਸੀ।

ਸਿੱਖਾਂ ਲਈ ਕਰਤਾਰਪੁਰ ਸਾਹਿਬ ਬਹੁਤ ਹੀ ਮੁਕੱਦਸ ਸਥਾਨ ਹੈ ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖਰੀ 18 ਸਾਲ ਬਿਤਾਏ ਸਨ ਤੇ ਖੇਤੀ ਕੀਤੀ ਸੀ। ਡਾਅਨ ਅਖ਼ਬਾਰ ਨੇ ਲਿਖਿਆ ਹੈ ਕਿ ਸ੍ਰੀ ਖ਼ਾਨ ਨੇ ਕੈਬਨਿਟ ਦੀ ਮੀਟਿੰਗ ਵਿਚ ਆਖਿਆ ਕਿ ਭਾਰਤੀ ਮੀਡੀਆ ਇਸ ਮੁੱਦੇ ਨੂੰ ਸਿਆਸੀ ਰੰਗਤ ਦੇ ਰਿਹਾ ਹੈ ਜਿਵੇਂ ਕਿ ਅਸੀਂ ਕਿਸੇ ਕਿਸਮ ਦਾ ਸਿਆਸੀ ਫਾਇਦਾ ਲੈਣ ਲਈ ਇਹ ਸਭ ਕੁਝ ਕੀਤਾ ਹੋਵੇ। ਇਹ ਸਹੀ ਨਹੀਂ ਹੈ। ਅਸੀਂ ਇਹ ਤਾਂ ਕੀਤਾ ਕਿਉਂਕਿ ਇਹ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਮੈਨੀਫੈਸਟੋ ਦਾ ਹਿੱਸਾ ਸੀ। ਜਨਾਬ ਖ਼ਾਨ ਨੇ ਕਿਹਾ ਕਿ ਸਿੱਖ ਭਾਈਚਾਰੇ ਨੇ ਲਾਂਘਾ ਖੋਲ੍ਹਣ ਦੀ ਕਾਰਵਾਈ ਦਾ ਭਰਵਾਂ ਸਵਾਗਤ ਕੀਤਾ ਹੈ। ਉਨ੍ਹਾਂ ਲਈ ਕਰਤਾਰਪੁਰ ਦਾ ਉਹੀ ਮੁਕਾਮ ਹੈ ਜੋ ਸਾਡੇ ਮੁਸਲਮਾਨਾਂ ਲਈ ਮਦੀਨਾ ਹੈ।

# ਅਵਾਰਾ ਕੁੱਤਿਆਂ ਦੀ ਸਮੱਸਿਆ ਹੋਈ ਗੰਭੀਰ

**ਚੰਡੀਗੜ੍ਹ:** ਪੰਜਾਬ ਵਿਚ ਅਵਾਰਾ ਕੁੱਤਿਆਂ ਵੱਲੋਂ ਲੋਕਾਂ ਨੂੰ ਵੱਢੇ ਜਾਣ ਦੀਆਂ ਘਟਨਾਵਾਂ ਵਿਚ ਦਿਨੋ-ਦਿਨ ਵਾਧਾ ਹੋ ਰਿਹਾ ਹੈ। ਪਿਛਲੇ ਦਿਨੀਂ ਜਲੰਧਰ ਵਿਚ ਅਵਾਰਾ ਕੁੱਤੇ ਨੇ 5 ਸਾਲ ਦੀ ਇਕ ਬੱਚੀ ਨੂੰ ਬੁਰੀ ਤਰ੍ਹਾਂ ਨੋਚ ਦਿੱਤਾ, ਦੂਸਰੀ ਘਟਨਾ ਵਿਚ ਸਕੂਲ ਦੇ ਮੈਨੇਜਰ ਨੂੰ 10-12 ਅਵਾਰਾ ਕੁੱਤਿਆਂ ਦੇ ਇਕ ਝੁੰਡ ਨੇ ਘੇਰ ਲਿਆ ਪਰ ਉਸ ਵਿਅਕਤੀ ਨੇ ਕਿਸੇ ਤਰ੍ਹਾਂ ਆਪਣੀ ਕਾਰ ਵਿਚ ਵੜ ਕੇ ਆਪਣੀ ਜਾਨ ਬਚਾਈ। ਇਸ ਤਰ੍ਹਾਂ ਦੀਆਂ ਘਟਨਾਵਾਂ ਪੰਜਾਬ ਦੇ ਹੋਰਾਂ ਸ਼ਹਿਰਾਂ ਵਿਚ ਵੀ ਅਕਸਰ ਹੁੰਦੀਆਂ ਰਹਿੰਦੀਆਂ ਹਨ। ਚੰਡੀਗੜ੍ਹ ਵਿਚ ਕੁੱਤਿਆਂ ਵੱਲੋਂ ਇਕ ਬੱਚੇ ਨੂੰ ਨੋਚ ਖਾਣ ਦੀ ਘਟਨਾ ਦਾ ਮਾਮਲਾ ਅਦਾਲਤ ਤੱਕ ਵੀ ਪਹੁੰਚਿਆ ਹੈ। ਸਰਕਾਰ ਨੇ ਖ਼ੁਦ ਵਿਧਾਨ ਸਭਾ ਵਿਚ ਇਹ ਮੰਨਿਆ ਹੈ ਕਿ ਅਵਾਰਾ ਕੁੱਤਿਆਂ ਨੇ ਲੰਘੇ 2 ਸਾਲਾਂ ਵਿਚ ਛੋਟੀ ਉਮਰ ਦੇ ਬੱਚਿਆਂ ਸਮੇਤ ਲਗਭਗ 38 ਹਜ਼ਾਰ ਵਿਅਕਤੀਆਂ ਨੂੰ ਜ਼ਖ਼ਮੀ ਕੀਤਾ ਹੈ।

ਇਕ ਅਣਅਧਿਕਾਰਤ ਅੰਦਾਜ਼ੇ ਅਨੁਸਾਰ ਸੂਬੇ 'ਚ ਰੋਜ਼ਾਨਾ ਕੁੱਤਿਆਂ ਵੱਲੋਂ ਵੱਢੇ ਜਾਣ ਦੀਆਂ 50 ਤੋਂ ਜ਼ਿਆਦਾ ਘਟਨਾਵਾਂ ਹੁੰਦੀਆਂ ਹਨ। ਪੂਰੇ ਦੇਸ਼ ਵਿਚ ਅਵਾਰਾ ਕੁੱਤਿਆਂ ਦੇ ਵੱਢਣ ਨਾਲ 20 ਹਜ਼ਾਰ ਲੋਕਾਂ ਦੇ ਮਰਨ ਦੀ ਵੀ ਖਬਰ ਹੈ। ਕੁੱਤੇ ਦੇ ਵੱਢਣ ਨਾਲ ਹੋਣ ਵਾਲੇ ਰੈਬੀਜ਼ ਰੋਗ ਦੀ ਸਮੱਸਿਆ ਪਾਲਤੂ ਕੁੱਤਿਆਂ ਸਬੰਧੀ ਵੀ ਉਨੀ ਹੀ ਗੰਭੀਰ ਹੈ, ਜਿੰਨੀ ਅਵਾਰਾ ਕੁੱਤਿਆਂ ਨੂੰ ਲੈ ਕੇ ਮੰਨੀ ਜਾਂਦੀ ਹੈ। ਪਿਛਲੇ ਕੁਝ ਸਮੇਂ ਤੋਂ ਅਜਿਹੀਆਂ ਘਟਨਾਵਾਂ ਤਿੰਨ ਗੁਣਾ ਵਧੀਆਂ ਹਨ। ਕੁੱਤਿਆਂ ਦੀ ਵਧਦੀ ਗਿਣਤੀ ਦਾ ਕਾਰਨ ਕੁੱਤਿਆਂ ਦੀ ਨਸਬੰਦੀ ਦੀ ਯੋਜਨਾ ਵਿਚ ਲਗਾਤਾਰ ਦੇਰੀ ਹੋਣ ਨੂੰ ਦੱਸਿਆ ਜਾਂਦਾ ਹੈ। ਕੁੱਤਿਆਂ ਦੀ ਨਸਬੰਦੀ ਦੀ ਯੋਜਨਾ ਕੋਈ ਨਵੀਂ ਨਹੀਂ ਹੈ ਅਤੇ ਇਹ ਵੀ ਕਿ ਇਸ ਸਮੱਸਿਆ ਸਬੰਧੀ ਨਗਰ ਪਾਲਿਕਾ ਅਤੇ ਨਗਰ ਨਿਗਮ ਪੱਧਰ ਤੱਕ ਕਈ ਵਾਰ ਯੋਜਨਾਵਾਂ ਬਣਦੀਆਂ ਅਤੇ ਵਿਗੜਦੀਆਂ ਰਹੀਆਂ ਹਨ। ਜ਼ਿਆਦਾਤਰ ਅਜਿਹੀਆਂ ਯੋਜਨਾਵਾਂ ਕੇਂਦਰ ਅਤੇ ਸੂਬਿਆਂ ਦੀ ਰਾਜਨੀਤੀ ਦਾ ਸ਼ਿਕਾਰ ਹੁੰਦੀਆਂ ਰਹੀਆਂ ਹਨ।


ਵੇਟਰ ਅਤੇ ਹੈਲਪਰ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ
ਫੋਨ: 608-630-0287
49-52

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA





*Gurdip Singh Sandhu*
***Live on Jas TV***
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
***Grand Opening***
***Special Price for Truck Wash***
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖ਼ਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

# ਕਰਤਾਰਪੁਰ ਦਾ ਲਾਂਘਾ ਅਤੇ ਬਰਲਿਨ ਦੀ ਕੰਧ

ਕਰਤਾਰਪੁਰ ਸਾਹਿਬ ਲਾਂਘੇ ਦੇ ਨੀਂਹ ਪੱਥਰ ਸਮੇਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵਲੋਂ ਵਧਾਇਆ ਦੋਸਤੀ ਦਾ ਹੱਥ ਅਤੇ ਕੇਂਦਰ ਸਰਕਾਰ ਦੀ ਪ੍ਰਤੀਨਿਧਤਾ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਦੋ ਛੋਟੇ ਮੰਤਰੀਆਂ ਨੂੰ ਭੇਜਣਾ ਚਰਚਾ ਵਿਚ ਹੈ। ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਮਿਲੇ ਇਮਰਾਨ ਖਾਨ ਦੇ ਨਿੱਜੀ ਸੱਦੇ ਪ੍ਰਤੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਠੰਢਾ ਹੁੰਗਾਰਾ ਵੀ ਘੱਟ ਠੰਢਾ ਨਹੀਂ। ਨਿਰਸੰਦੇਹ ਪਾਕਿਸਤਾਨ ਵਲੋਂ ਰਚਾਏ ਨਾਰੋਵਾਲ ਜ਼ਿਲੇ ਵਿਚ ਪੈਂਦੇ ਉਦਘਾਟਨੀ ਸਮਾਗਮ ਤੇ ਏਧਰਲੇ ਪੰਜਾਬ ਦੇ ਗੁਰਦਾਸਪੁਰ ਵਿਚ ਡੇਰਾ ਬਾਬਾ ਨਾਨਕ ਵਾਲੇ ਨੀਂਹ ਪੱਥਰ ਸਮਾਗਮ ਨੇ ਸੱਤ ਦਹਾਕਿਆਂ ਤੋਂ ਚਲੇ ਆ ਰਹੇ ਭਾਰਤ-ਪਾਕਿ ਰਿਸ਼ਤਿਆਂ ਦੇ ਜਮਾਦ ਨੂੰ ਤੋੜਿਆ ਹੈ। ਇਸ ਤੋਂ ਉਪਜੇ ਚਾਨਣ ਦਾ ਸਹਾਰਾ ਲੈ ਕੇ ਜੰਮੂ ਕਸ਼ਮੀਰ ਵਿਚ ਮਹਿਬੂਬਾ ਮੁਫਤੀ ਨੇ ਹੀ ਸ਼ਾਰਧਾ ਪੀਠ ਲਈ ਲਾਂਘੇ ਦੀ ਮੰਗ ਨਹੀਂ ਉਠਾਈ, ਉਘੇ ਨੇਤਾ ਸ਼ੇਖ ਅਬਦੁੱਲਾ ਨੇ ਵੀ ਭਾਰਤ-ਪਾਕਿ ਸਬੰਧਾਂ ਵਿਚ ਸੁਧਾਰ ਦੀ ਆਸ ਲਾਈ ਹੈ। ਏਧਰਲੇ ਪੰਜਾਬ ਵਿਚ ਮੋਹਰੀ ਰੋਲ ਅਦਾ ਕਰਨ ਵਾਲੇ ਨਵਜੋਤ ਸਿੰਘ ਸਿੱਧੂ ਦਾ ਕੱਦ ਏਨਾ ਉਚਾ ਹੋ ਗਿਆ ਹੈ ਕਿ ਪੰਜਾਬ ਸਰਕਾਰ ਦੇ ਕਈ ਮੰਤਰੀਆਂ ਦੇ ਬੋਲਾਂ ਵਿਚ ਰਸ਼ਕ ਦੀ ਭਾਵਨਾ ਪ੍ਰਤੱਖ ਨਜ਼ਰ ਆ ਰਹੀ ਹੈ। ਇੱਕ ਵਾਰ ਤਾਂ ਸਾਰੇ ਮਿਲ ਕੇ ਸਿੱਧੂ ਦੇ ਕੱਦ ਨੂੰ ਨੀਵਾਂ ਕਰਨ ਲਈ ਪੂਰੀ ਟਿੱਲ ਲਾ ਚੁਕੇ ਹਨ।

ਸਪਸ਼ਟ ਹੈ ਕਿ ਦੋਹਾਂ ਦੇਸ਼ਾਂ ਦੇ ਵਸਨੀਕ ਇੱਕ ਦੂਜੇ ਨੂੰ ਚਾਹੁੰਦੇ ਹਨ, ਪਰ ਗੰਧਲੀ ਰਾਜਨੀਤੀ ਪੇਸ਼ ਨਹੀਂ ਜਾਣ ਦਿੰਦੀ। ਭਾਰਤ ਸਰਕਾਰ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵਲੋਂ ਪਾਕਿਸਤਾਨ ਦੇ ਹਮਰੁਤਬਾ ਮੰਤਰੀ ਕੁਰੈਸ਼ੀ ਦੇ ਸ਼ਬਦਾਂ ਨੂੰ ਫਿਰਕੂ ਰੰਗਤ ਦੇ ਕੇ ਦੋਹਾਂ ਪਾਸਿਆਂ ਦੇ ਪੰਜਾਬੀਆਂ ਨੂੰ ਭੜਕਾਉਣਾ ਵੀ ਗੰਧਲੀ ਰਾਜਨੀਤੀ ਦੀ ਸਿਖਰ



ਕਿਹਾ ਜਾ ਸਕਦਾ ਹੈ। ਅਜਿਹੀ ਸੋਚ ਨੇ ਹੀ ਮਰਹੂਮ ਨੇਤਾ ਅਟਲ ਬਿਹਾਰੀ ਵਾਜਪਾਈ ਦੇ ਸੀਮਾ-ਸੁਧਾਰ ਯਤਨਾਂ ਨੂੰ ਬੂਰ ਨਹੀਂ ਸੀ ਪੈਣ ਦਿੱਤਾ। ਇਮਰਾਨ ਖਾਨ ਤੇ ਨਵਜੋਤ ਸਿੰਘ ਸਿੱਧੂ ਦੇ ਵਰਤਾਰੇ ਨੇ ਸਪੋਰਟਸਮੈਨਸ਼ਿਪ ਦੀ ਭਾਵਨਾ ਉਤੇ ਮੋਹਰ ਲਾਈ ਹੈ। ਇਸ ਨੂੰ ਆਪਾਂ ਖੇਡ-ਖਿਡਾਰੀ-ਭਾਵਨਾ ਦੀ ਉਤਮਤਾ ਦਾ ਨਾਂ ਦੇ ਸਕਦੇ ਹਾਂ।

ਇਸ ਵਰਤਾਰੇ ਦਾ ਬਰਲਿਨ ਦੀ ਕੰਧ ਨਾਲ ਜੁੜਨਾ ਵੀ ਇਸ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ। 1961 ਵਿਚ ਉਸਰੀ ਇਸ ਕੰਧ ਨੇ ਦੋਹਾਂ ਪਾਸਿਆਂ ਦੇ ਵਸਨੀਕਾਂ ਦਾ ਮਿਲਣਾ-ਮਿਲਾਉਣਾ ਤਾਂ ਕੀ, ਵੇਖਣਾ-ਵਿਖਾਉਣਾ ਵੀ ਬੰਦ ਕਰ ਦਿੱਤਾ ਸੀ। ਮੈਂ 1989 ਵਿਚ ਇਸ ਕੰਧ ਦੇ ਢੱਠਣ ਤੋਂ ਪਿੱਛੋਂ ਪੂਰਬੀ ਤੇ ਪੱਛਮੀ ਜਰਮਨੀ ਦੀ ਯਾਤਰਾ ਕੀਤੀ ਹੈ। ਤਿੰਨ ਦਹਾਕੇ ਦੇ ਵਿਛੋੜੇ ਨੇ ਦੋਹਾਂ ਧਿਰਾਂ ਨੂੰ ਇੱਕ ਦੂਜੇ ਤੋਂ ਬਿਲਕੁਲ ਬੇਮੁਖ ਕਰ ਛਡਿਆ ਸੀ।

ਪੱਛਮੀ ਜਰਮਨੀ ਵਾਲਾ ਮੇਰਾ ਜਾਣੂ ਵੂਲਫਗਾਂਗ ਮੇਰੀ ਫੇਰੀ ਸਮੇਂ ਪੂਰਬੀ ਜਰਮਨੀ ਵਾਲੇ ਮੇਰੇ ਮਿੱਤਰ ਅਸਦ ਉਲਾ ਖਾਂ ਵਲੋਂ ਕੀਤੇ ਪੱਛਮ ਦੇ ਗੁਣ ਗਾਇਨ ਨੂੰ ਪੂਰਬੀ ਵਿਕਾਸ ਦੇ ਹਾਣ ਦਾ ਨਹੀਂ ਸੀ ਮੰਨ ਰਿਹਾ। ਜੇ ਤਿੰਨ ਦਹਾਕਿਆਂ ਦਾ ਪਾੜਾ ਏਨਾ ਵਿਤਕਰਾ ਪੈਦਾ ਕਰ ਸਕਦਾ ਹੈ ਤਾਂ ਸੱਤ ਦਹਾਕੇ ਦੀਆਂ ਰੋਕਾਂ ਕਿਸ ਦੇ ਪਾਣੀਹਾਰ ਹਨ। ਸੁਸ਼ਮਾ ਸਵਰਾਜ ਦਾ ਪਾਕਿਸਤਾਨ ਦੇ ਵਿਦੇਸ਼ ਮੰਤਰੀ ਜਨਾਬ ਕੁਰੈਸ਼ੀ ਦੇ ਸ਼ਬਦ 'ਗੂਗਲੀ' ਉਤੇ ਰਾਜਨੀਤੀ ਕਰਨਾ ਏਸ ਦ੍ਰਿਸ਼ਟੀ ਤੋਂ ਵੇਖਿਆ ਜਾਣਾ ਚਾਹੀਦਾ ਹੈ।

ਮੇਰੀ ਉਮਰ ਦੇ ਪੰਜਾਬੀਆਂ ਨੇ 1947 ਵਿਚ ਏਧਰਲੇ ਪੰਜਾਬ ਤੋਂ ਓਧਰਲੇ ਪੰਜਾਬ ਨੂੰ ਜਾਣ ਵਾਲੇ ਮੁਸਲਮਾਨ ਕਾਫਲਿਆਂ ਦਾ ਕਤਲੇਆਮ ਵੀ ਦੇਖਿਆ ਹੈ ਤੇ ਉਧਰਲੇ ਹਿੰਦੂ ਸਿੱਖਾਂ ਦੀ ਏਧਰ ਨੂੰ ਹੋ ਰਹੀ ਹਿਜਰਤ ਸਮੇਂ ਹੋਈ ਵੱਢ-ਟੁੱਕ ਦੇ ਕਿੱਸੇ ਵੀ ਸੁਣੇ ਹਨ। ਸਮਾਂ ਲੰਘਣ ਨਾਲ ਦੋਵੇਂ ਧਿਰਾਂ ਏਧਰ ਓਧਰ ਦੇ ਪ੍ਰਾਹੁਣਿਆਂ ਨੂੰ ਹੱਥੀ ਛਾਂਵਾਂ ਕਰਦੀਆਂ ਵੀ ਖੂਬ ਤੱਕੀਆਂ ਹਨ। ਮੇਰੀ ਜਾਣਕਾਰੀ ਅਨੁਸਾਰ ਪਰਦੇਸਾਂ ਵਿਚ ਰਹਿ ਰਹੇ ਪੰਜਾਬੀ ਤਾਂ ਏਸ ਹੱਦ ਤੱਕ ਪੱਬਾਂ ਭਾਰ ਹਨ ਕਿ ਲਾਂਘੇ ਉਤੇ ਹੋਣਾ ਵਾਲਾ ਸਾਰਾ ਖਰਚਾ ਚੁੱਕ ਸਕਦੇ ਹਨ। ਆਪਾਂ ਨੂੰ ਕਰਤਾਰਪੁਰ ਸਾਹਿਬ ਤੇ ਡੇਰਾ ਬਾਬਾ ਨਾਨਕ ਦੀ ਮਿਲਣੀ ਦਾ ਭਰਵਾਂ ਸਵਾਗਤ ਕਰਨਾ ਚਾਹੀਦਾ ਹੈ। ਅਕਾਲੀ-ਭਾਜਪਾ ਦੀ ਮੈਂ ਮੈਂ ਵੀ ਸੁਣਾਂਗੇ, ਜੇ ਇਹ ਆਪਣੀ ਮੌਤ ਆਪ ਹੀ ਨਾ ਮਰ ਗਈ ਤਾਂ।

**ਮਰਹੂਮ ਕਵੀ ਮਿੱਤਰ ਪਾਸ਼ ਦਾ ਪਰਿਵਾਰ:** ਬੀਤੇ ਹਫਤੇ ਦੀ ਇੱਕ ਚੰਗੀ ਖਬਰ ਇਹ ਵੀ ਹੈ ਕਿ ਸਬੱਬ ਨਾਲ ਮੇਰੀ ਪਾਸ਼ ਦੇ ਭਣਵੱਈਏ ਹਰਸ਼ਰਨ ਸਿੰਘ ਗਿੱਲ ਨਾਲ ਮੁਲਾਕਾਤ ਹੋ ਗਈ, ਜਿਸ ਨੂੰ ਸਾਰੇ ਧੀਦੋ ਕਹਿੰਦੇ ਹਨ। ਧੀਦੋ ਢੁੱਡੀਕੇ ਦਾ ਜੰਮਪਲ ਹੈ ਤੇ ਅੱਜ ਕੱਲ ਬੇਕਰਜ਼ਫੀਲਡ, ਕੈਲੀਫੋਰਨੀਆ ਰਹਿੰਦਾ ਹੈ। ਉਸ ਤੋਂ ਪਤਾ ਲੱਗਾ ਕਿ ਪਾਸ਼ ਦੀ ਬੀਵੀ ਰਾਜਵਿੰਦਰ ਕੌਰ ਤੇ ਉਸ ਦੀ ਬੇਟੀ ਫਰੀਮਾਂਟ ਰਹਿੰਦੇ ਹਨ। ਪਾਸ਼ ਦੀ ਬੇਟੀ ਦੇ ਦੋ ਬੱਚੇ ਹਨ-ਅਰਮਾਨ ਤੇ ਗੁੱਡੀ।

ਮੈਨੂੰ ਧੀਦੋ ਨਾਲ ਮਿਲਣੀ ਏਦਾਂ ਲੱਗੀ ਜਿਵੇਂ ਮੇਰਾ ਪਾਸ਼ ਦੀ ਰੂਹ ਨਾਲ ਮੇਲ ਹੋ ਗਿਆ ਹੋਵੇ। ਮੇਰੇ ਲਈ ਤਾਂ ਇਹ ਗੱਲ ਵੀ ਤਸੱਲੀ ਵਾਲੀ ਸੀ ਕਿ ਅਵਤਾਰ ਸਿੰਘ ਉਰਫ ਪਾਸ਼ ਵਾਂਗ ਰਾਜਵਿੰਦਰ ਉਰਫ ਰਾਣੀ ਵੀ ਸੰਧੂਆਂ ਦੀ ਧੀ ਹੈ। ਉਨ੍ਹਾਂ ਨੇ ਏਨੇ ਵਰ੍ਹੇ ਪਹਿਲਾਂ ਰਸਮਾਂ ਰੀਤਾਂ ਦੇ ਬੰਧਨ ਨਹੀਂ ਸੀ ਮੰਨੇ। ਆਮੀਨ!

**ਅੰਤਿਕਾ: ਮਿਰਜ਼ਾ ਗਾਲਿਬ**

ਚਾਹੀਏ ਅੱਛੋਂ ਕੋ ਜਿਤਨਾ ਚਾਹੀਏ
ਯੇਹ ਅਗਰ ਚਾਹੇਂ ਤੋ ਫਿਰ ਕਿਆ ਚਾਹੀਏ।

# ਸਿਆਸਤ ਦੀ ਗੂਗਲੀ 'ਚ ਨਵਜੋਤ ਸਿੱਧੂ

ਇਨ੍ਹੀਂ ਦਿਨੀਂ ਪੰਜਾਬ ਦੀ ਸਿਆਸਤ ਦੀ ਗੂਗਲੀ ਨਵਜੋਤ ਸਿੰਘ ਸਿੱਧੂ ਦੇ ਦੁਆਲੇ ਘੁੰਮ ਰਹੀ ਹੈ। ਗੱਲ ਕਰਤਾਰਪੁਰ ਲਾਂਘੇ ਤੋਂ ਸ਼ੁਰੂ ਹੋ ਕੇ ਕੈਪਟਨ ਨੂੰ ਆਪਣਾ ਨੇਤਾ ਮੰਨਣ ਤੋਂ ਮੁਨਕਰ ਹੋਣ ਤੱਕ ਆ ਗਈ ਹੈ। ਬਿਨਾ ਸ਼ੱਕ ਕਰਤਾਰਪੁਰ ਲਾਂਘੇ ਬਾਰੇ ਸਿੱਧੂ ਦਾ ਵਿਚਾਰ ਬਹੁਤ ਵਧੀਆ ਸੀ। ਇਹ ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ

**ਬਬੀਤਾ ਨਾਭਾ**
**babitamarkanda@gmail.com**

ਵਲੋਂ ਦਿਖਾਈ ਫਰਾਖਦਿਲੀ ਅਤੇ ਪਹਿਲ ਦਾ ਨਤੀਜਾ ਹੈ। ਮੁਕਦੀ ਗੱਲ, ਜੇ ਅਸੀਂ ਆਪਣੀ ਧਾਰਮਕ ਆਸਥਾ ਲਈ ਵੀ ਕ੍ਰੈਡਿਟ ਲੈਣ ਦੀ ਹੋੜ ਵਿਚ ਲੱਗ ਜਾਂਦੇ ਹਾਂ ਤਾਂ ਅਸੀਂ ਤਾਂ ਗੁਰੂ ਨਾਨਕ ਦੇਵ ਜੀ ਤੋਂ ਕੁਝ ਸਿੱਖਿਆ ਹੀ ਨਹੀਂ। 'ਮੈਂ' ਨੂੰ ਮਿਟਾਉਣ ਦੀ ਗੱਲ ਹੀ ਤਾਂ ਗੁਰੂ ਸਾਹਿਬ ਦਾ ਪਹਿਲਾ ਉਪਦੇਸ਼ ਹੈ।

ਚਲੋ ਜੋ ਵੀ ਹੋਇਆ, ਲਾਂਘਾ ਖੁੱਲ੍ਹਣ ਦੀ ਸ਼ੁਰੂਆਤ ਹਰੇਕ ਪੰਜਾਬੀ ਲਈ ਖੁਸ਼ੀਆਂ ਲੈ ਕੇ ਆਈ। ਪਾਕਿਸਤਾਨ ਵਾਲੇ ਪਾਸੇ ਇਸ ਦਾ ਉਦਘਾਟਨ ਹੋਣ ਸਮੇਂ ਧੁਰ ਵਿਰੋਧੀ ਹੁੰਦਿਆਂ ਹਰਸਿਮਰਤ ਕੌਰ ਬਾਦਲ ਅਤੇ ਨਵਜੋਤ ਸਿੱਧੂ ਦਾ ਧਾਰਮਕ ਕਾਰਜ ਲਈ ਇੱਕਠੇ ਖੜ੍ਹੇ ਦਿਸਣਾ ਸਕੂਨ ਵਾਲੀ ਗੱਲ ਸੀ, ਪ੍ਰੰਤੂ ਇਹ ਕੀ! ਪੰਜਾਬ ਆਉਂਦੇ ਹੀ ਤੂਫਾਨ ਮੱਚ ਗਿਆ ਕਿ ਸਿੱਧੂ ਨੇ ਖਾਲਿਸਤਾਨੀ ਅਤਿਵਾਦੀ ਨਾਲ ਫੋਟੋਆਂ ਖਿੱਚਵਾਈਆਂ, ਪਰ ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਤਸਵੀਰ ਵੀ ਉਸ ਸ਼ਖਸ ਨਾਲ ਬੈਠਿਆਂ ਦੀ ਆ ਗਈ ਤਾਂ ਵਿਵਾਦ ਕੁਝ ਸਾਵਾਂ ਹੋ ਗਿਆ। ਸਿੱਧੂ ਨੇ ਵੀ ਇਹ ਕਿਹਾ ਕਿ ਉਸ ਨਾਲ ਤਾਂ ਬਹੁਤ ਲੋਕ ਫੋਟੋ ਖਿਚਵਾਉਂਦੇ ਨੇ, ਉਸ ਨੂੰ ਕੀ ਪਤਾ ਕਿ ਕੌਣ ਸੀ?

ਸਿੱਧੂ ਦਾ ਪਾਕਿਸਤਾਨੀ ਮੀਡੀਆ ਵਿਚ ਦਿੱਤਾ ਇੱਕ ਬਿਆਨ ਵੀ ਚਰਚਾ ਦਾ ਵਿਸ਼ਾ ਬਣਿਆ ਰਿਹਾ ਕਿ 'ਜਰਨੈਲ ਨੂੰ ਜੱਫੀ ਹੀ ਤਾਂ ਪਾਈ ਸੀ, ਰਾਫੈਲ ਡੀਲ ਤਾਂ ਨਹੀਂ ਕੀਤੀ।' ਇਹ ਬਿਆਨ ਉਸ ਦੇ ਬੜਬੋਲੇਪਨ ਦੀ ਮਿਸਾਲ ਸੀ। ਕਿਸੇ ਬਿਗਾਨੇ ਮੁਲਕ ਵਿਚ ਜਾ ਕੇ ਆਪਣੇ ਦੇਸ਼ ਦੇ ਅੰਦਰੂਨੀ ਮਸਲਿਆਂ ਬਾਰੇ ਸੋਚ ਵਿਚਾਰ ਨਾਲ ਗੱਲ ਕਰਨੀ ਚਾਹੀਦੀ ਹੈ।


ਸਿੱਧੂ ਜਿਹਾ ਜ਼ਹੀਨ ਸ਼ਖਸ, ਜਿਸ ਨੂੰ ਰੱਬ ਨੇ ਕਾਫੀ ਕਾਬਲੀਅਤ ਦਿੱਤੀ ਹੈ, ਸਿਰਫ ਆਪਣੀ ਜ਼ੁਬਾਨ ਕਾਰਨ ਵਿਵਾਦਾਂ ਵਿਚ ਫਸ ਜਾਂਦਾ ਹੈ। ਇਸ ਬਿਆਨ ਦੀ ਅੱਗ ਅਜੇ ਮੱਠੀ ਨਹੀਂ ਸੀ ਪਈ ਕਿ ਉਸ ਦਾ ਹੈਦਰਾਬਾਦ ਵਿਖੇ ਦਿੱਤਾ ਤਾਜ਼ਾ ਬਿਆਨ ਸਾਹਮਣੇ ਆ ਗਿਆ, 'ਕੌਣ ਕੈਪਟਨ? ਮੇਰੇ ਕੈਪਟਨ ਤਾਂ ਰਾਹੁਲ ਗਾਂਧੀ ਹਨ।' ਬਹੁਤ ਹੀ ਹਾਸੋਹੀਣਾ ਸੀ। ਕੀ ਸਿੱਧੂ ਉਸ ਕੈਪਟਨ ਨੂੰ ਨਹੀਂ ਜਾਣਦੇ, ਜਿਸ ਅਧੀਨ ਪੰਜਾਬ ਸਰਕਾਰ ਚੱਲ ਰਹੀ ਹੈ ਅਤੇ ਉਸੇ ਕੈਪਟਨ ਦੇ ਨਾਅਰੇ 'ਤੇ ਚੋਣਾਂ ਲੜੀਆਂ ਸਨ ਕਿ 'ਚਾਹੁੰਦਾ ਹੈ ਪੰਜਾਬ, ਕੈਪਟਨ ਦੀ ਸਰਕਾਰ।'

ਸਿੱਧੂ ਦੀ ਜ਼ੁਬਾਨ ਵਿਚ ਕੈਪਟਨ ਪ੍ਰਤੀ ਰੰਜਿਸ਼ ਸਾਫ ਜਾਹਰ ਹੈ। ਇਹ ਤਾਂ ਇੰਜ ਜਾਪਦਾ ਹੈ, ਜਿਵੇਂ ਇੱਕ ਮਿਆਨ ਵਿਚ ਰਾਹੁਲ ਗਾਂਧੀ ਨੇ ਦੋ ਤਲਵਾਰਾਂ ਫਿੱਟ ਕੀਤੀਆਂ ਹੋਣ, ਜਿਨ੍ਹਾਂ ਦਾ ਇੱਕਠੇ ਰਹਿਣਾ ਔਖਾ ਹੀ ਨਹੀਂ, ਨਾਮੁਮਕਿਨ ਵੀ ਜਾਪ ਰਿਹਾ ਹੈ, ਕਿਉਂਕਿ ਗਾਹੇ-ਬਗਾਹੇ ਸਿੱਧੂ ਫੈਮਿਲੀ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਇੱਕ ਦੂਜੇ ਦੀ ਕਾਟ ਕਰਨ ਵਾਲੇ ਹੀ ਹੁੰਦੇ ਹਨ। ਅਜੇ ਕੈਪਟਨ ਸਰਕਾਰ ਦਾ ਸਮਾਂ ਤਿੰਨ ਸਾਲ ਹੋਰ ਪਿਆ ਹੈ, ਜੇ ਆਪਸ ਵਿਚ ਖਿੱਚੋਤਾਣ ਹੀ ਚੱਲਦੀ ਰਹੀ ਤਾਂ ਲੋਕ ਭਲਾਈ ਦੇ ਫੈਸਲੇ ਕਿਸ ਤਰ੍ਹਾਂ ਲਏ ਜਾਣਗੇ? ਪੰਜਾਬ ਦੀ ਜਨਤਾ ਸਿਆਸਤਦਾਨਾਂ ਦੀਆਂ ਗੁਗਲੀਆਂ ਵਿਚ ਫਸੀ ਹੋਈ ਮਹਿਸੂਸ ਕਰ ਰਹੀ ਹੈ।

## ਰੜਕਦੀ ਗੱਲ

# ਬਾਤ ਨਿਕਲੇਗੀ ਤੋ ਦੂਰ ਤਲਕ ਜਾਏਗੀ

ਗੱਲ ਥੋੜੇ ਦਿਨ ਪਹਿਲਾਂ ਹੋਈ ਯੂਨੀਵਰਸਿਟੀ ਦੀ ਕਨਵੋਕੇਸ਼ਨ ਵਾਲੇ ਦਿਨ ਦੀ ਹੈ। ਹਰੇਕ ਸਰਕਾਰੀ ਅਤੇ ਗੈਰ-ਸਰਕਾਰੀ ਵਿਦਿਅਕ ਅਦਾਰਾ ਇਸ ਦਿਨ ਪੀਐਚ.ਡੀ. ਕਰ ਚੁਕੇ ਆਪਣੇ ਅਧਿਆਪਕਾਂ ਨੂੰ ਪ੍ਰੋਸੈਸ਼ਨ (ਜਲੂਸ) ਦੇ ਰੂਪ ਵਿਚ ਪੇਸ਼ ਕਰਦਾ ਹੈ। ਮੇਰੇ ਲਈ ਇਸ ਤਰ੍ਹਾਂ ਦੇ ਸਮਾਰੋਹ ਵਿਚ ਇਸ ਅੰਦਾਜ਼ ਨਾਲ ਸ਼ਿਰਕਤ ਕਰਨ ਦਾ ਇਹ ਪਹਿਲਾ ਮੌਕਾ ਸੀ।



**ਡਾ. ਯਾਦਵਿੰਦਰ ਕੌਰ***
**ਫੋਨ: 91-99158-59993**

ਸਾਡੇ ਇਸ ਪ੍ਰੋਸੈਸ਼ਨ ਨੇ ਬੈਂਡ ਦੀਆਂ ਧੁਨਾਂ ਨਾਲ ਤਿਰੰਗੇ ਝੰਡੇ ਦੀ ਅਗਵਾਈ ਹੇਠ ਸਮਾਰੋਹ ਵਾਲੇ ਹਾਲ ਵਿਚ ਸ਼ਿਰਕਤ ਕਰਨੀ ਸੀ। ਜਦੋਂ ਅਸੀਂ ਹਾਲ ਅੰਦਰ ਦਾਖਲ ਹੋਏ ਤਾਂ ਹਜ਼ਾਰਾਂ ਦੀ ਤਾਦਾਦ ਵਿਚ ਡਿਗਰੀ ਲੈਣ ਆਏ ਵਿਦਿਆਰਥੀ ਸਨਮਾਨ ਵਜੋਂ ਖੜ੍ਹੇ ਹੋ ਗਏ ਅਤੇ ਆਪਣੇ ਕੈਮਰਿਆਂ ਵਿਚ ਇਸ ਸ਼ਿਰਕਤ ਨੂੰ ਕੈਦ ਕਰਨ ਲਈ ਉਮੜ ਪਏ। ਕਾਲੇ ਰੰਗ ਦੇ ਗਾਊਨ ਵਿਚ ਬੈਠੇ ਵਿਦਿਆਰਥੀਆਂ ਨਾਲ ਖਚਾਖਚ ਭਰੇ ਹਾਲ ਵਿਚੋਂ ਲਾਲ ਰੰਗ ਦੇ ਗਾਊਨ ਪਾਈ ਲੰਘ ਰਿਹਾ ਪ੍ਰੋਸੈਸ਼ਨ ਥਾਂ-ਥਾਂ 'ਤੇ ਲਗੀਆਂ ਸਕਰੀਨਾਂ ਵਿਚੋਂ ਸਚਮੁੱਚ ਹੀ ਬਹੁਤ ਦਿਲਕਸ਼ ਲਗ ਰਿਹਾ ਸੀ। ਤਿਰੰਗੇ ਨੂੰ ਝੂਲਦਿਆਂ ਤੇ ਵਿਦਿਆਰਥੀਆਂ ਦੇ ਰੁਸ਼ਨਾਏ ਚਿਹਰਿਆਂ ਨੇ ਮੈਨੂੰ ਖੁਦ ਨੂੰ ਵੀ ਇਕ ਅਜ਼ਬ ਜਿਹੇ ਭਾਵ ਨਾਲ ਕੀਲ ਲਿਆ ਸੀ। ਉਹ ਭਾਵ ਕੁਝ ਨਸ਼ੇ ਵਾਲਾ ਸੀ ਜਾਂ ਕੁਝ ਕਰ ਜਾਣ ਦੇ ਜਾਗੇ ਜਨੂੰਨ ਵਾਲਾ, ਕੁਝ ਵੀ ਸਪੱਸ਼ਟ ਨਹੀਂ ਸੀ। ਪਰ ਏਨਾ ਜ਼ਰੂਰ ਸੀ ਕਿ ਪ੍ਰੋਸੈਸ਼ਨ ਵਿਚ ਚਲਦਿਆਂ ਮੈਂ ਖੁਦ ਨੂੰ ਇਕ ਐਸੇ ਸਮੇਂ ਤੇ ਮਾਹੌਲ ਵਿਚ ਕਿਆਸ ਰਹੀ ਸਾਂ, ਜੋ ਸਮਾਜਕ, ਧਾਰਮਕ ਅਤੇ ਜੈਵਿਕ ਹੋਂਦ ਤੋਂ ਪਰੇ ਇੱਕ ਸਿੱਖਿਅਤ ਸਮਾਜ ਦੀ ਨੁਮਾਇੰਦਗੀ ਕਰ ਰਿਹਾ ਸੀ। ਪਰ ਮੇਰੇ ਕਿਆਸੇ ਇਸ ਸੰਸਾਰ ਨੂੰ ਟੁਟਦਿਆਂ ਤੇ ਟੁੱਟ ਕੇ ਬਿਖਰਦਿਆਂ ਨੂੰ ਬਹੁਤਾ ਚਿਰ ਨਾ ਲੱਗਾ।

ਹੋਇਆ ਇੰਜ ਕਿ ਕਨਵੋਕੇਸ਼ਨ ਦੀ ਸਮਾਪਤੀ ਉਪਰੰਤ ਗਾਊਨ ਵਾਪਸ ਕਰਨ ਲਈ ਅਸੀਂ ਸਾਰੇ ਅਧਿਆਪਕ ਗਾਊਨ ਤਹਿ ਕਰ ਰਹੇ ਸਾਂ। ਆਪਣੇ ਵਲੋਂ ਬਹੁਤ ਹੀ ਸਲੀਕੇ ਨਾਲ ਤਹਿ ਕੀਤੇ ਗਾਊਨ ਦੀ ਤਾਰੀਫ ਕਰਦਿਆਂ ਮੇਰੇ ਮੂੰਹੋਂ ਅਚਨਚੇਤੀ ਬੋਲ ਨਿਕਲ ਗਏ, "ਇਹ ਦੇਖੋ, ਮੇਰਾ ਗਾਊਨ। ਇਸ ਤੋਂ ਪਤਾ ਲਗਦਾ ਕਿ ਮੈਂ ਕਿੰਨੀ ਸੁਘੜ ਸੁਆਣੀ ਆਂ।" ਮੇਰੇ ਇਹ ਬੋਲ ਸੁਣ ਕੇ ਗਾਊਨ ਨੂੰ ਤਹਿ ਕਰਨ ਵਿਚ ਉਲਝੇ ਮੇਰੇ ਇੱਕ ਜਾਣੂ ਸਰ ਯਕਦਮ ਬੋਲ ਪਏ, "ਰਹਿਣ ਦਿਓ ਮੈਡਮ ਜੀ, ਮੈਂ ਜਾਣਦਾਂ ਤੁਹਾਡੇ ਸੁਘੜਪੁਣੇ ਨੂੰ। ਆਪ ਤੁਸੀਂ ਇਥੇ ਰਹਿੰਦੇ ਓ, ਘਰ ਵਾਲਾ ਤੁਹਾਡਾ ਕਿਤੇ ਰਹਿੰਦਾ ਏ ਤੇ ਬੇਟੀ ਤੁਹਾਡੀ ਕਿਤੇ ਰਹਿੰਦੀ ਏ।"

ਇਹ ਸੁਣ ਕੇ ਉਥੇ ਸਾਰਿਆਂ ਵਿਚ ਖੜ੍ਹੀ ਦੀਆਂ ਮੇਰੀਆਂ ਅੱਖਾਂ ਵਿਚੋਂ ਬਸ ਹੰਝੂ ਹੀ ਨਹੀਂ ਟਪਕੇ, ਉਂਜ ਦਿਲ ਭੁਬਾਂ ਮਾਰ-ਮਾਰ ਰੋਇਆ।

ਮੇਰੇ ਲਈ ਹੈਰਤ ਵਾਲੀ ਗੱਲ ਇਹ ਸੀ ਕਿ ਇਸ ਸਰ ਨੂੰ ਮੈਂ ਕਾਫੀ ਅਰਸੇ ਤੋਂ ਜਾਣਦੀ ਹਾਂ। ਮੇਰੇ ਜਾਣੂਆਂ ਵਿਚੋਂ ਅਗਾਂਹਵਧੂ ਸੋਚ ਦੇ ਉਨ੍ਹਾਂ ਨੁਮਾਇੰਦਿਆਂ ਵਿਚੋਂ ਇੱਕ ਹਨ, ਜਿਨ੍ਹਾਂ ਦੇ ਅਸਾਵੀਂ ਵੰਡ ਦੇ ਵਿਰੋਧੀ ਵਿਚਾਰਾਂ ਤੋਂ ਮੈਂ ਅਕਸਰ ਪ੍ਰਭਾਵਿਤ ਹੋਈ ਹਾਂ। ਸਮਾਜ ਵਿਚ ਬਰਾਬਰੀ ਸਥਾਪਿਤ ਕਰਨ ਦੀ ਪ੍ਰਬਲ ਇੱਛਾ ਉਨ੍ਹਾਂ ਦੀ ਕਥਨੀ ਵਿਚ ਹੀ ਨਹੀਂ ਸਗੋਂ ਕਰਨੀ ਵਿਚੋਂ ਵੀ ਵਿਦਿਆਰਥੀ ਜੀਵਨ ਤੋਂ ਹੀ ਦੇਖੀ ਹੈ। ਵਰ੍ਹਿਆਂ ਦੀ ਜਾਣ-ਪਛਾਣ ਹੋਣ ਕਾਰਨ ਮੈਨੂੰ ਉਨ੍ਹਾਂ ਦਾ ਬੋਲ ਹਾਸੇ ਮਜ਼ਾਕ ਵਿਚ ਕਿਹਾ ਗਿਆ ਇੱਕ ਵਾਕ ਹੀ ਲੱਗਾ ਪਰ ਜਿੰਨਾ ਇਨ੍ਹਾਂ ਬੋਲਾਂ ਨੇ ਮੈਨੂੰ ਬੇਚੈਨ ਕਰ ਦਿੱਤਾ, ਉਸ ਨਜ਼ਰੀਏ ਤੋਂ ਇਹ ਮਹਿਜ਼ ਇੱਕ ਵਾਕ ਨਾ ਰਿਹਾ। ਮੈਨੂੰ ਇਹ ਬੋਲ ਸਦੀਆਂ ਤੋਂ ਚਲੀ ਆ ਰਹੀ ਉਸ ਸੋਚ ਦਾ ਅਵਸ਼ੇਸ਼ ਪ੍ਰਤੀਤ ਹੋਇਆ ਜਿਸ ਤਹਿਤ ਮੈਂ ਸਿਰਫ ਇੱਕ ਔਰਤ ਹਾਂ ਤੇ ਸਮਾਜ ਵਿਚ ਮੇਰਾ ਸਨਮਾਨ ਆਪਣੇ ਪਤੀ ਦੇ ਨਾਲ ਰਹਿਣ ਨਾਲ ਹੀ ਹੈ।

ਦਰਅਸਲ ਰੁਜ਼ਗਾਰ ਦੀ ਲੋੜ ਤੇ ਚੰਗੀ ਤਨਖਾਹ ਦੀ ਭਾਲ ਵਿਚ ਘਰ-ਪਰਿਵਾਰ ਤੋਂ ਦੂਰ ਰਹਿਣਾ ਸ਼ਾਇਦ ਅੱਜ ਦੇ ਪੜ੍ਹੇ-ਲਿਖੇ ਤਬਕੇ ਦੀ ਹੋਣੀ ਬਣ ਚੁਕਾ ਹੈ। ਯੋਗਤਾ ਅਨੁਸਾਰ ਯੋਗ ਰੁਜ਼ਗਾਰ ਮਿਲਣਾ ਇਸ ਦੇਸ਼ ਵਿਚ ਖਾਲਾ ਜੀ ਦਾ ਵਾੜਾ ਨਹੀਂ ਹੈ। ਪਰਦੇਸਾਂ ਵਿਚ ਜਾ ਕੇ ਵੱਸਣ ਲਈ ਵਧ ਰਹੇ ਰੁਝਾਨ ਪਿੱਛੇ ਇੱਕ ਕਾਰਨ ਇਹ ਵੀ ਹੈ। ਕਿਉਂਕਿ ਇਥੇ ਯੋਗਤਾ ਦੇ ਅਨੁਸਾਰ ਵਸੀਲੇ ਨਾਂ-ਮਾਤਰ ਹੀ ਹਨ। ਖੈਰ, ਕੁਝ ਐਵੇਂ ਦੇ ਹਾਲਾਤ ਅਤੇ ਆਰਥਕ ਥੁੜ੍ਹਾਂ ਨੇ ਮੈਨੂੰ ਵੀ ਘਰ ਤੋਂ ਦੂਰ ਨੌਕਰੀ ਕਰਨ ਲਈ ਬੇਬਸ ਕਰ ਦਿੱਤਾ। ਆਪਣੀਆਂ ਪਰਿਵਾਰਕ ਜਿੰਮੇਵਾਰੀਆਂ ਸਮਝਦਿਆਂ ਮੈਂ ਸਵੇਰ ਦੇ ਹਨੇਰੇ ਤੋਂ ਰਾਤ ਦੇ ਹਨੇਰੇ ਤੱਕ ਦੇ ਰੋਜ਼ਾਨਾ ਸਫਰ ਨੂੰ ਹੀ ਪਹਿਲ ਦਿੱਤੀ। ਪਰ ਰੋਜ਼ਾਨਾ ਦੇ ਸਫਰ ਨਾਲ ਥਕਾਵਟ ਕਰਕੇ ਸਰੀਰਕ ਤੇ ਮਾਨਸਿਕ ਤਣਾਅ ਤਾਂ ਰਹਿੰਦਾ ਹੀ, ਨਾਲ ਹੀ ਇਸ ਨੌਕਰੀ ਲਈ ਖਾਸ ਤਰ੍ਹਾਂ ਦਾ ਪਹਿਰਾਵਾ ਪਹਿਨਣ ਦਾ ਨਿਰਦੇਸ਼ ਹੋਣ ਕਾਰਨ ਪਿੰਡ ਵਾਲੀ ਬਸ ਦੀਆਂ ਸਵਾਰੀਆਂ ਦੀਆਂ ਸਵਾਲੀਆਂ ਅਤੇ ਘਿਨਾਉਣੀਆਂ ਨਜ਼ਰਾਂ ਕਰਕੇ ਸਾਹ ਵੀ ਘੁੱਟਿਆ ਰਹਿੰਦਾ। ਪਰਿਵਾਰ ਤੋਂ ਦੂਰ ਰਹਿਣ ਦਾ ਅੱਕ ਚੱਬਿਆ ਤਾਂ ਅਲੱਗ ਤਰ੍ਹਾਂ ਦੇ ਸਵਾਲਾਂ ਨਾਲ ਘਿਰ ਗਈ।

ਮੈਂ ਹਰ ਉਸ ਸ਼ਖਸ ਤੋਂ ਕੰਨੀਂ ਕਤਰਾਉਣ ਲੱਗੀ, ਜੋ ਚਿਹਰੇ 'ਤੇ ਅਜੀਬ ਜਿਹੇ ਭਾਵ ਲਿਆ ਕੇ ਮੈਨੂੰ ਇਹ ਸਵਾਲ ਕਰਦਾ, "ਤੁਹਾਡੀ ਬੇਟੀ ਤੁਹਾਡੇ ਬਗੈਰ ਰਹਿ ਲੈਂਦੀ ਹੈ? ਹਾਏ, ਤੁਹਾਡਾ ਹੌਂਸਲਾ ਪੈ ਗਿਆ ਇੰਨੀ ਨਿੱਕੀ ਜਿਹੀ ਨੂੰ ਛੱਡਣ ਦਾ? ਤੁਹਾਡਾ ਦਿਲ ਲੱਗ ਜਾਂਦਾ ਬੇਟੀ ਤੋਂ ਬਿਨਾ? ਤੁਹਾਨੂੰ ਉਸ ਦੀ ਯਾਦ ਨਹੀਂ ਆਉਂਦੀ?" ਮੈਨੂੰ ਇਹ ਸਾਰੇ ਸਵਾਲ ਇੱਕ ਗੁਨਾਹਗਾਰ ਹੋਣ ਦੇ ਅਹਿਸਾਸ ਵੱਲ ਧੱਕਦੇ ਹਨ। ਮੈਂ ਅਜਿਹੇ ਸਵਾਲ ਸੁਣ ਕੇ ਕਈ ਵਾਰ ਅਬੋਲ ਹੀ ਖੜ੍ਹੀ ਰਹਿੰਦੀ ਹਾਂ। ਬਾਹਰੋਂ ਅਬੋਲ ਖੜ੍ਹੀ ਦੇ ਮਨ ਅੰਦਰ ਝੁਲਦੇ ਕਈ ਤਰ੍ਹਾਂ ਦੇ ਝੱਖੜ ਅੰਦਰੋਂ ਮੈਨੂੰ ਬੁਰੀ ਤਰ੍ਹਾਂ ਤੋੜਦੇ ਤੇ ਮਾਰ-ਮੁਕਾਉਂਦੇ ਨੇ, ਪਰ ਮੇਰੇ ਅੰਦਰ ਦੀ ਮਾਂ ਹੀ ਮੈਨੂੰ ਹਿੰਮਤ ਦੇ ਕੇ ਮੁੜ ਜਿਉਂਦਾ ਕਰਦੀ ਹੈ।

ਪ੍ਰੋਸੈਸ਼ਨ ਵਿਚ ਚਲਦਿਆਂ ਸਵੇਰੇ ਦੇਖਿਆ ਸਿੱਖਿਅਤ ਸਮਾਜ ਦਾ ਨਜ਼ਾਰਾ ਆਪਣੇ ਅਧਿਆਪਕ ਸਾਥੀ ਦੀ ਟਿੱਪਣੀ ਸੁਣ ਕੇ ਬਦਲ ਗਿਆ ਜਾਪਿਆ। ਉਹ ਨਜ਼ਾਰਾ ਸ਼ਾਮ ਤੱਕ ਜੰਗਾਲੀ ਹੋਈ ਸੋਚ ਵਾਲੇ ਉਸ ਸਮਾਜ ਦਾ ਰੂਪ ਧਾਰ ਗਿਆ, ਜਿਸ ਨੇ ਮੈਨੂੰ ਇਹ ਅਹਿਸਾਸ ਕਰਵਾਇਆ ਕਿ ਘਰ-ਪਰਿਵਾਰ ਦੀ ਬਿਹਤਰੀ ਲਈ ਮੇਰੇ ਸਮਾਜ ਨੇ ਸਿਰਫ ਮਰਦ ਨੂੰ ਹੀ ਪਰਿਵਾਰ ਤੋਂ ਦੂਰ ਰਹਿਣ ਦੀ ਬਾਇੱਜਤ ਇਜਾਜ਼ਤ ਦਿੱਤੀ ਹੈ। ਔਰਤ ਦੀ ਇਸ ਸਥਿਤੀ ਨੂੰ ਸਮਾਜ ਦੀ ਮਾਨਸਿਕਤਾ ਨੇ ਅਜੇ ਪੂਰੀ ਤਰ੍ਹਾਂ ਪ੍ਰਵਾਨ ਨਹੀਂ ਕੀਤਾ। ਬਹਿਰਹਾਲ, ਸਮਾਜ ਦੀ ਇਸ ਸੋਚ ਦੇ ਜਵਾਬ ਲਈ ਜ਼ਿਹਨ ਵਿਚ ਜਗਜੀਤ ਦੀ ਗਾਈ ਇੱਕ ਗਜ਼ਲ ਦਾ ਸ਼ੇਅਰ ਉਭਰ ਰਿਹਾ ਹੈ:


ਅਪਨੀ ਮਰਜ਼ੀ ਸੇ ਕਹਾਂ,
ਅਪਨੇ ਸਫਰ ਕੇ ਹਮ ਹੈਂ।
ਰੁਖ ਹਵਾਓਂ ਕਾ ਜਿਧਰ ਕਾ ਹੈ,
ਉਧਰ ਕੇ ਹਮ ਹੈਂ।

——

***ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ।***

# ਹਨੇਰੀ ਨਾਲ ਰੁੱਖ ਪੁੱਟੇ ਜਾਂਦੇ, ਪਰ ਝਿੜੀ ਕਦੇ ਨਹੀਂ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਉਸ ਚੌਰਾਹੇ ਵਿਚ ਦਾਖਲ ਹੋ ਚੁਕਾ ਹੈ, ਜਿੱਥੇ ਇਸ ਨੇ ਆਪਣੇ ਅਗਲੇ ਦੌਰ ਲਈ ਇੱਕ ਰਾਹ ਚੁਣਨਾ ਹੈ ਤੇ ਇਹ ਚੋਣ ਇਸ ਦੇਸ਼ ਦੇ ਲੋਕਾਂ ਨੇ ਵੋਟਾਂ ਪਾ ਕੇ ਕਰਨੀ ਹੈ, ਜਿਸ ਨੂੰ ਲੋਕਾਂ ਦਾ ਫਤਵਾ ਕਿਹਾ ਜਾਂਦਾ ਹੈ। ਲੰਘੀ 26 ਨਵੰਬਰ ਨੂੰ ਇਸ ਦੀ ਮੌਜੂਦਾ ਸਰਕਾਰ ਦੇ ਸਾਢੇ ਚਾਰ ਸਾਲ ਪੂਰੇ ਹੋ ਜਾਣ ਪਿੱਛੋਂ ਆਖਰੀ ਛਿਮਾਹੀ ਚੱਲ ਪਈ ਹੈ ਤਾਂ ਹਰ ਕਿਸੇ ਦਾ ਧਿਆਨ ਅਗਲੀ ਚੋਣ ਵੱਲ ਲੱਗਾ ਪਿਆ ਹੈ। ਸਿਆਸੀ ਗੱਠਜੋੜ ਬਣਦੇ ਫਿਰਦੇ ਹਨ। ਇਸ ਦੌਰਾਨ ਹਾਲਾਤ ਦੇ ਉਤਲੇ ਵਹਿਣ ਹੇਠ ਭਾਰਤੀ ਸਮਾਜ ਵਿਚ ਜੋ ਦੱਬੀ ਜਿਹੀ ਲਹਿਰ ਚੱਲ ਰਹੀ ਹੈ, ਉਹ ਬਹੁਤੇ ਲੋਕਾਂ ਨੂੰ ਅਜੇ ਦਿੱਸ ਨਹੀਂ ਰਹੀ। ਇਸ ਹਫਤੇ ਭਾਰਤ ਦੇ ਸਭ ਤੋਂ ਵੱਡੇ ਰਾਜ ਉਤਰ ਪ੍ਰਦੇਸ਼ ਵਿਚ ਇੱਕ ਪੁਲਿਸ ਇੰਸਪੈਕਟਰ ਦੇ ਕਤਲ ਨੇ ਉਸ ਨੂੰ ਮਹਿਸੂਸ ਕਰਨ ਦਾ ਮੌਕਾ ਦਿੱਤਾ ਹੈ, ਪਰ ਉਸ ਨੂੰ ਅਣਗੌਲਿਆ ਕਰ ਕੇ ਭਾਰਤ ਦੀ ਰਾਜਨੀਤੀ ਤੇ ਸਮਾਜ ਦੇ ਰਹਿਬਰ ਆਪਣੀ ਪੱਕੀ ਲੀਹ ਉਤੇ ਤੁਰੇ ਜਾਣ ਨੂੰ ਪਹਿਲ ਦੇ ਰਹੇ ਹਨ। ਅਣਗੌਲਿਆ ਕਰਨਾ ਹੀ ਤਾਂ ਖਤਰਨਾਕ ਹੈ।

ਜਦੋਂ ਆਪਰੇਸ਼ਨ ਬਲੂ ਸਟਾਰ ਦੀ ਮੰਦਭਾਗੀ ਘਟਨਾ ਹੋਈ ਤਾਂ ਇਸ ਦਾ ਪਹਿਲਾ ਤੇ ਸਭ ਤੋਂ ਦੁਖਦਾਈ ਅਸਰ ਸਾਡੇ ਪੰਜਾਬ ਵਿਚ ਪਿਆ ਸੀ, ਤੇ ਬਹੁਤਾ ਕਰ ਕੇ ਪੰਜਾਬੀਆਂ ਨੇ ਭੁਗਤਿਆ ਸੀ। ਉਸ ਪਿੱਛੋਂ ਇੰਦਰਾ ਗਾਂਧੀ ਦੇ ਕਤਲ ਦੀ ਘਟਨਾ ਵਾਪਰੀ ਅਤੇ ਉਸ ਪਿੱਛੋਂ ਦਿੱਲੀ ਤੇ ਹੋਰ ਥਾਂਈਂ ਸਿੱਖ ਵਿਰੋਧੀ ਹਿੰਸਾ ਹੁੰਦੀ ਵੇਖੀ ਗਈ ਤਾਂ ਉਸ ਦਾ ਅਸਰ ਵੀ ਬਹੁਤਾ ਕਰ ਕੇ ਉਦੋਂ ਪੰਜਾਬ ਤੇ ਸਿੱਖਾਂ ਉਤੇ ਪਿਆ ਹੋਣ ਦੇ ਨਾਲ ਬਾਕੀ ਭਾਰਤ ਦੇ ਸਮਾਜ ਅਤੇ ਰਾਜਨੀਤੀ ਉਤੇ ਉਸ ਦਾ ਜਿੱਦਾਂ ਦਾ ਅਸਰ ਪਿਆ ਸੀ, ਉਸ ਨੂੰ ਵੇਲੇ ਸਿਰ ਨੋਟ ਨਹੀਂ ਕੀਤਾ ਗਿਆ। ਹਕੀਕਤ ਇਹ ਸੀ ਕਿ ਉਨ੍ਹਾਂ ਦੋ ਘਟਨਾਵਾਂ ਦਾ ਅਸਰ ਪੈ ਕੇ ਇਸ ਦੇਸ਼ ਦੀ ਬਹੁ-ਗਿਣਤੀ ਨੂੰ ਉਕਸਾਉਣ ਦੀ ਸਿਆਸੀ ਲਹਿਰ ਚੱਲ ਪਈ ਅਤੇ ਹੌਲੀ-ਹੌਲੀ ਇਸ ਹੱਦ ਤੱਕ ਚਲੀ ਗਈ ਕਿ ਅੱਜ ਦੇ ਸਮੇਂ ਵਿਚ ਜਦੋਂ ਚੋਣਾਂ ਦਾ ਦੌਰ ਆਉਂਦਾ ਹੈ, ਸੁੱਖ ਮੰਗਣ ਨੂੰ ਜੀਅ ਕਰਦਾ ਹੈ। ਉਦੋਂ ਪ੍ਰਧਾਨ ਮੰਤਰੀ ਬਣੇ ਰਾਜੀਵ ਗਾਂਧੀ ਨੇ ਇਨ੍ਹਾਂ ਘਟਨਾਵਾਂ, ਖਾਸ ਕਰ ਕੇ ਆਪਣੀ ਮਾਂ ਦੇ ਕਤਲ ਦੇ ਬਾਅਦ ਹਿੰਦੂ ਫਿਰਕਾ ਪ੍ਰਸਤੀ ਨੂੰ ਵਰਤਣ ਦਾ ਦਾਅ ਖੇਡਿਆ ਸੀ, ਜਿਸ ਨਾਲ ਉਹ ਲੋਕ ਸਭਾ 'ਚ ਚਾਰ ਸੌ ਤੋਂ ਵੱਧ ਸੀਟਾਂ ਲੈ ਗਿਆ ਤੇ ਹਿੰਦੂਤਵ ਮਾਅਰਕੇ ਦੀ ਸਿਆਸਤ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਵਾਲਿਆਂ ਦੇ ਪੱਲੇ ਸਿਰਫ ਦੋ ਸੀਟਾਂ ਪਈਆਂ ਸਨ। ਰਾਜੀਵ



ਅਸ਼ੋਕ ਸਿੰਘਲ

ਇਸ ਤੋਂ ਖੁਸ਼ ਸੀ, ਪਰ ਬਾਕੀ ਲੋਕ ਇਸ ਗੱਲੋਂ ਅਵੇਸਲੇ ਸਨ ਕਿ ਇਸ 'ਚੋਂ ਹਿੰਦੂ ਭਾਈਚਾਰੇ ਨੂੰ ਉਕਸਾਉਣ ਦੀ ਮੁਕਾਬਲੇਬਾਜ਼ੀ ਹੋਵੇਗੀ ਤੇ ਉਹ ਉਕਸਾਊਪੁਣਾ ਇਸ ਦੇਸ਼ ਨੂੰ ਲੀਹੋਂ ਲਾਹ ਦੇਵੇਗਾ। ਅੱਜ ਇਹ ਕੁਝ ਹੁੰਦਾ ਸਾਫ ਦਿੱਸਦਾ ਹੈ।

ਉਸ ਵਕਤ ਇਹ ਗੱਲ ਭੁਲਾ ਦਿੱਤੀ ਗਈ ਸੀ ਕਿ ਜੇ ਸਿੱਖਾਂ ਨੂੰ ਉਕਸਾਉਣ ਦਾ ਮੁਕਾਬਲਾ ਹੋਵੇ ਤਾਂ ਅਕਾਲੀ ਦਲ ਦੇ ਆਗੂਆਂ ਨਾਲ ਮੁਕਾਬਲੇ ਵਿਚ ਕਾਂਗਰਸ ਕਦੇ ਵੀ ਕਾਮਯਾਬ ਨਹੀਂ ਹੋ ਸਕਦੀ ਤੇ ਏਦਾਂ ਹੀ ਹਿੰਦੂ ਫਿਰਕਾਪ੍ਰਸਤੀ ਵਾਲੇ ਮੋਰਚੇ ਉਤੇ ਨਿਰੋਲ ਹਿੰਦੂਤਵ ਦੀ ਹਮਾਇਤੀ ਭਾਜਪਾ ਨਾਲ ਕਾਂਗਰਸ ਬਰਾਬਰ ਨਹੀਂ ਭਿੜ ਸਕਦੀ। ਕਾਂਗਰਸੀ ਆਗੂ ਤਾਂ ਸਿਰਫ ਚੋਭਾਂ ਲਾ ਕੇ ਸੀਮਤ ਜਿਹੀ ਫਿਰਕਾਪ੍ਰਸਤੀ ਦਾ ਦਾਅ ਖੇਡਦੇ ਅਤੇ ਇਸ ਦਾ ਲਾਹਾ ਖੱਟਣ ਦਾ ਕੰਮ ਹੀ ਕਰ ਸਕਦੇ ਹਨ, ਉਹ ਇਹ ਗੱਲ ਨਹੀਂ ਜਾਣਦੇ ਕਿ ਜੋ ਚੁਆਤੀ ਉਹ ਲਾਉਂਦੇ ਹਨ, ਉਸ ਨੂੰ ਉਨ੍ਹਾਂ ਦੇ ਵਿਰੋਧੀ ਵਰਤਦੇ ਰਹੇ ਹਨ ਅਤੇ ਅੱਜ ਵੀ ਵਰਤ ਰਹੇ ਹਨ।

ਬਾਬਰੀ ਮਸਜਿਦ ਅਤੇ ਰਾਮ ਮੰਦਿਰ ਵਾਲੇ ਵਿਵਾਦ ਵਿਚ ਜਿਸ ਅਹਾਤੇ ਨੂੰ ਤਾਲਾ ਲੱਗਾ ਕਾਂਗਰਸ ਦੇ ਪ੍ਰਧਾਨ ਮੰਤਰੀ ਹੁੰਦਿਆਂ ਰਾਜੀਵ ਗਾਂਧੀ ਨੇ ਖੁੱਲ੍ਹਵਾਇਆ ਸੀ, ਉਸ ਥਾਂ ਮਸਜਿਦ ਨੂੰ ਢਾਹੁਣ ਅਤੇ ਫਿਰ ਮੰਦਿਰ ਬਣਾਉਣ ਦੀ ਮੁਹਿੰਮ ਦੀ ਕਮਾਂਡ ਭਾਜਪਾ ਨੇ ਖੋਹ ਲਈ ਸੀ। ਕਾਂਗਰਸੀ ਆਗੂ ਆਪਣੇ ਹੱਥਾਂ ਨਾਲ ਗੰਢਾਂ ਦੇਣ ਪਿੱਛੋਂ ਦੰਦਾਂ ਨਾਲ ਵੀ ਖੋਲ੍ਹਣ ਵਿਚ ਕਾਮਯਾਬ ਨਹੀਂ ਹੋ ਰਹੇ, ਤੇ ਭੁਗਤਣ ਲਈ ਮਜਬੂਰ ਹਨ। ਹੋਇਆ ਸਗੋਂ ਇਹ ਹੈ ਕਿ ਹਿੰਦੂ ਫਿਰਕਾਪ੍ਰਸਤੀ ਏਨੀ ਖੁੱਲ੍ਹ ਖੇਡਣ ਲੱਗ ਪਈ ਹੈ ਕਿ ਉਸ ਨੂੰ ਕੋਈ ਝਿਜਕ ਵੀ ਨਹੀਂ ਰਹੀ।

ਪੈਂਤੀ ਸਾਲ ਪਹਿਲਾਂ ਤੱਕ ਦੰਗੇ ਤਾਂ ਹੋ ਜਾਂਦੇ ਸਨ, ਪਰ ਕਦੇ ਇਹ ਨਹੀਂ ਸੀ ਸੁਣਿਆ ਕਿ ਫਿਰਕਾਪ੍ਰਸਤਾਂ ਨੇ ਕਿਸੇ ਬੁੱਧੀਜੀਵੀ ਜਾਂ ਤਰਕਸ਼ੀਲ ਨੂੰ ਇਸ ਕਰ ਕੇ ਮਾਰ ਦਿੱਤਾ ਹੋਵੇ ਕਿ ਉਹ ਉਨ੍ਹਾਂ ਦੀ ਸੋਚ ਦਾ ਵਿਰੋਧ ਕਰਦਾ ਸੀ। ਪਿਛਲੇ ਸਾਲਾਂ ਵਿਚ ਜੋ ਕਾਂਗ ਆਈ ਸੀ, ਉਸ ਵਿਚ ਖੱਬੇ-ਪੱਖੀ ਆਗੂ ਗੋਵਿੰਦ ਪੰਸਾਰੇ, ਤਰਕਸ਼ੀਲ ਨਰਿੰਦਰ ਦਾਭੋਲਕਰ ਤੇ ਇੱਕ ਸਾਬਕਾ ਵਾਈਸ ਚਾਂਸਲਰ ਕਲਬੁਰਗੀ ਦੇ ਕਤਲ ਪਿੱਛੋਂ ਦਲੀਲ ਨਾਲ ਲਿਖਣ ਵਾਲੀ ਪੱਤਰਕਾਰ ਗੌਰੀ ਲੰਕੇਸ਼ ਦੇ ਕਤਲ ਦੀ ਨੌਬਤ ਵੀ ਆ ਚੁਕੀ ਹੈ। ਜੋ ਲੋਕ ਗੌਰੀ ਲੰਕੇਸ਼ ਅਤੇ ਹੋਰ ਕਤਲਾਂ ਲਈ ਫੜੇ ਗਏ ਹਨ, ਉਨ੍ਹਾਂ ਦੀ ਹਿੱਟ ਲਿਸਟ ਵਿਚ ਏਦਾਂ ਦੇ ਬੁੱਧੀਜੀਵੀ ਹੋਰ ਵੀ ਲਿਖੇ ਨਿਕਲੇ ਹਨ ਤੇ ਇਨ੍ਹਾਂ ਵਿਚ ਦੋ ਪੰਜਾਬੀ ਹਨ। ਇਹ ਕਦੋਂ ਤੱਕ ਜਿੰਦਾ ਰਹਿਣਗੇ, ਅੱਜ ਵਾਲੇ ਮਾਹੌਲ ਵਿਚ ਕੋਈ ਗਾਰੰਟੀ ਨਹੀਂ ਮਿਲ ਸਕਦੀ।

ਰਾਜ-ਸ਼ਕਤੀ ਦੇ ਆਸ਼ੀਰਵਾਦ ਨਾਲ ਉਤਰ ਪ੍ਰਦੇਸ਼ ਵਿਚ ਕਾਤਲਾਂ ਨੇ ਉਹ ਪੁਲਿਸ ਇੰਸਪੈਕਟਰ ਮਾਰ ਦਿੱਤਾ ਹੈ, ਜਿਸ ਨੇ ਮੌਜੂਦਾ ਸਰਕਾਰ ਬਣਨ ਤੋਂ ਕੁਝ ਦਿਨ ਪਿੱਛੋਂ ਉਸ ਰਾਜ ਦੇ ਇੱਕ ਪਿੰਡ ਵਿਚ ਮਾਰੇ ਗਏ ਅਖਲਾਕ ਖਾਨ ਦੇ ਕੇਸ ਦੀ ਜਾਂਚ ਕੀਤੀ ਸੀ। ਇੰਸਪੈਕਟਰ ਦੇ ਘਰ ਵਾਲੇ ਦੱਸਦੇ ਹਨ ਕਿ ਉਸ ਨੂੰ ਉਸ ਕੇਸ ਦੀ ਜਾਂਚ ਉਤੇ ਗਵਾਹੀ ਦੇਣ ਤੋਂ ਰੋਕਣ ਲਈ ਧਮਕੀਆਂ ਮਿਲ ਰਹੀਆਂ ਸਨ ਤੇ ਜਦੋਂ ਇਸ ਹਫਤੇ ਬੁਲੰਦ ਸ਼ਹਿਰ ਵਿਚ ਗਊ ਹੱਤਿਆ ਦੇ ਰੌਲੇ ਦੌਰਾਨ ਉਸ ਦੀ ਹੱਤਿਆ ਹੋਈ ਤਾਂ ਭੀੜ ਹੱਥੋਂ ਮਾਰਿਆ ਗਿਆ ਦੱਸ ਕੇ ਉਸ ਨੂੰ ਮਾਰ ਮੁਕਾਇਆ ਗਿਆ ਹੈ। ਜਾਹਰਾ ਤੌਰ 'ਤੇ ਕਿਹਾ ਗਿਆ ਕਿ ਭੜਕੀ ਹੋਈ ਭੀੜ ਨੇ ਕੁੱਟ-ਕੁੱਟ ਮਾਰ ਦਿੱਤਾ ਹੈ, ਪਰ ਬਾਅਦ ਵਿਚ ਗੱਲ ਸਾਹਮਣੇ ਆਈ ਕਿ ਮੌਤ ਗੋਲੀ ਨਾਲ ਹੋਈ ਹੈ, ਭੀੜ ਤਾਂ ਐਵੇਂ ਉਸ ਦੀ ਲਾਸ਼ ਨੂੰ ਹੀ ਡਾਂਗਾਂ ਨਾਲ ਕੁੱਟਦੀ ਰਹੀ ਸੀ।

ਗੁੰਡਿਆਂ ਨਾਲ ਮੁਕਾਬਲਾ ਕਰਦਿਆਂ ਮਾਰੇ ਗਏ ਪੁਲਿਸ ਅਫਸਰ ਦਾ ਪੁੱਤਰ ਉਹ ਇੰਸਪੈਕਟਰ ਆਪਣੇ ਬਾਪ ਵਾਂਗ ਆਪਣੇ ਫਰਜ਼ ਤੋਂ ਕੁਰਬਾਨ ਹੋ ਗਿਆ, ਪਰ ਸਮਾਜ ਨੂੰ ਉਸ ਦੀ ਕੋਈ ਪ੍ਰਵਾਹ ਹੀ ਨਹੀਂ। ਪ੍ਰਵਾਹ ਇਸ ਕਰ ਕੇ ਨਹੀਂ ਕਿ ਇਸ ਸਮਾਜ ਅਤੇ ਸਿਆਸਤ ਦੇ ਵਹਿਣ ਹੇਠਾਂ ਇੱਕ ਵਹਿਣ ਹੋਰ ਵਗਦਾ ਪਿਆ ਹੈ।

ਵਿਸ਼ਵ ਹਿੰਦੂ ਪ੍ਰੀਸ਼ਦ ਦਾ ਇੱਕ ਆਗੂ ਅਸ਼ੋਕ ਸਿੰਘਲ ਇਸ ਵੇਲੇ ਦੁਨੀਆਂ ਵਿਚ ਨਹੀਂ। ਉਹ ਕਿਹਾ ਕਰਦਾ ਸੀ ਕਿ ਨਰਿੰਦਰ ਮੋਦੀ ਸਰਕਾਰ ਆਈ ਤਾਂ ਸਾਡੀ ਅੱਠ ਸੌ ਸਾਲਾਂ ਦੀ ਗੁਲਾਮੀ ਕੱਟੀ ਗਈ ਹੈ। ਇਸ ਦਾ ਅਰਥ ਇਹ ਸੀ ਕਿ ਉਹ ਕੁਤਬ-ਉਦ-ਦੀਨ ਐਬਕ ਅਤੇ ਉਸ ਤੋਂ ਬਾਅਦ ਦੇ ਸਾਰੇ ਭਾਰਤੀ ਹਾਕਮਾਂ ਦੇ ਰਾਜ ਨੂੰ ਗੁਲਾਮੀ ਮੰਨਦਾ ਸੀ। ਅੱਗੋਂ ਇਸ ਦਾ ਭਾਵ ਇਹ ਹੈ ਕਿ ਜਵਾਹਰ ਲਾਲ ਨਹਿਰੂ ਤੋਂ ਲੈ ਕੇ ਇੰਦਰ ਕੁਮਾਰ ਗੁਜਰਾਲ ਤੱਕ ਦੇ ਸਾਰੇ ਪ੍ਰਧਾਨ ਮੰਤਰੀਆਂ ਦੇ ਸਮੇਂ ਨੂੰ ਵੀ ਉਹ ਹਿੰਦੂਆਂ ਦੀ ਗੁਲਾਮੀ ਸਮਝਦਾ ਸੀ ਤੇ ਜਦੋਂ ਉਹ ਨਰਿੰਦਰ ਮੋਦੀ ਰਾਜ ਵੇਲੇ ਇਸ ਗੁਲਾਮੀ ਦਾ ਖਾਤਮਾ ਕਹਿ ਰਿਹਾ ਸੀ ਤਾਂ ਇਸ ਦਾ ਭਾਵ ਹੈ ਕਿ ਵਾਜਪਾਈ ਸਰਕਾਰ ਨੂੰ ਵੀ ਉਹ ਏਸੇ ਖਾਤੇ ਵਿਚ ਰੱਖਦਾ ਸੀ। ਉਦੋਂ ਅਸ਼ੋਕ ਸਿੰਘਲ ਇੱਕੋ ਬੰਦਾ ਇਹੋ ਜਿਹੇ ਭਾਸ਼ਣ ਕਰਦਾ ਹੁੰਦਾ ਸੀ, ਅੱਜ ਉਹੋ ਜਿਹੀ ਬੋਲੀ ਵਰਤਣ ਵਾਲੇ ਹੋਰ ਕਈ ਏਦਾਂ ਦੇ ਲੋਕ ਨਿਕਲ ਆਏ ਹਨ, ਜਿਨ੍ਹਾਂ ਬਾਰੇ ਕਦੇ ਕਿਸੇ ਨੇ ਸੋਚਿਆ ਨਹੀਂ ਸੀ ਕਿ ਇਹ ਵੀ ਏਦਾਂ ਦੇ ਹੋ ਸਕਦੇ ਹਨ।

ਮੌਕਾ ਬਹੁਤ ਨਾਜ਼ੁਕ ਹੈ। ਫਿਰਕੂ ਕਾਂਗ ਚੜ੍ਹਦੀ ਅਤੇ ਹੋਰ ਚੜ੍ਹਦੀ ਜਾ ਰਹੀ ਹੈ। ਇਸ ਦਾ ਰਾਹ ਰੋਕਣ ਵਾਲੇ ਲੋਕਾਂ ਦੇ ਮੱਤਭੇਦ ਏਨੇ ਜ਼ਿਆਦਾ ਹਨ ਕਿ ਲੋਕਾਂ ਦੇ ਦਰਦ ਵਾਲੀ ਜਿਸ ਕਮੇਟੀ ਵਿਚ ਪੰਜ ਜਣੇ ਬਾਕੀ ਹਨ, ਉਨ੍ਹਾਂ ਨੇ ਹੋਰ ਕੋਈ ਕਾਰਵਾਈ ਕੀ ਕਰਨੀ, ਪਹਿਲੀ ਮੀਟਿੰਗ ਦੀ ਪ੍ਰਧਾਨਗੀ ਦੇ ਮੁੱਦੇ ਤੋਂ ਸਿੰਗ ਫਸਾਉਣ ਤੱਕ ਚਲੇ ਜਾਂਦੇ ਹਨ। ਹਨੇਰੀ ਵੱਡੀ ਆਵੇ ਤਾਂ ਚੁਗੱਤਿਆਂ ਵੇਲੇ ਲਾਏ ਹੋਏ ਰੁੱਖ ਵੀ ਪੁੱਟੇ ਜਾਂਦੇ ਹੁੰਦੇ ਹਨ। ਰੁੱਖਾਂ ਦੀ ਝਿੜੀ ਨਹੀਂ ਪੁੱਟੀ ਜਾਂਦੀ। ਕਾਰਨ ਇਹ ਹੈ ਕਿ ਝਿੜੀ ਵਾਲੇ ਇੱਕ ਦੂਜੇ ਨਾਲ ਪੱਕੇ ਯਾਰਾਂ ਦੇ ਕੜੰਗੜੀ ਪਾਉਣ ਵਾਂਗ ਫਸੇ ਹੁੰਦੇ ਹਨ। ਆਹ ਵਕਤ ਆਪਸੀ ਮੱਤਭੇਦਾਂ ਦੇ ਫੁੰਕਾਰੇ ਛੱਡਣ ਦਾ ਨਹੀਂ, ਭਾਰਤ ਦੇ ਭਵਿੱਖ ਲਈ ਸੈਕੂਲਰ ਤਾਕਤਾਂ ਦੇ ਰੁੱਖਾਂ ਦੀ ਝਿੜੀ ਵਾਂਗ ਜੁੜਨ ਦਾ ਹੈ। ਜੇ ਵਕਤ ਗੁਆ ਬੈਠੇ ਤਾਂ ਸਭ ਨੂੰ ਭੁਗਤਣਾ ਪਵੇਗਾ, ਪੂਰੇ ਦੇਸ਼ ਨੂੰ ਭੁਗਤਣਾ ਪਵੇਗਾ। 'ਮੈਂ ਹੀ ਮੈਂ' ਕਰਨ ਵਾਲਿਆਂ ਨੂੰ ਸਮਝਣਾ ਚਾਹੀਦਾ ਹੈ ਕਿ 'ਡੂਬੇਗੀ ਕਿਸ਼ਤੀ ਤੋ ਡੂਬੇਂਗੇ ਸਾਰੇ, ਨਾ ਤੁਮ ਹੀ ਬਚੋਗੇ, ਨਾ ਸਾਥੀ ਤੁਮ੍ਹਾਰੇ।'

# ਦਰਿਆਈ ਪਾਣੀਆਂ ਨੂੰ ਪ੍ਰਦੂਸ਼ਣ ਦੀ ਮਾਰ

**ਚੰਡੀਗੜ੍ਹ:** ਪੰਜਾਬ ਸਮੇਤ ਦੇਸ਼ ਭਰ ਦੀਆਂ ਨਹਿਰਾਂ ਨੂੰ ਪ੍ਰਦੂਸ਼ਣ ਦੀ ਮਾਰ ਪੈ ਰਹੀ ਹੈ, ਜਿਥੇ ਪੰਜਾਬ ਵਿਚਲੀਆਂ ਨਹਿਰਾਂ ਵੱਡੇ ਪੱਧਰ 'ਤੇ



ਪ੍ਰਦੂਸ਼ਣ ਦਾ ਸਾਹਮਣਾ ਕਰ ਰਹੀਆਂ ਹਨ, ਉਥੇ ਤਾਜ਼ਾ ਰਿਪੋਰਟ ਅਨੁਸਾਰ ਦੇਸ਼ ਦੀਆਂ 62 ਫੀਸਦੀ ਨਹਿਰਾਂ ਦਾ ਪਾਣੀ ਪੀਣ ਯੋਗ ਨਹੀਂ ਰਿਹਾ।

ਰਿਪੋਰਟ ਅਨੁਸਾਰ ਦੇਸ਼ ਦੀਆਂ ਪ੍ਰਮੁੱਖ 521 ਨਦੀਆਂ 'ਚੋਂ 323 ਦਾ ਪਾਣੀ ਜਿਥੇ ਪੀਣ ਯੋਗ ਨਹੀਂ ਹੈ, ਉਥੇ ਨਹਾਉਣ ਲਾਇਕ ਵੀ ਨਹੀਂ ਰਿਹਾ। ਦਰਿਆਈ ਪਾਣੀਆਂ ਨੂੰ ਦੂਸ਼ਿਤ ਕਰਨ ਦੇ ਚਲਦੇ ਪਿਛਲੇ ਦਿਨੀਂ ਐਨ.ਜੀ.ਟੀ. ਵੱਲੋਂ ਪੰਜਾਬ ਸਰਕਾਰ ਨੂੰ 50 ਕਰੋੜ ਦਾ ਜੁਰਮਾਨਾ ਲਾਇਆ ਜਾ ਚੁੱਕਿਆ ਹੈ ਤੇ ਇਸੇ ਮਾਮਲੇ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਾਤਾਵਰਨ ਮੰਤਰੀ ਤੋਂ ਵਿਭਾਗ ਵੀ ਵਾਪਸ ਲੈ ਲਿਆ ਸੀ।

ਰਿਪੋਰਟ ਅਨੁਸਾਰ ਨਹਿਰਾਂ ਵਿਚ ਲਗਾਤਾਰ ਵਧ ਰਹੇ ਪ੍ਰਦੂਸ਼ਣ ਦੇ ਚਲਦੇ ਪਾਣੀ ਵਿਚ ਆਕਸੀਜਨ ਦੀ ਮਾਤਰਾ ਵੀ ਲਗਾਤਾਰ ਘੱਟ ਹੁੰਦੀ ਜਾ ਰਹੀ ਹੈ। ਕੇਂਦਰੀ ਪ੍ਰਦੂਸ਼ਣ ਕਾਬੂ ਬੋਰਡ ਜਿਨ੍ਹਾਂ 521 ਨਦੀਆਂ ਦੇ ਪਾਣੀ ਦੀ ਮਾਨੀਟਰਿੰਗ ਕੀਤੀ ਗਈ ਹੈ, ਉਨ੍ਹਾਂ 'ਚੋਂ 323 ਪ੍ਰਦੂਸ਼ਿਤ ਦੱਸੀਆਂ ਜਾ ਰਹੀਆਂ ਹਨ। ਦੇਸ਼ ਦੀਆਂ 198 ਨਦੀਆਂ ਸਵੱਛ ਪਾਈ ਗਈਆਂ ਹਨ ਜਿਨ੍ਹਾਂ ਵਿਚ ਜ਼ਿਆਦਾਤਰ ਦੱਖਣ-ਪੂਰਬ ਭਾਰਤ ਦੀਆਂ ਨਹਿਰ ਸ਼ਾਮਿਲ ਹਨ। ਦੂਜੇ ਪਾਸੇ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਪੰਜਾਬ ਦੀਆਂ ਨਹਿਰਾਂ ਵਿਚ ਨਿੱਜੀ ਫੈਕਟਰੀਆਂ ਦੇ ਇਲਾਵਾ ਸੀਵਰੇਜ ਦਾ ਪਾਣੀ ਕੋਈ ਹੋਰ ਨਹੀਂ ਸਗੋਂ ਸਰਕਾਰੀ ਅਦਾਰੇ ਹੀ ਸੁੱਟ ਰਹੇ ਹਨ। ਇਹ ਖੁਲਾਸਾ ਜਲ ਸਰੋਤ ਵਿਭਾਗ ਵੱਲੋਂ ਪੰਜਾਬ ਵਿਧਾਨ ਸਭਾ ਦੀ ਅਨੁਮਾਨ ਕਮੇਟੀ ਵੱਲੋਂ ਪੁੱਛੇ ਸਵਾਲ ਦੇ ਜਵਾਬ 'ਚ ਕੀਤਾ ਗਿਆ ਹੈ।

ਵਿਧਾਨ ਸਭਾ ਦੀ ਇਸ ਕਮੇਟੀ ਨੂੰ ਜਲ ਸਰੋਤ ਵਿਭਾਗ ਨੇ ਇਹ ਸਿਫਾਰਸ਼ ਵੀ ਕੀਤੀ ਸੀ ਕਿ ਨਹਿਰਾਂ 'ਚ ਗੰਦਾ ਪਾਣੀ ਸੁੱਟਣ ਵਾਲਿਆਂ ਖਿਲਾਫ ਸਖਤੀ ਵਰਤਦਿਆਂ 'ਐਫ.ਆਈ.ਆਰ.' ਦਰਜ ਕਰਵਾਈ ਜਾਣੀ ਚਾਹੀਦੀ ਹੈ। ਵਿਧਾਨ ਸਭਾ ਦੀ ਅਨੁਮਾਨ ਕਮੇਟੀ ਦੀ ਰਿਪੋਰਟ ਅਨੁਸਾਰ ਕਮੇਟੀ ਨੇ ਵਿਭਾਗ ਨੂੰ ਇਹ ਪੁੱਛਿਆ ਸੀ ਕਿ ਨਹਿਰਾਂ ਵਿਚ ਪੈ ਰਹੇ ਸੀਵਰੇਜ ਦੇ ਪਾਣੀ ਦੀ ਰੋਕਥਾਮ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਜਵਾਬ ਵਿਚ ਵਿਭਾਗੀ ਪ੍ਰਤੀਨਿਧੀਆਂ ਨੇ ਕਮੇਟੀ ਨੂੰ ਜਵਾਬ ਦਿੰਦੇ ਹੋਏ ਕਿਹਾ ਕਿ ਸਰਕਾਰੀ ਅਦਾਰਿਆਂ ਵੱਲੋਂ ਹੀ ਨਹਿਰਾਂ 'ਚ ਗੰਦਾ ਪਾਣੀ ਸੁੱਟਿਆ ਜਾ ਰਿਹਾ ਹੈ ਅਤੇ ਇਸ ਤੋਂ ਬਚਾਅ ਲਈ ਉਥੇ ਐਸ.ਟੀ.ਪੀ. ਲਾਉਣ ਦੀ 'ਪ੍ਰਪੋਜ਼ਲ' ਪਬਲਿਕ ਹੈਲਥ ਵਿਭਾਗ ਦੀ ਹੈ ਜਾਂ ਪੰਜਾਬ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੀ।

## ਪ੍ਰਦੂਸ਼ਣ ਨੇ ਲਈ 12.4 ਲੱਖ ਲੋਕਾਂ ਦੀ ਜਾਨ

**ਨਵੀਂ ਦਿੱਲੀ:** ਭਾਰਤ ਵਿਚ ਪਿਛਲੇ ਸਾਲ ਤੰਬਾਕੂ ਦੇ ਇਸਤੇਮਾਲ ਦੇ ਮੁਕਾਬਲੇ ਹਵਾ ਪ੍ਰਦੂਸ਼ਣ ਨਾਲ ਜ਼ਿਆਦਾ ਲੋਕ ਬਿਮਾਰ ਹੋਏ ਤੇ ਇਸ ਕਾਰਨ ਪ੍ਰਤੀ 8 ਵਿਅਕਤੀਆਂ ਵਿਚੋਂ ਇਕ ਨੇ ਆਪਣੀ ਜਾਨ ਗਵਾਈ। ਇਕ ਰਿਪੋਰਟ ਵਿਚ ਇਹ ਜਾਣਕਾਰੀ ਦਿੱਤੀ ਗਈ। ਇਸ ਖੋਜ ਵਿਚ ਕਿਹਾ ਗਿਆ ਹੈ ਕਿ ਹਵਾ ਦੇ ਸੂਖਮ ਕਣਾਂ ਪੀਐਮ 2.5 ਦੇ ਸਭ ਤੋਂ ਜ਼ਿਆਦਾ ਦਿੱਲੀ ਦੇ ਲੋਕ ਸੰਪਰਕ ਵਿਚ ਹਨ। ਇਸ ਦੇ ਬਾਅਦ ਉੱਤਰ ਪ੍ਰਦੇਸ਼ ਤੇ ਹਰਿਆਣਾ ਦਾ ਨੰਬਰ ਆਉਂਦਾ ਹੈ।

ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ 2017 ਵਿਚ 12.4 ਲੱਖ ਮੌਤਾਂ ਸਿਰਫ ਹਵਾ ਪ੍ਰਦੂਸ਼ਣ ਦੀ ਵਜ੍ਹਾ ਕਰ ਕੇ ਹੋਈਆਂ। ਇਸ ਦੇ ਨਾਲ ਹੀ ਦੇਸ਼ ਵਿੱਚ ਹੋਣ ਵਾਲੀਆਂ ਮੌਤਾਂ ਪਿੱਛੇ ਹਵਾ ਪ੍ਰਦੂਸ਼ਣ ਨੂੰ ਸਭ ਤੋਂ ਵੱਡਾ ਖਤਰਾ ਦੱਸਿਆ ਗਿਆ ਹੈ। ਰਿਪੋਰਟ ਮੁਤਾਬਕ ਜੇ ਹਵਾ ਦੇ ਪ੍ਰਦੂਸ਼ਣ ਦਾ ਪੱਧਰ ਸਿਹਤ ਨੂੰ ਨੁਕਸਾਨ ਪਹੁੰਚਾਉਣ ਦੇ ਪੱਧਰ ਤੋਂ ਹੇਠਾਂ ਹੁੰਦਾ ਤਾਂ ਜਿਊਣ ਦੀ ਦਰ 1.7 ਗੁਣਾ ਜ਼ਿਆਦਾ ਹੋਣੀ ਸੀ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਦੁਨੀਆਂ ਭਰ ਵਿਚ ਹਵਾ ਪ੍ਰਦੂਸ਼ਣ ਕਾਰਨ 18 ਫੀਸਦੀ ਲੋਕਾਂ ਨੇ ਸਮੇਂ ਤੋਂ ਪਹਿਲਾਂ ਆਪਣੀ ਜਾਨ ਗਵਾਈ ਜਾਂ ਫਿਰ ਉਹ ਬਿਮਾਰ ਪੈ ਗਏ। ਇਸ ਵਿਚ ਭਾਰਤ ਦਾ ਅੰਕੜਾ 26 ਫੀਸਦੀ ਰਿਹਾ। ਪਿਛਲੇ ਸਾਲ ਜਿਨ੍ਹਾਂ ਹਵਾ ਪ੍ਰਦੂਸ਼ਣ ਕਾਰਨ ਜਿਨ੍ਹਾਂ 12.4 ਲੋਕਾਂ ਦੀ ਮੌਤ ਹੋਈ, ਉਨ੍ਹਾਂ ਵਿਚੋਂ ਅੱਧੇ ਤੋਂ ਵੱਧ ਦੀ ਉਮਰ 70 ਸਾਲਾਂ ਤੋਂ ਘੱਟ ਸੀ।

## ਆਧਾਰ ਨੂੰ 'ਨਿਰਆਧਾਰ' ਕਰਨ ਦੀ ਤਜਵੀਜ਼

**ਨਵੀਂ ਦਿੱਲੀ:** ਸੁਪਰੀਮ ਕੋਰਟ ਵੱਲੋਂ ਆਧਾਰ ਬਾਰੇ ਦਿੱਤੇ ਫੈਸਲੇ ਨੂੰ ਦੇਖਦਿਆਂ ਕੇਂਦਰ ਸਰਕਾਰ ਆਧਾਰ ਨੰਬਰ ਰੱਖਣ ਦੀ ਸਹੂਲਤ ਨਾਗਰਿਕਾਂ 'ਤੇ ਹੀ ਛੱਡਣ ਜਾ ਰਹੀ ਹੈ। ਸਰਕਾਰ ਵੱਲੋਂ ਆਧਾਰ ਐਕਟ ਦੀ ਧਾਰਾ 33(2) ਵਿਚ ਸੋਧ ਨੂੰ ਵੀ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ ਜੋ ਕੌਮੀ ਸੁਰੱਖਿਆ ਹਿੱਤਾਂ ਨੂੰ ਦੇਖਦਿਆਂ ਸੰਯੁਕਤ ਸਕੱਤਰ ਰੈਂਕ ਦੇ ਅਧਿਕਾਰੀ ਦੇ ਹੁਕਮਾਂ 'ਤੇ ਬਾਇਓਮੀਟਰਿਕ ਜਾਣਕਾਰੀ ਦਾ ਖੁਲਾਸਾ ਕਰਨ ਦੀ ਇਜਾਜ਼ਤ ਦਿੰਦੀ ਸੀ।

ਸੂਤਰਾਂ ਨੇ ਕਿਹਾ ਕਿ ਸੂਚਨਾ ਤਕਨਾਲੋਜੀ ਮੰਤਰਾਲੇ ਦੇ ਅਧਿਕਾਰੀਆਂ ਨੇ ਆਧਾਰ ਐਕਟ 'ਚ ਸੋਧ ਦੀ ਤਜਵੀਜ਼ ਨੂੰ ਕਰੀਬ-ਕਰੀਬ ਅੰਤਿਮ ਰੂਪ ਦੇ ਦਿੱਤਾ ਹੈ।

ਇਸ ਨਾਲ ਨਾਗਰਿਕਾਂ ਨੂੰ ਬਾਇਓਮੀਟਰਿਕ ਅਤੇ ਯੂਆਈਡੀਏਆਈ ਵੱਲੋਂ ਇਕੱਠੇ ਕੀਤੇ ਹੋਰ ਡੇਟਾ ਸਮੇਤ ਨਿਵੇਕਲਾ ਪਛਾਣ ਨੰਬਰ ਵੀ ਵਾਪਸ ਲੈਣ ਦਾ ਬਦਲ ਮਿਲ ਜਾਵੇਗਾ। ਇਸ ਸਾਲ ਸਤੰਬਰ 'ਚ ਸੁਪਰੀਮ ਕੋਰਟ ਨੇ ਕੁਝ ਸ਼ਰਤਾਂ ਨਾਲ ਆਧਾਰ ਦੀ ਵੈਧਤਾ ਨੂੰ ਬਹਾਲ ਰੱਖਿਆ ਸੀ। ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸ਼ੁਰੂ ਵਿਚ ਯੂ.ਆਈ.ਡੀ.ਏ.ਆਈ. ਨੇ ਪੇਸ਼ਕਸ਼ ਕੀਤੀ ਸੀ ਕਿ ਬੱਚੇ ਦੇ 18 ਵਰ੍ਹਿਆਂ ਦਾ ਹੋਣ 'ਤੇ ਉਸ ਨੂੰ ਛੇ ਮਹੀਨੇ ਦਾ ਸਮਾਂ ਦਿੱਤਾ ਜਾਵੇ ਕਿ ਉਹ ਨੰਬਰ ਵਾਪਸ ਲੈਣਾ ਚਾਹੁੰਦਾ ਹੈ ਜਾਂ ਨਹੀਂ। ਇਹ ਤਜਵੀਜ਼ ਕਾਨੂੰਨ ਅਤੇ ਨਿਆਂ ਮੰਤਰਾਲੇ ਕੋਲ ਭੇਜੀ ਗਈ ਜਿਨ੍ਹਾਂ ਸੁਝਾਅ ਦਿੱਤਾ ਕਿ ਸਾਰੇ ਨਾਗਰਿਕਾਂ ਨੂੰ ਹੀ ਵਾਪਸ ਲੈਣ ਦਾ ਬਦਲ ਮਿਲਣਾ ਚਾਹੀਦਾ ਹੈ। ਇਸ ਤਜਵੀਜ਼ ਬਾਰੇ ਕੈਬਨਿਟ ਦੀ ਅਗਲੀ ਬੈਠਕ 'ਚ ਵਿਚਾਰਾਂ ਕੀਤੀਆਂ ਜਾ ਸਕਦੀਆਂ ਹਨ। ਜਿਨ੍ਹਾਂ ਕੋਲ ਪੈਨ ਕਾਰਡ ਹੈ, ਉਨ੍ਹਾਂ ਨੂੰ ਆਧਾਰ ਨਾਲ ਜੁੜਨਾ ਪਏਗਾ।

## ਜੰਮੂ ਕਸ਼ਮੀਰ ਵਿਚ ਸੁਰੱਖਿਆ ਦਸਤਿਆਂ ਨੇ ਇਸ ਸਾਲ 230 ਅਤਿਵਾਦੀ ਮਾਰੇ

**ਨਵੀਂ ਦਿੱਲੀ:** ਜੰਮੂ ਕਸ਼ਮੀਰ ਵਿਚ ਸੁਰੱਖਿਆ ਦਸਤਿਆਂ ਨੇ ਇਸ ਸਾਲ ਹੁਣ ਤੱਕ 230 ਅਤਿਵਾਦੀ ਮਾਰ ਸੁੱਟੇ ਹਨ ਜਦਕਿ ਪੱਥਰਬਾਜ਼ੀ ਦੀਆਂ ਵਾਰਦਾਤਾਂ ਵਿਚ ਜ਼ਖਮੀ ਹੋਣ ਵਾਲਿਆਂ ਦੀ ਗਿਣਤੀ ਵਿਚ ਵੀ ਕਮੀ ਆਈ ਹੈ। ਇਕ ਅਧਿਕਾਰੀ ਨੇ ਦੱਸਿਆ ਕਿ 25 ਜੂਨ ਤੋਂ 14 ਸਤੰਬਰ ਤੱਕ 80 ਦਿਨਾਂ ਦੌਰਾਨ 51 ਅਤਿਵਾਦੀ ਮਾਰੇ ਗਏ ਜਦਕਿ 15 ਸਤੰਬਰ ਤੋਂ 5 ਦਸੰਬਰ ਤੱਕ 85 ਅਤਿਵਾਦੀ ਮਾਰੇ ਗਏ ਹਨ।

ਇਸ ਸਾਲ ਹੁਣ ਤੱਕ ਕੁੱਲ 232 ਅਤਿਵਾਦੀ ਮਾਰੇ ਗਏ ਹਨ ਜਦਕਿ ਕਸ਼ਮੀਰ ਵਾਦੀ ਵਿਚ ਕੁਝ ਵਿਦੇਸ਼ੀਆਂ ਸਣੇ 240 ਅਤਿਵਾਦੀ ਸਰਗਰਮ ਹਨ। 25 ਜੂਨ ਤੋਂ 14 ਸਤੰਬਰ ਤੱਕ ਸੁਰੱਖਿਆ ਦਸਤਿਆਂ ਸਣੇ ਅੱਠ ਜਣੇ ਮਾਰੇ ਗਏ ਜਦਕਿ 216 ਵਿਅਕਤੀ ਜ਼ਖਮੀ ਹੋਏ ਹਨ। 5 ਸਤੰਬਰ ਤੋਂ 5 ਦਸੰਬਰ ਤੱਕ ਮਗਰਲੇ 80 ਦਿਨਾਂ ਦੌਰਾਨ ਦੋ ਵਿਅਕਤੀ ਹਲਾਕ ਤੇ ਪੱਥਰਬਾਜ਼ੀ ਦੌਰਾਨ 170 ਜਣੇ ਜ਼ਖਮੀ ਹੋਏ ਹਨ। ਇਕ ਹੋਰ ਅਫਸਰ ਨੇ ਦਾਅਵਾ ਕੀਤਾ ਕਿ 19 ਜੂਨ ਨੂੰ ਰਾਜ ਵਿਚ ਗਵਰਨਰੀ ਰਾਜ ਲਾਗੂ ਕਰਨ ਤੋਂ ਬਾਅਦ ਕਸ਼ਮੀਰ ਵਾਦੀ ਵਿਚ ਸੁਰੱਖਿਆ ਦੇ ਹਾਲਾਤ ਵਿਚ ਚੋਖਾ ਸੁਧਾਰ ਆਇਆ ਹੈ।

## ਦਿੱਲੀ ਹਵਾਈ ਅੱਡੇ ਨੂੰ ਸਰਕਾਰੀ ਬੱਸ ਸੇਵਾ ਬਹਾਲ

**ਜਲੰਧਰ:** ਦਿੱਲੀ ਹਵਾਈ ਅੱਡੇ ਨੂੰ ਬੰਦ ਹੋਈ ਸਰਕਾਰੀ ਬੱਸਾਂ ਸੇਵਾ ਮੁੜ ਸ਼ੁਰੂ ਹੋ ਗਈ ਹੈ। ਜ਼ਿਕਰਯੋਗ ਹੈ ਕਿ ਦਿੱਲੀ ਟਰਾਂਸਪੋਰਟ ਅਥਾਰਿਟੀ ਨੇ ਪਿਛਲੇ ਮਹੀਨੇ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੀਆਂ ਪੰਜ ਬੱਸਾਂ ਨੂੰ ਜ਼ਬਤ ਕਰ ਲਿਆ ਸੀ ਤੇ ਪੰਜਾਬ ਸਰਕਾਰ ਨੂੰ ਜੁਰਮਾਨਾ ਦੇ ਕੇ ਬੱਸਾਂ ਛੁਡਾਉਣੀਆਂ ਪਈਆਂ ਸਨ। ਹਾਲਾਂਕਿ ਬਾਦਲਾਂ ਦੀ ਮਾਲਕੀ ਵਾਲੀਆਂ ਇੰਡੋ-ਕੈਨੇਡੀਅਨ ਬੱਸਾਂ ਕੋਲ ਸਟੇਜ ਕੈਰਿਜ ਪਰਮਿਟ ਨਾ ਹੋਣ ਦੇ ਬਾਵਜੂਦ ਇਹ ਬੇਰੋਕ-ਟੋਕ ਦਿੱਲੀ ਹਵਾਈ ਅੱਡੇ ਨੂੰ ਚੱਲ ਰਹੀਆਂ ਹਨ।

ਪੰਜਾਬ ਟਾਈਮਜ਼

*ਸਨਿਚਰਵਾਰ, 15 ਦਸੰਬਰ 2018*

# ਭੁੱਲਾਂ ਬਖਸ਼ਾਉਣ ਦੀ ਸਿਆਸਤ

ਇਹ ਮਹਿਜ ਇਤਫਾਕ ਹੋ ਸਕਦਾ ਹੈ ਕਿ ਬਰਗਾੜੀ ਇਨਸਾਫ ਮੋਰਚੇ ਦੀ ਸਮਾਪਤੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀਆਂ ਭੁੱਲ ਬਖਸ਼ਾਉਣ ਵਾਲੀ ਗੱਲਾਂ ਨਾਲੋ-ਨਾਲ ਹੋਈਆਂ ਹਨ। ਭੁੱਲ ਬਖਸ਼ਾਉਣ ਦੇ ਨਾਂ 'ਤੇ ਬਾਦਲਾਂ ਨੇ ਜੋ ਕੁਝ ਕੀਤਾ, ਉਸ ਦੀ ਬੜੀ ਤਿੱਖੀ ਨੁਕਤਾਚੀਨੀ ਹੋਈ ਹੈ ਅਤੇ ਬਹੁਤਿਆਂ ਨੇ ਇਸ ਨੂੰ ਨਿਰਾ ਪਖੰਡ ਕਰਾਰ ਦਿੱਤਾ ਹੈ। ਨਾਲ ਹੀ ਇਹ ਸਵਾਲ ਵੀ ਦਾਗੇ ਹਨ ਕਿ ਕੀਤੀਆਂ ਭੁੱਲਾਂ ਬਾਰੇ ਵੀ ਵਿਸਥਾਰ ਸਹਿਤ ਦੱਸਿਆ ਜਾਵੇ? ਇਨ੍ਹਾਂ ਸਵਾਲਾਂ ਦਾ ਅਕਾਲੀ ਦਲ ਦੀ ਲੀਡਰਸ਼ਿਪ ਕੋਲ ਕੋਈ ਜਵਾਬ ਨਹੀਂ ਹੈ। ਬੇਅਦਬੀ ਦੇ ਮਾਮਲਿਆਂ 'ਤੇ ਬਾਦਲਾਂ ਖਿਲਾਫ ਇਹ ਮੰਗ ਉਠਦੀ ਰਹੀ ਹੈ ਕਿ ਇਨ੍ਹਾਂ ਨੂੰ ਅਕਾਲ ਤਖਤ ਉਤੇ ਤਲਬ ਕੀਤਾ ਜਾਵੇ ਪਰ ਇਸ ਮੰਗ ਵੱਲ ਕਿਸੇ ਨੇ ਉਕਾ ਹੀ ਗੌਰ ਨਹੀਂ ਕੀਤਾ, ਕਿਉਂਕਿ ਅਕਾਲ ਤਖਤ ਦਾ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦਾ ਸਮੁੱਚਾ ਪ੍ਰਬੰਧ ਤਾਂ ਬਾਦਲਾਂ ਦੇ ਹੱਥ ਹੀ ਸੀ। ਇਸ ਟਾਲ-ਮਟੋਲ ਦਾ ਨਤੀਜਾ ਹੁਣ ਇਹ ਨਿਕਲਿਆ ਹੈ ਕਿ ਭੁੱਲਾਂ ਬਖਸ਼ਾਉਣ ਦਾ ਅੱਕ ਚੱਬਣ ਦੇ ਬਾਵਜੂਦ ਸੰਗਤ ਦਾ ਰੋਸ ਸ਼ਾਂਤ ਨਹੀਂ ਹੋ ਰਿਹਾ। ਉਧਰ, ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਟਕਸਾਲੀ ਆਗੂਆਂ ਨੇ ਜੋ ਵੰਗਾਰ ਪਾਈ ਹੈ, ਉਸ ਦਾ ਮੂੰਹ-ਮੱਥਾ ਬਣਨਾ ਵੀ ਸ਼ੁਰੂ ਹੋ ਗਿਆ ਹੈ। ਅਕਾਲੀ ਦਲ ਵਿਚ ਅਜਿਹੀ ਟੁੱਟ-ਭੱਜ ਭਾਵੇਂ ਪਹਿਲਾਂ ਵੀ ਹੋਈ ਹੈ ਪਰ ਉਸ ਟੁੱਟ-ਭੱਜ ਦਾ ਅੰਤਿਮ ਨਤੀਜਾ ਬਾਦਲਾਂ ਦੇ ਹੱਕ ਵਿਚ ਹੀ ਜਾਂਦਾ ਰਿਹਾ ਹੈ। ਐਤਕੀਂ ਸ਼ਾਇਦ ਪਹਿਲੀ ਵਾਰ ਹੈ ਕਿ ਲੀਡਰਸ਼ਿਪ ਦੇ ਪੈਰਾਂ ਹੇਠੋਂ ਜ਼ਮੀਨ ਪੂਰੀ ਤਰ੍ਹਾਂ ਖਿਸਕੀ ਹੋਈ ਹੈ ਅਤੇ ਚੁਫੇਰਿਓਂ ਹਮਲੇ ਹੋ ਰਹੇ ਹਨ। ਉਂਜ, ਹੁਣ ਸਭ ਦੀਆਂ ਨਜ਼ਰਾਂ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਉਤੇ ਹਨ। ਅਸਤੀਫਾ ਦੇਣ ਤੋਂ ਬਾਅਦ ਉਹ ਭਾਵੇਂ ਅਜੇ ਤਕ ਤਕਰੀਬਨ ਖਾਮੋਸ਼ ਹੀ ਰਹੇ ਹਨ ਪਰ ਉਨ੍ਹਾਂ ਕੁਝ ਮੌਕਿਆਂ ਉਤੇ ਬਾਗੀ ਆਗੂਆਂ ਦੇ ਪਾਲੇ ਵਿਚ ਖੜ੍ਹਨ ਦਾ ਸੰਕੇਤ ਦਿੱਤਾ ਹੈ। ਜਾਪਦਾ ਇਹ ਹੈ ਕਿ ਉਹ ਕਿਸੇ ਖਾਸ ਮੌਕੇ ਦੀ ਉਡੀਕ ਵਿਚ ਹਨ। ਫਿਲਹਾਲ ਤਾਂ ਟਕਸਾਲੀ ਆਗੂਆਂ ਦੀ ਬਗਾਵਤ ਦਾ ਬਹੁਤਾ ਅਸਰ ਮਾਝੇ ਤੱਕ ਹੀ ਸੀਮਤ ਹੈ, ਭਾਵੇਂ ਇਨ੍ਹਾਂ ਆਗੂਆਂ ਨੇ ਆਪਣੇ ਖੰਭ ਫੈਲਾਉਣ ਦਾ ਯਤਨ ਕੀਤਾ ਹੈ।

ਬਰਗਾੜੀ ਵਿਚ ਇਨਸਾਫ ਮੋਰਚਾ ਜੂਨ ਤੋਂ ਚੱਲ ਰਿਹਾ ਸੀ ਪਰ ਜਿਉਂ ਹੀ ਇਹ ਮੋਰਚਾ ਚੁੱਕੇ ਜਾਣ ਦਾ ਐਲਾਨ ਹੋਇਆ, ਕਈ ਪਾਸਿਆਂ ਤੋਂ ਘੁਸਰ-ਮੁਸਰ ਸ਼ੁਰੂ ਹੋ ਗਈ। ਇਹ ਗੱਲ ਵੀ ਸਪਸ਼ਟ ਹੋ ਗਈ ਕਿ ਕੁਝ ਆਗੂ ਇਸ ਮੋਰਚੇ ਦੀ ਆੜ ਵਿਚ ਆਪਣੀ ਸਿਆਸਤ ਵੀ ਚਲਾ ਰਹੇ ਸਨ। ਇਸੇ ਕਰਕੇ ਆਉਣ ਵਾਲੇ ਦਿਨਾਂ ਦੌਰਾਨ ਪੰਥਕ ਧਿਰਾਂ ਦੀ ਸਿਆਸਤ ਉਤੇ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਤੋਂ ਬਾਗੀ ਹੋ ਕੇ ਸਿਆਸੀ ਸਰਗਰਮੀ ਚਲਾ ਰਹੇ ਸੁਖਪਾਲ ਸਿੰਘ ਖਹਿਰਾ ਤੇ ਉਨ੍ਹਾਂ ਦੇ ਸਾਥੀ ਲੁਧਿਆਣਾ ਦੇ ਬੈਂਸ ਭਰਾਵਾਂ ਦੀ ਸਿਆਸੀ ਲਾਮਬੰਦੀ ਦਾ ਨਿਤਾਰਾ ਵੀ ਹੁਣ ਹੀ ਹੋਣਾ ਹੈ। ਲੋਕ ਸਭਾ ਚੋਣਾਂ ਵੀ ਸਿਰ 'ਤੇ ਹਨ। ਹੁਣੇ ਹੁਣੇ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਹੋਈਆਂ ਹਨ ਅਤੇ ਇਨ੍ਹਾਂ ਵਿਚੋਂ ਤਿੰਨ ਸੂਬਿਆਂ-ਛਤੀਸਗੜ੍ਹ, ਰਾਜਸਥਾਨ ਤੇ ਮੱਧ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਸੱਤਾ ਵਿਚੋਂ ਬਾਹਰ ਹੋ ਗਈ ਹੈ। ਇਨ੍ਹਾਂ ਚੋਣਾਂ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਸੈਮੀਫਾਈਨਲ ਮੈਚ ਵਾਂਗ ਲਿਆ ਜਾ ਰਿਹਾ ਸੀ। ਭਾਰਤੀ ਜਨਤਾ ਪਾਰਟੀ ਦੀ ਇਸ ਹਾਰ ਦਾ ਅਸਰ ਦੇਸ਼ ਭਰ ਦੀ ਸਿਆਸਤ ਉਤੇ ਪੈਣਾ ਹੈ ਅਤੇ ਪੰਜਾਬ ਵੀ ਇਸ ਤੋਂ ਅਛੋਹ ਨਹੀਂ ਰਹਿ ਸਕੇਗਾ। ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਦੀ ਭਾਈਵਾਲੀ ਸ਼੍ਰੋਮਣੀ ਅਕਾਲੀ ਦਲ ਨਾਲ ਹੈ ਅਤੇ ਅਕਾਲੀ ਦਲ ਦਾ ਇਸ ਵੇਲੇ ਜੋ ਹਾਲ ਹੈ, ਉਹ ਕਿਸੇ ਤੋਂ ਲੁਕਿਆ ਨਹੀਂ ਹੈ।

ਉਂਜ, ਹਾਲ ਦੀ ਘੜੀ ਤੱਥ ਇਹ ਹਨ ਕਿ ਨਾ ਤਾਂ ਦੇਸ਼ ਪੱਧਰ 'ਤੇ, ਅਤੇ ਨਾ ਹੀ ਪੰਜਾਬ ਪੱਧਰ 'ਤੇ ਲੋਕਾਂ ਦੇ ਰੋਹ ਨੂੰ ਖਾਸ ਮੋੜਾ ਦੇਣ ਵਾਲੀ ਕੋਈ ਲੀਡਰਸ਼ਿਪ ਦਿਸ ਰਹੀ ਹੈ। ਦੇਸ਼ ਪੱਧਰ ਉਤੇ ਮਹਾ ਗੱਠਜੋੜ ਅਜੇ ਬਣਨਾ ਹੈ। ਇਸ ਗਠਜੋੜ ਦੀ ਅਗਵਾਈ ਲਈ ਕਾਂਗਰਸ ਚਿਰਾਂ ਦੀ ਖੰਭ ਤੋਲ ਰਹੀ ਹੈ ਪਰ ਇਸ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਅੰਦਰ ਕ੍ਰਿਸ਼ਮਈ ਸਿਆਸਤ ਜੋਗਾ ਤਾਣ ਨਹੀਂ ਹੈ। ਪੰਜਾਬ ਦਾ ਹਾਲ ਇਸ ਤੋਂ ਵੀ ਮਾੜਾ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੂਬੇ ਅੰਦਰ ਤੀਜੇ ਮੋਰਚੇ ਦਾ ਮੂੰਹ-ਮੱਥਾ ਐਨ ਬਣ ਗਿਆ ਸੀ ਅਤੇ ਸਿਆਸੀ ਮਾਹਿਰਾਂ ਨੇ ਤਾਂ ਤੀਜੇ ਮੋਰਚੇ ਦੀ ਸਰਕਾਰ ਬਣਨ ਬਾਰੇ ਕਿਆਸਆਰਾਈਆਂ ਵੀ ਲਾ ਲਈਆਂ ਸਨ ਪਰ ਐਨ ਮੌਕੇ 'ਤੇ ਪਾਸੇ ਪਲਟ ਗਏ। ਇਸ ਤੋਂ ਬਾਅਦ ਆਮ ਆਦਮੀ ਪਾਰਟੀ ਅੰਦਰ ਜੋ ਕੁਝ ਹੋਇਆ, ਉਸ ਤੋਂ ਤੀਜੇ ਮੋਰਚੇ ਦੀ ਕਾਇਮੀ ਚਾਹੁਣ ਵਾਲੇ ਅੰਤਾਂ ਦੇ ਨਿਰਾਸ਼ ਹੋਏ। ਹੁਣ ਤੱਕ ਇਸ ਸਿਲਸਿਲੇ ਵਿਚ ਕੋਈ ਨਵੀਂ ਪਹਿਲਕਦਮੀ ਕਿਸੇ ਪਾਸਿਓਂ ਨਹੀਂ ਹੋ ਸਕੀ ਹੈ। ਸ਼੍ਰੋਮਣੀ ਅਕਾਲੀ ਦਲ ਤੋਂ ਲੋਕ ਅੱਕੇ ਪਏ ਹਨ ਅਤੇ ਫਿਲਹਾਲ ਇਸ ਦੇ ਆਗੂਆਂ ਨੂੰ ਕੋਈ ਵੀ ਛੋਟ ਦੇਣ ਲਈ ਤਿਆਰ ਨਹੀਂ ਹਨ। ਕਾਂਗਰਸ ਦੀ ਸਰਕਾਰ ਡੇਢ ਸਾਲ ਬਾਅਦ ਵੀ ਕੋਈ ਜਲਵਾ ਨਹੀਂ ਦਿਖਾ ਸਕੀ ਹੈ, ਸਗੋਂ ਸਰਕਾਰ ਦੀ ਅਗਵਾਈ ਕਰ ਰਹੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਤਾਰਪੁਰ ਲਾਂਘੇ ਬਾਰੇ ਬਿਆਨ ਦੇ ਕੇ ਸਿਆਸੀ ਪਿੜ ਵਿਚ ਹਲਚਲ ਮਚਾਈ ਹੋਈ ਹੈ। ਭਾਵੇਂ ਕਿਹਾ ਜਾ ਰਿਹਾ ਹੈ ਕਿ ਉਹ ਇਹ ਬਿਆਨਬਾਜ਼ੀ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਕਰ ਰਹੇ ਹਨ ਪਰ ਇਸ ਪ੍ਰਸੰਗ ਵਿਚ ਨਵਜੋਤ ਸਿੰਘ ਸਿੱਧੂ ਵਾਲਾ ਮਸਲਾ ਵੀ ਚਰਚਾ ਵਿਚ ਆ ਰਿਹਾ ਹੈ। ਮੁੱਖ ਮੰਤਰੀ ਕਿਸੇ ਵੀ ਸੂਰਤ ਵਿਚ ਨਵਜੋਤ ਸਿੱਧੂ ਨੂੰ ਆਪਣੀ ਕਤਾਰ ਵਿਚੋਂ ਬਾਹਰ ਰੱਖਣਾ ਚਾਹੁੰਦੇ ਹਨ। ਆਮ ਆਦਮੀ ਪਾਰਟੀ ਦੀ ਸਿਆਸਤ ਕਿਸ ਰੁਖ ਕਰਵਟ ਲਵੇਗੀ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਕ ਗੱਲ ਸਾਫ ਹੋ ਰਹੀ ਹੈ ਕਿ ਇਸ ਵਾਰ ਲੋਕ ਸਭਾ ਚੋਣਾਂ ਦੌਰਾਨ ਇਕ ਵਾਰ ਫਿਰ ਨਤੀਜੇ ਹੈਰਾਨ ਕਰਨ ਵਾਲੇ ਆ ਸਕਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੇਵਾ ਤੇ ਮਾਫੀਆਂ?*

ਰਹੇ 'ਤਲਬ' ਕਰਵਾਉਂਦੇ ਜੋ ਦੂਜਿਆਂ ਨੂੰ, ਮਨਮਰਜੀ ਦੀਆਂ 'ਚੌਕੀਆਂ' ਭਰਨ ਲੱਗੇ।
ਜਾਣ ਗਿਆ ਏ ਪੰਥ ਹੁਣ ਖਸਲਤਾਂ ਨੂੰ, ਪੈਣੇ ਪਿੰਡਾਂ ਵਿਚ 'ਡਲਿਆਂ' ਤੋਂ ਡਰਨ ਲੱਗੇ।
ਕਰਿਆ ਰੱਜ ਕੇ ਘਾਣ ਸੀ ਫਲਸਫੇ ਦਾ, ਪਾਠ 'ਜਾਣੇ-ਅਣਜਾਣੇ' ਦਾ ਪੜ੍ਹਨ ਲੱਗੇ।
ਲਹਿ ਚੁਕੇ ਨੇ ਦਿਲਾਂ 'ਚੋਂ ਸਾਰਿਆਂ ਦੇ, 'ਪੌੜੀ' ਧਰਮ ਦੀ ਵਰਤ ਕੇ ਚੜ੍ਹਨ ਲੱਗੇ।
ਲੋਕੀਂ ਚਾਹੁੰਦੇ ਨੇ ਸਾਹਮਣੇ ਹੋਏ ਸਾਡੇ, ਹੋਇਆ 'ਹਸ਼ਰ' ਸੀ ਜਿਵੇਂ ਗੱਦਾਫੀਆਂ ਦਾ।
ਨਫਰਤ ਇਨ੍ਹਾਂ ਲਈ ਵਧੀ ਐ ਹੋਰ ਯਾਰੋ, ਨਾਟਕ ਦੇਖ ਕੇ 'ਸੇਵਾ ਤੇ ਮਾਫੀਆਂ' ਦਾ!

# ਬੁਲੰਦਸ਼ਹਿਰ ਕਾਂਡ ਖਤਰਨਾਕ ਸਾਜ਼ਿਸ਼ ਦਾ ਸੰਕੇਤ

ਬੂਟਾ ਸਿੰਘ
ਫੋਨ: +91-94634-74342

ਹਾਲ ਹੀ ਵਿਚ ਯੂ.ਪੀ. ਦੇ ਬੁਲੰਦਸ਼ਹਿਰ ਜ਼ਿਲ੍ਹੇ ਦੇ ਸਿਆਨਾ ਇਲਾਕੇ ਵਿਚ ਜੋ ਵਾਪਰਿਆ, ਉਸ ਨਾਲ ਸੰਘ ਪਰਿਵਾਰ ਵਲੋਂ ਪੂਰੇ ਮੁਲਕ ਵਿਚ ਫਿਰਕੂ ਫਸਾਦਾਂ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਦੀ ਨਵੀਂ ਕੜੀ ਸਾਹਮਣੇ ਆਈ ਹੈ। ਬੁਲੰਦ ਸ਼ਹਿਰ ਦੇ ਬਾਹਰ 'ਤਬਲੀਗੀ ਇਤਜੀਮਾ' (ਮੁਸਲਿਮ ਭਾਈਚਾਰੇ ਦਾ ਤਿੰਨ ਰੋਜ਼ਾ ਧਾਰਮਿਕ ਇਕੱਠ) ਮੌਕੇ ਗਊ ਦੇ ਕਰੰਗ ਅਤੇ ਟੁਕੜੇ ਸੁੱਟ ਕੇ ਇਹ ਕਹਾਣੀ ਪ੍ਰਚਾਰੀ ਗਈ ਕਿ ਇਥੇ ਗਊ ਹੱਤਿਆ ਕੀਤੀ ਗਈ ਹੈ। ਇਸ ਇਲਾਕੇ ਵਿਚ ਸਦਾ ਫਿਰਕੂ ਸਦਭਾਵਨਾ ਦਾ ਮਾਹੌਲ ਰਿਹਾ ਹੈ ਅਤੇ ਉਥੇ ਬਾਬਰੀ ਮਸਜਿਦ ਢਾਹੇ ਜਾਣ ਜਾਂ ਹੋਰ ਵੱਡੇ ਕਾਂਡਾਂ ਸਮੇਂ ਵੀ ਕਦੇ ਫਿਰਕੂ ਤਣਾਓ ਨਹੀਂ ਰਿਹਾ। ਹਿੰਦੂ ਭਾਈਚਾਰੇ ਵਲੋਂ ਮੁਸਲਿਮ ਪੰਜਾਹ ਹਜ਼ਾਰ ਅਕੀਦਤਮੰਦਾਂ ਲਈ ਖਾਣੇ ਦੇ ਉਚੇਚਾ ਇੰਤਜ਼ਾਮ ਕੀਤੇ ਗਏ। ਹਿੰਦੂ ਅਤੇ ਮੁਸਲਿਮ ਭਾਈਚਾਰੇ ਇਕ ਦੂਜੇ ਦੇ ਧਾਰਮਿਕ ਤਿਓਹਾਰਾਂ ਮੌਕੇ ਇਕ ਦੂਸਰੇ ਲਈ ਇਸ ਤਰ੍ਹਾਂ ਖੁਸ਼ੀ ਖੁਸ਼ੀ ਲੰਗਰ ਦਾ ਇੰਤਜ਼ਾਮ ਅਕਸਰ ਹੀ ਕਰਦੇ ਹਨ। ਇਥੋਂ ਤਕ ਕਿ ਹਿੰਦੂ ਮੰਦਰ ਵਿਚ ਮੁਸਲਮਾਨਾਂ ਨੂੰ ਨਮਾਜ ਪੜ੍ਹਨ ਲਈ ਜਗ੍ਹਾ ਮੁਹੱਈਆ ਕਰਨ ਦੀ ਆਹਲਾ ਮਿਸਾਲ ਵੀ ਇਸ ਇਲਾਕੇ ਨੇ ਪੇਸ਼ ਕੀਤੀ ਹੈ। ਲਿਹਾਜ਼ਾ ਇਸ ਇਲਾਕੇ ਨੂੰ ਭੜਕਾਹਟ ਪੈਦਾ ਕਰਨ ਲਈ ਖਾਸ ਤੌਰ 'ਤੇ ਚੁਣਿਆ ਗਿਆ ਜਾਪਦਾ ਹੈ।

'ਗਊ ਹੱਤਿਆ' ਦਾ ਸ਼ਿਕਾਇਤ ਕਰਤਾ ਬਜਰੰਗ ਦਲ ਦਾ ਆਗੂ ਯੋਗੇਸ਼ ਰਾਜ ਹੈ ਜਿਸ ਨੇ ਪਹਿਲਾਂ ਬਿਆਨ ਦਿੱਤਾ ਕਿ ਉਸ ਨੂੰ ਸਵੇਰ ਦੀ ਸੈਰ ਕਰਦੇ ਵਕਤ ਗਊ ਹੱਤਿਆ ਕੀਤੇ ਜਾਣ ਦਾ ਪਤਾ ਲੱਗਾ। ਹੁਣ ਜਦੋਂ ਇੰਸਪੈਕਟਰ ਸੁਬੋਧ ਕੁਮਾਰ ਸਿੰਘ ਦੀ ਹੱਤਿਆ ਲਈ ਉਸ ਨੂੰ ਮੁੱਖ ਮੁਲਜ਼ਮ ਨਾਮਜ਼ਦ ਕਰ ਲਿਆ ਗਿਆ ਹੈ ਤਾਂ ਵੀਡੀਓ ਕਲਿੱਪ ਜਾਰੀ ਕਰਕੇ ਉਹ ਆਪਣੇ ਪਹਿਲੇ ਬਿਆਨ ਤੋਂ ਮੁੱਕਰ ਗਿਆ ਹੈ। ਹੁਣ ਉਹ ਕਹਿ ਰਿਹਾ ਹੈ ਕਿ ਉਹ ਮੌਕੇ 'ਤੇ ਮੌਜੂਦ ਨਹੀਂ ਸੀ, ਉਸ ਨੂੰ ਕਿਸੇ ਹੋਰ ਨੇ ਸੂਚਨਾ ਦਿੱਤੀ ਸੀ ਕਿ ਫਲਾਣੀ ਥਾਂ ਗਊ ਦੇ ਕਰੰਗ ਅਤੇ ਸਰੀਰ ਦੇ ਟੁਕੜੇ ਪਏ ਹਨ।

ਸਥਾਨਕ ਲੋਕਾਂ ਨੇ ਇਸ ਤੋਂ ਬਿਲਕੁਲ ਵੱਖਰੀ ਕਹਾਣੀ ਦੱਸੀ ਹੈ। ਉਨ੍ਹਾਂ ਦਾ ਸਵਾਲ ਇਹ ਹੈ ਕਿ ਜੇ ਇਹ ਫਿਰਕੂ ਝਗੜਾ ਕਰਵਾਉਣ ਦੀ ਤੈਅਸ਼ੁਦਾ ਸਾਜ਼ਿਸ਼ ਨਹੀਂ ਸੀ ਤਾਂ ਉਨ੍ਹਾਂ ਤੋਂ ਵੀ ਪਹਿਲਾਂ ਬਾਹਰਲੇ ਲੋਕ ਉਥੇ ਕਿਵੇਂ ਪਹੁੰਚ ਗਏ ਜੋ ਸੜਕ ਦੇ ਦੂਜੇ ਪਾਸੇ ਰਹਿੰਦੇ ਹਨ? ਤੱਥ ਵੀ ਇਸ ਦੀ ਤਸਦੀਕ ਕਰ ਰਹੇ ਹਨ। ਉਸ ਦਿਨ ਖੇਤ ਦੇ ਮਾਲਕ ਰਾਜ ਕੁਮਾਰ ਚੌਧਰੀ ਨੇ ਆਪਣੇ ਖੇਤ ਵਿਚ ਮਰੇ ਪਸ਼ੂਆਂ ਦੇ ਕੁਝ ਕਰੰਗ ਦੇਖੇ ਅਤੇ ਉਸ ਨੇ ਗਊ ਹੱਤਿਆ ਦੇ ਨਾਂ ਕੀਤੀ ਜਾ ਰਹੀ ਹਜੂਮੀ ਹਿੰਸਾ ਦੇ ਡਰ ਦੇ ਮੱਦੇਨਜ਼ਰ ਖੁਦ ਪੁਲਿਸ ਨੂੰ ਇਤਲਾਹ ਦਿੱਤੀ। ਸਥਾਨਕ ਲੋਕ ਚਾਹੁੰਦੇ ਸਨ ਕਿ ਇਨ੍ਹਾਂ ਨੂੰ ਦਫਨਾ ਦਿੱਤਾ ਜਾਵੇ ਅਤੇ ਪੁਲਿਸ ਇਸ ਦੀ ਜਾਂਚ ਕਰੇ। ਲੇਕਿਨ ਇਸ ਦੌਰਾਨ ਇਹ ਖਬਰ ਬਜਰੰਗ ਦਲ ਦੇ ਆਗੂਆਂ ਨੂੰ ਪਹੁੰਚ ਗਈ ਅਤੇ ਇਨ੍ਹਾਂ ਬਾਹਰਲੇ ਹੁੱਲੜਬਾਜ਼ਾਂ ਨੇ ਉਥੇ ਆ ਕੇ ਹੰਗਾਮਾ ਕਰ ਦਿੱਤਾ। ਉਨ੍ਹਾਂ ਨੇ ਪਿੰਜਰ ਅਤੇ ਹੋਰ ਟੁਕੜੇ ਟਰਾਲੀ ਵਿਚ ਲੱਦ ਕੇ ਥਾਣੇ ਲਿਜਾਣ ਦੀ ਜ਼ਿਦ ਕੀਤੀ ਅਤੇ ਮੁੱਖ ਸੜਕ ਉਪਰ ਜਾਮ ਲਗਾ ਦਿੱਤਾ। ਉਨ੍ਹਾਂ ਨੇ ਉਥੇ ਜੁੜੇ ਹਿੰਦੂ ਹਜੂਮ ਨੂੰ 'ਤਬਲੀਗੀ ਇਤਜੀਮਾ' ਤੋਂ ਵਾਪਸ ਆ ਰਹੇ ਮੁਸਲਮਾਨਾਂ ਉਪਰ ਹਮਲਾ ਕਰਨ ਲਈ ਉਕਸਾਇਆ। ਇਹ ਗਿਣੀ-ਮਿਥੀ ਸਾਜ਼ਿਸ਼ ਸੀ। ਉਸ ਵਕਤ ਧਾਰਮਿਕ ਸਮਾਗਮ ਵਿਚ ਲੱਖਾਂ ਦੀ ਤਾਦਾਦ ਵਿਚ ਜੁੜੇ ਮੁਸਲਮਾਨਾਂ ਦੀ ਵਾਪਸੀ ਹੋ ਰਹੀ ਸੀ ਅਤੇ ਕਿਸੇ ਮਾਮੂਲੀ ਤਕਰਾਰ ਨੂੰ ਸੌਖਿਆਂ ਹੀ ਵੱਡੇ ਫਿਰਕੂ ਫਸਾਦ ਵਿਚ ਬਦਲਿਆ ਜਾ ਸਕਦਾ ਸੀ। ਇਸ ਦੀ ਤਸਦੀਕ ਮਰਹੂਮ ਇੰਸਪੈਕਟਰ ਨਾਲ ਡਿਊਟੀ 'ਤੇ ਮੌਜੂਦ ਪੁਲਿਸ ਮੁਲਾਜ਼ਮਾਂ ਨੇ ਕੀਤੀ ਹੈ।

ਸੂਬੇ ਵਿਚ ਮੁਜ਼ੱਫਰਨਗਰ ਵਰਗੇ ਵੱਡੇ ਫਿਰਕੂ ਕਾਂਡਾਂ ਦੇ ਮੱਦੇਨਜ਼ਰ ਸਥਾਨਕ ਪੁਲਿਸ ਨੇ ਦਖਲ ਦੇ ਕੇ ਮਾਹੌਲ ਸ਼ਾਂਤ ਰੱਖਣ ਦੀ ਕੋਸ਼ਿਸ਼ ਕੀਤੀ ਅਤੇ ਹਿੰਦੂਤਵ ਅਨਸਰਾਂ ਵਲੋਂ ਭੜਕਾਏ ਜਾ ਰਹੇ ਹਜੂਮ ਨੂੰ ਖਿੰਡਾਉਣ ਲਈ ਲਾਠੀਚਾਰਜ ਕੀਤਾ। ਪਹਿਲਾਂ ਹੀ ਤਿਆਰੀ ਨਾਲ ਆਏ ਬਜਰੰਗ ਦਲੀਆਂ ਵਲੋਂ ਚਲਾਈਆਂ ਗੋਲੀਆਂ ਨਾਲ ਪੁਲਿਸ ਇੰਸਪੈਕਟਰ ਅਤੇ ਇਕ ਸਥਾਨਕ ਹਿੰਦੂ ਨੌਜਵਾਨ ਮਾਰੇ ਗਏ ਜਿਸ ਬਾਰੇ ਕਿਹਾ ਜਾ ਰਿਹਾ ਹੈ ਕਿ ਉਹ ਬਜਰੰਗ ਦਲ ਦਾ ਹਮਾਇਤੀ ਸੀ। ਪੁਲਿਸ ਇੰਸਪੈਕਟਰ ਸੁਬੋਧ ਕੁਮਾਰ ਸਿੰਘ ਦੇ ਮਾਰੇ ਜਾਣ ਨਾਲ ਹਿੰਦੂਤਵ ਬ੍ਰਿਗੇਡ ਕਸੂਤੀ ਹਾਲਤ ਵਿਚ ਘਿਰ ਗਿਆ ਹੈ। ਵੀਡੀਓ ਸਬੂਤ ਦੇ ਆਧਾਰ 'ਤੇ ਕਥਿਤ ਗੋਲੀ ਚਲਾਉਣ ਵਾਲੇ 'ਜੀਤੂ ਫੌਜੀ' ਨਾਂ ਦੇ ਸ਼ਖਸ ਨੂੰ ਕਸ਼ਮੀਰ ਵਿਚੋਂ ਗ੍ਰਿਫਤਾਰ ਕੀਤਾ ਗਿਆ ਹੈ, ਜਿਥੇ ਉਹ ਡਿਊਟੀ ਕਰਦਾ ਹੈ ਅਤੇ ਵਾਰਦਾਤ ਸਮੇਂ ਉਹ ਆਪਣੇ ਪਿੰਡ ਛੁੱਟੀ ਗਿਆ ਹੋਇਆ ਸੀ। ਸੱਚਮੁੱਚ ਉਸੇ ਨੇ ਗੋਲੀ ਚਲਾਈ, ਇਸ ਦੀ ਤਸਦੀਕ ਤਾਂ ਅਜੇ ਹੋਣੀ ਬਾਕੀ ਹੈ, ਕਿਉਂਕਿ ਇਹ ਹੁਕਮਰਾਨ ਧਿਰ ਦੇ ਰਾਜਸੀ ਦਬਾਓ ਹੇਠ ਪੁਲਿਸ ਦੀ ਅਸਲ ਦੋਸ਼ੀਆਂ ਦੀ ਭੂਮਿਕਾ ਤੋਂ ਧਿਆਨ ਹਟਾਉਣ ਦੀ ਚਾਲ ਵੀ ਹੋ ਸਕਦੀ ਹੈ; ਲੇਕਿਨ ਜੇ ਇਹ ਸੱਚ ਹੈ ਤਾਂ ਇਹ ਖਤਰਨਾਕ ਹਾਲਤ ਵੱਲ ਇਸ਼ਾਰਾ ਕਰਦਾ ਹੈ। ਉਹ ਇਹ ਕਿ ਫੌਜ ਵਰਗੀਆਂ ਅਹਿਮ ਰਾਜਕੀ ਸੰਸਥਾਵਾਂ ਦੇ ਮੁਲਾਜ਼ਮ ਹਿੰਦੂਤਵ ਦੀ ਜ਼ਹਿਰੀਲੀ ਵਿਚਾਰਧਾਰਾ ਤੋਂ ਕਿੰਨਾ ਡੂੰਘੇ ਰੂਪ ਵਿਚ ਪ੍ਰਭਾਵਿਤ ਹਨ।

ਜੇ ਗੋਲੀਆਂ ਚਲਾਉਣ ਵਾਲਿਆਂ ਦੇ ਖਿਲਾਫ ਤੱਥਾਂ ਦੇ ਆਧਾਰ 'ਤੇ ਪੁਲਿਸ ਕਾਰਵਾਈ ਕੀਤੀ ਜਾਂਦੀ ਹੈ ਤਾਂ ਬਜਰੰਗ ਦਲ ਅਤੇ ਇਸ ਦੇ ਹਿੰਦੂਤਵ ਬੌਸਾਂ ਦੀ ਸਾਜ਼ਿਸ਼ ਨੰਗੀ ਹੁੰਦੀ ਹੈ। ਮਾਮਲੇ ਨੂੰ ਰਫਾ-ਦਫਾ ਕਰਨ ਲਈ ਪੁਲਿਸ ਮੁਖੀ ਵਲੋਂ ਇਸ ਪਿੱਛੇ 'ਬਹੁਤ ਵੱਡੀ ਸਾਜ਼ਿਸ਼' ਦੀ ਕਹਾਣੀ ਪਰੋਸੀ ਗਈ ਹੈ ਅਤੇ ਆਲੇ-ਦੁਆਲੇ ਦੇ ਪਿੰਡਾਂ ਨਾਲ ਸਬੰਧਤ ਸੱਤ ਮੁਸਲਮਾਨ ਨੌਜਵਾਨਾਂ ਨੂੰ ਬਜਰੰਗ ਦਲ ਦੇ ਦਬਾਓ ਹੇਠ ਨਾਮਜ਼ਦ ਕਰਕੇ ਗ੍ਰਿਫਤਾਰ ਕਰ ਲਿਆ ਗਿਆ ਹੈ ਜਿਨ੍ਹਾਂ ਵਿਚੋਂ ਦੋ ਨਾਬਾਲਗ ਹਨ। ਉਨ੍ਹਾਂ ਨੂੰ ਗਊ ਹਤਿਆਰੇ ਦੱਸਿਆ ਜਾ ਰਿਹਾ ਹੈ ਜਦਕਿ ਮੀਡੀਆ ਦੇ ਹਿੱਸਿਆਂ ਵਲੋਂ ਕੀਤੀ ਨਿਰਪੱਖ ਛਾਣਬੀਣ ਤੋਂ ਇਹ ਸਾਹਮਣੇ ਆਇਆ ਹੈ ਕਿ ਇਹ ਸਾਰੇ ਉਸ ਵਕਤ ਧਾਰਮਿਕ ਸਮਾਗਮ ਵਿਚ ਗਏ ਹੋਏ ਸਨ ਅਤੇ ਆਪਣੇ ਪਿੰਡਾਂ ਵਿਚ ਨਹੀਂ ਸਨ। ਉਨ੍ਹਾਂ ਦੀ ਆਪਸ ਵਿਚ ਕੋਈ ਜਾਣ-ਪਛਾਣ ਨਹੀਂ ਹੈ ਅਤੇ ਦੋ ਤਾਂ ਰੋਟੀ-ਰੋਜ਼ੀ ਲਈ ਸਾਲਾਂ ਤੋਂ ਮੁੰਬਈ ਅਤੇ ਹਰਿਆਣਾ ਵਿਚ ਰਹਿ ਰਹੇ ਹਨ।

***2014 ਤੋਂ ਬਾਅਦ ਮੋਦੀ ਰਾਜ ਵਿਚ ਅਤੇ ਭਾਜਪਾ ਦੀਆਂ ਸਰਕਾਰਾਂ ਵਾਲੇ ਸੂਬਿਆਂ ਵਿਚ ਲਗਾਤਾਰ ਕੀਤੇ ਜਾ ਰਹੇ ਹਜੂਮ ਕਤਲਾਂ ਦਾ ਨੋਟਿਸ ਲੈ ਕੇ ਸੁਪਰੀਮ ਕੋਰਟ ਵਲੋਂ ਪਿੱਛੇ ਜਹੇ ਹਜੂਮੀ ਹਿੰਸਾ ਨੂੰ ਰੋਕਣ ਲਈ ਠੋਸ ਕਦਮ ਚੁੱਕਣ ਦੇ ਆਦੇਸ਼ ਦਿੱਤੇ ਗਏ ਸਨ। ਬੁਲੰਦ ਸ਼ਹਿਰ ਕਾਂਡ ਇਸ ਦਾ ਗਵਾਹ ਹੈ ਕਿ ਭਗਵੇਂ ਹੁਕਮਰਾਨ ਕਿਵੇਂ ਸੁਪਰੀਮ ਕੋਰਟ ਦੇ ਆਦੇਸ਼ਾਂ ਦੀਆਂ ਧੱਜੀਆਂ ਉਡਾ ਰਹੇ ਹਨ।***

2014 ਤੋਂ ਬਾਅਦ ਮੋਦੀ ਰਾਜ ਵਿਚ ਅਤੇ ਭਾਜਪਾ ਦੀਆਂ ਸਰਕਾਰਾਂ ਵਾਲੇ ਸੂਬਿਆਂ ਵਿਚ ਲਗਾਤਾਰ ਕੀਤੇ ਜਾ ਰਹੇ ਹਜੂਮ ਕਤਲਾਂ ਦਾ ਨੋਟਿਸ ਲੈ ਕੇ ਸੁਪਰੀਮ ਕੋਰਟ ਵਲੋਂ ਪਿੱਛੇ ਜਹੇ ਹਜੂਮੀ ਹਿੰਸਾ ਨੂੰ ਰੋਕਣ ਲਈ ਠੋਸ ਕਦਮ ਚੁੱਕਣ ਦੇ ਆਦੇਸ਼ ਦਿੱਤੇ ਗਏ ਸਨ। ਬੁਲੰਦ ਸ਼ਹਿਰ ਕਾਂਡ ਇਸ ਦਾ ਗਵਾਹ ਹੈ ਕਿ ਭਗਵੇਂ ਹੁਕਮਰਾਨ ਕਿਵੇਂ ਸੁਪਰੀਮ ਕੋਰਟ ਦੇ ਆਦੇਸ਼ਾਂ ਦੀਆਂ ਧੱਜੀਆਂ ਉਡਾ ਰਹੇ ਹਨ। ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਪੁਲਿਸ ਇੰਸਪੈਕਟਰ ਦਾ ਮਾਰੇ ਜਾਣਾ ਬਾਰੇ ਖਾਮੋਸ਼ ਹਨ। ਲੰਮੀ ਖਾਮੋਸ਼ੀ ਤੋਂ ਬਾਅਦ ਮਹੰਤ ਅਦਿਤਿਆਨਾਥ ਨੇ ਜੋ ਬਿਆਨ ਦਿੱਤਾ, ਉਸ ਤੋਂ ਯੂ.ਪੀ. ਸਰਕਾਰ ਦੇ ਮਨਸ਼ੇ ਸਾਫ ਨਜ਼ਰ ਆਉਂਦੇ ਸਨ। ਮੁੱਖ ਮੰਤਰੀ ਨੇ ਤੱਥਾਂ ਦਾ ਮਜ਼ਾਕ ਉਡਾਉਂਦੇ ਹੋਏ ਬੇਸ਼ਰਮੀ ਨਾਲ ਕਿਹਾ ਕਿ ਇੰਸਪੈਕਟਰ ਅਤੇ ਇਕ ਨੌਜਵਾਨ ਦੀ ਹੱਤਿਆ ਹਜੂਮੀ ਕਤਲ ਨਹੀਂ, ਇਹ ਮਹਿਜ਼ ਸਾਧਾਰਨ ਘਟਨਾ ਸੀ। ਇੰਸਪੈਕਟਰ ਦੀ ਹੱਤਿਆ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਦੇ ਹੋਏ ਉਸ ਨੇ ਹਿੱਕ ਠੋਕ ਕੇ ਕਿਹਾ ਕਿ 'ਗਊ ਹਤਿਆਰਿਆਂ' ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣਗੀਆਂ। ਬਾਅਦ ਵਿਚ ਚਾਰ ਚੁਫੇਰਿਓਂ ਜ਼ੋਰਦਾਰ ਫਿਟਕਾਰਾਂ ਕਾਰਨ ਉਸ ਨੇ ਮਾਰੇ ਗਏ ਇੰਸਪੈਕਟਰ ਦੇ ਪਰਿਵਾਰ ਨੂੰ ਮਿਲਣ ਅਤੇ ਇਨਸਾਫ ਦੇਣ ਦਾ ਨਾਟਕ ਜ਼ਰੂਰ ਕੀਤਾ, ਲੇਕਿਨ ਸਮੁੱਚੇ ਰਾਜਕੀ ਵਤੀਰੇ ਤੋਂ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਅਦਿਤਿਆਨਾਥ ਨੂੰ ਫਿਰਕੂ ਫਸਾਦ ਕਰਾਉਣ ਦੇ ਆਪਣੇ ਤੈਅਸ਼ੁਦਾ ਏਜੰਡੇ ਦੀ ਪੂਰਤੀ ਲਈ ਨਹਾਇਤ ਬੇਸ਼ਰਮੀ ਨਾਲ ਭਗਵੇਂ ਦਹਿਸ਼ਤੀ ਗਰੋਹਾਂ ਦੀ ਖੁੱਲ੍ਹੇਆਮ ਪੁਸ਼ਤਪਨਾਹੀ ਕਰਨ ਤੋਂ ਕੋਈ ਹਿਚਕ ਨਹੀਂ ਹੈ ਅਤੇ ਯੂ.ਪੀ. ਪ੍ਰਸ਼ਾਸਨ ਤੇ ਪੁਲਿਸ ਅਧਿਕਾਰੀ ਸੰਘ ਬ੍ਰਿਗੇਡ ਦੇ ਇਨ੍ਹਾਂ ਦਹਿਸ਼ਤੀ ਗਰੋਹਾਂ ਨੂੰ ਦੇਖ ਕੇ ਅਣਡਿੱਠ ਕਰ ਰਹੇ ਹਨ। ਜੇ ਕੋਈ ਅਧਿਕਾਰੀ ਮਾਹੌਲ ਨੂੰ ਵਿਗੜਨ ਤੋਂ ਰੋਕਣ ਲਈ ਸੰਜੀਦਗੀ ਨਾਲ ਕੋਸ਼ਿਸ਼ ਕਰੇਗਾ ਤਾਂ ਉਸ ਨੂੰ ਇੰਸਪੈਕਟਰ ਸੁਬੋਧ ਕੁਮਾਰ ਸਿੰਘ ਦੀ ਤਰ੍ਹਾਂ ਜਾਨ ਤੋਂ ਹੱਥ ਧੋਣੇ ਪੈ ਸਕਦੇ ਹਨ। ਆਮ ਹੀ ਚਰਚਾ ਹੈ ਕਿ ਇੰਸਪੈਕਟਰ ਦੀ ਹੱਤਿਆ ਗਿਣ-ਮਿਥ ਕੇ ਕੀਤੀ ਗਈ ਹੈ ਕਿਉਂਕਿ ਉਹ ਦਾਦਰੀ ਕਾਂਡ ਵਿਚ ਮੁੱਢਲਾ ਜਾਂਚ ਅਧਿਕਾਰੀ ਸੀ ਜਿਸ ਨੇ ਅਖਲਾਕ ਦੇ ਕਤਲ ਕਾਂਡ ਦੀ ਜਾਂਚ ਕਰਕੇ ਕਥਿਤ ਗਊ ਹੱਤਿਆ ਦੀ ਕਹਾਣੀ ਦਾ ਸੱਚ ਸਾਹਮਣੇ ਲਿਆਂਦਾ ਸੀ। ਇਸੇ ਕਰਕੇ ਜਾਂਚ ਉਸ ਤੋਂ ਲੈ ਕੇ ਇਕ ਹੋਰ ਅਧਿਕਾਰੀ ਦੇ ਹਵਾਲੇ ਕਰ ਦਿੱਤੀ ਗਈ ਸੀ। ਇਸ ਕਾਰਨ ਸੰਘੀ ਦਹਿਸ਼ਤੀ ਸਰਗਨੇ ਉਸ ਤੋਂ ਖਫਾ ਸਨ।

ਇਸ ਕਾਂਡ ਨਾਲ ਜੁੜੀਆਂ ਦੋ ਹੋਰ ਗੱਲਾਂ ਬਹੁਤ ਮਹੱਤਵਪੂਰਨ ਹਨ। ਹਾਲ ਹੀ ਵਿਚ ਭਾਜਪਾ ਦੀ ਦਲਿਤ ਪਿਛੋਕੜ ਵਾਲੀ ਸੰਸਦ ਮੈਂਬਰ ਸਾਵਿਤਰੀ ਬਾਈ ਫੂਲੇ ਨੇ ਅਸਤੀਫਾ ਦੇ ਦਿੱਤਾ ਹੈ ਜੋ ਮਹੰਤ ਅਦਿਤਿਆਨਾਥ ਵਜ਼ਾਰਤ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਸੀ। 8 ਦਸੰਬਰ ਨੂੰ ਯੋਗੀ ਦੇ ਕੈਬਨਿਟ ਮੰਤਰੀ ਓਮ ਪ੍ਰਕਾਸ਼ ਰਾਜਭਰ ਨੇ ਬਿਆਨ ਦਿੱਤਾ ਹੈ ਕਿ ਸਾਵਿਤਰੀ ਬਾਈ ਫੂਲੇ ਦਾ ਅਸਤੀਫਾ ਦੇਣਾ ਸਹੀ ਫੈਸਲਾ ਹੈ ਕਿਉਂਕਿ ਮੰਤਰੀਆਂ, ਸੰਸਦ ਮੈਂਬਰਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਅਤੇ ਅਦਿਤਿਆਨਾਥ ਮਨਮਾਨੀਆਂ ਕਰ ਰਿਹਾ ਹੈ। ਉਸ ਦੇ ਬਿਆਨ ਦਾ ਅਗਲਾ ਹਿੱਸਾ ਵਧੇਰੇ ਗ਼ੌਰਤਲਬ ਹੈ। ਉਸ ਨੇ ਸਾਫ ਕਿਹਾ ਹੈ ਕਿ ਬੁਲੰਦ ਸ਼ਹਿਰ ਦੀ ਤਾਜ਼ਾ ਹਿੰਸਾ ਭਾਜਪਾ ਵੱਲੋਂ 2019 ਦੀਆਂ ਚੋਣਾਂ ਜਿੱਤਣ ਲਈ ਵੋਟ ਬੈਂਕ ਦੇ ਸਿਲਸਿਲੇ ਵਿਚ ਕਰਵਾਈ ਗਈ ਹੈ। ਭਾਜਪਾ ਦੇ ਇਕ ਵਜ਼ੀਰ ਦਾ ਐਨਾ ਬੇਬਾਕ ਬਿਆਨ ਮਹਿਜ਼ ਨਿੱਜੀ ਕਾਰਨਾਂ ਤੋਂ ਪ੍ਰੇਰਤ ਨਹੀਂ ਹੋ ਸਕਦਾ, ਹੁਕਮਰਾਨ ਧਿਰ ਦੇ ਖਤਰਨਾਕ ਮਨਸੂਬਿਆਂ ਨਾਲ ਅਸਹਿਮਤੀ ਵੀ ਇਸ ਵਿਚ ਲਾਜ਼ਮੀ ਹੋਵੇਗੀ। ਵੈਸੇ ਵੀ ਸੰਘ ਬ੍ਰਿਗੇਡ ਦਾ ਇਤਿਹਾਸ ਦੱਸਦਾ ਹੈ ਕਿ ਕਦੇ-ਕਦੇ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਭਾਜਪਾ ਦੇ ਕੁਝ ਆਗੂ ਮੋਦੀ-ਅਮਿਤ ਸ਼ਾਹ ਦੇ ਇੰਤਹਾ ਤਰੀਕਿਆਂ ਨਾਲ ਅਸਹਿਮਤੀ ਜ਼ਾਹਰ ਕਰਦੇ ਹਨ। ਜਿਵੇਂ ਗੁਜਰਾਤ ਵਿਚ ਮੋਦੀ ਦੀ ਵਜ਼ਾਰਤ ਸਮੇਂ ਹਿੰਦੂਤਵ ਕੈਂਪ ਵੱਲੋਂ ਮੁਸਲਿਮ ਭਾਈਚਾਰੇ ਦੀ ਨਸਲਕੁਸ਼ੀ ਤੋਂ ਸਾਬਕਾ ਗ੍ਰਹਿ ਮੰਤਰੀ ਹਰੇਨ ਪਾਂਡਿਆ ਨੇ ਨਾ ਕੇਵਲ ਨਾਖੁਸ਼ੀ ਜ਼ਾਹਿਰ ਕੀਤੀ ਸੀ ਸਗੋਂ ਜਾਂਚ ਕਮਿਸ਼ਨਾਂ ਅੱਗੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਗਵਾਹੀ ਵੀ ਦਿੱਤੀ ਸੀ। ਇਹ ਭੇਤ ਖੁੱਲ੍ਹਣ 'ਤੇ ਉਸ ਦੀ ਹੱਤਿਆ ਕਰਵਾ ਦਿੱਤੀ ਗਈ। ਕਿਹਾ ਜਾਂਦਾ ਹੈ ਕਿ ਉਸ ਦੇ ਹੱਤਿਆ ਦੇ ਸਬੂਤ ਮਿਟਾਉਣ ਲਈ ਹੀ ਮੋਦੀ-ਅਮਿਤ ਸ਼ਾਹ ਦੇ ਨਜ਼ਦੀਕੀ ਪੁਲਿਸ ਅਧਿਕਾਰੀਆਂ ਡੀ.ਜੀ. ਵੰਜਾਰਾ, ਰਾਜ ਕੁਮਾਰ ਪਾਂਡਿਅਨ ਵਲੋਂ ਮਾਮੂਲੀ ਮੁਜਰਿਮ ਸੋਹਰਾਬੂਦੀਨ ਅਤੇ ਉਸ ਦੇ ਸਾਥੀ ਤੁਲਸੀਰਾਮ ਪਰਜਾਪਤੀ ਨੂੰ ਬੱਸ ਵਿਚੋਂ ਅਗਵਾ ਕਰਕੇ ਫਰਜ਼ੀ ਪੁਲਿਸ ਮੁਕਾਬਲੇ ਵਿਚ ਕਤਲ ਕੀਤਾ ਗਿਆ ਅਤੇ ਇਸ ਦੇ ਸਬੂਤ ਖਤਮ ਕਰਨ ਲਈ ਸੋਹਰਾਬੂਦੀਨ ਦੇ ਨਾਲ ਅਗਵਾ ਕੀਤੀ ਉਸ ਦੀ ਪਤਨੀ ਨੂੰ ਕਤਲ ਕਰਕੇ ਉਸ ਦੀ ਲਾਸ਼ ਖਪਾਈ ਗਈ। ਇਸ ਸਿਲਸਿਲੇ ਦੀਆਂ ਤੰਦਾਂ ਇਸ ਮਾਮਲੇ ਦੀ ਸੁਣਵਾਈ ਕਰਨ ਵਾਲੇ ਮਰਹੂਮ ਜਸਟਿਸ ਲੋਇਆ ਦੀ ਸ਼ੱਕੀ ਹਾਲਾਤ ਵਿਚ ਹੋਈ ਮੌਤ ਨਾਲ ਜਾ ਜੁੜਦੀਆਂ ਹਨ। ਇਹ ਆਪਣੇ ਮਨਸੂਬਿਆਂ ਨੂੰ ਅੰਜਾਮ ਦੇਣ ਲਈ ਫਾਸ਼ੀਵਾਦੀ ਸੋਚ ਵਾਲੇ ਹੁਕਮਰਾਨ ਦੇ ਇੰਤਹਾ ਤਰੀਕਿਆਂ ਦੀਆਂ ਚੰਦ ਮਿਸਾਲਾਂ ਹਨ।

ਇਨ੍ਹਾਂ ਖਤਰਨਾਕ ਹਾਲਾਤ ਦੇ ਅੰਦਰ ਮਰਹੂਮ ਇੰਸਪੈਕਟਰ ਦੇ ਬੇਟੇ ਨੇ ਬੇਹੱਦ ਗ਼ਮਗੀਨ ਹੋਣ ਦੇ ਬਾਵਜੂਦ ਫਿਰਕੂ ਸਦਭਾਵਨਾ ਅਤੇ ਮਾਹੌਲ ਨੂੰ ਫਿਰਕੂ ਰੰਗਤ ਦਿੱਤੇ ਜਾਣ ਤੋਂ ਰੋਕਣ ਦਾ ਸੰਦੇਸ਼ ਦਿੱਤਾ ਹੈ ਜੋ ਸੁਖਾਵਾਂ ਸੰਕੇਤ ਹੈ ਕਿ ਫਿਰਕੂ ਤਾਕਤਾਂ ਲਈ ਆਮ ਲੋਕਾਂ ਅੰਦਰਲੀ ਇਨਸਾਨੀਅਤ ਨੂੰ ਖਤਮ ਕਰਨਾ ਐਨਾ ਸੌਖਾ ਨਹੀਂ ਹੈ। ਅੱਜ ਇਸ ਸੰਦੇਸ਼ ਨੂੰ ਪੁਰਜ਼ੋਰ ਮੁਹਿੰਮ ਵਿਚ ਬਦਲਣ ਦੀ ਜ਼ਰੂਰਤ ਹੈ ਕਿਉਂਕਿ 2019 ਦੀਆਂ ਆਮ ਚੋਣਾਂ ਤੋਂ ਪਹਿਲਾਂ ਇਸ ਤਰ੍ਹਾਂ ਦੇ ਕਾਂਡ ਕਰਵਾਏ ਜਾਣ ਦਾ ਵੱਡਾ ਖਦਸ਼ਾ ਬਣਿਆ ਹੋਇਆ ਹੈ।

# ਚੁਰਾਸੀ ਦੇ ਜ਼ਖਮ ਭਰਨੇ ਸੌਖੇ ਨਹੀਂ

**ਰਾਹੁਲ ਬੇਦੀ**

1984 ਵਿਚ ਪੂਰਬੀ ਦਿੱਲੀ ਦੀ ਤ੍ਰਿਲੋਕਪੁਰੀ ਕਲੋਨੀ ਵਿਚ ਸਿੱਖਾਂ ਦਾ ਕਤਲੇਆਮ ਹੋਇਆ। ਹਿੰਦੋਸਤਾਨ ਦੀ ਰਾਜਧਾਨੀ ਵਿਚ ਵਾਪਰੇ ਇਸ ਅਤਿ ਘਿਨਾਉਣੇ ਅਪਰਾਧ ਨੇ ਪੂਰੀ ਦੁਨੀਆ ਨੂੰ ਝੰਜੋੜ ਦਿੱਤਾ। ਇਸ ਕਾਂਡ ਨੂੰ ਵਾਪਰਿਆਂ ਜਦੋਂ ਦੋ ਪੀੜ੍ਹੀਆਂ ਲੰਘ ਚੁੱਕੀਆਂ ਹਨ ਤੇ ਹੁਣ ਕਿਤੇ ਜਾ ਕੇ ਦਿੱਲੀ ਹਾਈ ਕੋਰਟ ਨੇ ਇਸ ਕਤਲੇਆਮ ਲਈ ਟ੍ਰਾਇਲ ਕੋਰਟ ਵਲੋਂ ਦੋਸ਼ੀ ਠਹਿਰਾਏ ਗਏ 88 ਲੋਕਾਂ ਦੀ ਸਜ਼ਾ ਦੀ ਪੁਸ਼ਟੀ ਕੀਤੀ ਹੈ।

ਦੋ ਭੀੜੀਆਂ ਤੇ ਇੱਟਾਂ ਦੀ ਬਿਸਾਤ ਵਾਲੀਆਂ ਗਲੀਆਂ ਵਾਲੀ ਇਸ ਜਮਨਾ ਪਾਰ ਕਲੋਨੀ ਵਿਚ 350 ਸਿੱਖਾਂ ਨੂੰ ਮੌਤ ਦੇ ਘਾਟ ਉਤਾਰਨ ਤੋਂ ਕਰੀਬ 34 ਸਾਲਾਂ ਬਾਅਦ ਪੂਰ ਚੜ੍ਹੀ ਇਸ ਅਦਾਲਤੀ ਕਾਰਵਾਈ ਨਾਲ ਉਨ੍ਹਾਂ ਦਿਨਾਂ ਵਿਚ ਜ਼ਿੰਦਾ ਬਚਣ ਵਾਲਿਆਂ ਤੇ ਉਨ੍ਹਾਂ ਦੇ ਸਕੇ ਸਬੰਧੀਆਂ ਲਈ ਉਨ੍ਹਾਂ ਦਿਨਾਂ ਦੀਆਂ ਯਾਦਾਂ ਸਮੇਟਣ ਦੀ ਰਸਮ ਵੀ ਪੂਰੀ ਹੁੰਦੀ ਨਹੀਂ ਦਿਸਦੀ।

ਇਸ ਨੂੰ ਸਿਰਫ ਮਜ਼ਾਕ ਹੀ ਕਿਹਾ ਜਾ ਸਕਦਾ ਹੈ ਕਿ ਦੋ ਸਿੱਖ ਅੰਗ ਰੱਖਿਅਕਾਂ ਵਲੋਂ ਇੰਦਰਾ ਗਾਂਧੀ ਦੀ ਹੱਤਿਆ ਤੋਂ ਇਕ ਦਿਨ ਬਾਅਦ ਪਹਿਲੀ ਨਵੰਬਰ 1984 ਤੋਂ 48 ਘੰਟਿਆਂ ਵਿਚ ਤ੍ਰਿਲੋਕਪੁਰੀ ਦੇ ਬਲਾਕ-32 ਵਿਚ ਸੈਂਕੜੇ ਸਿੱਖਾਂ ਦਾ ਕਤਲੇਆਮ ਕਰਨ ਦੇ ਦੋਸ਼ੀਆਂ ਨੂੰ ਪੰਜ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਕਤਲੇਆਮ ਦਾ ਸਿਲਸਿਲਾ ਇੰਨਾ ਲੰਮਾ ਸੀ ਕਿ ਕਾਤਲਾਂ ਨੂੰ ਆਪਣਾ ਕੰਮ ਛੱਡ ਕੇ ਰੋਟੀ ਪਾਣੀ ਛਕਣਾ ਪਿਆ ਤੇ ਫਿਰ ਆ ਕੇ ਉਨ੍ਹਾਂ ਦਲਿਤ ਸਿੱਖਾਂ ਦੀ ਕਲੋਨੀ ਵਿਚ ਵਹਿਸ਼ਤ ਦਾ ਤਾਂਡਵ ਰਚਾਇਆ ਜਿਥੋਂ ਦੇ ਬਾਸ਼ਿੰਦੇ ਮੰਜੇ ਬੁਣ ਕੇ ਗੁਜ਼ਰ-ਬਸਰ ਕਰਦੇ ਸਨ। ਦਿੱਲੀ ਤੇ ਭਾਰਤ ਦੇ ਕਈ ਹੋਰ ਛੋਟੇ ਵੱਡੇ ਕਸਬਿਆਂ ਵਿਚ ਵਹਿਸ਼ਤ ਦਾ ਸ਼ਿਕਾਰ ਬਣਨ ਵਾਲੇ ਹਜ਼ਾਰਾਂ ਹੋਰਨਾਂ ਦੀ ਤਰ੍ਹਾਂ ਉਨ੍ਹਾਂ ਦਾ ਗੁਨਾਹ ਸਿਰਫ ਇੰਨਾ ਸੀ ਕਿ ਉਹ ਸਿੱਖ ਸਨ।

ਸਿੱਖਾਂ ਦਾ ਖੂਨ ਵਹਾਉਣ ਵਾਲੇ ਕਾਤਲਾਂ ਨੂੰ ਪੁਲਿਸ ਜਾਂ ਪ੍ਰਸ਼ਾਸਨ ਦਾ ਰੱਤੀ ਭਰ ਵੀ ਡਰ ਨਹੀਂ ਸੀ, ਕਿਉਂਕਿ ਉਹ ਕਤਲੇਆਮ ਦੀ ਜਿਸ ਮੁਹਿੰਮ 'ਤੇ ਚੜ੍ਹੇ ਹੋਏ ਸਨ, ਉਸ ਦਾ ਪੂਰਾ ਇੰਤਜ਼ਾਮ ਵੋਟਰ ਸੂਚੀਆਂ ਸਹਿਤ ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਨੇ ਕੀਤਾ ਸੀ। ਸਿੱਖਾਂ ਦੀ ਪਛਾਣ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਵਾਪਰੇ ਉਸ ਸਾਕੇ 'ਚੋਂ ਜ਼ਿੰਦਾ ਬਚੇ ਲੋਕਾਂ ਲਈ ਲੋਥਾਂ, ਲਹੂ-ਲੁਹਾਣ ਅਤੇ ਕੇਸਾਂ ਦੀ ਬੇਅਦਬੀ ਨਾਲ ਲਬਰੇਜ਼ ਤ੍ਰਿਲੋਕਪੁਰੀ ਦੀਆਂ ਗਲੀਆਂ ਦੀਆਂ ਯਾਦਾਂ ਭੁਲਾ ਸਕਣਾ ਕਦੇ ਸੰਭਵ ਨਹੀ ਹੋ ਸਕੇਗਾ। ਅੱਜ ਵੀ ਉਨ੍ਹਾਂ 'ਚੋਂ ਕਿਸੇ ਨੂੰ ਵੀ ਇਨ੍ਹਾਂ ਗਲੀਆ 'ਚੋਂ ਸਹਿਜ ਭਾਅ ਨਹੀਂ ਲੰਘ ਸਕਣਾ ਅਸੰਭਵ ਹੈ ਕਿਉਂਕਿ ਉਨ੍ਹਾਂ ਨੂੰ ਲੱਗਦਾ ਸੀ, ਮਤੇ ਉਨ੍ਹਾਂ ਦਾ ਪੈਰ ਕਿਸੇ ਲੋਥ ਜਾਂ ਵੱਢੇ ਹੋਏ ਅੰਗ 'ਤੇ ਨਾ ਜਾ ਪਵੇ। ਇਹ ਹੌਲਨਾਕ ਵਾਕਿਆ ਉਦੋਂ ਸਾਡੀਆਂ ਅੱਖਾਂ ਸਾਹਮਣੇ ਵਾਪਰਿਆ ਜਦੋਂ ਨਵੰਬਰ ਦੇ ਸਰਦ ਦਿਨ ਸਨ ਤੇ ਜੋ ਦ੍ਰਿਸ਼ ਸਾਡੇ ਸਾਹਮਣੇ ਸੀ, ਉਹ ਅੰਤਾਂ ਦਾ ਡਰਾਉਣਾ/ਵਿਕਰਾਲ ਸੀ। ਜੰਮੇ ਹੋਏ ਖੂਨ ਦੀ ਮੈਲ 'ਤੇ ਮੱਖੀਆਂ ਅਤੇ ਹੋਰ ਕਿਰਮ ਭਿਣਭਿਣਾਉਣ ਲੱਗ ਪਏ ਸਨ।

ਕਤਲੇਆਮ ਜਦੋਂ ਜ਼ੋਰਾਂ 'ਤੇ ਚੱਲ ਰਿਹਾ ਸੀ ਤਾਂ ਪੋਲੀਓ ਦੀ ਮਾਰੀ ਇਕ ਮੁਟਿਆਰ ਮਾਂ ਘਰ ਦੇ ਦਰਾਂ 'ਤੇ ਆਪਣੀ ਬੱਚੀ ਨੂੰ ਗੋਦ ਵਿਚ ਲਈ ਸਿੱਲ ਪੱਥਰ ਬਣੀ ਬੈਠੀ ਹੋਈ ਹੈ; ਉਸ ਦੇ ਪਰਿਵਾਰ ਦੇ ਲਗਭਗ ਸਾਰੇ ਮਰਦ ਮੈਂਬਰਾਂ ਦੀਆਂ ਲੋਥਾਂ ਉਸ ਦੇ ਪਿਛਲੇ ਪਾਸੇ ਖਿੰਡੀਆਂ ਪਈਆਂ ਹਨ। ਅਖਬਾਰਾਂ ਦੇ ਪੱਤਰਕਾਰਾਂ ਦੀ ਟੋਲੀ ਜਿਸ ਵਿਚ ਖੁਦ ਮੈਂ ਵੀ ਸ਼ਾਮਲ ਸਾਂ, ਨੇ ਜਦੋਂ ਕਲੋਨੀ ਵਿਚ ਜਾ ਕੇ ਕਤਲੇਆਮ ਦਾ ਮੰਜ਼ਰ ਤੱਕਿਆ ਤੇ ਬਦਹਵਾਸੀ ਦੇ ਆਲਮ ਵਿਚ ਉਹ ਟੋਲੀ ਉਸ ਔਰਤ ਦੇ ਨੇੜੇ ਢੁੱਕੀ ਤਾਂ ਉਸ ਨੇ ਬਿਨਾਂ ਕੁਝ ਬੋਲੇ ਆਪਣੀ ਬੱਚੀ ਨੂੰ ਮਾਰ ਦੇਣ ਲਈ ਉਨ੍ਹਾਂ ਦੇ ਹਵਾਲੇ ਕਰ ਦਿੱਤਾ। ਅਸੀਂ ਉਨ੍ਹਾਂ ਦੋਵਾਂ ਨੂੰ ਸਹਾਰਾ ਦਿੱਤਾ ਤੇ ਉਨ੍ਹਾਂ ਨੂੰ ਉਥੇ ਹੁਣੇ ਹੁਣੇ ਪੁੱਜੇ ਕੁਝ ਪੁਲਿਸ ਕਰਮੀਆਂ ਦੇ ਹਵਾਲੇ ਕੀਤਾ ਪਰ ਫਿਰ ਉਨ੍ਹਾਂ ਨੂੰ ਦੁਬਾਰਾ ਕਦੇ ਨਹੀਂ ਵੇਖਿਆ। ਲਾਗੇ ਹੀ ਤਿੰਨ ਕੁ ਸਾਲ ਦੀ ਬੱਚੀ ਸੀ ਜੋ ਆਪਣੇ ਪਿਤਾ ਤੇ ਤਿੰਨ ਭਰਾਵਾਂ ਦੀਆਂ ਲਾਸ਼ਾਂ ਤੇ ਨਾਲ ਦੀ ਗਲੀ ਵਿਚ ਬਿਖਰੀਆਂ ਪਈਆਂ ਕਿੰਨੀਆਂ ਹੀ ਲਾਸ਼ਾਂ ਨੂੰ ਉਲੰਘ ਕੇ ਸਾਡੇ ਇਕ ਸਾਥੀ ਨਾਲ ਚਿੰਬੜ ਗਈ ਤੇ ਮਦਦ ਲਈ ਪੁਕਾਰ ਰਹੀ ਸੀ। ਉਹ ਆਪਣੇ ਘਰ ਜਾਣਾ ਚਾਹੁੰਦੀ ਸੀ। ਘਰ ਦੇ ਬਾਹਰ ਇੰਨਾ ਕੁਝ ਵਾਪਰਿਆ ਸੀ ਕਿ ਲੋਥਾਂ ਦੇ ਅੰਬਾਰ ਵਿਚ ਉਸ ਨੂੰ ਇਹ ਭੁੱਲ ਗਿਆ ਸੀ ਕਿ ਉਹ ਤਾਂ ਘਰ ਵਿਚ ਹੀ ਖੜ੍ਹੀ ਸੀ ਪਰ ਘਰ ਦਾ ਨਕਸ਼ਾ ਬਦਲ ਚੁੱਕਾ ਸੀ ਕਿਉਂਕਿ ਘਰ ਲਾਸ਼ਾਂ ਨਾਲ ਭਰਿਆ ਹੋਇਆ ਸੀ।

ਇਸ ਕਤਲੇਆਮ ਦਾ ਸਭ ਤੋਂ ਸੁੰਨ ਕਰ ਦੇਣ ਵਾਲਾ ਪਹਿਲੂ ਸੀ, ਉਨ੍ਹਾਂ ਇਲਾਕਿਆਂ ਵਿਚ



ਪਸਰੀ ਚੁੱਪ। ਜਿਨ੍ਹਾਂ ਇਲਾਕਿਆਂ ਵਿਚ ਕਤਲੇਆਮ ਵਾਪਰਿਆ, ਉਨ੍ਹਾਂ ਦੇ ਆਸੇ ਪਾਸੇ ਘੁੱਗ ਵਸਦੇ ਇਲਾਕੇ ਸਨ ਤੇ ਉਨ੍ਹਾਂ ਵਿਚ ਕਈ ਬਿਨਾਂ ਸ਼ੱਕ ਕਾਤਲ ਦੀਆਂ ਧਾੜਾਂ ਵਿਚ ਸ਼ਾਮਲ ਸਨ। ਇਸ ਦੌਰਾਨ ਕਾਹਲੀ ਨਾਲ ਜਗਾਈਆਂ ਕੁਝ ਰੌਸ਼ਨੀਆਂ ਨੇ ਜਦੋਂ ਕਤਲੇਆਮ ਦੇ ਦਿਲ ਦਹਿਲਾ ਦੇਣ ਵਾਲੇ ਮੰਜ਼ਰ 'ਤੇ ਝਾਤ ਪਵਾਈ ਤਾਂ ਹਜੂਮ ਦੇ ਲਬਾਂ 'ਤੇ ਉਫ ਤੱਕ ਨਹੀਂ ਸੀ। ਖੂਨ ਦੀਆਂ ਤਿਹਾਈਆਂ ਉਹ ਅੱਖਾਂ ਉਦੋਂ ਸਾਡੇ ਹਰ ਕਦਮ ਦਾ ਪਿੱਛਾ ਕਰ ਰਹੀਆਂ ਸਨ ਤੇ ਅੱਜ 34 ਸਾਲਾਂ ਬਾਅਦ ਵੀ ਉਸ ਖੌਫ ਦੀ ਤੀਬਰਤਾ ਕਾਇਮ ਹੈ। ਦਿੱਲੀ ਵਿਚ ਹੋਏ ਕਤਲੇਆਮ ਜਿਸ ਨੂੰ ਦੰਗਿਆਂ ਦਾ ਨਾਂ ਦਿੱਤਾ ਜਾਂਦਾ ਹੈ, ਵਿਚ ਸਰਕਾਰੀ ਤੌਰ 'ਤੇ ਮੌਤਾਂ ਦੀ ਗਿਣਤੀ 2730 ਸੀ। ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ ਵਲੋਂ ਵਧੇਰੇ ਹਕੀਕੀ ਢੰਗ ਨਾਲ ਕੀਤੀ ਉਨ੍ਹਾਂ ਦੀ ਪੜਤਾਲ ਮੁਤਾਬਕ ਮੌਤਾਂ ਦੀ ਸੰਖਿਆ ਸਰਕਾਰੀ ਅੰਕੜਿਆਂ ਨਾਲੋਂ ਦੁੱਗਣੀ ਬਣਦੀ ਸੀ।

ਉਸ ਵੇਲੇ ਦਿੱਲੀ ਦੇ ਸਿੱਖਾਂ ਨੂੰ ਇਹ ਸਮਝ ਨਹੀਂ ਲੱਗ ਰਹੀ ਸੀ ਕਿ ਉਨ੍ਹਾਂ ਨਾਲ ਇਹ ਕੀ ਭਾਣਾ ਵਰਤ ਗਿਆ ਹੈ ਤੇ ਸਰਕਾਰ ਨੇ ਯੋਜਨਾਬੱਧ ਢੰਗ ਨਾਲ ਕਤਲੇਆਮ ਰਚਾ ਕੇ ਉਨ੍ਹਾਂ ਤੋਂ ਇੰਜ ਬਦਲਾ ਲਿਆ ਹੈ। ਉਨ੍ਹਾਂ ਨੂੰ ਵਾਕਈ ਕੋਈ ਅਹਿਸਾਸ ਨਹੀਂ ਸੀ ਕਿ ਕੋਈ ਵੱਡਾ ਦਰੱਖਤ ਡਿੱਗਣ ਨਾਲ ਧਰਤੀ ਕੰਬ ਗਈ ਸੀ। ਫਿਰ ਕਤਲੇਆਮ ਦਾ ਦੌਰ ਮੱਠਾ ਪਿਆ ਤੇ ਵੱਖ ਵੱਖ ਥਾਵਾਂ 'ਤੇ ਜਾਨ ਬਚਾਉਣ ਲਈ ਲੁਕੇ ਹਜ਼ਾਰਾਂ ਡਰੇ ਸਹਿਮੇ ਸਿੱਖ ਗੁਰਦੁਆਰਿਆਂ ਤੇ ਸਕੂਲਾਂ ਦੇ ਅਹਾਤਿਆਂ ਵਿਚ ਕਾਹਲੀ ਕਾਹਲੀ ਕਾਇਮ ਕੀਤੇ ਰਾਹਤ ਕੈਂਪਾਂ ਵੱਲ ਆਉਣ ਲੱਗੇ। ਗ਼ਮਜ਼ਦਾ ਸਿੱਖ ਜਦੋਂ ਆਪਣੇ ਪਿਆਰਿਆਂ ਦੀਆ ਮ੍ਰਿਤਕ ਦੇਹਾਂ ਦੇ ਅੰਤਿਮ ਸੰਸਕਾਰ ਤੇ ਬੁਰੀ ਤਰ੍ਹਾਂ ਝੰਜੋੜੀ ਜ਼ਿੰਦਗੀ ਨੂੰ ਮੁੜ ਲੀਹ 'ਤੇ ਲਿਆਉਣ ਦੇ ਕਾਰਜ ਵਿਚ ਸ਼ਾਮਿਲ ਸਨ ਤਾਂ ਕਿਸੇ ਕੋਲ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਨਹੀਂ ਸਨ। ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਤਿੰਨ ਨਵੰਬਰ ਨੂੰ ਇੰਦਰਾ ਗਾਂਧੀ ਦੀ ਅੰਤਮ ਯਾਤਰਾ ਨਾਲ ਖਤਮ ਹੋਇਆ।

ਇਸ ਤੋਂ ਬਾਅਦ ਭਾਰਤੀ ਫੌਜ ਦੀਆਂ ਟੁਕੜੀਆਂ ਪੂਰੀ ਦਿੱਲੀ ਵਿਚ ਉਘੜ-ਦੁਘੜ ਢੰਗ ਨਾਲ ਤਾਇਨਾਤ ਕਰ ਦਿੱਤੀਆਂ ਗਈਆਂ ਤੇ ਆਖਰਕਾਰ ਕੇਂਦਰ ਸਰਕਾਰ ਵਲੋਂ ਕਤਲੇਆਮ ਕਰ ਰਹੇ ਹਜੂਮਾਂ ਅਤੇ ਹਾਲਾਤ ਨੂੰ ਕਾਬੂ ਹੇਠ ਰੱਖਣ ਲਈ ਦੇਖਦਿਆਂ ਹੀ ਗੋਲੀ ਮਾਰਨ ਦੇ ਹੁਕਮ ਦੇ ਦਿੱਤੇ ਗਏ। ਭਾਰਤੀ ਰਾਜ ਦੇ ਹਾਲੀਆ ਇਤਿਹਾਸ ਵਿਚ ਸ਼ਾਇਦ ਇਹ ਪਹਿਲੀ ਵਾਰ ਹੋਇਆ ਸੀ ਜਦੋਂ ਕਾਂਗਰਸ ਦੀ ਅਗਵਾਈ ਹੇਠਲਾ ਰਾਜਕੀ-ਤੰਤਰ ਗਿਣ-ਮਿਥ ਕੇ ਇਸ ਕਿਸਮ ਦੇ ਖੂਨੀ ਬਦਲੇ ਦੇ ਕਾਰਜ ਵਿਚ ਸ਼ਾਮਲ ਹੋਇਆ ਤੇ ਬਾਅਦ ਵਿਚ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਦੇ ਮੁੱਦੇ ਨੂੰ ਚੁਣਾਵੀ ਮੁੱਦਾ ਬਣਾ ਕੇ ਉਸ ਦੇ ਪੁੱਤਰ ਰਾਜੀਵ ਗਾਂਧੀ ਦੀ ਖਾਤਰ ਭਾਰਤ ਦੇ ਚੁਣਾਵੀ ਇਤਿਹਾਸ ਦੀ ਸਭ ਤੋਂ ਵੱਡੀ ਜਿੱਤ ਦਰਜ ਕਰਵਾਈ।

ਇਸ ਲੰਮੇ ਅਰਸੇ ਦੌਰਾਨ ਘੱਟੋ-ਘੱਟ ਨੌਂ ਜਾਂਚ ਕਮਿਸ਼ਨ, ਰੁਕ ਰੁਕ ਕੇ ਹੋਈਆਂ ਅਦਾਲਤੀ ਕਾਰਵਾਈਆਂ ਅਤੇ ਹਾਲ ਹੀ ਵਿਚ ਨਿਆਇਕ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮਾਂ ਦਾ ਗਠਨ ਕੀਤਾ ਗਿਆ ਤੇ ਫਿਰ ਅੰਤ ਨੂੰ ਮਰੀਅਲ ਜਿਹਾ ਫੈਸਲਾ ਦੇ ਕੇ 1984 ਦੇ ਸਾਕੇ ਨੂੰ ਸਮੇਟਣ ਦਾ ਪੜੁੱਲ ਬੰਨ੍ਹ ਦਿੱਤਾ ਗਿਆ। ਪੁਲਿਸ ਜਾਂ ਪ੍ਰਸ਼ਾਸਨ ਦੇ ਕਿਸੇ ਸੀਨੀਅਰ ਅਫਸਰ, ਸਿਆਸਤਦਾਨ ਜਾਂ ਇਸ ਕਤਲੇਆਮ ਨੂੰ ਅੰਜਾਮ ਦੇਣ ਵਾਲੇ ਕਿਸੇ ਵੀ ਅਧਿਕਾਰੀ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ। ਕਤਲੇਆਮ ਵਿਚ ਸ਼ਾਮਲ ਬਹੁਤ ਸਾਰੇ ਲੋਕ ਹੁਣ ਤੱਕ ਫੌਤ ਹੋ ਚੁੱਕੇ ਹਨ ਅਤੇ ਕਾਂਗਰਸ ਪਾਰਟੀ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਖਿਲਾਫ ਸਿੱਖ ਕਤਲੇਆਮ ਵਿਚ ਨਿਭਾਈ ਭੂਮਿਕਾ ਮੁਤੱਲਕ ਅੰਤਹੀਣ ਪੜਤਾਲੀਆ ਤੇ ਨਿਆਇਕ ਕਾਰਵਾਈਆਂ ਬੰਨੇ ਲਗਦੀਆਂ ਨਜ਼ਰ ਨਹੀਂ ਆ ਰਹੀਆਂ ਹਨ। ਅਗਸਤ ਮਹੀਨੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਲੰਡਨ ਵਿਚ ਇਕ ਸਮਾਗਮ ਵਿਚ ਸ਼ਿਰਕਤ ਕਰਦਿਆਂ ਆਖਿਆ ਸੀ ਕਿ ਉਨ੍ਹਾਂ ਦੀ ਪਾਰਟੀ 1984 ਦੇ ਇਸ ਕਤਲੇਆਮ ਵਿਚ ਕਿਸੇ ਵੀ ਤਰ੍ਹਾਂ ਸ਼ਾਮਲ ਨਹੀਂ ਸੀ। ਹੋ ਸਕਦਾ ਹੈ, ਕੁਝ ਵਰ੍ਹੇ ਲੰਘਣ ਬਾਅਦ ਕਾਂਗਰਸ ਪਾਰਟੀ ਇਹ ਮੰਨਣ ਤੋਂ ਵੀ ਇਨਕਾਰ ਕਰ ਦੇਵੇ ਕਿ ਇਹ ਕਤਲੇਆਮ ਹੋਇਆ ਵੀ ਸੀ।

# 1984 ਦੀ ਹਜੂਮੀ ਹਿੰਸਾ ਅਤੇ ਨਿਆਂ ਵੱਲ ਪੇਸ਼ਕਦਮੀ

**ਐਚ. ਐਸ. ਫੂਲਕਾ**

ਕਿਸੇ ਵੀ ਪੀੜਤ ਨੂੰ ਅਪਰਾਧਿਕ ਮੁਕੱਦਮਿਆਂ ਵਿਚ ਨਿਆਂ ਹਾਸਲ ਕਰਨ ਲਈ ਪ੍ਰਸ਼ਾਸਨ, ਮੁਕੱਦਮੇ ਦੀ ਜਾਂਚ ਕਰਨ ਵਾਲਿਆਂ ਅਤੇ ਕੇਸ ਲੜਨ ਵਾਲੇ ਸਰਕਾਰੀ ਵਕੀਲਾਂ ਨੂੰ ਸਿਰਫ ਸਹਿਯੋਗ ਕਰਨਾ ਹੁੰਦਾ ਹੈ ਪਰ ਜਦੋਂ 1984 ਦੇ ਸਿੱਖ ਕਤਲੇਆਮ ਕੇਸਾਂ ਦੀ ਵਾਰੀ ਆਈ, ਕਿਤੇ ਨਾ ਕਿਤੇ ਪ੍ਰਸ਼ਾਸਨ ਦੀ ਪਹੁੰਚ ਬਦਲ ਗਈ। ਇਸ ਵਲੋਂ ਨਿਭਾਈ ਜਾਣ ਵਾਲੀ ਜ਼ਿੰਮੇਵਾਰੀ, ਭਾਵ ਸਬੂਤ ਜੁਟਾਉਣਾ ਅਤੇ ਮੁਕੱਦਮਿਆਂ ਵਿਚ ਇਨਸਾਫ ਮਿਲਣਾ ਯਕੀਨੀ ਬਣਾਉਣਾ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਮੋਢਿਆਂ ਉਪਰ ਪਾ ਦਿੱਤੀ ਗਈ। ਕੀ ਸਿੱਖ ਕਤਲੇਆਮ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦਿਵਾਉਣ ਦੀ ਅਸਫਲਤਾ, ਸਮਾਜ ਦੀ ਅਸਫਲਤਾ ਨਹੀਂ ਹੈ?

ਦਿੱਲੀ ਹਾਈ ਕੋਰਟ ਦੇ ਜਸਟਿਸ ਆਰ.ਕੇ. ਗਾਬਾ ਨੇ 1984 ਦੀ ਹਜੂਮੀ ਹਿੰਸਾ ਲਈ ਹੇਠਲੀ ਅਦਾਲਤ ਵਲੋਂ 88 ਦੋਸ਼ੀਆਂ ਨੂੰ ਐਲਾਨੀ ਹੋਈ ਪੰਜ ਪੰਜ ਸਾਲ ਦੀ ਕੈਦ ਸਜ਼ਾ ਹੁਣੇ ਜਿਹੇ ਅਪਰਾਧੀਆਂ ਦੀਆਂ ਅਪੀਲਾਂ ਖਾਰਜ ਕਰਦਿਆਂ ਬਰਕਰਾਰ ਰੱਖੀ ਹੈ। ਜੱਜ ਨੇ ਫੈਸਲੇ ਵਿਚ ਲਿਖਿਆ ਹੈ, "ਅਜਿਹਾ ਮੁੜ ਨਾ ਵਾਪਰਨ ਬਾਰੇ ਇਕ ਨਜ਼ਰੀਆ ਇਹ ਹੈ ਕਿ ਮੁਲਕ ਦੇ ਇਤਿਹਾਸ ਦੇ ਅਜਿਹੇ ਕਾਲੇ ਅਧਿਆਏ ਜਿਹੜੇ ਸਦਾ ਸਾਡੇ ਸਾਹਵੇਂ ਰਹਿੰਦੇ ਹਨ ਤੇ ਸਿਵਿਲ ਸੁਸਾਇਟੀ ਵਿਚ ਵੀ ਆਮ ਕਰਕੇ ਸਾਹਮਣੇ ਆਉਂਦੇ ਰਹਿੰਦੇ ਹਨ, ਇਹ ਸਾਡੀਆਂ ਯਾਦਾਂ ਵਿਚੋਂ ਮੇਸਣੇ ਨਹੀਂ ਚਾਹੀਦੇ ਤਾਂਕਿ ਸਾਨੂੰ ਗਲੇ-ਸੜੇ ਨਿਜ਼ਾਮ ਦਾ ਸ਼ੀਸ਼ਾ ਦਿਸਦਾ ਰਹੇ।" ਇਹ ਚਿਤਾਵਨੀ ਸਾਡੇ ਮੁਲਕ ਵਿਚ ਬਹੁਤ ਮਹੱਤਵ ਰੱਖਦੀ ਹੈ ਜਿੱਥੇ 1984 ਵਿਚ ਨਿਰਦੋਸ਼ਾਂ ਦੀਆਂ ਵੱਡੇ ਪੱਧਰ 'ਤੇ ਹੱਤਿਆਵਾਂ ਕਰਨ ਦੇ ਨਵੇਂ ਰੁਝਾਨ ਦੀ ਸ਼ੁਰੂਆਤ ਹੋਈ; ਫਿਰ ਇਨ੍ਹਾਂ ਦੀ ਵਰਤੋਂ ਚੋਣਾਂ ਜਿੱਤਣ ਲਈ ਕੀਤੀ ਗਈ; ਤੇ ਅਪਰਾਧੀਆਂ ਨੂੰ ਉਚ ਅਹੁਦੇ ਬਖ਼ਸ਼ ਕੇ ਉਨ੍ਹਾਂ ਨੂੰ ਇਨਾਮ ਦਿੱਤੇ ਗਏ ਪਰ ਯਾਦ ਰੱਖਣਾ ਚਾਹੀਦਾ ਹੈ ਕਿ ਗੁਨਾਹਗਾਰ ਕਾਨੂੰਨ ਦੇ ਸ਼ਿਕੰਜੇ ਤੋਂ ਬਚ ਨਹੀਂ ਸਕਦੇ।

ਮੇਰੀ ਪੁਸਤਕ 'ਵੈੱਨ ਏ ਟ੍ਰੀ ਸ਼ੁੱਕ ਦਿੱਲੀ' 2007 ਵਿਚ ਰਿਲੀਜ਼ ਕੀਤੀ ਗਈ ਸੀ ਜਿਸ 'ਤੇ ਉਦੋਂ ਹੋਈ ਵਿਚਾਰ-ਚਰਚਾ 'ਚ ਹਿੱਸਾ ਲੈਂਦਿਆਂ ਸਾਬਕਾ ਕਾਨੂੰਨ ਮੰਤਰੀ ਤੇ ਕਾਂਗਰਸ ਦੇ ਸੀਨੀਅਰ ਕੌਮੀ ਨੇਤਾ ਸਲਮਾਨ ਖੁਰਸ਼ੀਦ ਨੇ ਕਿਹਾ ਸੀ ਕਿ ਇਹ ਪੁਸਤਕ ਉਨ੍ਹਾਂ, ਜੋ ਅਜਿਹੇ ਅਪਰਾਧਾਂ ਵਿਚ ਸ਼ਾਮਲ ਹੁੰਦੇ ਹਨ, ਨੂੰ ਸੁਚੇਤ ਕਰਦੀ ਹੈ ਕਿ ਉਹ ਕਦੇ ਵੀ ਬਚ ਨਹੀਂ ਸਕਦੇ ਅਤੇ ਆਖਰਕਾਰ ਕਾਨੂੰਨ ਦੇ ਹੱਥ ਉਨ੍ਹਾਂ ਦੀ ਧੌਣ ਤੱਕ ਪਹੁੰਚ ਜਾਣਗੇ। ਹਾਲੀਆ ਸਜ਼ਾਵਾਂ ਉਨ੍ਹਾਂ ਲਈ ਚਿਤਾਵਨੀ ਹਨ ਜੋ 1984 ਤੋਂ ਬਾਅਦ ਹੁਣ ਤੱਕ ਸਿਸਟਮ ਨੂੰ ਆਪਣੀ ਮਰਜ਼ੀ ਅਨੁਸਾਰ ਤੋੜਨ-ਮਰੋੜਨ ਵਿਚ ਮਸਰੂਫ ਰਹੇ ਹਨ ਅਤੇ ਇਹ ਸਮਝਦੇ ਰਹੇ ਕਿ ਉਹ ਆਪਣੀ ਤਾਕਤ ਦੇ ਸਿਰ 'ਤੇ ਬਚ ਜਾਣਗੇ।

ਦਿੱਲੀ ਕਤਲੇਆਮ ਦੌਰਾਨ ਮਹੀਪਾਲਪੁਰ ਵਿਚ ਸਿੱਖਾਂ ਦੀਆਂ ਹੱਤਿਆਵਾਂ ਲਈ ਦੋ ਹੋਟਲ ਮਾਲਕਾਂ ਨੂੰ ਵਧੀਕ ਸੈਸ਼ਨਜ਼ ਜੱਜ ਅਜੈ ਪਾਂਡੇ ਨੇ ਸਖ਼ਤ ਸਜ਼ਾ ਸੁਣਾਈ ਹੈ। ਇਨ੍ਹਾਂ ਵਿਚੋਂ ਇਕ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਅਤੇ ਦੂਸਰੇ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸੁਪਰੀਮ ਕੋਰਟ ਨੇ ਦੋ-ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿੱਟ) ਕਾਇਮ ਕੀਤੀ ਸੀ ਤਾਂ ਕਿ ਬੰਦ ਕੀਤੇ ਜਾ ਚੁੱਕੇ ਕੇਸਾਂ ਦੀ ਮੁੜ ਤਫਤੀਸ਼ ਹੋਵੇ। ਇਸ ਨੇ ਸਮੁੱਚੀ ਪਹੁੰਚ ਬਦਲ ਦਿੱਤੀ ਅਤੇ ਇਹ ਸੁਨੇਹਾ ਦਿੱਤਾ ਹੈ ਕਿ ਹਰ ਹਾਲ ਨਿਆਂ ਹੋਣਾ ਚਾਹੀਦਾ ਹੈ, ਭਾਵੇਂ ਕਿੰਨੀ ਵੀ ਦੇਰ ਕਿਉਂ ਨਾ ਹੋ ਚੁੱਕੀ ਹੋਵੇ। ਹੁਣੇ ਹੋਈਆਂ ਸਜ਼ਾਵਾਂ ਤੋਂ ਇਲਾਵਾ, ਦੂਜੇ ਕੇਸਾਂ ਵਿਚ ਵੀ ਫੈਸਲੇ ਜਲਦੀ ਹੋਣ ਦੀ ਆਸ ਹੈ। ਕੇਸਾਂ ਦੇ ਮੁੜ ਖੋਲ੍ਹੇ ਜਾਣ ਨਾਲ ਆਸ ਬੱਝੀ ਹੈ ਕਿ ਬਹੁਤ ਸਾਰੇ ਕੇਸਾਂ ਦੇ ਤਾਜ਼ਾ ਮੁਕੱਦਮੇ ਚੱਲਣਗੇ।

ਦਿੱਲੀ ਹਾਈ ਕੋਰਟ ਨੇ 88 ਦੋਸ਼ੀਆਂ ਦੀ ਪੰਜ ਪੰਜ ਸਾਲ ਕੈਦ ਸਜ਼ਾ ਬਰਕਰਾਰ ਰੱਖੀ ਹੈ ਜਦੋਂਕਿ 2 ਨਵੰਬਰ 1984 ਨੂੰ ਪੁਲਿਸ ਨੇ 107 ਦੰਗਈ ਫੜੇ ਸਨ ਪਰ ਪੁਲਿਸ ਨੇ ਜਾਣ-ਬੁੱਝ ਕੇ ਇਨ੍ਹਾਂ ਵਿਰੁਧ ਕੇਵਲ ਦੰਗੇ ਕਰਨ ਦੀ ਚਾਰਜਸ਼ੀਟ ਦਾਖ਼ਲ ਕੀਤੀ ਸੀ, ਹੱਤਿਆ ਕਰਨ ਦੀ ਨਹੀਂ; ਹਾਲਾਂਕਿ ਕਰੀਬ ਸੌ ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਸਨ। ਅਦਾਲਤ ਨੇ ਪੁਲਿਸ ਕਮਿਸ਼ਨਰ ਨੂੰ ਆਦੇਸ਼ ਦਿੱਤਾ ਸੀ ਕਿ ਉਹ 95 ਲਾਸ਼ਾਂ ਵਿਚੋਂ ਦੱਸੀਆਂ ਗਈਆਂ 22 ਅਣਪਛਾਤੀਆਂ ਲਾਸ਼ਾਂ ਸਬੰਧੀ ਵੀ ਕਾਰਵਾਈ ਕਰਨ।

ਹਰ ਕੋਈ ਹੈਰਾਨ ਹੈ ਕਿ ਕੇਵਲ ਤ੍ਰਿਲੋਕਪੁਰੀ ਵਿਚੋਂ ਹੀ ਉਸ ਸਮੇਂ 95 ਲਾਸ਼ਾਂ ਕਿਵੇਂ ਬਰਾਮਦ ਹੋ ਗਈਆਂ ਅਤੇ ਮੌਕੇ ਉਪਰ ਹੀ 107 ਮੁਲਜ਼ਮ ਕਾਬੂ ਕਰ ਲਏ ਗਏ। ਬਾਕੀ ਦਿੱਲੀ ਵਿਚ ਮੌਕੇ 'ਤੇ ਅਜਿਹੀ ਕਾਰਵਾਈ ਹੋਣ ਦੀ ਕੋਈ ਰਿਪੋਰਟ ਨਹੀਂ ਹੈ। ਅਜਿਹਾ ਪੁਲਿਸ ਦੀ ਚੰਗੀ ਕਾਰਗੁਜ਼ਾਰੀ ਕਰਕੇ ਨਹੀਂ ਸੀ ਹੋਇਆ ਸਗੋਂ ਇਸ ਦੇ ਉਲਟ, ਪੁਲਿਸ ਉਸ ਸਮੇਂ ਹੱਤਿਆਰਿਆਂ ਦੀ ਭਾਈਵਾਲ ਬਣੀ ਹੋਈ ਸੀ। ਤ੍ਰਿਲੋਕਪੁਰੀ ਦੀ ਇਹ ਤੁਰੰਤ ਕਾਰਵਾਈ ਦੋ ਪੱਤਰਕਾਰਾਂ ਦੇ ਯਤਨਾਂ ਸਦਕਾ ਹੋਈ ਸੀ। ਬਲਾਕ ਨੰਬਰ 30 ਅਤੇ 32 ਵਿਚ ਲੁਬਾਣਾ ਸਿੱਖ ਵੱਸਦੇ ਸਨ ਜਿਹੜੇ ਅਲਵਰ (ਰਾਜਸਥਾਨ) ਤੋਂ ਆਏ ਸਨ। ਪਹਿਲੀ ਨਵੰਬਰ ਨੂੰ ਕਾਂਗਰਸ ਆਗੂਆਂ ਦੀ ਅਗਵਾਈ ਵਾਲੇ ਹਜੂਮ ਨੇ ਇਨ੍ਹਾਂ ਉਪਰ ਹਮਲਾ ਕੀਤਾ ਸੀ। ਜਦੋਂ ਸਿੱਖ ਕਿਰਪਾਨਾਂ ਲੈ ਕੇ ਘਰਾਂ ਵਿਚੋਂ ਬਾਹਰ ਆਏ ਤਾਂ ਹਜੂਮ ਪਰਤ ਗਿਆ। ਇਸ ਦੌਰਾਨ ਐਸ.ਐਚ.ਓ. ਦੀ ਅਗਵਾਈ ਹੇਠ ਪੁਲਿਸ ਟੀਮ ਮੌਕੇ 'ਤੇ ਆਈ ਅਤੇ ਸਿੱਖਾਂ ਨੂੰ ਆਪਣੇ ਘਰਾਂ ਵਿਚ ਪਰਤਣ ਲਈ ਇਹ ਭਰੋਸਾ ਦੇ ਕੇ ਮਨਾ ਲਿਆ ਕਿ ਉਨ੍ਹਾਂ ਦੀ ਹਰ ਹਾਲਤ ਸੁਰੱਖਿਆ ਕੀਤੀ ਜਾਵੇਗੀ। ਹਜੂਮ ਫਿਰ ਪਰਤ ਆਇਆ ਅਤੇ ਉਨ੍ਹਾਂ ਨੇ ਘਰਾਂ ਵਿਚੋਂ ਇਕੱਲੇ ਇਕੱਲੇ ਸਿੱਖ ਨੂੰ ਕੱਢ ਕੇ ਮਾਰਨਾ ਸ਼ੁਰੂ ਕਰ ਦਿੱਤਾ। ਉਥੇ ਦੋ ਦਿਨਾਂ ਵਿਚ 400 ਸਿੱਖ ਮਾਰੇ ਜਾ ਚੁੱਕੇ ਸਨ। ਇਨ੍ਹਾਂ ਵਿਚੋਂ ਇਕ ਸਿੱਖ ਭੱਜ ਕੇ ਖੇਤਾਂ ਵਿਚ ਜਾ ਵੜਿਆ। ਉਹ ਆਪਣੇ ਨਾਲ ਕੈਂਚੀ ਲੈ ਗਿਆ ਸੀ। ਉਸ ਨੇ ਆਪਣੇ ਵਾਲ ਕੱਟੇ ਅਤੇ ਰਾਤ ਖੇਤਾਂ ਵਿਚ ਗੁਜ਼ਾਰੀ।

ਅਗਲੀ ਸਵੇਰ ਉਹ ਪੁਲਿਸ ਹੈੱਡਕੁਆਰਟਰ ਵਿਚ ਮਦਦ ਲੈਣ ਲਈ ਪਹੁੰਚ ਗਿਆ ਪਰ ਉਸ ਨੂੰ ਕੋਈ ਭਰੋਸਾ ਨਹੀਂ ਮਿਲਿਆ। ਪੁਲਿਸ ਹੈੱਡਕੁਆਰਟਰ ਦੇ ਨੇੜੇ ਹੀ ਇੰਡੀਅਨ ਐਕਸਪ੍ਰੈਸ ਅਖ਼ਬਾਰ ਦਾ ਦਫਤਰ ਸੀ ਜਿਥੇ ਉਸ ਸਿੱਖ ਨੌਜਵਾਨ ਦਾ ਦੋਸਤ ਕੈਂਟੀਨ ਵਿਚ ਕੰਮ ਕਰਦਾ ਸੀ। ਉਸ ਨੇ ਆਪ ਬੀਤੀ ਸੁਣਾਈ ਤਾਂ ਦੋ ਪੱਤਰਕਾਰਾਂ ਰਾਹੁਲ ਬੇਦੀ ਅਤੇ ਜੋਸੇਫ ਮਲਕੀਅਨ ਨੇ ਤ੍ਰਿਲੋਕਪੁਰੀ ਜਾਣ ਦਾ ਫੈਸਲਾ ਕੀਤਾ ਪਰ ਉਨ੍ਹਾਂ ਨੂੰ ਕਾਲੋਨੀ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਹ ਪੁਲਿਸ ਸਟੇਸ਼ਨ ਗਏ ਜਿਥੇ ਡਿਊਟੀ ਅਫਸਰ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਤ੍ਰਿਲੋਕਪੁਰੀ ਪੂਰੀ ਤਰ੍ਹਾਂ ਸ਼ਾਂਤ ਹੈ। ਜਦੋਂ ਉਹ ਪਰਤਣ ਲੱਗੇ ਤਾਂ ਉਨ੍ਹਾਂ ਦੀ ਨਜ਼ਰ ਕੋਨੇ ਵਿਚ ਖੜ੍ਹੇ ਟਰੱਕ ਉਪਰ ਪਈ ਜਿਸ ਉਪਰ ਮੱਖੀਆਂ ਉਡ ਰਹੀਆਂ ਸਨ। ਉਨ੍ਹਾਂ ਨੂੰ ਸ਼ੱਕ ਪੈ ਗਿਆ ਅਤੇ ਜਦੋਂ ਉਨ੍ਹਾਂ ਇਸ ਅੰਦਰ ਨਜ਼ਰ ਮਾਰੀ ਤਾਂ ਦੇਖਿਆ ਕਿ ਲਾਸ਼ਾਂ ਭਰੀਆਂ ਪਈਆਂ ਸਨ। ਉਨ੍ਹਾਂ ਵਿਚੋਂ ਹੀ ਇਕ ਸਿੱਖ ਦੀ ਚੀਕ ਸੁਣਾਈ ਦਿੱਤੀ। ਸ਼ਾਇਦ ਉਹੀ ਇਕੱਲਾ ਬਚਿਆ ਸੀ। ਉਸ ਨੇ ਦੱਸਿਆ ਕਿ ਉਹ ਤ੍ਰਿਲੋਕਪੁਰੀ ਤੋਂ ਹੈ ਅਤੇ ਉਥੇ ਸਿੱਖਾਂ ਦਾ ਕਤਲੇਆਮ ਹੋਇਆ ਹੈ।

ਦੋਵੇਂ ਪੱਤਰਕਾਰ ਫਿਰ ਪੁਲਿਸ ਸਟੇਸ਼ਨ ਗਏ ਅਤੇ ਜ਼ਖ਼ਮੀ ਸਿੱਖ ਨੌਜਵਾਨ ਨੂੰ ਤੁਰੰਤ ਹਸਪਤਾਲ ਲਿਜਾਣ ਲਈ ਕਿਹਾ। ਡਿਊਟੀ ਅਫਸਰ ਨੇ ਇਹ ਕਹਿ ਦਿੱਤਾ ਕਿ ਇਸ ਦਾ ਫੈਸਲਾ ਉਹ ਨਹੀਂ ਕਰ ਸਕਦਾ, ਡੀ.ਸੀ.ਪੀ. ਹੀ ਕਰੇਗਾ। ਉਨ੍ਹਾਂ ਡੀ.ਸੀ.ਪੀ. ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਜੋ ਸਫਲ ਨਹੀਂ ਹੋਈ। ਉਹ ਪੁਲਿਸ ਹੈੱਡਕੁਆਰਟਰ ਗਏ ਅਤੇ ਜ਼ਖ਼ਮੀ ਦੀ ਮਦਦ ਲਈ ਵਾਸਤਾ ਪਾਇਆ ਜਿਸ ਬਾਅਦ ਏ.ਸੀ.ਪੀ. ਨੇ ਡੀ.ਸੀ.ਪੀ. ਨੂੰ ਤ੍ਰਿਲੋਕਪੁਰੀ ਜਾਣ ਦਾ ਆਦੇਸ਼ ਦਿੱਤਾ। ਉਹ ਫਿਰ ਤ੍ਰਿਲੋਕਪੁਰੀ ਗਏ ਜਿਥੇ ਉਨ੍ਹਾਂ ਨੂੰ ਕਾਲੋਨੀ ਅੰਦਰ ਜਾਣ ਦੀ ਇਜਾਜ਼ਤ ਮਿਲ ਗਈ। ਗਲੀਆਂ ਲਾਸ਼ਾਂ ਨਾਲ ਭਰੀਆਂ ਪਈਆਂ ਸਨ। ਲੁੱਟਮਾਰ ਜਾਰੀ ਸੀ। ਪੁਲਿਸ ਨੂੰ ਲਾਸ਼ਾਂ ਪੋਸਟਮਾਰਟਮ ਲਈ ਲਿਜਾਣ ਲਈ ਮਜਬੂਰ ਹੋਣਾ ਪਿਆ। ਜੋ ਉਸ ਸਮੇਂ ਕਤਲੋਗਾਰਤ ਅਤੇ ਲੁੱਟਮਾਰ ਵਿਚ ਮਸਰੂਫ ਸਨ, ਉਹ ਗ੍ਰਿਫਤਾਰ ਕੀਤੇ ਗਏ।

ਦੋਵਾਂ ਪੱਤਰਕਾਰਾਂ ਨੇ ਜਸਟਿਸ ਮਿਸ਼ਰਾ ਕਮਿਸ਼ਨ ਅੱਗੇ ਹਲਫੀਆ ਬਿਆਨ ਦਿੱਤੇ ਪਰ ਅਜੇ ਤੱਕ ਕਿਸੇ ਵੀ ਪੁਲਿਸ ਅਧਿਕਾਰੀ ਨੂੰ ਸਜ਼ਾ ਨਹੀਂ ਹੋਈ। ਕਾਨੂੰਨ ਨੂੰ 88 ਮੁਲਜ਼ਮਾਂ ਵਿਰੁੱਧ ਸ਼ਿਕੰਜ਼ਾ ਕੱਸਣ ਵਿਚ 35 ਸਾਲ ਲੱਗ ਗਏ। ਇਹ ਦੁੱਖ ਦੀ ਗੱਲ ਹੈ ਕਿ ਸਿੱਖ ਕਤਲੇਆਮ ਦੀ ਜਾਂਚ ਲਈ ਜਿੰਨੇ ਕਮਿਸ਼ਨ ਬਣੇ, ਉਨ੍ਹਾਂ ਦੀ ਗਿਣਤੀ ਭੁੱਲਦੀ ਜਾ ਰਹੀ ਹੈ ਪਰ ਜਿੰਨੇ ਦੋਸ਼ੀਆਂ ਨੂੰ ਹੁਣ ਤੱਕ ਸਜ਼ਾ ਹੋਈ ਹੈ, ਉਨ੍ਹਾਂ ਦੀ ਗਿਣਤੀ ਇਨ੍ਹਾਂ ਕਮਿਸ਼ਨਾਂ ਦੇ ਮੈਂਬਰਾਂ ਨਾਲੋਂ ਘੱਟ ਬਣਦੀ ਹੈ। ਪੀੜਤਾਂ ਦੀਆਂ ਸ਼ਿਕਾਇਤਾਂ ਵਾਜਬ ਹਨ ਕਿ ਸਜ਼ਾਵਾਂ ਬਹੁਤ ਘੱਟ ਦੋਸ਼ੀਆਂ ਨੂੰ ਹੋਈਆਂ ਹਨ ਅਤੇ ਉਹ ਵੀ ਬਹੁਤ ਦੇਰ ਨਾਲ ਪਰ ਜਿਥੋਂ ਤੱਕ ਮੇਰੀ ਗੱਲ ਹੈ, ਭਾਵੇਂ ਕੀਮਤ ਕੋਈ ਵੀ ਹੋਵੇ, ਮੈਂ 1984 ਦੇ ਕੇਸ ਲੜਨ ਲਈ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ; ਘੱਟੋ-ਘੱਟ ਹੁਣ ਅਸੀਂ ਇਹ ਕਹਿ ਸਕਦੇ ਹਾਂ ਕਿ ਆਖ਼ਰਕਾਰ ਦੋਸ਼ੀਆਂ ਨੂੰ ਆਪਣੇ ਕੀਤੇ ਦੀ ਸਜ਼ਾ ਮਿਲਣੀ ਸ਼ੁਰੂ ਹੋ ਗਈ ਹੈ।

# ਸਰਕਾਰੀ ਨਾਲਾਇਕੀ ਦਾ ਸ਼ਿਕਾਰ ਹੋਏ ਗੰਨਾ ਉਤਪਾਦਕ

**ਜਲੰਧਰ:** ਪੰਜਾਬ ਸਰਕਾਰ ਤੇ ਖੰਡ ਮਿੱਲ ਮਾਲਕਾਂ ਵਿਚਕਾਰ ਹੋਏ ਸਮਝੌਤੇ ਤੋਂ ਬਾਅਦ ਸਰਕਾਰ ਵੱਲੋਂ ਕਿਸਾਨਾਂ ਨੂੰ ਪ੍ਰਤੀ ਕਵਿੰਟਲ 25 ਰੁਪਏ ਸਿੱਧੇ ਅਦਾ ਕਰਨ ਬਾਅਦ ਨਿੱਜੀ ਖੰਡ ਮਿੱਲਾਂ ਵੱਲੋਂ ਪਿੜਾਈ ਸ਼ੁਰੂ ਕਰਨ ਨਾਲ ਗੰਨਾ ਉਤਪਾਦਕਾਂ ਨੂੰ ਕੁਝ ਸੁਖ ਦਾ ਸਾਹ ਤਾਂ ਮਿਲਿਆ ਹੈ ਪਰ ਇਸ ਫੈਸਲੇ ਨਾਲ ਪੰਜਾਬ ਦੇ ਕਿਸਾਨਾਂ ਦੀਆਂ ਮੁਸ਼ਕਲਾਂ ਮੁੱਕਣ ਵਾਲੀਆਂ ਨਹੀਂ ਹਨ।




ਪੰਜਾਬ ਇਕ ਅਜਿਹਾ ਸੂਬਾ ਹੈ ਜਿਥੋਂ ਗੰਨੇ 'ਚ ਲਾਗਤ ਕੀਮਤ ਵੱਧ ਹੈ, ਪਰ ਖੰਡ ਦੀ ਪੈਦਾਵਾਰ ਖਪਤ ਨਾਲੋਂ ਕਾਫੀ ਘੱਟ ਹੈ ਪਰ ਦੂਸਰੇ ਸੂਬਿਆਂ ਖਾਸਕਰ ਉੱਤਰ ਪ੍ਰਦੇਸ਼ ਤੇ ਮਹਾਰਾਸ਼ਟਰ ਤੋਂ ਪੰਜਾਬ ਵਿਚ ਮੁਕਾਬਲਤਨ ਖੰਡ ਘੱਟ ਭਾਅ ਉੱਪਰ ਆਉਣ ਨਾਲ ਪੰਜਾਬ ਦੀਆਂ ਖੰਡ ਮਿੱਲਾਂ ਦੇ ਭੰਡਾਰ ਵੱਧ ਜਾਂਦੇ ਹਨ ਤੇ ਜਦ ਧਿਰਾਂ ਦੀ ਖੰਡ ਨਹੀਂ ਵਿਕਦੀ ਤਾਂ ਮਿੱਲਾਂ ਵਾਲੇ ਅੱਗੋਂ ਗੰਨੇ ਦੀ ਕੀਮਤ ਕਿਸਾਨਾਂ ਨੂੰ ਅਦਾ ਕਰਨ ਤੋਂ ਬੇਵੱਸ ਹੋ ਜਾਂਦੇ ਹਨ। ਪਿਛਲੇ ਤਿੰਨ ਸਾਲ ਤੋਂ ਪੰਜਾਬ ਦੇ ਗੰਨਾ ਉਤਪਾਦਕ ਤੇ ਮਿੱਲਾਂ ਵਾਲੇ ਇਸੇ ਸੰਕਟ 'ਚ ਫਸੇ ਹੋਏ ਹਨ। ਗੰਨਾ ਕਾਸ਼ਤ ਨਾਲ ਜੁੜੇ ਮਾਹਿਰਾਂ ਦਾ ਕਹਿਣਾ ਹੈ ਕਿ ਦੁਨੀਆਂ ਭਰ ਵਿਚ ਜੀਵਨਸ਼ੈਲੀ 'ਚ ਆ ਰਹੇ ਬਦਲਾਅ ਕਾਰਨ ਖੰਡ ਦੀ ਵਰਤੋਂ 'ਚ ਲਗਾਤਾਰ ਕਮੀ ਆ ਰਹੀ ਹੈ। ਆਮ ਤੌਰ 'ਤੇ 10 ਕਵਿੰਟਲ ਗੰਨੇ ਵਿਚੋਂ ਇਕ ਕਵਿੰਟਲ ਦੇ ਕਰੀਬ ਖੰਡ ਬਣਦੀ ਹੈ। ਇਸ ਦਾ ਸਿੱਧਾ ਅਸਥ ਹੈ ਕਿ 3100 ਰੁਪਏ ਨੂੰ ਇਕ ਕਵਿੰਟਲ ਖੰਡ ਪੈਂਦੀ ਹੈ, ਜਦਕਿ ਕੌਮਾਂਤਰੀ ਮੰਡੀ 'ਚ ਇਸ ਸਮੇਂ ਕਵਿੰਟਲ ਖੰਡ 2500 ਰੁਪਏ ਨੂੰ ਪੈਂਦੀ ਹੈ।

ਢੋਆ-ਢੁਆਈ ਤੇ ਮਜ਼ਦੂਰੀ ਗੁਦਾਮ ਆਦਿ ਦੇ ਖਰਚੇ ਪਾ ਕੇ ਪੰਜਾਬ ਵਿਚ ਇਸ ਵੇਲੇ ਖੰਡ 3700 ਰੁਪਏ ਪ੍ਰਤੀ ਕਵਿੰਟਲ ਪੈ ਰਹੀ ਹੈ ਤੇ ਮਿੱਲਾਂ ਦੇ ਭੰਡਾਰ ਤੇ ਪਈ ਖੰਡ ਦਾ ਭਾਅ ਇਸ ਵਕਤ 2900 ਤੋਂ 3000 ਰੁਪਏ ਦੇ ਵਿਚਕਾਰ ਹੈ। ਕੇਂਦਰ ਸਰਕਾਰ ਵੱਲੋਂ ਖੰਡ ਬਾਹਰੋਂ ਮੰਗਵਾਉਣ 'ਤੇ ਲਾਈ ਪਾਬੰਦੀ ਅਤੇ ਖੰਡ ਮਿੱਲਾਂ ਦਾ ਲੈਵੀ ਕੋਟਾ ਵਧਾਏ ਜਾਣ ਨਾਲ ਖੰਡ ਦੀਆਂ ਕੀਮਤਾਂ ਵਿਚ ਕੁਝ ਸਥਿਰਤਾ ਹੈ, ਨਹੀਂ ਤਾਂ ਮਿੱਲਾਂ ਵਾਲਿਆਂ ਦਾ ਕਹਿਣਾ ਹੈ ਕਿ ਜੇਕਰ ਮੰਡੀ ਖੋਲ੍ਹ ਦਿੱਤੀ ਜਾਵੇ ਤਾਂ ਖੰਡ 2 ਹਜ਼ਾਰ ਰੁਪਏ ਕਵਿੰਟਲ ਤੱਕ ਭਾਅ ਡਿੱਗ ਸਕਦਾ ਹੈ। ਸ਼ੂਗਰਫੈੱਡ ਦੇ ਐੱਮ.ਡੀ. ਰਹੇ ਸ. ਸੁਖਵਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਪੰਜਾਬ ਵਿਚ ਜ਼ਮੀਨ ਦਾ ਠੇਕਾ ਉੱਚਾ ਹੈ, ਮਜ਼ਦੂਰੀ ਵੱਧ ਹੈ ਤੇ ਖਾਦ ਤੇ ਪਾਣੀ ਦੀ ਵਰਤੋਂ ਵੱਧ ਹੁੰਦੀ ਹੈ ਅਤੇ ਪੰਜਾਬ ਦੇ ਕਿਸਾਨ ਗੰਨੇ ਦਾ ਮੁੱਢ ਵੀ ਹਰ ਦੋ ਸਾਲ ਬਦਲਣ ਦੇ ਆਦੀ ਹੋ ਗਏ ਹਨ। ਇਨ੍ਹਾਂ ਕਾਰਨਾਂ ਕਰ ਕੇ ਪੰਜਾਬ ਵਿਚ ਗੰਨੇ ਦੀ ਲਾਗਤ ਕੀਮਤ ਉੱਤਰ ਪ੍ਰਦੇਸ਼ ਤੇ ਮਹਾਰਾਸ਼ਟਰ ਤੋਂ ਕਿਤੇ ਵਧੇਰੇ ਹੈ। ਦੂਜਾ ਮਹਾਰਾਸ਼ਟਰ ਵਿਚ ਗੰਨੇ ਤੋਂ ਖੰਡ 11 ਫ਼ੀਸਦੀ ਤੇ ਪੰਜਾਬ ਵਿਚ 9 ਫ਼ੀਸਦੀ ਹੀ ਬਣਦੀ ਹੈ। ਖੰਡ ਮਿੱਲਾਂ ਦੇ ਹਲਕਿਆਂ ਅਨੁਸਾਰ ਪੰਜਾਬ 'ਚ ਇਸ ਵੇਲੇ ਢਾਈ ਲੱਖ ਏਕੜ ਰਕਬੇ ਵਿਚ ਗੰਨੇ ਦੀ ਬਿਜਾਈ ਹੈ। ਇਸ ਵਿਚੋਂ ਸਾਢੇ 8 ਲੱਖ ਕਰੋੜ ਦੇ ਕਰੀਬ ਗੰਨੇ ਦਾ ਉਤਪਾਦਨ ਹੋਵੇਗਾ ਤੇ ਗੰਨੇ ਤੋਂ 80 ਲੱਖ ਕਵਿੰਟਲ ਦੇ ਕਰੀਬ ਖੰਡ ਤਿਆਰ ਹੋਵੇਗੀ। ਪੰਜਾਬ ਵਿਚ ਖੰਡ ਦੀ ਖਪਤ 125 ਲੱਖ ਕਵਿੰਟਲ ਦੇ ਕਰੀਬ ਹਰ ਸਾਲ ਹੁੰਦੀ ਹੈ।

ਇਸ ਤਰ੍ਹਾਂ ਦੇਖਿਆ ਜਾਵੇ ਤਾਂ ਪੰਜਾਬ ਦੀ ਲੋੜ ਪੂਰੀ ਕਰਨ ਲਈ ਹਰ ਸਾਲ 45-50 ਲੱਖ ਕਵਿੰਟਲ ਖੰਡ ਬਾਹਰੋਂ ਮੰਗਵਾਉਣੀ ਪੈਂਦੀ ਹੈ ਪਰ ਹਕੀਕਤ ਇਹ ਹੈ ਕਿ ਉੱਤਰ ਪ੍ਰਦੇਸ਼ ਮਹਾਰਾਸ਼ਟਰ ਤੋਂ ਖੰਡ ਏਨੀ ਆ ਜਾਂਦੀ ਹੈ ਕਿ ਪੰਜਾਬ ਦੀਆਂ ਮਿੱਲਾਂ ਦੀ ਖੰਡ ਵਿਕਣੋਂ ਰਹਿ ਜਾਂਦੀ ਹੈ। ਜਦ ਪੰਜਾਬ ਦੀਆਂ ਮਿੱਲਾਂ ਦੀ ਖੰਡ ਨਹੀਂ ਵਿਕਦੀ ਤਾਂ ਫਿਰ ਕਿਸਾਨਾਂ ਦੇ ਗੰਨੇ ਦੀ ਅਦਾਇਗੀ ਰੁਕ ਜਾਂਦੀ ਹੈ। ਸਰਕਾਰੀ ਅੰਕੜਿਆਂ ਮੁਤਾਬਿਕ ਇਸ ਵੇਲੇ ਦੇਸ਼ 'ਚ 10 ਲੱਖ ਟਨ ਖੰਡ ਦਾ ਭੰਡਾਰ ਹੈ ਤੇ 330 ਲੱਖ ਟਨ ਦੇ ਕਰੀਬ ਨਵੀਂ ਖੰਡ ਪੈਦਾ ਹੋਣੀ ਹੈ। ਇਸ ਤਰ੍ਹਾਂ 430 ਲੱਖ ਟਨ ਖੰਡ ਬਣ ਜਾਵੇਗੀ ਜਦਕਿ ਪੂਰੇ ਦੇਸ਼ ਵਿਚ ਸਾਲਾਨਾ ਖੰਡ ਦੀ ਖਪਤ 250 ਲੱਖ ਟਨ ਦੇ ਕਰੀਬ ਹੈ। ਇਸ ਤਰ੍ਹਾਂ ਅਗਲੇ ਸਾਲਾਂ 'ਚ ਖੰਡ ਦਾ ਵਾਧੂ ਭੰਡਾਰ 100 ਤੋਂ ਵਧ ਕੇ 180 ਲੱਖ ਟਨ ਹੋ ਜਾਵੇਗਾ। ਖੰਡ ਮਿੱਲ ਮਾਹਿਰਾਂ ਦਾ ਕਹਿਣਾ ਹੈ ਕਿ ਗੰਨੇ ਦੀ ਕਾਸ਼ਤ ਨੂੰ ਕੰਟਰੋਲ ਵੀ ਕਰਨਾ ਪਵੇਗਾ ਅਤੇ ਦੂਜਾ ਪੰਜਾਬ ਵਿਚ ਗੰਨੇ ਦੀ ਲਾਗਤ ਕੀਮਤ ਘਟਾਉਣ ਲਈ ਵਿਸ਼ੇਸ਼ ਯਤਨ ਕੀਤੇ ਜਾਣ ਦੀ ਜ਼ਰੂਰਤ ਹੈ।

ਗੰਨਾ ਖੇਤੀ ਮਾਹਿਰਾਂ ਤੇ ਖੰਡ ਮਿੱਲ ਮਾਲਕਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਪਿਛਲੇ ਬਕਾਏ 15 ਜਨਵਰੀ ਤੱਕ ਅਦਾ ਕਰਨ ਤੇ ਚਾਲੂ ਖਰੀਦ ਦੀ ਰਕਮ ਵੀ ਨਾਲੋਂ ਨਾਲ ਦੇਣ ਦਾ ਵਾਅਦਾ ਕਰਕੇ ਇਕ ਵਾਰ ਕਿਸਾਨ ਅੰਦੋਲਨ ਦਾ ਧਿਆਨ ਤਾਂ ਗਲੋਂ ਲਾਹ ਲਿਆ ਹੈ, ਪਰ ਮਿੱਲਾਂ ਕੋਲ ਭੰਡਾਰ ਪਈ ਖੰਡ ਦੇ ਵਿਕਣ ਦਾ ਕੋਈ ਬੰਦੋਬਸਤ ਕਰਨ ਦੀ ਅਜੇ ਕੋਈ ਯੋਜਨਾ ਨਹੀਂ ਤੇ ਨਾ ਹੀ ਬਾਹਰਲੇ ਰਾਜਾਂ ਤੋਂ ਸਸਤੇ ਭਾਅ ਆਉਣ ਵਾਲੀ ਖੰਡ ਨੂੰ ਰੋਕਣ ਬਾਰੇ ਹੀ ਕੋਈ ਉਪਾਅ ਸਾਹਮਣੇ ਆ ਰਿਹਾ ਹੈ। ਅਜਿਹੀ ਹਾਲਤ 'ਚ ਜਦ ਖੰਡ ਅੱਗੇ ਨਹੀਂ ਵਿਕੇਗੀ ਤਾਂ ਪਿਛਲੀ ਬਕਾਇਆ ਤੇ ਨਵੇਂ ਖਰੀਦੇ ਗੰਨੇ ਦੀ ਅਦਾਇਗੀ ਕਰਨੀ ਮੁਸ਼ਕਿਲ ਹੋ ਜਾਵੇਗੀ। ਇਸੇ ਕਾਰਨ ਲੱਗਦਾ ਹੈ ਕਿ ਗੰਨਾ ਉਤਪਾਦਕਾਂ ਨੂੰ ਜਿਥੋਂ ਮਿੱਲਾਂ ਲੇਟ ਸ਼ੁਰੂ ਹੋਣ ਨਾਲ ਗੰਨਾ ਵੇਚਣ 'ਚ ਸਮੱਸਿਆ ਆ ਸਕਦੀ ਹੈ। ਉਥੇ ਗੰਨੇ ਦੀ ਅਦਾਇਗੀ ਮੁੜ ਫਿਰ ਵੱਡਾ ਮਸਲਾ ਬਣ ਕੇ ਉਭਰ ਸਕਦਾ ਹੈ।

## ਗੰਨਾ ਕਾਸ਼ਤਕਾਰਾਂ ਪ੍ਰਤੀ ਬੇਰੁਖੀ ਕੈਪਟਨ ਸਰਕਾਰ ਨੂੰ ਪਈ ਮਹਿੰਗੀ

**ਚੰਡੀਗੜ੍ਹ:** ਜੇਕਰ ਪੰਜਾਬ ਸਰਕਾਰ ਨੇ ਵੇਲੇ ਸਿਰ ਕਿਸਾਨ ਜਥੇਬੰਦੀਆਂ ਅਤੇ ਪ੍ਰਾਈਵੇਟ ਖੰਡ ਮਿੱਲ ਮਾਲਕਾਂ ਨਾਲ ਗੱਲਬਾਤ ਕਰ ਕੇ ਮਸਲਾ ਨਿਬੇੜਿਆ ਹੁੰਦਾ ਤਾਂ ਸੜਕਾਂ ਜਾਮ ਕਰਨ ਦੀ ਨੌਬਤ ਨਾ ਆਉਂਦੀ। ਦੂਜੇ ਪਾਸੇ, ਪ੍ਰਾਈਵੇਟ ਖੰਡ ਮਿੱਲ ਮਾਲਕਾਂ ਨੂੰ 25 ਰੁਪਏ ਪ੍ਰਤੀ ਕੁਇੰਟਲ ਭਾਅ ਦੀ ਛੋਟ ਨਹੀਂ ਦੇਣੀ ਪੈਣੀ ਸੀ ਤੇ ਮਾਮਲਾ 15 ਰੁਪਏ ਪ੍ਰਤੀ ਕੁਇੰਟਲ ਦੇਣ ਨਾਲ ਹੀ ਹੱਲ ਹੋਣ ਦੀ ਉਮੀਦ ਸੀ। ਇਸ ਨਾਲ ਵਿੱਤੀ ਸੰਕਟ ਵਿਚ ਘਿਰੀ ਪੰਜਾਬ ਸਰਕਾਰ ਦੇ ਕਰੀਬ 65 ਕਰੋੜ ਰੁਪਏ ਬਚ ਸਕਦੇ ਸਨ।

ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ, ਸਹਿਕਾਰਤਾ ਵਿਭਾਗ ਦੇ ਵਧੀਕ ਮੁੱਖ ਸਕੱਤਰ ਤੇ ਗੰਨਾ ਕਮਿਸ਼ਨਰ ਨਾਲ ਦੋ ਵਾਰ ਮੀਟਿੰਗਾਂ ਕੀਤੀਆਂ, ਪਰ ਕੋਈ ਨਤੀਜਾ ਨਹੀਂ ਨਿਕਲਿਆ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਜਦੋਂ ਨਿੱਜੀ ਖੰਡ ਮਿੱਲਾਂ ਨੇ ਇਸ ਸਾਲ 6 ਮਈ ਨੂੰ ਅਖ਼ਬਾਰਾਂ ਵਿਚ ਇਸ਼ਤਿਹਾਰ ਦੇ ਕੇ ਸਾਫ ਕਰ ਦਿੱਤਾ ਸੀ ਕਿ ਉਹ 275 ਰੁਪਏ ਕੁਇੰਟਲ ਤੋਂ ਵੱਧ ਭਾਅ 'ਤੇ ਗੰਨਾ ਨਹੀਂ ਖ਼ਰੀਦਣਗੇ ਤੇ ਉਸ ਸਥਿਤੀ ਵਿਚ ਸਰਕਾਰ ਨੇ ਮਿੱਲਾਂ ਚਲਾਉਣ ਲਈ ਕੋਈ ਕਦਮ ਕਿਉਂ ਨਹੀਂ ਚੁੱਕਿਆ। ਦੂਜੇ ਪਾਸੇ, ਪ੍ਰਾਈਵੇਟ ਖੰਡ ਮਿੱਲ ਮਾਲਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਮਿਲਣ ਲਈ ਕਈ ਵਾਰ ਸਮਾਂ ਮੰਗਿਆ ਸੀ। ਸਰਕਾਰ ਕਿਸਾਨਾਂ ਵੱਲੋਂ ਸੜਕਾਂ ਜਾਮ ਕਰਨ ਤੋਂ ਬਾਅਦ ਹੀ ਜਾਗੀ। ਇਸ ਸਥਿਤੀ ਦਾ ਨਿੱਜੀ ਮਿੱਲ ਮਾਲਕਾਂ ਨੇ ਲਾਹਾ ਲਿਆ ਤੇ 15 ਰੁਪਏ ਪ੍ਰਤੀ ਕੁਇੰਟਲ ਦੀ ਥਾਂ 25 ਰੁਪਏ ਤੱਕ ਦੀ ਛੋਟ ਲੈਣ ਅਤੇ ਸਾਲ 2015:16 ਵਿਚ ਲਏ ਕਰਜ਼ੇ ਦਾ 65 ਕਰੋੜ ਵਿਆਜ ਦੀ ਛੋਟ ਲੈਣ ਵਿਚ ਸਫ਼ਲ ਹੋ ਗਏ। ਕਾਂਗਰਸ ਦੇ ਇਕ ਸੀਨੀਅਰ ਵਿਧਾਇਕ ਨੇ ਕਿਹਾ ਕਿ ਜੇਕਰ ਮਹੀਨਾ ਪਹਿਲਾਂ ਗੱਲ ਕਰ ਲਈ ਜਾਂਦੀ ਤਾਂ ਮਿੱਲ ਮਾਲਕਾਂ ਨੇ 15 ਰੁਪਏ ਪ੍ਰਤੀ ਕੁਇੰਟਲ ਦੀ ਛੋਟ ਲੈ ਕੇ ਮੰਨ ਜਾਣਾ ਸੀ।

# ਕਰਜ਼ਾਈ ਕਿਸਾਨਾਂ ਨੂੰ ਰਾਹਤ ਲਈ ਕੈਪਟਨ ਸਰਕਾਰ ਨੇ ਹੱਥ ਖੋਲ੍ਹਿਆ

**ਪਟਿਆਲਾ:** ਪੰਜਾਬ ਸਰਕਾਰ ਨੇ ਢਾਈ ਏਕੜ ਤੱਕ ਜ਼ਮੀਨ ਦੀ ਮਾਲਕੀ ਵਾਲੇ 1,09,730 ਕਿਸਾਨਾਂ ਨੂੰ ਵਪਾਰਕ ਬੈਂਕਾਂ ਤੋਂ ਲਏ 1771 ਕਰੋੜ ਦੇ ਕਰਜ਼ੇ ਤੋਂ ਮੁਕਤੀ ਦਿਵਾ ਦਿੱਤੀ ਹੈ। ਅਗਲੇ ਪੜਾਅ 'ਚ ਢਾਈ ਤੋਂ 5 ਏਕੜ ਜ਼ਮੀਨ ਵਾਲੇ ਕਿਸਾਨਾਂ ਸਮੇਤ ਬੇਜ਼ਮੀਨੇ ਕਾਮਿਆਂ ਦਾ ਵੀ ਕਰਜ਼ਾ ਮੁਆਫ ਹੋਵੇਗਾ। ਇਹ ਐਲਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਓਮੈਕਸ ਸਿਟੀ ਵਿਚ ਹੋਏ ਸੂਬਾਈ ਸਮਾਗਮ ਦੌਰਾਨ ਕਿਸਾਨਾਂ ਨੂੰ ਕਰਜ਼ਾ ਰਾਹਤ ਸਰਟੀਫਿਕੇਟ ਸੌਂਪਣ ਮੌਕੇ ਕੀਤਾ।

ਇਹ ਮੁਆਫੀ ਦੋ ਲੱਖ ਤੱਕ ਦੇ ਕਰਜ਼ੇ 'ਤੇ ਅਧਾਰਤ ਹੈ। ਇਸ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਾਣਕਾਰੀ ਦਿੱਤੀ ਕਿ ਇਸ ਨਾਲ ਹੁਣ ਤੱਕ ਤਕਰੀਬਨ 4.28 ਲੱਖ ਕਿਸਾਨਾਂ ਦਾ 3586 ਕਰੋੜ ਦਾ ਕਰਜ਼ਾ ਮੁਆਫ ਹੋ ਗਿਆ ਹੈ ਕਿਉਂਕਿ 3.18 ਲੱਖ ਕਿਸਾਨਾਂ ਦਾ ਸਹਿਕਾਰੀ



ਬੈਂਕਾਂ ਦਾ 1815 ਕਰੋੜ ਦਾ ਕਰਜ਼ਾ ਪਹਿਲਾਂ ਹੀ ਮੁਆਫ਼ ਕੀਤਾ ਜਾ ਚੁੱਕਾ ਹੈ। ਤੀਜੇ ਤੇ ਚੌਥੇ ਪੜਾਅ ਵਿਚ ਸਹਿਕਾਰੀ ਬੈਂਕਾਂ ਨਾਲ ਜੁੜੇ 2.15 ਲੱਖ ਅਤੇ ਵਪਾਰਕ ਬੈਂਕਾਂ ਦੇ 50752 ਛੋਟੇ ਕਿਸਾਨਾਂ ਦਾ ਕਰਜ਼ਾ ਵੀ ਮੁਆਫ ਹੋਵੇਗਾ। ਮੁੱਖ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਨੇ ਹੀ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਕੇਂਦਰੀ ਏਸ਼ਿਆਈ ਮੁਲਕਾਂ ਵਿਚ ਬਰਾਮਦਗੀ ਲਈ ਖੰਡ ਅਤੇ ਆਲੂ ਦੀ ਫਸਲ ਨੂੰ ਵੀ ਵਿਸ਼ੇਸ਼ ਸੂਚੀ ਵਿਚ ਸ਼ਾਮਲ ਕਰਨ ਲਈ ਆਖਿਆ ਹੈ, ਜਿਸ ਨਾਲ ਸੂਬੇ ਦੇ ਗੰਨਾ ਕਾਸ਼ਤਕਾਰਾਂ ਅਤੇ ਆਲੂ ਉਤਪਾਦਕਾਂ ਨੂੰ ਵੱਡਾ ਲਾਭ ਮਿਲੇਗਾ। ਕੈਪਟਨ ਨੇ ਕਿਹਾ ਕਿ ਇਜ਼ਰਾਈਲ ਅਤੇ ਪੀ.ਏ.ਯੂ. ਲੁਧਿਆਣਾ ਦੇ ਮਾਹਿਰਾਂ ਦੀ ਭਾਈਵਾਲੀ ਨਾਲ ਸੂਬੇ ਵਿਚ ਜਲ ਸੰਭਾਲ 'ਤੇ ਵੀ ਵਿਸ਼ੇਸ਼ ਧਿਆਨ ਕੇਂਦ੍ਰਿਤ ਕੀਤਾ ਜਾਵੇਗਾ ਤਾਂ ਜੋ ਇਸ ਵਡਮੁੱਲੇ ਸਰੋਤ ਨੂੰ ਸੰਭਾਲਿਆ ਜਾ ਸਕੇ।

# ਇਤਿਹਾਸਕ ਯਾਦਗਾਰਾਂ ਸਰਕਾਰੀ ਬੇਰੁਖੀ ਦਾ ਸ਼ਿਕਾਰ

**ਚੰਡੀਗੜ੍ਹ:** ਸ੍ਰੀ ਹਰਿਗੋਬਿੰਦਪੁਰ ਇਤਿਹਾਸਕ ਨਗਰ ਹੋਣ ਕਾਰਨ ਇਸ ਦੀ ਪਛਾਣ ਅਲੱਗ ਹੈ ਪਰ ਇਸ ਦੇ ਬਾਵਜੂਦ ਇਹ ਸ਼ਹਿਰ ਦੂਜੇ ਸ਼ਹਿਰਾਂ ਮੁਕਾਬਲੇ ਕਾਫੀ ਪਛੜਿਆ ਹੋਇਆ ਹੈ। ਇਹ ਗੁਰੂ ਅਰਜਨ ਦੇਵ ਵੱਲੋਂ ਵਸਾਏ ਨਗਰਾਂ



ਵਿਚੋਂ ਇਕ ਪ੍ਰਸਿੱਧ ਸ਼ਹਿਰ ਹੈ ਜਿਸ ਦਾ ਨਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਨਾਂ ਉੱਪਰ ਰੱਖਿਆ ਗਿਆ ਸੀ। ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਕੋਈ ਧਿਆਨ ਨਾ ਦੇਣ ਕਰ ਕੇ ਸ਼ਹਿਰ ਵਿਚਲੀਆਂ ਸਾਰੀਆਂ ਪੁਰਾਣੀਆਂ ਯਾਦਗਾਰਾਂ ਹੌਲੀ-ਹੌਲੀ ਅਲੋਪ ਹੋ ਰਹੀਆਂ ਹਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸ੍ਰੀ ਹਰਿਗੋਬਿੰਦਪੁਰ ਨੂੰ ਵਸਾਉਣ ਵੇਲੇ ਇਸ ਸ਼ਹਿਰ ਦੀ ਕਿਲ੍ਹਾਬੰਦੀ ਕਰ ਕੇ ਚਾਰ ਦਿਸ਼ਾਵਾਂ ਵਿਚ ਡਿਉਢੀਆਂ ਬਣਾ ਕੇ ਦਰਵਾਜ਼ੇ ਲਗਾਏ ਗਏ ਸਨ। ਇਥੇ ਰਹਿਣ ਵਾਲੇ ਹਰ ਧਰਮ ਦੇ ਲੋਕਾਂ ਲਈ ਗੁਰਦੁਆਰੇ, ਮੰਦਰਾਂ ਤੇ ਮਸੀਤਾਂ ਦਾ ਨਿਰਮਾਣ ਕਰਵਾਇਆ ਸੀ। ਲੋਕਾਂ ਲਈ ਪਾਣੀ ਪੀਣ ਲਈ ਸ਼ਹਿਰ ਵਿਚ ਲਗਭਗ 40 ਖੂਹ ਪੁਟਵਾਏ ਸਨ। ਯਾਤਰੀਆਂ ਲਈ ਧਰਮਸ਼ਾਲਾ ਦਾ ਨਿਰਮਾਣ ਕਰਵਾਇਆ ਗਿਆ ਸੀ ਪਰ ਅੱਜ ਚਾਰ ਦਿਸ਼ਾਵਾਂ ਵਿਚ ਲਗਾਏ ਦਰਵਾਜ਼ਿਆਂ ਵਿਚੋਂ ਸਿਰਫ ਇਕ ਹੀ ਦਰਵਾਜ਼ਾ ਮੌਜੂਦ ਹੈ ਜੋ ਲਾਹੌਰੀ ਗੇਟ ਨਾਲ ਜਾਣਿਆ ਜਾਂਦਾ ਹੈ ਅਤੇ ਬਾਕੀ ਸਾਰੇ ਦਰਵਾਜ਼ੇ ਢਹਿ-ਢੇਰੀ ਹੋ ਚੁੱਕੇ ਹਨ। ਲਾਹੌਰੀ ਗੇਟ ਦੀ ਹਾਲਤ ਵੀ ਤਰਸਯੋਗ ਬਣੀ ਹੋਈ ਹੈ। ਲੱਕੜ ਦੇ ਬਣੇ ਦਰਵਾਜ਼ੇ ਨਗਰ ਕੌਂਸਲ ਨੇ ਉਤਾਰ ਲਏ ਹਨ ਅਤੇ ਡਿਉਢੀ ਦੀ ਛੱਤ ਟੁੱਟ ਚੁੱਕੀ ਹੈ। ਹੌਲੀ-ਹੌਲੀ ਇਹ ਡਿਉਢੀ ਤੇ ਡਿਉਢੀ 'ਤੇ ਲੱਗਾ ਦਰਵਾਜ਼ਾ ਵੀ ਅਲੋਪ ਹੋ ਰਿਹਾ ਹੈ।

ਗੁਰੂ ਸਾਹਿਬ ਵੱਲੋਂ ਮੁਸਲਿਮ ਭਾਈਚਾਰੇ ਲਈ ਬਣਾਈ ਮਸੀਤ ਜਿਸ ਨੂੰ ਹੁਣ ਗੁਰੂ ਕੀ ਮਸੀਤ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਉਸ ਦੀ ਹਾਲਤ ਵੀ ਤਰਸਯੋਗ ਬਣੀ ਹੋਈ ਹੈ। ਬੇਸ਼ੱਕ 2003 ਵਿਚ ਯੂਨੈਸਕੋ ਨੇ ਇਸ ਇਮਾਰਤ ਦਾ ਪੁਨਰ ਨਿਰਮਾਣ ਕੀਤਾ ਸੀ। ਗੁਰੂ ਕੀ ਮਸੀਤ ਦੀ ਦੇਖ ਭਾਲ ਇੱਕ ਨਿਹੰਗ ਸਿੰਘ ਵੱਲੋਂ ਕੀਤੀ ਜਾ ਰਹੀ ਹੈ ਅਤੇ ਮਸੀਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ ਪਰ ਇਸ ਇਤਿਹਾਸਕ ਇਮਾਰਤ ਵੱਲ ਕਿਸੇ ਵੀ ਸਰਕਾਰ ਤੇ ਪ੍ਰਸ਼ਾਸਨ ਨੇ ਧਿਆਨ ਨਹੀਂ ਦਿੱਤਾ ਜਿਸ ਕਾਰਨ ਇਸ ਇਤਿਹਾਸਕ ਇਮਾਰਤ ਦੇ ਹਾਲਾਤ ਪਹਿਲਾਂ ਵਰਗੇ ਬਣਦੇ ਜਾ ਰਹੇ ਹਨ।

ਗੁਰੂ ਸਾਹਿਬ ਵੱਲੋਂ ਸ਼ਹਿਰ ਵਿਚ ਪੁਟਵਾਏ ਗਏ ਲਗਭਗ ਸਾਰੇ ਹੀ ਖੂਹ ਬੰਦ ਪਏ ਹਨ ਤੇ ਕਈ ਖੂਹਾਂ 'ਤੇ ਲੋਕਾਂ ਨੇ ਕਬਜ਼ੇ ਕਰਕੇ ਇਮਾਰਤਾਂ ਉਸਾਰ ਦਿੱਤੀਆਂ ਹਨ ਤੇ ਕਈ ਖੂਹ ਲੋਕਾਂ ਨੇ ਪੂਰ ਦਿੱਤੇ ਹਨ। ਕਈ ਖੂਹ ਅਜਿਹੇ ਹਨ ਜਿਨ੍ਹਾਂ ਦੀ ਮਾਮੂਲੀ ਦੇਖ ਭਾਲ ਨਾਲ ਇਨ੍ਹਾਂ ਨੂੰ ਮੁੜ ਚਾਲੂ ਕੀਤਾ ਜਾ ਸਕਦਾ ਹੈ ਜਿਸ ਨਾਲ ਗੁਰੂ ਸਾਹਿਬ ਦੀਆਂ ਯਾਦਗਾਰਾਂ ਨੂੰ ਸੰਭਾਲਿਆ ਜਾ ਸਕਦਾ ਹੈ।

ਹਲਕਾ ਵਾਸੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਗੁਰੂ ਸਾਹਿਬ ਵੱਲੋਂ ਵਸਾਈ ਇਸ ਨਗਰੀ ਨੂੰ ਇਤਿਹਾਸਕ ਸ਼ਹਿਰ ਦਾ ਦਰਜਾ ਦਿੱਤਾ ਜਾਵੇ ਅਤੇ ਸ਼ਹਿਰ ਵਿਚ ਮੌਜੂਦ ਗੁਰੂ ਕੀ ਮਸੀਤ, ਇਤਿਹਾਸਕ ਖੂਹਾਂ, ਚਾਰ ਡਿਉਢੀਆਂ, ਧਰਮਸ਼ਾਲਾ ਤੇ ਹੋਰ ਯਾਦਗਾਰਾਂ ਨੂੰ ਮੁੜ ਸੁਰਜੀਤ ਕੀਤਾ ਜਾਵੇ।

## ਅਫਗਾਨਿਸਤਾਨ ਤੋਂ ਆਏ ਸੇਬਾਂ 'ਚੋਂ ਮਿਲਿਆ ਸਾਢੇ 32 ਕਿਲੋ ਸੋਨਾ

**ਅਟਾਰੀ:** ਅਫਗਾਨਿਸਤਾਨ ਤੋਂ ਪਾਕਿਸਤਾਨ ਰਸਤੇ ਆਏ ਸੇਬਾਂ ਦੀਆਂ ਪੇਟੀਆਂ ਵਿਚੋਂ ਕਸਟਮ ਵਿਭਾਗ ਨੇ ਅਟਾਰੀ ਆਈ.ਸੀ.ਪੀ. ਤੋਂ 32 ਕਿੱਲੋ 654 ਗਰਾਮ ਸੋਨਾ ਬਰਾਮਦ ਕੀਤਾ ਹੈ, ਜੋ ਕਿ ਇਨ੍ਹਾਂ ਪੇਟੀਆਂ ਵਿਚ ਵਿਸ਼ੇਸ਼ ਢੰਗ ਨਾਲ ਲੁਕਾਇਆ ਹੋਇਆ ਸੀ। ਸੇਬ ਦਾ ਇਹ ਮਾਲ ਦਿੱਲੀ ਦੇ ਇਕ ਵਪਾਰੀ ਵੱਲੋਂ ਮੰਗਵਾਇਆ ਗਿਆ ਸੀ।

ਸੋਨੇ ਦੇ ਵੱਡੇ 27 ਬਿਸਕੁਟ ਸੇਬਾਂ ਦੀਆਂ 11 ਪੇਟੀਆਂ ਵਿਚੋਂ ਮਿਲੇ ਹਨ, ਜਿਨ੍ਹਾਂ ਦਾ ਵਜ਼ਨ 32 ਕਿਲੋ 654 ਗਰਾਮ ਹੈ। ਸੇਬਾਂ ਦੀਆਂ ਇਹ ਪੇਟੀਆਂ ਅਫਗਾਨਿਸਤਾਨ ਤੋਂ ਭੇਜੀਆਂ ਗਈਆਂ ਹਨ ਅਤੇ ਇਹ ਸੇਬ ਦਿੱਲੀ ਦੇ ਇਕ ਵਪਾਰੀ ਵੱਲੋਂ ਮੰਗਵਾਏ ਗਏ ਸਨ ਪਰ ਜਿਸ ਟਰੱਕ ਵਿਚ ਇਹ ਸੇਬ ਦੀਆਂ ਪੇਟੀਆਂ ਲੱਦ ਕੇ ਇਥੇ ਪੁੱਜੀਆਂ ਹਨ, ਇਹ ਵਾਹਨ ਪਾਕਿਸਤਾਨ ਦਾ ਸੀ। ਇਹ ਟਰੱਕ ਪਹਿਲਾਂ ਪਾਕਿਸਤਾਨ ਤੋਂ ਅਫਗਾਨਿਸਤਾਨ ਗਿਆ ਸੀ ਅਤੇ ਮਾਲ ਲੱਦ ਕੇ ਵਾਪਸ ਪਾਕਿਸਤਾਨ ਰਸਤੇ ਭਾਰਤ ਪੁੱਜਾ ਸੀ। ਇਸ ਦਾ ਚਾਲਕ ਵੀ ਪਾਕਿਸਤਾਨ ਵਿਚ ਬਦਲ ਦਿੱਤਾ ਗਿਆ ਸੀ।


AMOLAK SINGH GAKHAL , MAKHAN SINGH BAINS
S. ASHOK BHAURA & IKKI INTERNATIONAL ENTERTAINMENT INC.
PRESENTS
ਉਦਘਾਟਨ
ਸ. ਮੱਖਣ ਸਿੰਘ
ਗਿਆਨੀ ਰਵਿੰਦਰ ਸਿੰਘ
ਚੰਨੀ ਸਿੰਘ
ਹਰਮਨਦੀਪ
Sahaita
The helping hand
PROCEEDS FROM THE SHOW WILL BE GOING TO SAHAITA
ਸ਼ਮਾਂ ਰੌਸ਼ਨ
ਸੁੱਖੀ ਬਾਠ
( ਪੰਜਾਬੀ ਭਵਨ ਸਰੀ ਕਨੇਡਾ)
ਮੋਨਾ ਸਿੰਘ
FREE ENTRY
ਟਾਈਟਲ ਗੀਤ
ਪਵਨਦੀਪ (ਮੋਗਾ)
ਮੰਚ ਸੰਚਾਲਕ
ਸ਼ਕਤੀ ਮਾਣਕ
CHHANKATA WANGA DA 2019
ਅਨੂਪ ਚੀਮਾਂ
SUNDAY 6 JANUARY,2019
TIME : 12 PM ONWARDS
VENUE : PARADISE BALLROOMS,4100 PERALTA BLVD. FREMONT CA 94536
ਸੱਤੀ ਪਾਬਲਾ
BAY AREA DHAMAK
UC DAVIS
FOLK DANCES PRESENTATION:
BHANGRA/GIDHA : AJAY BHANGRA ACADEMY, BAY AREA DHAMAK, UC DAVIS. MALWAYI GIDHA: PUNJABI DHADKAN ACADEMY
COMEDY: BHAJNA AMLI ( GURDEV DHILLON)
CONTACT : S. ASHOK BHAURA 510-415-3315/
MANVIR BHAURA 510-695-4836 /
ANMOL BHAURA 510-512-3401 /
MANJIT CHERA 408-659-9959/
INDERJEET SINGH 510 6344586
GARV ਪੰਜਾਬ
RADIO MIRCHI
ਵਿਸ਼ੇਸ਼ ਮਹਿਮਾਨ
ਸੁਰਿੰਦਰ ਬਡਿਆਲ
ਨਛੱਤਰ ਸਿੰਘ ਗੋਸਲ
ਅਵਤਾਰ ਸਿੰਘ
POWERED BY : GB ENTERTAINMENT, INDO AMERICAN MOTION PICTURE , PUNJAB LOK RANG ,GEET MALA DANCE ACADEMY, TOTAL ENTERTAINMENT & JHANJHAR DI CHANKAAR, INTERNATIONAL PUNJABI PAGEANT
MEDIA PARTNERS: GARV PUNJAB TV , RADIO MIRCHI 1310 , RADIO CK , RITU MAHESHWARI
IKKI INTERNATIONAL ENT. INC.
DESIGN : ROOP KAMAL SINGH

# ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹ



ਡਾ. ਗੁਰਨਾਮ ਕੌਰ, ਕੈਨੇਡਾ

ਗੁਰੂ ਨਾਨਕ ਦੇਵ ਜੀ ਦਾ ਆਸਾ ਦੀ ਵਾਰ ਵਿਚ ਰਚਿਆ ਇਹ ਸਲੋਕ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 473 'ਤੇ ਦਰਜ ਹੈ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਵਿਚ ਜਨਮ, ਜਾਤ ਜਾਂ ਇਸਤਰੀ/ਪੁਰਸ਼ ਹੋਣ ਦੇ ਨਾਤੇ ਮਨੁੱਖੀ ਰੁਤਬੇ ਵਿਚ ਕੋਈ ਫਰਕ ਨਹੀਂ ਕੀਤਾ ਗਿਆ। ਬਾਣੀ ਅਨੁਸਾਰ ਕਿਉਂਕਿ ਇਸ ਬ੍ਰਹਿਮੰਡ ਦੀ ਰਚਨਾ ਕਰਤਾਰ ਨੇ ਆਪਣੇ ਆਪ ਤੋਂ ਕੀਤੀ ਹੈ, ਇਸ ਲਈ ਸਾਰੇ ਮਨੁੱਖਾਂ ਵਿਚ ਉਸ ਇੱਕ ਅਕਾਲ ਪੁਰਖ ਦੀ ਜੋਤਿ ਵਿਆਪਕ ਹੈ। ਉਸੇ ਇੱਕ ਰੱਬੀ ਸੋਮੇ ਤੋਂ ਪੈਦਾ ਹੋਣ ਕਰਕੇ ਸਾਰੇ ਮਨੁੱਖ ਬਰਾਬਰ ਹਨ ਅਤੇ ਇਸ ਕਰਕੇ ਅਜਿਹੇ ਕਿਸੇ ਵੀ ਆਧਾਰ 'ਤੇ ਮਨੁੱਖ ਨੂੰ ਛੋਟਾ ਜਾਂ ਵੱਡਾ, ਉਚਾ ਜਾਂ ਨੀਵਾਂ ਨਹੀਂ ਕਿਹਾ ਜਾ ਸਕਦਾ। ਇਸ ਲਈ ਸਾਰੇ ਮਨੁੱਖਾਂ ਨੂੰ ਜੀਣ ਅਤੇ ਥੀਣ ਦਾ ਇੱਕੋ ਜਿਹਾ ਹੱਕ ਪ੍ਰਾਪਤ ਹੈ। ਪਰ ਭਾਰਤ ਇੱਕ ਅਜਿਹਾ ਦੇਸ਼ ਹੈ, ਜਿੱਥੇ ਜਾਤ-ਜਨਮ ਅਤੇ ਇਸਤਰੀ-ਪੁਰਸ਼ ਦੇ ਆਧਾਰ 'ਤੇ ਸਭ ਨੂੰ ਰੱਬੀ ਜੋਤਿ ਨਾਲ ਵਰੋਸਾਏ ਇੱਕੋ ਜਿਹੇ ਸਮਾਜਕ ਰੁਤਬੇ ਵਾਲੇ ਮਨੁੱਖ ਨਹੀਂ ਮੰਨਿਆ ਜਾਂਦਾ। ਇੱਕੀਵੀਂ ਸਦੀ ਦੇ ਦੋ ਦਹਾਕੇ ਬੀਤਣ ਵਾਲੇ ਹਨ ਪਰ ਅੱਜ ਵੀ ਇਹ ਵੰਡ ਉਵੇਂ ਦੀ ਉਵੇਂ ਨਾ ਸਿਰਫ ਕਾਇਮ ਹੈ ਸਗੋਂ ਮੌਜੂਦਾ ਸਰਕਾਰ ਦੇ ਰਾਜ-ਕਾਲ ਵਿਚ ਅਜਿਹੀ ਵੰਡ ਦੇ ਆਧਾਰ 'ਤੇ ਭਾਰਤੀ ਸਮਾਜ ਵਿਚ ਇਹ ਵੰਡੀਆਂ ਹੋਰ ਡੂੰਘੀਆਂ ਹੋ ਗਈਆਂ ਹਨ, ਭਾਵੇਂ ਭਾਰਤੀ ਸੰਵਿਧਾਨ ਅਨੁਸਾਰ ਸਭ ਨੂੰ ਬਰਾਬਰ ਦੇ ਹੱਕ ਪ੍ਰਾਪਤ ਹਨ।

ਇਸ ਸ਼ਲੋਕ ਵਿਚ ਗੁਰੂ ਨਾਨਕ ਇਸ ਸੱਚਾਈ ਤੋਂ ਵੀ ਪਾਰ ਦੀ ਗੱਲ ਕਰਦਿਆਂ ਮਨੁੱਖੀ ਹੋਂਦ ਦੇ ਇਸ ਤੱਥ 'ਤੇ ਚਾਨਣਾ ਪਾਉਂਦੇ ਹਨ ਕਿ ਔਰਤ ਤੋਂ ਬਿਨਾ ਮਨੁੱਖ ਦੀ, ਮਨੁੱਖੀ ਸਮਾਜ ਦੀ ਹੋਂਦ ਹੀ ਸੰਭਵ ਨਹੀਂ ਹੈ। ਉਹ ਸਪਸ਼ਟ ਕਰਦੇ ਹਨ ਕਿ ਔਰਤ ਤੋਂ ਹੀ ਮਨੁੱਖ ਜਨਮ ਲੈਂਦਾ ਹੈ ਅਤੇ ਔਰਤ ਦੇ ਸਰੀਰ ਅੰਦਰ ਹੀ ਮਨੁੱਖ ਦਾ ਸਰੀਰ ਬਣਦਾ ਹੈ। ਵਿਆਹ ਜਾਂ ਸ਼ਾਦੀ ਤੋਂ ਮਨੁੱਖੀ ਸਮਾਜ ਦੀ ਨੀਂਹ ਬੰਨੀ ਜਾਂਦੀ ਹੈ ਅਤੇ ਇਹ ਮੰਗਣਾ-ਵਿਆਹ ਔਰਤ ਨਾਲ ਹੀ ਹੁੰਦਾ ਹੈ। ਔਰਤ ਨਾਲ ਹੀ ਮਨੁੱਖ ਦਾ ਸਮਾਜ ਦੇ ਹੋਰ ਲੋਕਾਂ ਨਾਲ ਸਬੰਧ ਜੁੜਦਾ ਹੈ ਅਤੇ ਔਰਤ ਤੋਂ ਹੀ ਸੰਸਾਰ ਦੀ ਉਤਪਤੀ ਦਾ ਰਸਤਾ ਤੁਰਦਾ ਹੈ। ਜੇ ਇੱਕ ਔਰਤ ਮਰ ਜਾਏ ਤਾਂ ਜੀਵਨ ਸਾਥਣ ਦੇ ਰੂਪ ਵਿਚ ਹੋਰ ਇਸਤਰੀ ਦੀ ਭਾਲ ਕੀਤੀ ਜਾਂਦੀ ਹੈ ਅਤੇ ਔਰਤ ਤੋਂ ਹੀ ਹੋਰ ਰਿਸ਼ਤੇਦਾਰੀ ਬਣਦੀ ਹੈ। ਔਰਤ ਤੋਂ ਹੀ ਔਰਤ ਪੈਦਾ ਹੁੰਦੀ ਹੈ, ਜੋ ਸਮਾਜ ਨੂੰ ਅੱਗੇ ਤੋਰਦੀ ਹੈ। ਔਰਤ ਇਸ ਜਗਤ ਦੀ ਜਨਨੀ ਹੈ, ਰਾਜੇ ਮਹਾਰਾਜੇ, ਰਿਸ਼ੀ-ਮੁਨੀ ਯੋਗੀ ਕਹਾਉਣ ਵਾਲੇ ਸਭ ਇਸਤਰੀ ਤੋਂ ਹੀ ਪੈਦਾ ਹੁੰਦੇ ਹਨ। ਫਿਰ ਇਸਤਰੀ ਨੂੰ ਛੁਟਿਆਇਆ ਕਿਵੇਂ ਜਾ ਸਕਦਾ ਹੈ, ਉਸ ਨੂੰ ਨੀਵਾਂ ਜਾਂ ਮੰਦਾ ਕਿਵੇਂ ਕਿਹਾ ਜਾ ਸਕਦਾ ਹੈ? ਇਸਤਰੀ ਤੋਂ ਬਿਨਾ ਸੰਸਾਰ ਵਿਚ ਕੋਈ ਵੀ ਪੈਦਾ ਨਹੀਂ ਹੋ ਸਕਦਾ, ਕੇਵਲ ਇੱਕ ਅਕਾਲ ਪੁਰਖ ਹੀ ਹੈ ਜਿਸ ਦੀ ਹੋਂਦ ਆਪਣੇ ਆਪ ਤੋਂ ਹੈ, ਜੋ ਇਸਤਰੀ ਤੋਂ ਪੈਦਾ ਨਹੀਂ ਹੁੰਦਾ।

ਪਿਛਲੇ ਲੇਖ ਵਿਚ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਕਿਸਾਨਾਂ ਦੀਆਂ ਦੇਰ ਤੋਂ ਲਮਕ ਰਹੀਆਂ ਮੰਗਾਂ ਨੂੰ ਲੈ ਕੇ ਪੂਰੇ ਮੁਲਕ ਵਿਚੋਂ ਇੱਕੋ ਝੰਡੇ ਹੇਠ ਇਕੱਠੇ ਹੋਏ ਕਿਸਾਨਾਂ ਵੱਲੋਂ ਰੋਸ ਮਾਰਚ ਕਰਨ ਦੀ ਗੱਲ ਕੀਤੀ ਸੀ, ਜਿਸ ਵਿਚ ਕਿਸਾਨ ਇਸਤਰੀਆਂ ਦੇ ਸ਼ਾਮਲ ਹੋਣ ਵੱਲ ਵੀ ਇਸ਼ਾਰਾ ਕੀਤਾ ਸੀ। ਟੀ. ਵੀ. ਐਂਕਰ ਇਸਤਰੀ ਕਿਸਾਨਾਂ ਅਤੇ ਉਨ੍ਹਾਂ ਦੀਆਂ ਨੁਮਾਇੰਦਾ ਇਸਤਰੀ ਕਾਰਕੁਨਾਂ ਨਾਲ ਗੱਲ ਕਰ ਰਿਹਾ ਸੀ, ਜਿਸ ਤੋਂ ਬਹੁਤ ਸਾਰੇ ਤੱਥਾਂ 'ਤੇ ਚਾਨਣਾ ਪੈਂਦਾ ਹੈ, ਜੋ ਸ਼ਾਇਦ ਉਤਰੀ ਭਾਰਤ ਦੇ ਲੋਕਾਂ ਵਾਸਤੇ ਨਵੀਂ ਗੱਲ ਹੋਵੇ। ਮੈਂ ਪਹਿਲਾਂ ਵੀ ਇਸ ਗੱਲ ਦਾ ਜ਼ਿਕਰ ਕਿਧਰੇ ਕੀਤਾ ਸੀ ਕਿ ਹਜ਼ੂਰ ਸਾਹਿਬ ਨਾਂਦੇੜ ਤੋਂ ਟਰੇਨ ਵਿਚ ਸਫਰ ਕਰਦਿਆਂ ਮੈਂ ਔਰਤਾਂ ਨੂੰ ਖੇਤਾਂ ਵਿਚ ਆਦਮੀਆਂ ਦੀ ਤਰ੍ਹਾਂ ਹੀ ਹੱਲ ਵਾਹੁੰਦੇ ਦੇਖਿਆ ਸੀ ਅਤੇ ਇਹ 31-32 ਸਾਲ ਪੁਰਾਣੀ ਗੱਲ ਹੈ। ਮੈਂ ਸੋਚ ਰਹੀ ਸਾਂ ਕਿ ਹੁਣ ਜ਼ਮਾਨੇ ਦੇ ਬਦਲਣ ਨਾਲ ਸ਼ਾਇਦ ਖੇਤਾਂ ਵਿਚ ਔਰਤਾਂ ਵੱਲੋਂ ਏਨੀ ਕਰੜੀ ਅਤੇ ਜਾਨਮਾਰੂ ਮਿਹਨਤ ਕਰਨ ਵਿਚ ਵੀ ਕੋਈ ਤਬਦੀਲੀ ਆ ਗਈ ਹੋਵੇ, ਪਰ ਅਜਿਹਾ ਨਹੀਂ ਹੈ। ਔਰਤ ਕਿਸਾਨਾਂ ਨਾਲ ਹੋ ਰਹੀ ਗੱਲਬਾਤ ਤੋਂ ਜੋ ਗੱਲਾਂ ਸਾਹਮਣੇ ਆਈਆਂ, ਉਨ੍ਹਾਂ ਦੇ ਕਈ ਪੱਖ ਹਨ, ਜੋ ਸੁਣ ਕੇ ਕਾਫੀ ਹੈਰਾਨੀ ਵੀ ਹੁੰਦੀ ਹੈ ਅਤੇ ਪ੍ਰੇਸ਼ਾਨੀ ਵੀ ਹੋਈ। ਕਿਸਾਨ ਮੋਰਚੇ ਵਿਚ ਆਈਆਂ ਔਰਤਾਂ ਵਿਚ ਸਭ ਤੋਂ ਵੱਧ ਸ਼ਮੂਲੀਅਤ ਉੜੀਸਾ ਤੋਂ ਆਈਆਂ ਔਰਤਾਂ ਦੀ ਜਾਪ ਰਹੀ ਸੀ। ਉੜੀਸਾ ਤੋਂ ਆਏ ਸਭ ਕਿਸਾਨਾਂ, ਸਮੇਤ ਇਸਤਰੀਆਂ ਦੇ, ਸਭ ਨੇ ਸਿਰਾਂ ਤੇ ਪੀਲੇ ਰੰਗ ਦੇ ਰੁਮਾਲ ਬੰਨੇ ਹੋਏ ਸਨ ਅਤੇ ਇਉਂ ਜਾਪਦਾ ਸੀ ਕਿ ਉਸ ਥਾਂ 'ਤੇ ਜਿਵੇਂ ਚਾਰ-ਚੁਫੇਰੇ ਸਰੋਂ ਦਾ ਪੀਲਾ ਖੇਤ ਖਿੜਿਆ ਹੋਵੇ ਅਤੇ ਬਸੰਤ ਰੁੱਤ ਆ ਗਈ ਹੋਵੇ। ਸ਼ਾਇਦ ਇਹ ਉੜੀਸਾ ਦੀ ਕਿਸਾਨ ਜਥੇਬੰਦੀ ਦਾ ਰੰਗ ਹੋਵੇ। ਪਰ ਇਹ ਕੋਈ ਬਸੰਤ ਨਹੀਂ ਸੀ, ਕੋਈ ਸਰੋਂ ਨਹੀਂ ਸੀ ਖਿੜੀ ਹੋਈ ਕਿਉਂਕਿ ਉੜੀਸਾ ਤਾਂ ਹਿੰਦੁਸਤਾਨ ਦਾ ਉਹ ਸੂਬਾ ਹੈ, ਜਿੱਥੇ ਸ਼ਾਇਦ ਸਭ ਤੋਂ ਵੱਧ ਸੋਕਾ ਪੈਂਦਾ ਹੈ, ਲੋਕ ਪੀਣ ਵਾਲੇ ਪਾਣੀ ਲਈ ਵੀ ਤਰਸ ਜਾਂਦੇ ਹਨ, ਫਸਲਾਂ ਸੋਕੇ ਦੀ ਮਾਰ ਹੇਠ ਆ ਕੇ ਬਹੁਤੀ ਵਾਰ ਸੜ ਜਾਂਦੀਆਂ ਹਨ।

ਔਰਤਾਂ ਨਾਲ ਟੀ. ਵੀ. ਐਂਕਰ ਦੀ ਹੋ ਰਹੀ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਭਾਰਤ ਦੇ ਬਹੁਤ ਸਾਰੇ ਪ੍ਰਾਂਤਾਂ ਵਿਚ 70% ਔਰਤਾਂ ਖੇਤੀ ਦੇ ਕਾਰੋਬਾਰ ਨਾਲ ਜੁੜੀਆਂ ਹੋਈਆਂ ਹਨ। ਆਪਣੇ ਆਪ ਵਿਚ ਇਹ ਅੰਕੜੇ ਦਸਦੇ ਹਨ ਕਿ ਇਸ ਜ਼ਮਾਨੇ ਵਿਚ ਵੀ ਬਹੁ ਗਿਣਤੀ ਔਰਤਾਂ ਦਾ ਰੋਜ਼ੀ ਰੋਟੀ ਦਾ ਸਾਧਨ ਖੇਤੀਬਾੜੀ ਦਾ ਕਿੱਤਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਭਾਵੇਂ ਬਹੁਤੀਆਂ ਔਰਤਾਂ ਦਾ ਕਿੱਤਾ ਖੇਤੀਬਾੜੀ ਹੈ ਪਰ ਉਨ੍ਹਾਂ ਨੂੰ ਕਿਸਾਨ ਦਾ ਦਰਜਾ ਨਹੀਂ ਮਿਲਿਆ ਹੋਇਆ, ਜੋ ਉਨ੍ਹਾਂ ਦੀ ਪਹਿਲੀ ਤੇ ਫੌਰੀ ਜ਼ਰੂਰਤ ਹੈ ਅਤੇ ਦੂਸਰਾ ਇਹ ਕਿ ਭਾਵੇਂ ਸਾਰੇ ਟੱਬਰ ਦਾ ਪੇਟ ਭਰਨ ਲਈ ਔਰਤ ਖੇਤਾਂ ਵਿਚ ਸਖਤ ਮਿਹਨਤ ਕਰਦੀ ਹੈ ਪਰ ਬਹੁਤ ਸਾਰੇ ਪ੍ਰਾਂਤਾਂ ਵਿਚ ਔਰਤ ਕੋਲ ਜਮੀਨ ਦੀ ਮਾਲਕੀ ਦਾ ਹੱਕ ਹੀ ਨਹੀਂ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਜੇ ਉਨ੍ਹਾਂ ਨੂੰ ਕਿਸਾਨ ਹੋਣ ਦਾ ਦਰਜਾ ਮਿਲ ਜਾਵੇ ਤਾਂ ਉਨ੍ਹਾਂ ਨੂੰ ਉਹ ਸਾਰੀਆਂ ਸਕੀਮਾਂ ਤੋਂ ਹੋਣ ਵਾਲਾ ਲਾਹਾ ਮਿਲ ਸਕਦਾ ਹੈ, ਜੋ ਸਮੇਂ ਸਮੇਂ ਸਰਕਾਰ ਵੱਲੋਂ ਲਾਗੂ ਕੀਤੀਆਂ ਜਾਂਦੀਆਂ ਹਨ। ਮਸਲਨ ਜੇ ਉਨ੍ਹਾਂ ਨੂੰ ਕਿਸਾਨ ਦਾ ਦਰਜਾ ਮਿਲ ਜਾਵੇ ਤਾਂ ਉਨ੍ਹਾਂ ਦਾ ਕ੍ਰੈਡਿਟ ਕਾਰਡ ਬਣ ਸਕਦਾ ਹੈ, ਜਿਸ ਨਾਲ ਜੁੜੀਆਂ ਉਹ ਬਾਕੀ ਸਹੂਲਤਾਂ ਵੀ ਲੈ ਸਕਦੀਆਂ ਹਨ ਜਿਵੇਂ ਵੱਖ ਵੱਖ ਚੀਜ਼ਾਂ 'ਤੇ ਸਬਸਿਡੀ ਅਤੇ ਕਰਜ਼ੇ ਅਤੇ ਪਾਣੀ ਆਦਿ ਦੀ ਸਹੂਲਤ। ਕਿਸਾਨ ਨਾ ਹੋਣ ਦੀ ਹਾਲਤ ਵਿਚ ਉਨ੍ਹਾਂ ਨੂੰ ਕਰਜ਼ਾ ਸ਼ਾਹੂਕਾਰ ਕੋਲੋਂ ਲੈਣਾ ਪੈਂਦਾ ਹੈ, ਜਿਸ 'ਤੇ ਬਹੁਤ ਜ਼ਿਆਦਾ ਵਿਆਜ ਦੇਣਾ ਪੈਂਦਾ ਹੈ। ਇਸੇ ਤਰ੍ਹਾਂ ਚੰਗੇ ਬੀਜ, ਖਾਦਾਂ ਜਾਂ ਹੋਰ ਅਜਿਹੇ ਕੁੱਝ ਦੀ ਸਹੂਲਤ ਤੋਂ ਵੀ ਹੱਥ ਧੋਣੇ ਪੈਂਦੇ ਹਨ।

ਇੱਕ ਔਰਤ ਦੱਸ ਰਹੀ ਸੀ ਕਿ ਉਸ ਦੀ ਆਪਣੀ ਜਮੀਨ ਨਹੀਂ ਹੈ ਪਰ ਉਹ ਕਿਰਾਏ ਦੀ ਖੇਤੀ ਅਰਥਾਤ ਵਟਾਈ 'ਤੇ ਜਮੀਨ ਲੈ ਕੇ ਖੇਤੀ ਕਰਦੀ ਹੈ ਪਰ ਕਿਸਾਨ ਦਾ ਦਰਜਾ ਨਾ ਹੋਣ ਕਰਕੇ ਉਹ ਮਿਲ ਰਹੀਆਂ ਸਹੂਲਤਾਂ ਵਿਚੋਂ ਕਿਸੇ ਇੱਕ ਦਾ ਵੀ ਲਾਭ ਨਹੀਂ ਲੈ ਸਕਦੀ। ਫਸਲ ਮਰ ਜਾਣ ਦੀ ਹਾਲਤ ਵਿਚ ਉਸ ਨੂੰ ਕੋਈ ਮੁਆਵਜ਼ਾ ਵੀ ਨਹੀਂ ਮਿਲਦਾ।

ਦੂਸਰਾ ਮੁੱਦਾ ਜਮੀਨ ਦੀ ਮਲਕੀਅਤ ਦਾ ਹੈ। ਬਹੁਤ ਸਾਰੇ ਪ੍ਰਾਂਤਾਂ ਵਿਚ ਖੇਤੀ ਦਾ ਕੰਮ ਔਰਤਾਂ ਕਰਦੀਆਂ ਹਨ ਪਰ ਉਹ ਜਮੀਨ ਦੀਆਂ ਮਾਲਕ ਨਹੀਂ ਹਨ ਜਿਸ ਕਰਕੇ ਉਹ ਕਿਸੇ ਵੀ ਸਕੀਮ ਦਾ ਫਾਇਦਾ ਨਹੀਂ ਉਠਾ ਸਕਦੀਆਂ ਕਿਉਂਕਿ ਸਰਕਾਰ ਵੱਲੋਂ ਸਮੇਂ ਸਮੇਂ ਲਾਗੂ ਕੀਤੀਆਂ ਜਾਂਦੀਆਂ ਸਕੀਮਾਂ ਜਮੀਨ ਦੀ ਮਾਲਕੀ ਨਾਲ ਜੁੜੀਆਂ ਹੋਈਆਂ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਸਰਕਾਰ ਵੱਲੋਂ ਖੇਤੀ ਨਾਲ ਜੁੜੀਆਂ 55% ਸਕੀਮਾਂ ਦਾ ਰਾਖਵਾਂਕਰਨ ਹੈ ਪਰ ਖੇਤੀ ਨਾਲ ਜੁੜੀਆਂ ਔਰਤਾਂ ਵਾਸਤੇ ਰਾਖਵਾਂਕਰਨ ਸਿਰਫ 14% ਹੀ ਹੈ। ਹੁਣੇ ਜਿਹੇ ਸੋਸ਼ਿਉ-ਇਕਨਾਮਿਕ ਸਰਵੇ ਹੋਇਆ ਹੈ ਜਿਸ ਅਨੁਸਾਰ ਔਰਤਾਂ ਲਈ ਰਾਖਵਾਂਕਰਨ 30% ਹੈ ਪਰ ਅਸਲੀਅਤ ਵਿਚ ਇਹ 14% ਹੀ ਹੈ।

ਇੱਕ ਹੋਰ ਔਰਤ ਦੱਸ ਰਹੀ ਸੀ ਕਿ ਉਹ ਆਪਣੇ ਅਤੇ ਆਪਣੇ ਪਰਿਵਾਰ ਦੇ ਗੁਜ਼ਾਰੇ ਲਈ ਵਟਾਈ 'ਤੇ ਜਮੀਨ ਲੈ ਕੇ ਵਾਹੀ ਕਰਦੀ ਹੈ ਪਰ ਉਸ ਨੂੰ ਕਿਸੇ ਵੀ ਸਹੂਲਤ ਦਾ ਲਾਭ ਨਹੀਂ ਮਿਲਦਾ ਕਿਉਂਕਿ ਉਸ ਕੋਲ ਖੇਤੀ ਕਰਨ ਦੇ ਬਾਵਜੂਦ ਕਿਸਾਨ ਹੋਣ ਦਾ ਦਰਜਾ ਨਹੀਂ ਹੈ। ਕਿਸੇ ਕਿਸਾਨ ਵੱਲੋਂ ਖੁਦਕੁਸ਼ੀ ਕਰ ਲੈਣ ਦੀ ਹਾਲਤ ਵਿਚ ਬਹੁਤੀਆਂ ਥਾਂਵਾਂ 'ਤੇ ਜਮੀਨ ਉਸ ਦੀ ਵਿਧਵਾ ਪਤਨੀ ਦੇ ਨਾਮ ਨਹੀਂ ਲੱਗਦੀ ਜਦ ਕਿ ਖੇਤੀ ਦਾ ਸਾਰਾ ਕੰਮ ਉਹ ਕਰਦੀ ਹੈ। ਇਸ ਲਈ ਉਹ ਕਿਸੇ ਵੀ ਸਕੀਮ ਦੀ ਲਾਭ-ਪਾਤਰ ਨਹੀਂ ਬਣਦੀ। ਇੱਕ ਹੋਰ ਮਸਲਾ ਸਹੁਰਾ ਪਰਿਵਾਰ ਨਾਲ ਵੀ ਜੁੜਿਆ ਹੋਇਆ ਹੈ, ਜਿਸ ਕਰਕੇ ਪਤੀ ਦੀ ਮੌਤ ਪਿਛੋਂ ਸਹੁਰਾ ਪਰਿਵਾਰ ਜਮੀਨ ਦੀ ਮਾਲਕੀ ਔਰਤ ਨੂੰ ਨਹੀਂ ਦਿੰਦਾ। ਇੱਕ ਔਰਤ ਦੱਸ ਰਹੀ ਸੀ ਕਿ ਦੋ ਕੁ ਸਾਲ ਪਹਿਲਾਂ ਉਸ ਦੇ ਪਤੀ ਨੇ ਖੁਦਕੁਸ਼ੀ ਕਰ ਲਈ ਸੀ, ਜਿਸ ਦੀ ਮੌਤ ਪਿਛੋਂ ਸਹੁਰੇ ਘਰ ਦਾ ਸਾਰਾ ਭਾਰ ਚੁੱਕਣ ਲਈ ਉਹ ਖੇਤੀ ਕਰਦੀ ਹੈ। ਕਹਿਣ ਤੋਂ ਭਾਵ ਸਾਰਾ ਟੱਬਰ ਉਸ ਦੀ ਕਮਾਈ ਦੇ ਸਿਰ 'ਤੇ ਹੀ ਗੁਜ਼ਾਰਾ ਕਰ ਰਿਹਾ ਹੈ ਪਰ ਸਹੁਰੇ ਉਸ ਦੇ ਪਤੀ ਦੇ ਹਿੱਸੇ ਦੀ ਜਮੀਨ ਉਸ ਦੇ ਨਾਂ ਨਹੀਂ ਕਰ ਰਹੇ। ਇਸ ਕਰਕੇ ਖੇਤੀ ਨਾਲ ਜੁੜੀਆਂ ਸਰਕਾਰ ਦੀਆਂ ਸਕੀਮਾਂ ਦਾ ਉਹ ਕਿਸੇ ਤਰ੍ਹਾਂ ਵੀ ਲਾਭ ਨਹੀਂ ਲੈ ਸਕਦੀ ਕਿਉਂਕਿ ਉਹ ਜਮੀਨ ਦੀ ਮਾਲਕ ਨਹੀਂ ਹੈ।



**_ਬੀਬੀ ਹਰਸਿਮਰਤ ਕੌਰ ਨੂੰ ਫੂਡ ਪ੍ਰੋਸੈਸਿੰਗ ਮੰਤਰੀ ਹੁੰਦਿਆਂ ਜੇ ਕਿਸਾਨਾਂ ਨਾਲ ਕੋਈ ਲਗਾਓ ਹੁੰਦਾ ਤਾਂ ਉਹ ਕਿਸਾਨਾਂ ਦੇ ਦਰਦ ਨੂੰ ਮਹਿਸੂਸ ਕਰਦੀ। ਜੇ ਉਸ ਨੇ ਕਿਸਾਨਾਂ ਨੂੰ ਸੁਣਿਆ ਹੁੰਦਾ ਤਾਂ ਉਸ ਨੂੰ ਪਤਾ ਲਗਦਾ ਕਿ ਕਿਸਾਨਾਂ ਅਨੁਸਾਰ ਦਿੱਲੀ ਵੱਲ ਮਾਰਚ ਅਤੇ ਰੈਲੀਆਂ ਸਭ ਤੋਂ ਵੱਧ ਉਨ੍ਹਾਂ ਨੂੰ ਵਰਤਮਾਨ ਸਰਕਾਰ ਵੇਲੇ ਕਰਨੀਆ ਪਈਆਂ ਹਨ ਅਤੇ ਇਹ ਵੀ ਕਿ ਬੀ. ਜੇ. ਪੀ. ਦੀ ਹਕੂਮਤ ਵਾਲੇ ਰਾਜਾਂ ਵਿਚੋਂ ਸਭ ਤੋਂ ਵੱਧ ਕਿਸਾਨ ਰੈਲੀ ਵਿਚ ਆਏ ਹੋਏ ਸਨ, ਜਿਸ ਦੀ ਮਿਸਾਲ ਹਿਮਾਚਲ, ਹਰਿਆਣਾ ਅਤੇ ਉਤਰ ਪ੍ਰਦੇਸ਼ ਆਦਿ ਹਨ। ਬੀਬੀ ਦੇ ਬਾਗ ਵਿਚੋਂ ਤਾਂ 16,000 ਦੇ ਕੀਨੂੰ ਚੋਰੀ ਹੋਣ 'ਤੇ ਹੀ ਹਰਿਆਣਾ ਪੁਲਿਸ ਦੇ ਸਾਹ ਸੂਤੇ ਗਏ।_**

ਖਬਰਾਂ ਅਨੁਸਾਰ ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ ਨੇ ਇੱਕ ਬਿਆਨ ਵਿਚ ਕੇਂਦਰ ਸਰਕਾਰ ਦੀ ਹਮਾਇਤ ਕਰਦਿਆਂ ਕਿਹਾ ਹੈ ਕਿ ਕੇਂਦਰ ਨੇ ਖੇਤੀ ਪੈਦਾਵਾਰ ਦੇ ਘੱਟੋ ਘੱਟ ਸਮਰਥਨ ਮੁੱਲ ਵਿਚ ਵਾਧਾ ਕੀਤਾ ਹੈ, ਕਿਸਾਨਾਂ ਦੀ ਆਮਦਨੀ ਵਧਾਉਣ ਸਮੇਤ ਹੋਰ ਵੀ ਬਹੁਤ ਸਾਰੇ ਕਦਮ ਉਠਾਏ ਹਨ ਅਤੇ ਹੁਣ ਸੂਬਾ ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਨ੍ਹਾਂ ਯੋਜਨਾਵਾਂ ਨੂੰ ਲਾਗੂ ਕਰਨ, ਸੂਬਾ ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਮੰਡੀਆਂ ਵਿਚ ਕਿਸਾਨਾਂ ਦੀ ਫਸਲ ਦੀ ਵਿਕਰੀ ਦਾ ਪ੍ਰਬੰਧ ਕਰਨ।

ਕਿਸਾਨਾਂ ਦੀ ਰੈਲੀ ਸਬੰਧੀ ਪੁੱਛੇ ਗਏ ਸਵਾਲਾਂ ਦੇ ਜੁਆਬ ਵਿਚ ਕੇਂਦਰੀ ਮੰਤਰੀ ਨੇ ਕਿਹਾ ਕਿ ਕਿਸਾਨਾਂ ਦੀ ਮੰਦੀ ਹਾਲਤ ਲਈ ਕਾਂਗਰਸ ਪਾਰਟੀ ਜ਼ਿੰਮੇਵਾਰ ਹੈ, ਜਿਸ ਨੇ ਮੁਲਕ 'ਤੇ 70 ਸਾਲ ਰਾਜ ਕੀਤਾ ਹੈ। ਉਸ ਨੇ ਕਿਹਾ ਕਿ ਕੇਂਦਰ ਸਰਕਾਰ ਘੱਟੋ ਘੱਟ ਸਮਰਥਨ ਮੁੱਲ ਵਧਾ ਸਕਦੀ ਹੈ ਪਰ ਇਹ ਸੂਬਾ ਸਰਕਾਰਾਂ ਨੇ ਯਕੀਨੀ ਬਣਾਉਣਾ ਹੈ ਕਿ ਕਿਸਾਨ ਦੀ ਫਸਲ ਮੰਡੀ ਵਿਚ ਨਾ ਰੁਲੇ।

ਇੱਥੇ ਇਹ ਦੱਸ ਦੇਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਪੰਜਾਬ ਵਿਚ 2017 ਦੀਆਂ ਚੋਣਾਂ ਤੋਂ ਪਹਿਲਾਂ 10 ਸਾਲ ਤੱਕ ਬੀਬੀ ਵਾਲੇ ਅਕਾਲੀ ਦਲ ਦਾ ਹੀ ਨਹੀਂ ਬਲਕਿ ਉਸ ਦੇ ਪਰਿਵਾਰ ਦਾ ਰਾਜ ਰਿਹਾ ਹੈ, ਜਿਸ ਵਿਚ ਉਸ ਦਾ ਸਹੁਰਾ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ, ਉਸ ਦਾ ਪਤੀ ਸ. ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ, ਉਸ ਦਾ ਭਰਾ ਬਿਕਰਮ ਸਿੰਘ ਮਜੀਠੀਆ ਕੈਬਨਿਟ ਮੰਤਰੀ, ਉਸ ਦਾ ਨਣਦੋਈਆ ਤੇਜ ਪ੍ਰਤਾਪ ਸਿੰਘ ਕੈਰੋਂ ਕੈਬਨਿਟ ਮੰਤਰੀ ਅਤੇ ਉਨ੍ਹਾਂ ਦੇ ਹੋਰ ਰਿਸ਼ਤੇਦਾਰ ਵੀ ਕੈਬਨਿਟ ਮੰਤਰੀਆਂ ਦੇ ਅਹੁਦੇ 'ਤੇ ਰਹੇ ਹਨ। ਇਨ੍ਹਾਂ 10 ਸਾਲਾਂ ਵਿਚ ਕਿਸਾਨਾਂ ਦੀ ਫਸਲ ਮੰਡੀਆਂ ਵਿਚ ਰੁਲਣ ਦੇ ਨਾਲ ਨਾਲ ਕਿਸਾਨਾਂ ਨੂੰ ਹੋਰ ਵੀ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ ਅਤੇ ਕਿਸੇ ਨੇ ਕਿਸਾਨਾਂ ਦੀ ਵਾਤ ਤੱਕ ਨਹੀਂ ਸੀ ਪੁੱਛੀ ਸਗੋਂ ਕਿਸਾਨਾਂ ਦੇ ਸੰਘਰਸ਼ ਵੱਲੋਂ ਲੋਕਾਂ ਦਾ ਧਿਆਨ ਹਟਾਉਣ ਲਈ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਰਗੀਆਂ ਘਟਨਾਵਾਂ ਰਾਹੀਂ ਉਲਝਾਇਆ ਗਿਆ। ਸਭ ਤੋਂ ਵੱਧ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀਆਂ ਘਟਨਾਵਾਂ ਮਾਲਵਾ ਪੱਟੀ ਵਿਚ ਵਾਪਰੀਆਂ, ਜੋ ਬੀਬੀ ਹਰਸਿਮਰਤ ਕੌਰ ਤੇ ਉਸ ਦੇ ਸਹੁਰੇ ਪਰਿਵਾਰ ਦਾ ਚੋਣ ਖੇਤਰ ਹੈ।

ਬੀਬੀ ਬਾਦਲ ਨੂੰ ਖੁਦ ਕੇਂਦਰ ਵਿਚ ਮੰਤਰੀ ਬਣਿਆਂ 5 ਸਾਲ ਪੂਰੇ ਹੋਣ ਵਾਲੇ ਹਨ। ਸਵਾਲ ਹੈ ਕਿ ਪੰਜਾਬ ਵਿਚ ਕਿਸਾਨਾਂ ਦੇ ਮਸਲੇ ਕਿਉਂ ਉਵੇਂ ਦੇ ਉਵੇਂ ਖੜ੍ਹੇ ਹਨ? ਪੰਜਾਬ ਵਿਚ ਕਿਉਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਨੂੰ ਠੱਲ੍ਹ ਨਹੀਂ ਪਈ? ਪੰਜਾਬ ਵਿਚ ਤਾਂ ਕਿਸਾਨਾਂ ਨੂੰ ਕੋਈ ਸਮੱਸਿਆ ਆਉਣੀ ਹੀ ਨਹੀਂ ਸੀ ਚਾਹੀਦੀ ਕਿਉਂਕਿ ਸੂਬੇ ਦੀ ਸਰਕਾਰ 'ਤੇ ਉਨ੍ਹਾਂ ਦੇ ਆਪਣੇ ਟੱਬਰ ਦਾ ਕਬਜਾ ਸੀ ਅਤੇ ਕੇਂਦਰ ਵਿਚ ਉਨ੍ਹਾਂ ਦੀ ਭਾਈਵਾਲ ਪਾਰਟੀ ਦੀ ਸਰਕਾਰ ਸੀ। ਇਹ ਵੀ ਸਭ ਜਾਣਦੇ ਹਨ, ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਸੀ, ਪ੍ਰਧਾਨ ਮੰਤਰੀ ਮੋਦੀ ਦੀਆਂ ਫਸਲ ਬੀਮਾ ਯੋਜਨਾ, ਨੋਟਬੰਦੀ, ਅਤੇ ਮੰਡੀਆਂ ਦੇ ਡਿਜ਼ੀਟਲ ਹੋਣ ਵਗੈਰਾ ਦਾ ਕਿਸਾਨਾਂ ਨੂੰ ਕਿਸੇ ਵੀ ਕਿਸਮ ਦਾ ਫਾਇਦਾ ਹੋਣ ਦੀ ਥਾਂ ਨੁਕਸਾਨ ਹੀ ਹੋਇਆ ਹੈ। ਇਨ੍ਹਾਂ ਸਕੀਮਾਂ ਦਾ ਲਾਭ ਕਾਰਪੋਰੇਸ਼ਨਾਂ ਨੂੰ ਹੋਇਆ ਹੈ, ਆਮ ਜਨਤਾ ਨੂੰ ਨਹੀਂ ਸਗੋਂ ਜਨਤਾ ਤਾਂ ਸਰਕਾਰ ਹੱਥੋਂ ਲੁੱਟੀ-ਪੁੱਟੀ ਮਹਿਸੂਸ ਕਰਦੀ ਹੈ। ਕਿਸਾਨਾਂ ਅਨੁਸਾਰ 70% ਸਿਸਟਮ ਬੋਗਸ ਹੋ ਗਿਆ ਹੈ। ਡੇਅਰੀ ਫਾਰਮਿੰਗ ਦੀ ਪਹਿਲਾਂ ਵੀ ਗੱਲ ਕੀਤੀ ਸੀ ਕਿ ਕਿਸ ਤਰ੍ਹਾਂ ਪੂਰਾ ਦੁੱਧ ਵਿਕਦਾ ਨਹੀਂ ਹੈ ਅਤੇ ਜੇ ਵਿਕਦਾ ਹੈ ਤਾਂ ਕਿਸਾਨ ਵੱਲੋਂ ਵੇਚਿਆ ਜਾਂਦਾ ਦੁੱਧ ਪਾਣੀ ਤੋਂ ਵੀ ਸਸਤਾ ਹੈ। ਹਿਮਾਚਲ ਤੋਂ ਆਇਆ ਇੱਕ ਕਿਸਾਨ ਦੱਸ ਰਿਹਾ ਸੀ ਕਿ ਉਸ ਦਾ ਆਪਣੇ ਪਿੰਡ ਦੀ ਡੇਅਰੀ ਵਿਚ ਦੁੱਧ 23 ਰੁਪਏ ਕਿੱਲੋ ਵਿਕਦਾ ਹੈ ਪਰ ਸ਼ਿਮਲੇ ਆ ਕੇ ਉਹ ਉਹੀ ਦੁੱਧ 24 ਰੁਪਏ ਦਾ ਅੱਧਾ ਕਿੱਲੋ ਭਾਵ 48 ਰੁਪਏ ਕਿੱਲੋ ਖਰੀਦਦਾ ਹੈ।

ਕਿਸਾਨ ਰੈਲੀ ਵਿਚ ਬਹੁਤ ਸਾਰੇ ਜੁਆਨ ਲੜਕੇ ਵੀ ਆਏ ਹੋਏ ਸਨ, ਜਿਨ੍ਹਾਂ ਦੀ ਵੈਸੇ ਤਾਂ ਇਹ ਉਮਰ ਪੜ੍ਹਾਈ ਕਰਨ ਦੀ ਹੈ ਪਰ ਕਿਸਾਨ-ਪੁੱਤਰ ਹੋਣ ਕਰ ਕੇ ਉਨ੍ਹਾਂ ਨੂੰ ਪੜ੍ਹਾਈ ਛੱਡ ਕੇ ਖੇਤੀ ਵਿਚ ਉਲਝਣਾ ਪੈ ਰਿਹਾ ਹੈ। ਇੱਕ ਲੜਕੇ ਦਾ ਕਹਿਣਾ ਸੀ ਕਿ ਉਸ ਨੂੰ ਪੜ੍ਹਾਈ ਇਸ ਲਈ ਛੱਡਣੀ ਪਈ ਕਿਉਂਕਿ ਉਸ ਦੇ ਪਿਤਾ ਨੇ ਖੁਦਕੁਸ਼ੀ ਕਰ ਲਈ, ਜਿਸ ਦਾ ਸਰਕਾਰ ਨੇ ਕੋਈ ਮੁਆਵਜ਼ਾ ਨਹੀਂ ਦਿੱਤਾ, ਕਿਸੇ ਕਿਸਮ ਦੀ ਮਦਦ ਨਹੀਂ ਕੀਤੀ। ਆਪਣੇ ਟੱਬਰ ਦਾ ਪੇਟ ਪਾਲਣ ਲਈ ਉਸ ਨੂੰ ਪੜ੍ਹਾਈ ਵਿਚੇ ਛੱਡਣੀ ਪਈ। ਇੱਕ ਹੋਰ ਲੜਕੇ ਦਾ ਕਹਿਣਾ ਸੀ ਕਿ ਅੱਠਵੀਂ ਤੱਕ ਤਾਂ ਸਰਕਾਰੀ ਸਕੂਲ ਹਨ, ਜਿਨ੍ਹਾਂ ਵਿਚ ਕੋਈ ਫੀਸ ਨਹੀਂ ਲਗਦੀ ਪਰ ਅਗਲੀ ਪੜ੍ਹਾਈ ਲਈ ਸਿਰਫ ਪ੍ਰਾਈਵੇਟ ਸਕੂਲ ਜਾਂ ਸੰਸਥਾਵਾਂ ਹਨ, ਜਿਨ੍ਹਾਂ ਦੀ ਫੀਸ ਕਿਸਾਨ ਨਹੀਂ ਦੇ ਸਕਦੇ। ਇਸ ਲਈ ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਈ ਵਿਚੇ ਛੱਡਣੀ ਪੈਂਦੀ ਹੈ। ਇੱਕ ਵਿਦਿਆਰਥੀ ਦੱਸ ਰਿਹਾ ਸੀ ਕਿ ਉਹ ਕਿਸਾਨ ਦਾ ਪੁੱਤਰ ਹੈ, ਨੈੱਟ ਪਾਸ ਕੀਤਾ ਹੈ, ਪੀਐਚ. ਡੀ. ਕਰਨ ਲਈ, ਪਰ ਦਿੱਲੀ ਯੂਨੀਵਰਸਿਟੀ ਪੀਐਚ. ਡੀ. ਦੀ ਰਜਿਸਟਰੇਸ਼ਨ ਲਈ ਕੋਈ ਦਾਖਲਾ ਜਾਂ ਇੰਟਰਵਿਊ ਨਹੀਂ ਰੱਖ ਰਹੀ।

ਬੀਬੀ ਹਰਸਿਮਰਤ ਕੌਰ ਨੂੰ ਫੂਡ ਪ੍ਰੋਸੈਸਿੰਗ ਮੰਤਰੀ ਹੁੰਦਿਆਂ ਜੇ ਕਿਸਾਨਾਂ ਨਾਲ ਕੋਈ ਲਗਾਓ ਹੁੰਦਾ ਤਾਂ ਉਹ ਕਿਸਾਨਾਂ ਦੇ ਦਰਦ ਨੂੰ ਮਹਿਸੂਸ ਕਰਦੀ। ਜੇ ਉਸ ਨੇ ਕਿਸਾਨਾਂ ਨੂੰ ਸੁਣਿਆ ਹੁੰਦਾ ਤਾਂ ਉਸ ਨੂੰ ਪਤਾ ਲਗਦਾ ਕਿ ਕਿਸਾਨਾਂ ਅਨੁਸਾਰ ਦਿੱਲੀ ਵੱਲ ਮਾਰਚ ਅਤੇ ਰੈਲੀਆਂ ਸਭ ਤੋਂ ਵੱਧ ਉਨ੍ਹਾਂ ਨੂੰ ਵਰਤਮਾਨ ਸਰਕਾਰ ਵੇਲੇ ਕਰਨੀਆ ਪਈਆਂ ਹਨ ਅਤੇ ਇਹ ਵੀ ਕਿ ਬੀ. ਜੇ. ਪੀ. ਦੀ ਹਕੂਮਤ ਵਾਲੇ ਰਾਜਾਂ ਵਿਚੋਂ ਸਭ ਤੋਂ ਵੱਧ ਕਿਸਾਨ ਰੈਲੀ ਵਿਚ ਆਏ ਹੋਏ ਸਨ, ਜਿਸ ਦੀ ਮਿਸਾਲ ਹਿਮਾਚਲ, ਹਰਿਆਣਾ ਅਤੇ ਉਤਰ ਪ੍ਰਦੇਸ਼ ਆਦਿ ਹਨ। ਬੀਬੀ ਦੇ ਬਾਗ ਵਿਚੋਂ ਤਾਂ 16,000 ਦੇ ਕੀਨੂੰ ਚੋਰੀ ਹੋਣ 'ਤੇ ਹੀ ਹਰਿਆਣਾ ਪੁਲਿਸ ਦੇ ਸਾਹ ਸੂਤੇ ਗਏ।



*ਧਰਨੇ 'ਤੇ ਬੈਠੀਆਂ ਤਾਮਿਲਨਾਡੂ ਦੀਆਂ ਕਿਸਾਨ ਔਰਤਾਂ*

# ਸਲਮਾਨ ਖਾਨ ਸਭ ਤੋਂ ਧਨਾਢ ਫਿਲਮ ਅਦਾਕਾਰ

**ਨਵੀਂ ਦਿੱਲੀ:** ਬਾਲੀਵੁੱਡ ਸੁਪਰਸਟਾਰ ਸਲਮਾਨ ਖਾਨ ਭਾਰਤ ਦੀਆਂ ਸਭ ਤੋਂ ਅਮੀਰ ਹਸਤੀਆਂ 'ਚ ਮੋਹਰੀ ਹਨ। ਫੋਰਬਸ ਇੰਡੀਆ ਦੀ ਮਸ਼ਹੂਰ ਹਸਤੀਆਂ ਬਾਰੇ ਸੂਚੀ ਮੁਤਾਬਕ ਸਲਮਾਨ ਖਾਨ ਲਗਾਤਾਰ ਤੀਜੇ ਵਰ੍ਹੇ ਪਹਿਲੇ ਸਥਾਨ ਉਤੇ ਰਹੇ ਹਨ। ਸ਼ਾਹਰੁਖ ਖਾਨ ਦਾ ਨਾਮ ਪਹਿਲੀਆਂ 10 ਹਸਤੀਆਂ 'ਚੋਂ ਬਾਹਰ ਹੋ ਗਿਆ ਹੈ।



ਹਸਤੀਆਂ ਦੀ ਮਨੋਰੰਜਨ ਨਾਲ ਸਬੰਧਤ ਕਮਾਈ 'ਤੇ ਫੋਰਬਸ ਇੰਡੀਆ ਨੇ 100 ਨਾਮਦਾਰਾਂ ਦੀ ਦਰਜਾਬੰਦੀ ਕੀਤੀ ਹੈ। ਸਲਮਾਨ ਖਾਨ (52) ਦੀ ਕਮਾਈ 253.25 ਕਰੋੜ ਰੁਪਏ ਆਂਕੀ ਗਈ ਹੈ ਜੋ ਉਸ ਦੀਆਂ ਫਿਲਮਾਂ 'ਟਾਈਗਰ ਜ਼ਿੰਦਾ ਹੈ' ਅਤੇ 'ਰੇਸ 3' ਦੀ ਸਫਲਤਾ 'ਤੇ ਨਿਰਭਰ ਹੈ। ਇਸ ਤੋਂ ਇਲਾਵਾ ਉਸ ਨੇ ਕਈ ਉਤਪਾਦਾਂ ਦੀ ਇਸ਼ਤਿਹਾਰਬਾਜ਼ੀ ਵੀ ਕੀਤੀ ਹੈ। ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਵਿਰਾਟ ਕੋਹਲੀ 289.09 ਕਰੋੜ ਰੁਪਏ ਦੀ ਕੁੱਲ ਕਮਾਈ ਨਾਲ ਦੂਜੇ ਨੰਬਰ ਉਤੇ ਆ ਗਏ ਹਨ। ਉਨ੍ਹਾਂ ਦੀ ਕਮਾਈ 'ਚ ਪਿਛਲੇ ਸਾਲ ਨਾਲੋਂ 116.53 ਫੀਸਦੀ ਦਾ ਵਾਧਾ ਦਰਜ ਹੋਇਆ ਹੈ। ਤੀਜੇ ਨੰਬਰ 'ਤੇ 185 ਕਰੋੜ ਰੁਪਏ ਦੀ ਕਮਾਈ ਨਾਲ ਅਕਸ਼ੈ ਕੁਮਾਰ ਆਏ ਹਨ।

ਸਾਲ 2017 'ਚ ਸ਼ਾਹਰੁਖ ਖਾਨ ਦੀ ਕੋਈ ਫਿਲਮ ਰਿਲੀਜ਼ ਨਾ ਹੋਣ ਕਾਰਨ ਉਹ ਦੂਜੇ ਨੰਬਰ ਤੋਂ ਖਿਸਕ ਕੇ ਸੂਚੀ 'ਚ 13ਵੇਂ ਨੰਬਰ ਉਤੇ ਪਹੁੰਚ ਗਏ। ਉਸ ਨੇ ਇਸ਼ਤਿਹਾਰਾਂ ਨਾਲ 56 ਕਰੋੜ ਰੁਪਏ ਕਮਾਏ ਸਨ ਅਤੇ ਇਹ ਕਮਾਈ ਪਹਿਲੀ ਅਕਤੂਬਰ 2017 ਤੋਂ 30 ਸਤੰਬਰ 2018 ਦੌਰਾਨ 33 ਫੀਸਦੀ ਘੱਟ ਸੀ। ਹੁਣੇ ਜਿਹੇ ਵਿਆਹੀ ਗਈ ਦੀਪਿਕਾ ਪਾਦੂਕੋਣ ਦਾ ਨਾਮ ਸੂਚੀ 'ਚ ਚੌਥੇ ਨੰਬਰ ਉਤੇ ਰਿਹਾ ਹੈ ਅਤੇ ਇਕੱਲੀ ਮਹਿਲਾ ਹਸਤੀ ਹੈ ਜੋ ਮੋਹਰੀ ਪੰਜ ਕਲਾਕਾਰਾਂ 'ਚ ਸ਼ਾਮਲ ਹੈ। ਉਸ ਦੀ ਕਮਾਈ 112.8 ਕਰੋੜ ਰੁਪਏ ਦੱਸੀ ਗਈ ਹੈ।

ਪੰਜਵੇਂ ਨੰਬਰ 'ਤੇ ਮਹਿੰਦਰ ਸਿੰਘ ਧੋਨੀ (101.77 ਕਰੋੜ), ਛੇਵੇਂ ਆਮਿਰ ਖਾਨ (97.50 ਕਰੋੜ), ਸੱਤਵੇਂ ਅਮਿਤਾਭ ਬੱਚਨ (96.17 ਕਰੋੜ), ਅੱਠਵੇਂ ਰਣਵੀਰ ਸਿੰਘ (84.7 ਕਰੋੜ), ਨੌਵੇਂ ਸਚਿਨ ਤੇਂਦੁਲਕਰ (80 ਕਰੋੜ) ਅਤੇ ਅਜੇ ਦੇਵਗਨ (74.50 ਕਰੋੜ) ਦਸਵੇਂ ਨੰਬਰ 'ਤੇ ਰਹੇ ਹਨ।

# ਪਾਕਿਸਤਾਨ ਨੇ ਸ਼ੁਰੂ ਕੀਤੀ ਕਰਤਾਰਪੁਰ ਸਾਹਿਬ ਲਾਂਘੇ ਦੀ ਉਸਾਰੀ

**ਅੰਮ੍ਰਿਤਸਰ:** ਸ੍ਰੀ ਕਰਤਾਰਪੁਰ ਸਾਹਿਬ ਸਾਂਝੇ ਲਾਂਘੇ ਲਈ ਭਾਰਤ ਤੇ ਪਾਕਿਸਤਾਨ ਦੇ ਵਿਦੇਸ਼ ਮੰਤਰਾਲਿਆਂ ਵੱਲੋਂ ਭਾਵੇਂ ਕਿ ਅਜੇ ਤੱਕ ਆਪਸ ਵਿਚ 'ਮੈਮੋਰੰਡਮ ਆਫ ਅੰਡਰਸਟੈਂਡਿੰਗ' ਭਾਵ ਆਪਸੀ ਲਿਖਤੀ ਸਮਝੌਤਾ ਨਹੀਂ ਕੀਤਾ ਗਿਆ ਹੈ ਪਰ ਇਸ ਦੇ ਬਾਵਜੂਦ ਪਾਕਿਸਤਾਨ ਸਰਕਾਰ ਨੇ ਪਹਿਲਕਦਮੀ ਕਰਦਿਆਂ ਲਾਂਘੇ ਦੀ ਉਸਾਰੀ ਆਰੰਭ ਕਰ ਦਿੱਤੀ ਹੈ। ਇਸ ਦੇ ਚੱਲਦਿਆਂ ਉਸਾਰੀ ਦਾ ਕੰਮ ਕਰਨ ਵਾਲੀ ਕੰਪਨੀ ਵੱਲੋਂ ਭਾਰੀ ਮਸ਼ੀਨਾਂ, ਸਰੀਆ, ਬਜਰੀ, ਰੇਤ, ਸੀਮੈਂਟ ਭਾਰੀ ਮਾਤਰਾ 'ਚ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਪਹੁੰਚਾਇਆ ਜਾ ਰਿਹਾ ਹੈ। ਉਕਤ ਕੰਪਨੀ ਦੇ ਹਵਾਲੇ ਨਾਲ ਦੱਸਿਆ ਜਾ ਰਿਹਾ ਹੈ ਕਿ ਪਾਕਿਸਤਾਨ ਤਰਫੋਂ ਸ੍ਰੀ ਕਰਤਾਰਪੁਰ ਸਾਹਿਬ-ਡੇਰਾ ਬਾਬਾ ਨਾਨਕ ਸਾਂਝੇ ਲਾਂਘੇ ਦੀ ਉਸਾਰੀ ਦਾ ਕੰਮ ਦੋ ਪੜਾਅ 'ਚ ਖਤਮ ਕੀਤਾ ਜਾਵੇਗਾ।

ਲਾਂਘੇ ਦੀ ਉਸਾਰੀ ਲਈ ਪਹਿਲੇ ਪੜਾਅ ਦੀ ਸ਼ੁਰੂਆਤ ਕਰਦਿਆਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਤੋਂ ਡੇਰਾ ਬਾਬਾ ਨਾਨਕ ਦਰਸ਼ਨੀ ਸਥਲ ਤੱਕ ਆਉਂਦੇ ਲਗਭਗ 4.5 ਕਿੱਲੋਮੀਟਰ ਲੰਬੇ ਰਸਤੇ 'ਤੇ ਪੱਕੀ ਸੜਕ ਬਣਾਉਣ ਲਈ ਕੱਚੇ ਰਸਤੇ ਉਤੇ ਨਿਸ਼ਾਨਦੇਹੀ ਕੀਤੀ ਜਾ ਚੁੱਕੀ ਹੈ। ਇਸ ਰਸਤੇ ਦੇ ਵੱਡੇ ਹਿੱਸੇ ਨੂੰ ਪੱਧਰਾ ਕਰ ਲਿਆ ਗਿਆ ਹੈ ਅਤੇ ਬਾਕੀ ਸਾਰੇ ਰਸਤੇ 'ਤੇ ਵੀ ਨਿਸ਼ਾਨਦੇਹੀ ਲਈ ਝੰਡੀਆਂ ਅਤੇ ਆਰਜ਼ੀ ਗੇਟ ਬਣਾ ਲਏ ਗਏ ਹਨ।

ਪਹਿਲੇ ਪੜਾਅ 'ਚ ਹੀ ਸਰਹੱਦੀ ਟਰਮੀਨਲ ਅਤੇ 629 ਮੀਟਰ ਚੌੜੇ ਦਰਿਆ ਰਾਵੀ 'ਤੇ ਪੁਲ ਦੀ ਉਸਾਰੀ ਸ਼ੁਰੂ ਕੀਤੇ ਜਾਣ ਦੇ ਨਾਲ-ਨਾਲ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ 'ਚ ਪਾਕਿ ਪਹੁੰਚਣ ਵਾਲੇ ਸ਼ਰਧਾਲੂਆਂ ਦੇ ਲਈ ਸਰਾਂ, ਉਡੀਕ-ਘਰ, ਗੈਲਰੀ, ਇਮੀਗ੍ਰੇਸ਼ਨ ਤੇ ਸਿਹਤ ਸੇਵਾਵਾਂ ਕੇਂਦਰ ਵੀ ਬਣਾਇਆ ਜਾਵੇਗਾ। ਦੱਸਿਆ ਜਾ ਰਿਹਾ ਹੈ ਕਿ ਉਸਾਰੀ ਦੇ ਦੂਜੇ ਪੜਾਅ 'ਚ ਸ਼ਰਧਾਲੂਆਂ ਲਈ ਹੋਟਲ ਤੇ ਸਰਾਂ ਦੇ ਨਾਲ-ਨਾਲ ਗੁਰਦੁਆਰਾ ਸਾਹਿਬ ਦੇ ਚੁਫੇਰੇ ਉੱਚੀ ਦੀਵਾਰ ਬਣਾਈ ਜਾਵੇਗੀ।

# ਅਮਰੀਕਾ ਵਿਚ ਗੈਰਕਾਨੂੰਨੀ ਪਰਵਾਸੀਆਂ ਦੇ ਹੱਕ 'ਚ ਅਦਾਲਤ ਦਾ ਵੱਡਾ ਫੈਸਲਾ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਇਕ ਵਾਰ ਫਿਰ ਦੇਸ਼ ਦੀ ਅਦਾਲਤ ਨੇ ਝਟਕਾ ਦਿੱਤਾ ਹੈ। ਟਰੰਪ ਸਰਕਾਰ ਦੇ ਸ਼ਰਨਾਰਥੀਆਂ ਦੇ ਦੇਸ਼ ਵਿਚ ਦਾਖਲੇ 'ਤੇ ਰੋਕ ਲਾਉਣ ਵਾਲੇ ਫੈਸਲੇ ਨੂੰ ਅਦਾਲਤ ਨੇ ਵਾਪਸ ਲੈਣ ਦੇ ਆਦੇਸ਼ ਦਿੱਤੇ ਹਨ। ਦਰਅਸਲ, ਟਰੰਪ ਨੇ ਮੈਕਸੀਕੋ ਸਰਹੱਦ ਰਾਹੀਂ ਗ਼ੈਰ-ਕਾਨੂੰਨੀ ਤੌਰ ਉਤੇ ਅਮਰੀਕਾ 'ਚ ਦਾਖਲ ਹੋਣ ਵਾਲੇ ਸ਼ਰਨਾਰਥੀਆਂ 'ਤੇ ਰੋਕ ਲਾ ਦਿੱਤੀ ਸੀ। ਅਦਾਲਤ ਨੇ ਸਪੱਸ਼ਟ ਕੀਤਾ ਕਿ ਟਰੰਪ ਪ੍ਰਸ਼ਾਸਨ ਸ਼ਰਨਾਰਥੀਆਂ ਉਤੇ ਕਿਸੇ ਤਰ੍ਹਾਂ ਦੀ ਪਾਬੰਦੀ ਨਹੀਂ ਲਾ ਸਕਦਾ।

ਟਰੰਪ ਨੇ ਪਿਛਲੇ ਮਹੀਨੇ ਮੱਧ ਅਮਰੀਕੀ ਦੇਸ਼ਾਂ ਤੋਂ ਅਮਰੀਕਾ ਵਿਚ ਸ਼ਰਨ ਲੈਣ ਲਈ ਆਉਣ ਵਾਲੇ ਲੋਕਾਂ ਨੂੰ ਮੈਕਸੀਕੋ ਸਰਹੱਦ 'ਤੇ ਹੀ ਰੋਕਣ ਦਾ ਐਲਾਨ ਕੀਤਾ ਸੀ।

ਟਰੰਪ ਦੇ ਇਸ ਫੈਸਲੇ 'ਤੇ ਅਦਾਲਤ ਨੇ ਕਿਹਾ ਕਿ ਅਜਿਹਾ ਨਹੀਂ ਹੋ ਸਕਦਾ, ਇਥੋਂ ਤੱਕ ਕਿ ਰਾਸ਼ਟਰਪਤੀ ਦਫ਼ਤਰ ਵੀ ਕਾਰਜਕਾਰੀ ਕਾਨੂੰਨ ਲਿਆ ਕੇ ਅਜਿਹਾ ਨਹੀਂ ਕਰ ਸਕਦੇ। ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਅਮਰੀਕੀ ਸੰਸਦ ਨੇ ਸ਼ਰਨਾਰਥੀਆਂ ਨੂੰ ਦੇਸ਼ 'ਚ ਆਉਣ ਦੀ ਇਜਾਜ਼ਤ ਦਿੱਤੀ ਹੈ। ਅਮਰੀਕੀ ਸਰਕਟ ਕੋਰਟ ਆਫ਼ ਅਪੀਲਜ਼ ਨੇ ਕਿਹਾ ਕਿ ਜੋ ਪਾਬੰਦੀ ਟਰੰਪ ਪ੍ਰਸ਼ਾਸਨ ਵੱਲੋਂ ਲਾਈ ਗਈ ਹੈ ਉਹ ਅਮਰੀਕੀ ਕਾਨੂੰਨ ਤਹਿਤ ਨਾ ਮੰਨਣਯੋਗ ਹੈ। ਇਸ ਤੋਂ ਪਹਿਲਾਂ ਅਮਰੀਕਾ ਦੀ ਸੰਘੀ ਅਦਾਲਤ ਵੀ ਟਰੰਪ ਦੇ ਇਸ ਫੈਸਲੇ ਨੂੰ ਨਕਾਰ ਚੁੱਕੀ ਹੈ।

# ਮੈਕਸਿਕੋ ਦੀ ਵੈਨੇਸਾ ਬਣੀ ਵਿਸ਼ਵ ਸੁੰਦਰੀ

**ਪੇਈਚਿੰਗ:** ਮੈਕਸਿਕੋ ਦੀ 26 ਸਾਲਾ ਵੈਨੇਸਾ ਪੋਂਸੀ ਡੀ ਲਿਓਨ ਨੇ ਚੀਨ ਦੇ ਸ਼ਹਿਰ ਸਾਨਿਆ ਵਿਚ ਹੋਏ ਸਿਖਰਲੇ ਮੁਕਾਬਲੇ ਵਿਚ ਵਿਸ਼ਵ ਸੁੰਦਰੀ 2018 ਦਾ ਖਿਤਾਬ ਜਿੱਤ ਲਿਆ ਹੈ। ਭਾਰਤ ਦੀ ਅਨੁਕ੍ਰਿਤੀ ਵਾਸ ਮੁਕਾਬਲੇ ਦੀਆਂ ਚੋਟੀ ਦੀਆਂ 30 ਸੁੰਦਰੀਆਂ ਵਿਚ ਥਾਂ ਪਾਉਣ ਤੋਂ ਵੀ ਨਾਕਾਮ ਰਹੀ।

ਥਾਈਲੈਂਡ ਦੀ ਨਿਕੋਲੀਨ ਪਿਚਾਪਾ ਲਿਮਸੁੰਕਨ ਨੂੰ ਉਪ ਜੇਤੂ ਐਲਾਨਿਆ ਗਿਆ। ਸਾਬਕਾ ਮਿਸ ਵਰਲਡ ਮਾਨੁਸ਼ੀ ਛਿੱਲਰ ਨੇ ਨਵੀਂ ਜੇਤੂ ਨੂੰ ਖਿਤਾਬ ਪਹਿਨਾਇਆ। ਇਸ ਮੁਕਾਬਲੇ ਵਿਚ 118 ਸੁੰਦਰੀਆਂ ਨੇ ਹਿੱਸਾ ਲਿਆ।



# ਹਾਈ ਕੋਰਟ ਦੇ ਫੈਸਲੇ ਨਾਲ ਬੀਬੀ ਜਗੀਰ ਕੌਰ ਦਾ ਕੱਦ ਹੋਰ ਉਚਾ ਹੋਇਆ: ਧਾਲੀਵਾਲ

**ਸ਼ਿਕਾਗੋ (ਬਿਊਰੋ):** "ਪੰਜਾਬ ਤੇ ਹਰਿਆਣਾ ਹਾਈ ਕੋਰਟ ਵਲੋਂ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਉਨ੍ਹਾਂ ਦੀ ਬੇਟੀ ਹਰਪ੍ਰੀਤ ਕੌਰ ਸਬੰਧੀ ਚੱਲ ਰਹੇ ਕੇਸ 'ਚੋਂ ਬਰੀ ਕਰ ਦਿਤੇ ਜਾਣ ਨਾਲ ਜਿੱਥੇ ਭਾਰਤੀ ਨਿਆਂ ਪ੍ਰਣਾਲੀ 'ਚ ਵਿਸ਼ਵਾਸ ਹੋਰ ਵੀ ਪੱਕਾ ਹੋਇਆ ਹੈ, ਉਥੇ ਬੀਬੀ ਜਗੀਰ ਕੌਰ ਦਾ ਕੱਦ ਪਹਿਲਾਂ ਤੋਂ ਵੀ ਵਧ ਉਚਾ ਹੋਇਆ ਹੈ।"

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅਕਾਲੀ ਦਲ ਮਿਡਵੈਸਟ (ਅਮਰੀਕਾ) ਦੇ ਪ੍ਰਧਾਨ ਅਤੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਸਾਬਕਾ ਪ੍ਰਧਾਨ ਜਸਕਰਨ ਸਿੰਘ ਧਾਲੀਵਾਲ ਨੇ ਇਕ ਬਿਆਨ ਵਿਚ ਕੀਤਾ। ਉਨ੍ਹਾਂ ਕਿਹਾ ਕਿ ਮਾਣਯੋਗ ਅਦਾਲਤ ਵਲੋਂ ਦਿੱਤੇ ਗਏ ਇਸ ਫੈਸਲੇ ਨਾਲ ਅਕਾਲੀ ਵਰਕਰਾਂ ਨੂੰ ਸਕੂਨ ਮਿਲਿਆ ਹੈ ਅਤੇ ਉਨ੍ਹਾਂ ਦਾ ਮਨੋਬਲ ਵੀ ਵਧਿਆ ਹੈ।



ਜਸਕਰਨ ਸਿੰਘ ਧਾਲੀਵਾਲ


ਸ. ਧਾਲੀਵਾਲ ਦੇ ਇਨ੍ਹਾਂ ਵਿਚਾਰਾਂ ਦੀ ਪ੍ਰੋੜਤਾ ਹੈਪੀ ਹੀਰ, ਨਰਿੰਦਰ ਸਿੰਘ ਸਰਾਂ, ਗੁਰਮੀਤ ਸਿੰਘ ਭੋਲਾ, ਬਲਜੀਤ ਸਿੰਘ ਟਿਵਾਣਾ, ਹਰਜਿੰਦਰ ਸਿੰਘ ਖਹਿਰਾ, ਅੰਮ੍ਰਿਤਪਾਲ ਸਿੰਘ ਸੰਘਾ, ਰਾਜਾ ਤੱਲਣ, ਕਾਲਾ ਪੱਡਾ, ਰਾਣਾ ਭੰਡਾਲ, ਮਨਮਿੰਦਰ ਸਿੰਘ ਹੀਰ, ਜੱਗੀ ਬੋਲੀਨਾ, ਬਲਦੇਵ ਸਿੰਘ ਸੱਲ੍ਹਾਂ, ਪਾਲ ਖਲੀਲ, ਹਰਵਿੰਦਰ ਸਿੰਘ ਬਿੱਲਾ ਤੇ ਗੁਰਨੇਕ ਸਿੰਘ ਸੰਧਰ ਨੇ ਵੀ ਕੀਤੀ ਹੈ।


Homeopathicvibes

Harminder Singh Gill

D.H.M.S; B.C.I.H

(Ex Homeopathic Medical officer Punjab Govt.)



Now we have two locations:

940 E. El Camino Real, Sunnyvale, CA 94087

www.homeopathicvibes.com

Ph: (408) 737-7100

Fax: (408)737-7102

39210 State St., Suite 111, Fremont, CA 94538

We sell and ship homeopathic remedies through out North America.



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi

Office: (866) 933-3038

Balhar S. Ranu Cell:916-502-7733

# ਤੇਰੇ ਟਿੱਲੇ ਤੋਂ ਬਈ...

## ਮਹਿਬੂਬ ਗਾਇਕ ਕੁਲਦੀਪ ਮਾਣਕ

ਨਾਮੀ ਗਾਇਕੀ ਕੁਲਦੀਪ ਮਾਣਕ ਬਾਰੇ ਨਵੰਬਰ ਮਹੀਨਾ ਵੱਖਰੀ ਕਿਸਮ ਦਾ ਅਹਿਸਾਸ ਕਰਵਾ ਜਾਂਦਾ ਹੈ। ਖੁਸ਼ੀ ਦਾ ਵੀ ਅਤੇ ਗਮੀ ਦਾ ਵੀ, ਕਿਉਂਕਿ 1951 ਦੇ ਇਸੇ ਮਹੀਨੇ ਦੀ 15 ਤਰੀਕ ਨੂੰ ਉਸ ਨੇ ਪਹਿਲੀ ਕਿਲਕਾਰੀ ਮਾਰੀ ਸੀ ਅਤੇ 2011 'ਚ ਇਸੇ ਮਹੀਨੇ ਦੀ 30 ਤਰੀਕ ਨੂੰ ਉਹ ਸਦਾ ਲਈ ਚੁੱਪ ਹੋ ਗਿਆ। ਪਿਛਲੇ ਸਾਲ ਭਾਸ਼ਾ ਵਿਭਾਗ ਪੰਜਾਬ ਨੇ ਉਸ ਦੀ ਯਾਦ ਨੂੰ ਸਮਰਪਿਤ 'ਜਨ ਸਾਹਿਤ' ਦਾ ਵਿਸ਼ੇਸ਼ ਅੰਕ ਕੱਢਿਆ। ਮਾਣਕ ਲਈ ਸਭ ਤੋਂ ਵੱਡੀ ਸ਼ਰਧਾਂਜਲੀ ਇਹ ਹੋਵੇਗੀ ਕਿ ਨਵੇਂ ਗਾਇਕ, ਸੱਚਾ ਸੁੱਚਾ ਗਾਉਣ, ਗੀਤਕਾਰ ਸੱਚਾ ਸੁੱਚਾ

ਹਰਦਿਆਲ ਸਿੰਘ ਥੂਹੀ

ਲਿਖਣ ਤੇ ਸਰੋਤੇ ਸੱਚਾ ਸੁੱਚਾ ਸੁਣਨ।

ਮਾਣਕ ਦਾ ਜਨਮ ਜ਼ਿਲ੍ਹਾ ਬਠਿੰਡਾ ਦੇ ਪਿੰਡ ਜਲਾਲ ਵਿਖੇ ਪਿਤਾ ਨਿੱਕਾ ਸਿੰਘ ਤੇ ਮਾਤਾ ਬਚਨ ਕੌਰ ਦੇ ਘਰ ਹੋਇਆ ਸੀ। ਉਸ ਦਾ ਅਸਲੀ ਨਾਂ ਮੁਹੰਮਦ ਲਤੀਫ ਸੀ। ਗਾਇਕੀ ਉਸ ਨੂੰ ਵਿਰਸੇ ਵਿਚੋਂ ਮਿਲੀ। ਤਾਇਆ ਸੂਬਾ ਸਿੰਘ ਪਿੰਡ ਦੇ ਗੁਰਦੁਆਰੇ 'ਚ ਹਜ਼ੂਰੀ ਰਾਗੀ ਸਨ, ਪਿਤਾ ਵੀ ਕੀਰਤਨ ਸਮੇਂ ਉਨ੍ਹਾਂ ਦਾ ਸਾਥ ਦਿੰਦੇ। ਬਚਪਨ ਤੋਂ ਹੀ ਉਨ੍ਹਾਂ ਨਾਲ ਕੀਰਤਨ, ਪਾਠ, ਅਨੰਦ ਕਾਰਜ ਆਦਿ 'ਚ ਮਾਣਕ ਵੀ ਹਿੱਸਾ ਲੈਣ ਲੱਗਾ। ਸਕੂਲ 'ਚ ਹੁੰਦੇ ਪ੍ਰੋਗਰਾਮਾਂ ਵਿਚ ਵੀ ਪਿੱਛੇ ਨਾ ਰਹਿੰਦਾ। ਮਾਸਟਰ ਕਸ਼ਮੀਰ ਸਿੰਘ ਵਲਟੋਹਾ ਨੇ ਵਧੀਆ ਆਵਾਜ਼ ਦੇਖ ਕੇ ਹੌਸਲਾ ਅਫਜ਼ਾਈ ਕੀਤੀ। ਜਿਉਂ ਜਿਉਂ ਜਮਾਤਾਂ ਚੜ੍ਹਦਾ ਗਿਆ, ਗਾਇਕੀ ਵੱਲ ਰੁਝਾਨ ਵੱਧ ਹੋਣ ਕਾਰਨ ਪੜ੍ਹਾਈ 'ਚ ਪਛੜਦਾ ਗਿਆ ਤੇ ਬਹੁਤਾ ਪੜ੍ਹ ਨਾ ਸਕਿਆ।

ਆਪਣੀ ਕਲਾ ਨੂੰ ਪਰਪੱਕ ਕਰਨ ਲਈ ਉਸ ਨੂੰ ਕਿਸੇ ਚੰਗੇ ਮੁਰਸ਼ਦ ਦੀ ਲੋੜ ਮਹਿਸੂਸ ਹੋਈ। ਸੋ ਉਹ ਸ੍ਰੀ ਖੁਸ਼ੀ ਮੁਹੰਮਦ ਫਿਰੋਜ਼ਪੁਰ ਵਾਲਿਆਂ ਦੇ ਚਰਨੀਂ ਜਾ ਲੱਗਾ ਤੇ ਸੰਗੀਤ ਦੀਆਂ ਬਾਰੀਕੀਆਂ ਜਾਣੀਆਂ। ਮਿਹਨਤ ਤੇ ਲਗਨ ਅਤੇ ਉਸਤਾਦ ਦੀਆਂ ਰਹਿਮਤਾਂ ਸਦਕਾ ਉਸ ਦੀਆਂ ਝੋਲੀਆਂ ਭਰ ਗਈਆਂ। ਹਾਲੇ ਉਹ ਸਕੂਲ ਵਿਚ ਹੀ ਪੜ੍ਹਦਾ ਸੀ ਕਿ ਇਕ ਵਾਰੀ ਪਿੰਡ ਦੇ ਖੇਡ ਮੇਲੇ 'ਤੇ ਪ੍ਰਤਾਪ ਸਿੰਘ ਕੈਰੋਂ (ਤਤਕਾਲੀ ਮੁੱਖ ਮੰਤਰੀ) ਆਏ। ਕੁਲਦੀਪ ਨੇ ਗੀਤ ਪੇਸ਼ ਕੀਤਾ, ਜਿਸ ਤੋਂ ਮੁੱਖ ਮੰਤਰੀ ਬੇਹੱਦ ਖੁਸ਼ ਹੋਏ। ਚਾਲੀ ਰੁਪਏ ਇਨਾਮ ਦੇ ਕੇ ਪਿੱਠ ਥਾਪੜਦਿਆਂ ਕਿਹਾ ਕਿ ਇਹ ਤਾਂ ਪੰਜਾਬ ਦਾ 'ਮਾਣਕ' ਹੈ। ਉਦੋਂ ਤੋਂ ਕੁਲਦੀਪ ਦੇ ਨਾਂ ਨਾਲ ਮਾਣਕ ਜੁੜ ਗਿਆ।

ਕਿਸਮਤ ਅਜ਼ਮਾਉਣ ਲਈ ਚੜ੍ਹਦੀ ਉਮਰੇ ਹੀ ਮਾਣਕ ਗਾਇਕਾਂ ਦੇ ਮੱਕੇ ਲੁਧਿਆਣੇ ਆ ਗਿਆ। ਉਥੇ ਉਸ ਸਮੇਂ ਦੇ ਚੋਟੀ ਦੇ ਗਾਇਕ ਹਰਚਰਨ ਗਰੇਵਾਲ ਦੇ ਗਰੁਪ 'ਚ ਬਤੌਰ ਢੋਲਕ ਮਾਸਟਰ ਸ਼ਾਮਲ ਹੋ ਗਿਆ। ਪੈਰ ਜਮਾਉਣ ਲਈ ਬਹੁਤ ਸੰਘਰਸ਼ ਕੀਤਾ, ਭਾਂਡੇ ਮਾਂਜਣੇ ਪਏ, ਭੁੰਜੇ ਸੌਣਾ ਪਿਆ, ਫਾਕੇ ਕੱਟਣੇ ਪਏ ਤੇ ਨੀਂਦਾਂ ਝਾਗਣੀਆਂ ਪਈਆਂ। ਅਖੀਰ ਮਿਹਨਤ ਰੰਗ ਲਿਆਈ। ਹਰਚਰਨ ਗਰੇਵਾਲ ਅਤੇ ਸੀਮਾ ਦੀ ਰਿਕਾਰਡਿੰਗ ਸੀ। ਮਾਣਕ ਸਣੇ ਸਾਰਾ ਗਰੁਪ ਐਚ. ਐਮ. ਵੀ. ਕੰਪਨੀ ਦੇ ਦਫਤਰ ਦਿੱਲੀ ਪੁੱਜਾ। ਲਾਅਨ ਵਿਚ ਆਪਣੀ ਧੁਨ ਵਿਚ ਮਸਤ ਮਾਣਕ ਕੋਈ ਗੀਤ ਗਾ ਰਿਹਾ ਸੀ ਜੋ ਕੋਲੋਂ ਲੰਘਦੇ ਰਿਕਾਰਡਿੰਗ ਅਫਸਰ ਨੇ ਸੁਣ ਲਿਆ ਅਤੇ ਰਿਕਾਰਡਿੰਗ ਲਈ ਕਿਹਾ। ਇਸ ਤਰ੍ਹਾਂ ਮਾਣਕ ਦੀ ਪਹਿਲੀ ਰਿਕਾਰਡਿੰਗ ਸੁਰਿੰਦਰ ਸੀਮਾ ਨਾਲ ਕੋਲੰਬੀਆ ਲੇਬਲ ਹੇਠ ਰਿਲੀਜ਼ ਹੋਈ। ਗੀਤ ਦੇ ਬੋਲ ਸਨ 'ਲੌਂਗ ਕਰਾ ਮਿੱਤਰਾ, ਮਛਲੀ ਪਾਉਣਗੇ ਮਾਪੇ' ਅਤੇ 'ਜੀਜਾ ਅੱਖੀਆਂ ਨਾ ਮਾਰ ਵੇ ਮੈਂ ਕੱਲ੍ਹ ਦੀ ਕੁੜੀ।' ਇਹ 1968 ਦੀ ਗੱਲ ਹੈ। ਕੁਝ ਚਿਰ ਪਿਛੋਂ ਉਸ ਨੇ ਸਤਿੰਦਰ ਬੀਬਾ ਨਾਲ ਜੁੱਟ ਬਣਾ ਕੇ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ।

ਗੀਤਕਾਰ ਹਰਦੇਵ ਦਿਲਗੀਰ (ਦੇਵ ਥਰੀਕਿਆਂ ਵਾਲਾ) ਦਾ ਲੁਧਿਆਣੇ ਦੇ 'ਗੌਣ ਬਾਜ਼ਾਰ' ਵਿਚ ਆਮ ਹੀ ਆਉਣ ਜਾਣ ਸੀ। ਮਾਣਕ ਦੀ ਆਵਾਜ਼ ਸੁਣ ਕੇ ਉਸ ਨੇ ਮਹਿਸੂਸ ਕੀਤਾ ਕਿ ਇਹ ਆਵਾਜ਼ ਲੋਕ ਗਾਥਾਵਾਂ ਲਈ ਬੇਹੱਦ ਢੁਕਵੀਂ ਹੋ ਸਕਦੀ ਹੈ। ਉਸ ਨੇ ਮਾਣਕ ਨੂੰ ਸਲਾਹ ਦਿੱਤੀ, ਜੋ ਮਾਣਕ ਨੇ ਮੰਨ ਲਈ। ਦੇਵ ਦੀਆਂ ਲਿਖੀਆਂ ਲੋਕ ਗਾਥਾਵਾਂ ਮਾਣਕ ਗਾਉਣ ਲੱਗਾ। ਐਚ. ਐਮ. ਵੀ. ਨੇ 1973 ਵਿਚ ਉਸ ਦੀਆਂ ਗਾਈਆਂ ਲੋਕ ਗਾਥਾਵਾਂ ਦਾ ਰਿਕਾਰਡ ਓਡੀਅਨ ਲੇਬਲ ਹੇਠ ਕੱਢਿਆ ਜਿਸ ਵਿਚ ਦੁੱਲਾ, ਜੈਮਲ ਫੱਤਾ, ਪੂਰਨ ਤੇ ਰਸਾਲੂ ਦੀਆਂ ਗਾਥਾਵਾਂ ਸਨ। 'ਦੁੱਲਿਆ ਵੇ ਟੋਕਰਾ ਚੁਕਾਈਂ ਆਣ ਕੇ', 'ਆਖੇ ਅਕਬਰ ਬਾਦਸ਼ਾਹ ਸੱਦ ਜੈਮਲ ਨੂੰ ਦਰਬਾਰ' ਦੇ ਬੋਲ ਬੱਚੇ ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਏ ਅਤੇ ਨਾਲ ਹੀ ਮਾਣਕ ਦਾ ਨਾਂ ਵੀ। ਅਗਲੇ



ਵਰ੍ਹੇ 'ਤੇਰੇ ਟਿੱਲੇ ਤੋਂ ਸੂਰਤ ਦੀਂਹਦੀ ਆ ਹੀਰ ਦੀ' ਐਲ.ਪੀ. ਨੇ ਤਾਂ ਮਾਣਕ ਨੂੰ ਅਸਮਾਨੀਂ ਚੜ੍ਹਾ ਦਿੱਤਾ।

ਲੋਕ ਗਾਥਾਵਾਂ ਤੋਂ ਬਿਨਾ ਮਾਣਕ ਦੇ ਕਈ ਹੋਰ ਸੋਲੋ ਗੀਤ ਵੀ ਰਿਕਾਰਡ ਹੋਏ। ਜਦੋਂ ਉਹ ਦੋਗਾਣਿਆਂ ਵੱਲ ਹੋਇਆ ਤਾਂ ਓਧਰ ਵੀ ਧੰਨ ਧੰਨ ਕਰਵਾ ਦਿੱਤੀ। ਸਤਿੰਦਰ ਬੀਬਾ ਨਾਲ ਈ.ਪੀ. ਤਵੇ ਵਿਚ 'ਕਾਲੀ ਗਾਨੀ ਮਿੱਤਰਾਂ ਦੀ' ਮਾਣਕ ਦੀ ਗਾਇਕੀ ਦਾ ਸਿਖਰ ਹੋ ਨਿਬੜੀ। ਕੈਪਕੋ ਇੰਟਰਨੈਸ਼ਨਲ ਕੰਪਨੀ ਦਿੱਲੀ ਨੇ ਮਾਣਕ ਅਤੇ ਗੁਲਸ਼ਨ ਕੋਮਲ ਦੀ ਆਵਾਜ਼ ਵਿਚ ਰਿਕਾਰਡਿੰਗ ਕੀਤੀ, ਜਿਸ ਵਿਚਲੇ ਦੋਗਾਣੇ 'ਘਰੇਂ ਚੱਲ ਕੱਢੂੰ ਰੜਕਾਂ', 'ਜੱਟੀਏ ਜੇ ਹੋ ਗੀ ਸਾਧਣੀ' ਨੇ ਤਾਂ ਸਾਰੇ ਰਿਕਾਰਡ ਹੀ ਤੋੜ ਦਿੱਤੇ। ਪਿਛੋਂ ਐਚ. ਐਮ. ਵੀ. ਨੇ ਵੀ ਇਨ੍ਹਾਂ ਗੀਤਾਂ ਦਾ ਇਕ ਐਲ.ਪੀ. ਰਿਲੀਜ਼ ਕੀਤਾ। ਇਨ੍ਹਾਂ ਤੋਂ ਬਿਨਾਂ ਮਾਣਕ ਦੇ ਅਮਰਜੋਤ, ਪਰਮਿੰਦਰ ਸੰਧੂ, ਕੁਲਦੀਪ ਕੌਰ, ਪ੍ਰਕਾਸ਼ ਸਿੱਧੂ ਆਦਿ ਨਾਲ ਵੀ ਬਹੁਤ ਸਾਰੇ ਦੋਗਾਣੇ ਰਿਕਾਰਡ ਹੋਏ। ਮਾਣਕ ਨੇ ਗੁਲਸ਼ਨ ਕੋਮਲ, ਸਤਿੰਦਰ ਬੀਬਾ, ਅਮਰਜੋਤ, ਕੁਲਦੀਪ ਕੌਰ, ਪਰਮਿੰਦਰ ਸੰਧੂ ਤੇ ਸੁਚੇਤ ਬਾਲਾ ਨਾਲ ਵੀ ਗਾਇਆ।

ਮਾਣਕ ਦੀ ਸਮੁੱਚੀ ਗਾਇਕੀ ਪੰਜ ਹਿੱਸਿਆਂ 'ਚ ਵੰਡੀ ਜਾ ਸਕਦੀ ਹੈ: ਲੋਕ ਗਾਥਾਵਾਂ, ਸੋਲੋ ਗੀਤ, ਦੋਗਾਣੇ, ਧਾਰਮਿਕ ਅਤੇ ਫਿਲਮੀ ਗੀਤ। ਲੋਕ ਗਾਥਾਵਾਂ ਨਵਾਂ ਤਜਰਬਾ ਸੀ ਜੋ ਸਫਲ ਰਿਹਾ। ਉਸ ਨੇ ਢਾਡੀਆਂ, ਗਵੰਤਰੀਆਂ ਦੁਆਰਾ ਗਾਈਆਂ ਜਾਂਦੀਆਂ ਲੋਕ ਗਾਥਾਵਾਂ ਨੂੰ ਪੁਨਰਸਜੀਵ ਕੀਤਾ। ਢੱਡ ਸਾਰੰਗੀ ਨਾਲ ਗਾਈਆਂ ਜਾਂਦੀਆਂ ਗਾਥਾਵਾਂ ਨੂੰ ਤੂੰਬੀ ਢੋਲਕੀ ਨਾਲ ਨਵੇਂ ਰੰਗ ਵਿਚ ਗਾਇਆ। ਲੋਕ ਗਾਥਾਵਾਂ ਨੂੰ ਤਾਂ ਭਾਵੇਂ ਹੋਰ ਕਲਾਕਾਰਾਂ ਨੇ ਵੀ ਗਾਇਆ ਪਰ ਜੋ ਝੰਡੇ ਮਾਣਕ ਨੇ ਗੱਡੇ, ਉਥੇ ਤਕ ਕੋਈ ਹੋਰ ਨਹੀਂ ਪਹੁੰਚ ਸਕਿਆ। ਸੋਲੋ ਗੀਤਾਂ ਵਿਚ ਵੀ ਮਾਣਕ ਦਾ ਕੋਈ ਸਾਨੀ ਨਹੀਂ। ਦੋਗਾਣਿਆਂ ਦੀ ਵੰਨਗੀ ਵਿਚ ਵੀ ਮਾਣਕ ਚੋਟੀ ਦੇ ਗਾਇਕਾਂ ਦੇ ਬਰਾਬਰ ਪੁੱਜਾ ਹੈ, ਸਗੋਂ ਕਈਆਂ ਤੋਂ ਤਾਂ ਉਸ ਦਾ ਹੱਥ ਉਤੇ ਰਿਹਾ ਹੈ। ਧਾਰਮਿਕ ਗੀਤਾਂ ਵਿਚ ਵੀ ਉਹ ਕਿਸੇ ਤੋਂ ਘੱਟ ਨਹੀਂ। ਉਸ ਦੀ ਗਾਈ ਬੰਦਾ ਬਹਾਦਰ ਦੀ ਵਾਰ 'ਲੈ ਕੇ ਕਲਗੀਧਰ ਤੋਂ ਥਾਪੜਾ' ਸੁਣਨ ਵਾਲਿਆਂ ਦੇ ਲੂੰ ਕੰਡੇ ਖੜ੍ਹੇ ਕਰ ਦਿੰਦੀ ਹੈ।

ਕੁਲਦੀਪ ਮਾਣਕ ਨੇ ਵੱਧ ਗੀਤ ਤਾਂ ਦੇਵ ਥਰੀਕਿਆਂ ਵਾਲੇ ਦੇ ਹੀ ਲਿਖੇ ਗਾਏ ਹਨ। ਇਸ ਤੋਂ ਇਲਾਵਾ ਗੁਰਮੁਖ ਗਿੱਲ, ਬਾਬੂ ਸਿੰਘ ਮਾਨ, ਸਨਮੁੱਖ ਸਿੰਘ ਅਜ਼ਾਦ, ਰਾਮ ਸਿੰਘ ਢਿੱਲੋਂ, ਸੇਵਾ ਸਿੰਘ ਨੌਰਥ, ਚੰਨ ਗੁਰਾਇਆਂ ਵਾਲਾ, ਪਾਲੀ ਦੇਤਵਾਲੀਆ, ਬਲਬੀਰ ਲਹਿਰਾ, ਕੇਵਲ ਸਿੰਘ ਜਲਾਲ, ਜੀਤ ਗੋਲੇਵਾਲੀਆ, ਚਮਕੌਰ ਚਮਕ, ਅਲਬੇਲ ਬਰਾੜ, ਬਚਨ ਬੇਦਿਲ, ਦੇਬੀ ਮਖਸੂਸਪੁਰੀ, ਦਲੀਪ ਸਿੱਧੂ, ਜੱਗਾ ਗਿੱਲ, ਜਲੌਰ ਸਿੰਘ ਸਿੱਧੂ, ਮੇਵਾ ਸਿੰਘ ਨੌਰਥ, ਦਲੀਪ ਸਿੰਘ ਕਣਕਵਾਲ, ਸੀਤਾ ਸੇਲੇਵਾਲਾ ਆਦਿ ਦੇ ਲਿਖੇ ਗੀਤ ਵੀ ਰਿਕਾਰਡ ਕਰਵਾਏ ਹਨ।

ਮਾਣਕ ਨੇ 1979 ਤੋਂ ਵਿਦੇਸ਼ੀ ਦੌਰੇ ਅਰੰਭ ਕੀਤੇ। ਪਰਵਾਸੀ ਪੰਜਾਬੀਆਂ ਨੇ ਮਾਨਾਂ ਸਨਮਾਨਾਂ ਦੇ ਨਾਲ ਉਸ ਨੂੰ ਪੌਂਡਾਂ ਤੇ ਡਾਲਰਾਂ ਨਾਲ ਵੀ ਨਿਹਾਲ ਕੀਤਾ। ਉਸ ਨੇ ਇੰਗਲੈਂਡ, ਅਮਰੀਕਾ, ਕੈਨੇਡਾ, ਬਹਿਰੀਨ, ਦੁਬਈ, ਮਸਕਟ, ਨਾਰਵੇ ਆਦਿ ਦੇਸ਼ਾਂ ਵਿਚ ਵੀ ਕਈ ਵਾਰ ਪ੍ਰੋਗਰਾਮ ਕੀਤੇ। ਰੇਡੀਓ 'ਤੇ ਪਹਿਲੀ ਵਾਰ ਮਾਣਕ ਨੇ 1973 ਵਿਚ ਗਾਇਆ। ਦੂਰਦਰਸ਼ਨ ਜਲੰਧਰ ਨੇ 1981 ਵਿਚ ਪਹਿਲੀ ਵਾਰ ਬੁਲਾ ਕੇ ਉਸ ਨੂੰ ਸਰੋਤਿਆਂ ਦੇ ਨੇੜੇ ਕੀਤਾ। ਦੂਰਦਰਸ਼ਨ ਤੋਂ ਉਸ ਨੇ ਪਹਿਲਾ ਗੀਤ 'ਗੱਡੀ ਵਿਚ ਜਾਣ ਵਾਲੀਏ, ਸਾਡੀ ਗੱਲ ਸੁਣ ਜਾ ਮੁਟਿਆਰੇ' ਪੇਸ਼ ਕੀਤਾ।

ਦੇਵ ਥਰੀਕਿਆਂ ਵਾਲੇ ਨਾਲ ਮੇਲ ਜੋਲ ਵਧਣ 'ਤੇ ਮਾਣਕ ਨੇ ਰਿਹਾਇਸ਼ ਥਰੀਕੇ ਪਿੰਡ ਵਿਚ ਹੀ ਕਰ ਲਈ। ਇਥੇ ਹੀ 1975 ਵਿਚ ਉਸ ਦਾ ਵਿਆਹ ਹੋਇਆ। ਉਸ ਦੀ ਜੀਵਨ ਸਾਥਣ ਸਰਵਜੀਤ ਦੋਰਾਹੇ ਦੇ ਨੇੜਲੇ ਪਿੰਡ ਰਾਜਗੜ੍ਹ ਦੇ ਸੁਬੀਆ ਖਾਨ ਦੀ ਧੀ ਹੈ। ਉਸ ਦੇ ਬੱਚੇ ਇਕ ਪੁੱਤਰ ਅਤੇ ਇਕ ਧੀ ਹੈ। 1985 ਵਿਚ ਮਾਣਕ ਥਰੀਕਿਆਂ ਤੋਂ ਲੁਧਿਆਣੇ ਆ ਗਿਆ ਤੇ ਰਣਧੀਰ ਸਿੰਘ ਨਗਰ ਵਿਚ ਰਹਿਣ ਲੱਗਾ।

ਮਾਣ ਸਨਮਾਨਾਂ ਦੇ ਮਾਮਲੇ ਵਿਚ ਵੀ ਕੁਲਦੀਪ ਮਾਣਕ ਕਿਸੇ ਗੱਲੋਂ ਪਿੱਛੇ ਨਹੀਂ। ਉਸ ਨੂੰ ਅਨੇਕਾਂ ਸੰਸਥਾਵਾਂ ਨੇ ਸਮੇਂ ਸਮੇਂ ਸਨਮਾਨਾਂ ਨਾਲ ਨਿਵਾਜਿਆ। ਉਸ ਲਈ ਸਭ ਤੋਂ ਵੱਡਾ ਮਾਣ ਤਾਂ ਪੰਜਾਬੀਆਂ ਦਾ ਪਿਆਰ ਸੀ। 18 ਸਤੰਬਰ 1993 ਨੂੰ ਪੰਜਾਬ ਦੀ ਬੇਅੰਤ ਸਿੰਘ ਸਰਕਾਰ ਵਲੋਂ ਉਸ ਦੇ ਆਪਣੇ ਪਿੰਡ ਜਲਾਲ ਵਿਖੇ ਕਾਰ ਅਤੇ ਨਗਦ ਰਾਸ਼ੀ ਦੇ ਕੇ ਸਨਮਾਨਿਆ ਗਿਆ।

ਰਾਜਨੀਤੀ ਦੀ ਚਕਾਚੌਂਧ ਨੇ ਇਕ ਵਾਰੀ ਮਾਣਕ ਨੂੰ ਵੀ ਚੁੰਧਿਆਇਆ ਸੀ। ਉਹ ਐਮ. ਪੀ. ਬਣਨ ਦਾ ਸੁਪਨਾ ਦੇਖਣ ਲੱਗਾ। ਆਪਣੇ ਇਲਾਕੇ ਦੀ ਬਠਿੰਡਾ ਰਿਜ਼ਰਵ ਸੰਸਦੀ ਸੀਟ ਤੋਂ ਉਹ ਚੋਣ ਲੜਿਆ। ਆਪਣੀ ਪ੍ਰਚਾਰ ਮੁਹਿੰਮ ਦੌਰਾਨ ਜਦੋਂ ਉਹ ਲੋਕਾਂ ਤੋਂ ਵੋਟਾਂ ਮੰਗਦਾ ਤਾਂ ਲੋਕ ਉਸ ਨੂੰ ਕਲੀਆਂ ਸੁਣਾਉਣ ਲਈ ਕਹਿੰਦੇ। ਭਰ ਗਰਮੀ ਦੇ ਦਿਨਾਂ ਵਿਚ ਉਹ ਕਲੀਆਂ ਸੁਣਾ ਸੁਣਾ ਕੇ ਹੰਭ ਗਿਆ, ਪਰ ਵੋਟਾਂ ਵਾਲੀਆਂ ਸੰਦੂਕੜੀਆਂ ਖਾਲੀ ਹੀ ਰਹੀਆਂ। ਉਹ ਆਪਣੀ ਜ਼ਮਾਨਤ ਵੀ ਨਾ ਬਚਾ ਸਕਿਆ। ਗਰਮੀ ਕਾਰਨ ਅਜਿਹਾ ਬਿਮਾਰ ਪਿਆ ਕਿ ਕਾਫੀ ਸਮਾਂ ਤਾਬ ਨਾ ਆਇਆ। ਅੱਗੇ ਤੋਂ ਮਾਣਕ ਨੇ ਰਾਜਨੀਤੀ ਤੋਂ ਤੌਬਾ ਕਰ ਲਈ।

ਮਾਣਕ ਦੇ ਪੁੱਤਰ ਯੁੱਧਵੀਰ ਮਾਣਕ ਨੇ ਆਪਣੇ ਪਿਓ ਵਾਲੀ ਲਾਈਨ ਹੀ ਫੜੀ। ਉਸ ਨੇ ਬਾਲ ਗਾਇਕੀ ਤੋਂ ਸ਼ੁਰੂਆਤ ਕਰਕੇ ਜਲਦੀ ਹੀ ਇਸ ਖੇਤਰ ਵਿਚ ਅੱਗੇ ਪੁਲਾਂਘਾ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ। ਆਪਣਾ ਗਰੁੱਪ ਬਣਾ ਕੇ ਪ੍ਰੋਗਰਾਮ ਕਰਨ ਲੱਗ ਪਿਆ। ਪੰਜਾਬੀ ਸਰੋਤਿਆਂ ਨੇ ਵੀ ਉਸ ਦੀ ਗਾਇਕੀ ਨੂੰ ਚੰਗਾ ਹੁੰਗਾਰਾ ਦਿੱਤਾ, ਪਰ ਕੁਝ ਸਮੇਂ ਬਾਅਦ ਹੀ ਉਹ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਗਿਆ ਅਤੇ ਦਿਮਾਗ਼ੀ ਪ੍ਰੇਸ਼ਾਨੀ ਵਿਚ ਆ ਗਿਆ। ਲੰਬੇ ਇਲਾਜ ਤੋਂ ਬਾਅਦ ਵੀ ਉਸ ਦੀ ਹਾਲਤ ਵਿਚ ਸੁਧਾਰ ਨਾ ਹੋ ਸਕਿਆ। ਇਸ ਸਦਮੇ ਕਾਰਨ ਮਾਣਕ ਵੀ ਪ੍ਰੇਸ਼ਾਨ ਰਹਿਣ ਲੱਗ ਪਿਆ। ਹੌਲੀ ਹੌਲੀ ਉਸ ਦੀ ਪ੍ਰੇਸ਼ਾਨੀ ਲਾ-ਇਲਾਜ ਬਿਮਾਰੀ ਵਿਚ ਬਦਲ ਗਈ। ਅਖੀਰ 30 ਨਵੰਬਰ, 2011 ਨੂੰ ਪੰਜਾਬੀਆਂ ਦਾ ਮਹਿਬੂਬ ਗਾਇਕ ਇਸ ਜਹਾਨ ਨੂੰ ਸਦਾ ਲਈ ਅਲਵਿਦਾ ਕਹਿ ਗਿਆ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਦਸੰਬਰ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-356



*ਬਾਜ਼ਾਰ ਵਿਕੇਂਦੀ ਵੇ ਸੱਜਣਾ ਪਰਾਂਦੀ, ਸਾਡੀ ਪੇਸ਼ ਕੋਈ ਨਾ ਜਾਂਦੀ।*
*ਦਿਲ ਦੀਆਂ ਦਿਲ 'ਚ ਰਹਿ ਗਈਆਂ, ਤੈਥੋਂ ਬਾਤ ਬੁੱਝੀ ਨਾ ਜਾਂਦੀ।*

## ਕੈਪਸ਼ਨ ਮੁਕਾਬਲਾ-354



ਇੱਕ ਅੱਧ ਫੁਲਕਾ ਵੇਲ ਕੇ ਲੀਡਰ
ਅਖਬਾਰੀ-ਸੁਰਖੀ ਝੱਟ ਬਣਾਵਣ।
ਦੂਜੇ ਪਾਸੇ ਦਿਨ ਰਾਤ ਬੀਬੀਆਂ
ਅਸਲੀ ਸੇਵਾ ਕਰ ਦਿਖਲਾਵਣ।
ਲੰਗਰ-ਪ੍ਰਥਾ 'ਤੇ ਦੇ ਕੇ ਪਹਿਰਾ
ਵਿਚ ਦੁਨੀਆਂ ਦੇ ਨਾਮ ਕਮਾਵਣ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਦੁੱਖ ਸੁੱਖ ਦੀ ਹਰ ਘੜੀ ਵਿਚ
ਇੱਕ ਥਾਂ ਹੋਵੇ ਲੰਗਰ ਤਿਆਰ।
ਵਿਚ ਭੋਜਨ ਦੇ ਰਸ ਘੋਲਦਾ
ਸਾਝਾਂ ਦਾ ਇਹ ਮੋਹ ਪਿਆਰ।
ਵਿਚ ਏਕੇ ਦੇ ਬਰਕਤ ਪੈਂਦੀ
ਯੁੱਗਾਂ ਯੁੱਗਾਂ ਦਾ ਹੈ ਇਕਰਾਰ।
**-ਗੁਰਦੇਵ ਸਿੰਘ ਢਪਾਲੀ, ਬਠਿੰਡਾ**
**ਫੋਨ: 91-94176-49275**

---

ਇਕੱਠੇ ਹੋ ਕੇ ਸੰਗਤਾਂ ਨੇ
ਲੰਗਰ ਲਈ ਖਿੱਚੀ ਤਿਆਰੀ।
ਬਾਕੀ ਕੰਮ ਤਾਂ ਸਾਰੇ ਵੰਡੇ
ਜ਼ਿੰਮੇਵਾਰੀ ਰੋਟੀਆਂ ਦੀ ਭਾਰੀ।
ਹੱਸ ਕੇ ਬੀਬੀਆਂ ਨੇ ਮੱਲੀ
ਦਗਦੀ ਲੋਹ ਅੰਗਿਆਰੀ।
ਹੱਥੋ ਹੱਥੀ ਥੱਪੀਆਂ ਰੋਟੀਆਂ
ਅਹੁ ਡੱਲ ਭਰ ਦਿੱਤੀ ਸਾਰੀ।
**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**

---

ਵਿਆਹ-ਸ਼ਾਦੀ ਜਾਂ ਕੋਈ 'ਕੱਠ
ਝੱਟ ਹੀ ਚੁਰ ਤਪਾਵਣ ਮਾਈਆਂ।
ਮਨ ਵਿਚ ਰੱਬ ਨੂੰ ਧਿਆ ਕੇ
ਤਵੀ 'ਤੇ ਪਰਸ਼ਾਦੇ ਪਕਾਵਣ ਮਾਈਆਂ।
ਨਾ ਨਾਮ, ਨਾ ਭਾਲਣ ਨਾਮਾ
ਆਪਣਾ ਫਰਜ਼ ਨਿਭਾਵਣ ਮਾਈਆਂ।
ਸਬਰ, ਸੰਤੋਖ ਨਾਲ ਰੱਜੀਆਂ ਰੂਹਾਂ
ਸਭ ਨੂੰ ਇਹ ਰਜਾਵਣ ਮਾਈਆਂ।
**-ਦਵਿੰਦਰ ਕੌਰ**

---

ਸਮਾਂ ਹੁੰਦਾ ਏ ਕੁਝ ਖਾਸ
ਕੁਝ ਬੀਬੀਆਂ ਕਰਦੀਆਂ ਸੇਵਾ
ਕੁਝ ਕਰਦੀਆਂ ਟਾਈਮ ਪਾਸ।
ਸੇਵਾ ਭਾਵਨਾ ਦਿਲ ਵਿਚ ਹੋਵੇ
ਤਾਂ ਕਾਰਜ ਹੁੰਦੇ ਸੱਭੇ ਰਾਸ।
ਚੁਗਲੀਆਂ ਛੱਡ, ਬਾਣੀ ਪੜ੍ਹੀਏ
ਘਰ ਵਿਚ ਪੈਂਦੀ ਬਰਕਤ ਦੂਣੀ।
ਬੁੱਢੇ ਮਾਪੇ ਜੇ ਘਰ ਵਿਚ ਭੁੱਖੇ
ਦਿਖਾਵੇ ਦੀ ਸੇਵਾ ਕੰਮ ਨਾ ਆਉਣੀ।
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

---

ਗੱਲ ਸੁਣ ਲੈ ਅੜੀਏ ਮੇਰੀ ਨੀ
ਉਮਰ ਲੰਘੀ ਜਾਵੇ ਤੇਰੀ ਮੇਰੀ ਨੀ
ਘਰ ਕਰੀ ਕਮਾਈ ਆਪਾਂ ਬਥੇਰੀ ਨੀ।
ਆ ਜਾ ਜੀਵਨ ਸਫਲਾ ਕਰੀਏ।
ਛੱਡ ਕੇ ਧੰਦੇ ਦੁਨੀਆਂਦਾਰੀ ਦੇ
ਆ ਸੇਵਾ ਲੰਗਰਾਂ ਦੀ ਕਰੀਏ।
**-ਮਨਦੀਪ ਗਿੱਲ ਧੜਾਕ**
**ਫੋਨ: 91-99881-11134**

---

ਕੀ ਲੈਣਾ ਪ੍ਰਧਾਨਗੀ ਠੱਪਿਆਂ ਤੋਂ
ਰਲ ਸਭ ਸੁਆਣੀਆਂ ਇਕ ਮੰਚ 'ਤੇ
ਸਮਾਜਕ ਸੇਵਾ ਕਰਦੀਆਂ।
ਤਵੀ ਗਰਮ ਹੈ ਜ਼ੋਰਾਂ 'ਤੇ
ਕੋਈ ਆਟਾ ਗੁੰਨ੍ਹੇ, ਕੋਈ ਵੇਲੇ-ਥੱਲੇ।
ਸਭ ਰਲ ਮਿਲ ਸੇਵਾ ਕਰਦੀਆਂ
ਨਹੀਂ ਰੀਸ ਇਸ 'ਚ ਕੋਈ।
ਬਹਿ ਰਲ ਸਭ ਖਾਵਣਗੇ।
ਇਹੋ ਹੈ ਸਾਂਝੀ ਭਾਈਵਾਲਤਾ
ਕੀ ਲੈਣਾ ਵੱਡੇ ਤੁਰਲੇ ਤਾਜ ਸਜਾ ਕੇ।
ਵੋਟਾਂ ਦੇ ਡੱਬੇ 'ਚੋਂ ਨਿਕਲਿਆ
ਹਮੇਸ਼ਾ ਬਹਿਸ ਦਾ ਵਿਸ਼ਾ ਹੈ।
**-ਦਰਸ਼ਨਪਾਲ ਦੋਸਾਂਝ**

## ਲਤੀਫਾ

ਇਕ ਪਤਨੀ ਨੇ ਪਤੀ ਅੱਗੇ ਦੁੱਧ ਦਾ ਗਲਾਸ ਰੱਖਿਆ। ਥੋੜ੍ਹੀ ਦੇਰ ਬਾਅਦ ਪਤੀ ਬੋਲਿਆ, "ਭਾਗਵਾਨੇ, ਦੁੱਧ ਵਿਚ ਤਾਂ ਮੱਖੀ ਹੈ।"

ਪਤਨੀ ਨੇ ਆ ਕੇ ਦੇਖਿਆ, ਦੁੱਧ 'ਤੇ ਮੱਖੀ ਕੋਈ ਨਹੀਂ ਸੀ ਤਾਂ ਬੋਲੀ, "ਪਤੀ ਪਰਮੇਸ਼ਰ ਜੀ, ਮੱਖੀ ਤੁਹਾਡੀ ਐਨਕ ਨਾਲ ਚਿਪਕੀ ਹੋਈ ਹੈ।"

**-ਵਾਸਦੇਵ ਸਿੰਘ ਪਰਹਾਰ, ਫੋਨ: 206-434-1155**

# 'ਕੋਣੇ ਦੇ ਸੂਰਜ' ਦੀ ਲੋਅ 'ਚ ਵਿਚਰਦਿਆਂ...

ਪੁਸਤਕ ਪੜਚੋਲ

ਮੋਹਨਜੀਤ ਦੀ ਕਾਵਿ-ਪੁਸਤਕ 'ਕੋਣੇ ਦਾ ਸੂਰਜ' ਪੜ੍ਹਦਿਆਂ ਇਕ ਵਾਰ ਤਾਂ ਸੁਰਤੀ ਉੜੀਸਾ ਦੇ 'ਸੂਰਜ ਮੰਦਿਰ' ਦੀ ਯਾਤਰਾ ਕਰ ਆਉਂਦੀ ਹੈ। ਮੰਜ਼ਰਕਸ਼ੀ ਏਨੀ ਕਮਾਲ ਹੈ ਕਿ ਮੰਦਿਰ ਦੇ ਅਕਸ ਅੱਖਾਂ ਦੇ ਸ਼ੀਸ਼ਿਆਂ 'ਚ ਲਿਸ਼ਕਣ ਲੱਗ ਪੈਂਦੇ ਨੇ। ਕਵੀ ਏਨੀ ਕਾਰੀਗਰੀ ਨਾਲ ਸ਼ਬਦ ਵਰਤਦਾ ਹੈ ਕਿ ਇਨ੍ਹਾਂ ਰਾਹੀਂ ਸੂਰਜ ਮੰਦਿਰ ਦੀ ਹੋ ਰਹੀ ਉਸਾਰੀ ਸਾਕਾਰ ਕਰ ਦਿੰਦਾ ਹੈ। ਭਾਰੇ-ਭਾਰੇ ਪੱਥਰ ਚੁੱਕੀ ਆਉਂਦੇ ਮਜ਼ਦੂਰਾਂ ਦਾ ਪਸੀਨਾ ਕਿਤਾਬ ਦੇ ਵਰਕੇ ਥੱਲਦੇ ਪਾਠਕ ਦੇ ਪੋਟੇ ਭਿਉਂਦਾ ਮਹਿਸੂਸ ਹੋਣ ਲਗਦਾ ਹੈ। ਮੂਰਤੀਆਂ ਘੜਦੀਆਂ ਛੈਣੀਆਂ 'ਤੇ ਵੱਜਦੇ ਹਥੌੜਿਆਂ ਦਾ ਨਾਦ ਕੰਨਾਂ 'ਚ ਗੂੰਜਣ ਲੱਗ ਪੈਂਦਾ ਹੈ, ਪਰ ਕਵੀ ਦਾ ਪ੍ਰਯੋਜਨ ਆਪਣੇ ਹੁਨਰ ਨਾਲ ਮਹਿਜ ਮੰਜ਼ਰਕਸ਼ੀ ਕਰਕੇ



ਸੁਰਿੰਦਰ ਸੋਹਲ

ਪਾਠਕ ਜਾਂ ਸਰੋਤੇ ਨੂੰ ਸੰਮੋਹਿਤ ਕਰਨਾ ਨਹੀਂ, ਕੁਝ ਹੋਰ ਹੈ।

ਰਾਜੇ-ਮਹਾਰਾਜੇ ਵੱਡੇ-ਵੱਡੇ ਭਵਨਾਂ, ਸਮਾਰਕਾਂ, ਸ਼ਿਲਾਲੇਖਾਂ ਦੀ ਉਸਾਰੀ ਕਰਵਾ ਕੇ ਸ਼ਕਤੀ ਦਾ ਪ੍ਰਗਟਾਵਾ ਤਾਂ ਕਰਦੇ ਹੀ ਸਨ, ਨਾਲ ਦੀ ਨਾਲ ਇਨ੍ਹਾਂ ਕਲਾ ਕ੍ਰਿਤਾਂ ਰਾਹੀਂ ਆਪਣੇ ਆਪ ਨੂੰ ਅਮਰ ਵੀ ਕਰਨਾ ਚਾਹੁੰਦੇ ਸਨ। ਇਸੇ ਨਜ਼ਰੀਏ ਤੋਂ ਉਹ ਅੰਨੀ ਦੌਲਤ ਇਨ੍ਹਾਂ 'ਤੇ ਲਾਉਂਦੇ ਸਨ,

ਬਿਨਾ ਸ਼ੱਕ, ਰਾਜੇ
ਮੰਦਿਰ ਨਿਰਮਾਤਾ ਸਨ
ਭਵਨ ਨਿਰਮਾਤਾ
ਵੈਭਵ ਉਨ੍ਹਾਂ ਦੀ
ਸੱਤਾ ਦਾ ਗੌਰਵ ਸੀ
ਹਉਮੈ ਦਾ, ਕੀਰਤੀ ਦਾ
ਦੌਲਤ ਦਾ। (ਪੰਨਾ 25)

ਅੱਜ ਸਾਡੇ ਸਾਹਮਣੇ ਉਸ ਮਹਾਨ ਕਲਾ ਦੇ ਮਹਾਨ ਨਮੂਨੇ (ਬਹੁਤ ਸਾਰੇ ਖੰਡਰਾਂ ਦੇ ਰੂਪ ਵਿਚ ਵੀ) ਤਾਂ ਹਨ ਪਰ ਉਨ੍ਹਾਂ ਨੂੰ ਉਸਾਰਨ ਵਾਲੇ ਕਾਮਿਆਂ ਤੇ ਸ਼ਿਲਪਕਾਰਾਂ ਦੀਆਂ ਪੀੜਾਂ, ਹੌਕੇ, ਮਜਬੂਰੀਆਂ ਅਤੇ ਦੁੱਖ ਬਿਆਨਣ ਵਾਲਾ ਕੋਈ ਨਹੀਂ। ਉਨ੍ਹਾਂ ਰਾਜਿਆਂ ਨੂੰ ਤਾਂ ਕੋਈ ਜਾਣਦਾ ਹੋਏਗਾ ਪਰ ਇਹ ਸ਼ਾਹਕਾਰ ਪੈਦਾ ਕਰਨ ਵਾਲੇ ਹੱਥਾਂ 'ਚੋਂ ਚੋਂਦਾ ਲਹੂ ਇਤਿਹਾਸ ਦੇ ਖੰਡਰਾਂ 'ਚ ਕਿਤੇ ਰੁਲ-ਖੁਲ ਗਿਆ ਹੈ। ਸ਼ਾਇਦ ਉਨ੍ਹਾਂ ਸ਼ਿਲਪਕਾਰਾਂ ਤੇ ਕਾਮਿਆਂ ਦੀ ਮਨੋ ਅਵਸਥਾ ਸੁਰਜੀਤ ਪਾਤਰ ਦੇ ਸ਼ਿਅਰ ਰਾਹੀਂ ਬਾਖੂਬੀ ਪ੍ਰਗਟ ਹੋ ਸਕਦੀ ਹੈ,

ਇਤਨਾ ਹੀ ਬਹੁਤ ਹੈ ਕਿ
ਮੇਰੇ ਖੂਨ ਨੇ ਰੁੱਖ ਸਿੰਜਿਆ,
ਕੀ ਹੋਇਆ ਜੇ ਪੱਤਿਆਂ 'ਤੇ
ਮੇਰਾ ਨਾਮ ਨਹੀਂ ਹੈ।

ਮੋਹਨਜੀਤ ਨੇ ਇਸ ਲੰਬੀ ਕਵਿਤਾ ਵਿਚ ਇਸੇ ਪੱਖ 'ਤੇ ਵੱਧ ਫੋਕਸ ਕੀਤਾ ਹੈ। ਇਹੋ ਜਿਹੇ ਅਜੂਬੇ ਬਣਾਉਣ ਵੇਲੇ ਸ਼ਿਲਪਕਾਰਾਂ ਦਾ ਖੂਨ ਕਿਵੇਂ ਪਸੀਨਾ ਬਣ-ਬਣ ਡੁੱਲ੍ਹਦਾ ਸੀ, ਉਨ੍ਹਾਂ ਦੀਆਂ ਸੱਧਰਾਂ ਕਿਵੇਂ ਪੱਥਰਾਂ ਹੇਠ ਆ ਕੇ ਮਿੱਧੀਆਂ ਜਾਂਦੀਆਂ ਸਨ, ਉਨ੍ਹਾਂ ਦੇ ਸੁਪਨੇ ਕਿਵੇਂ ਛੈਣੀਆਂ ਨਾਲ ਰੇਜ਼ਾ-ਰੇਜ਼ਾ ਹੁੰਦੇ ਸਨ, ਉਨ੍ਹਾਂ ਦਾ ਜੀਵਨ-ਨਾਦ ਕਿਵੇਂ ਹਥੌੜਿਆਂ ਦੀ ਠੱਕ-ਠੱਕ ਵਿਚ ਬੇਰਸਾ ਤੇ ਬੇਸੁਰਾ ਹੋ ਜਾਂਦਾ ਸੀ ਆਦਿ ਵੇਰਵੇ ਇਸ ਕਾਵਿ-ਸੰਗ੍ਰਿਹ ਦੇ ਸਫਿਆਂ 'ਤੇ ਵਿਛੇ ਮਿਲਦੇ ਹਨ।

ਸ਼ਿਲਪਕਾਰਾਂ ਸਾਹਮਣੇ ਭਾਵੇਂ ਦੇਵਦਾਸੀਆਂ ਪ੍ਰਤੀਰੂਪਾਂ 'ਚ ਮੌਜੂਦ ਸਨ, ਪਰ ਸ਼ਿਲਪਕਾਰਾਂ ਆਖਰ ਓਹੀ ਘੜਿਆ, ਜੋ ਉਨ੍ਹਾਂ ਦੇ ਅੰਦਰ ਦੱਬਿਆ ਪਿਆ ਸੀ,

ਸੈਂਕੜੇ ਦੇਵਦਾਸੀਆਂ ਸਨ
ਪ੍ਰਤੀਰੂਪ ਲਈ
ਪਰ ਜੋ ਰੂਪ ਸ਼ਿਲਪੀ ਦੀ
ਕਲਪਨਾ 'ਚ ਸੀ
ਅੰਤ ਵਿਚ ਉਹੀ ਉਘੜਦਾ ਸੀ
ਬਾਕੀ ਤਾਂ ਮੁਦਰਾਵਾਂ ਈ ਸਨ
ਅੰਦਾਜ਼ ਸਨ
ਅੰਗ ਜੋ ਬੇਤਾਬ ਸਨ
ਸੰਜੋਗ ਲਈ
ਭੋਗ ਲਈ
ਆਖਿਰ ਓਹੀ ਬਣਦਾ ਰਿਹਾ
ਜੋ ਕਲਾਕਾਰਾਂ ਦੇ
ਮਨ ਦੀ ਆਰਜ਼ੂ ਸੀ। (ਪੰਨਾ 21)

ਕਵੀ ਥਾਂ-ਥਾਂ ਸੁੱਚਮ ਕੀ ਹੈ? ਕਾਮ ਕੀ ਹੈ? ਨਗਨਤਾ ਕੀ ਹੈ? ਪਿਆਰ ਕੀ ਹੈ? ਵਿਯੋਗ ਕੀ ਹੈ? ਮਰਿਆਦਾ ਕੀ ਹੈ? ਦਾਨ-ਪੁੰਨ ਕੀ ਹੈ? ਰਾਜ-ਸੱਤਾ ਦਾ ਜਬਰ ਕੀ ਹੈ? ਆਮ ਬੰਦੇ ਦੀ ਮਜਬੂਰੀ ਕੀ ਹੈ? ਸਮਾਜ 'ਚ ਔਰਤ ਦੀ ਦਸ਼ਾ ਕੀ ਹੈ? ਆਦਿ ਸਵਾਲਾਂ ਦੇ ਸਨਮੁਖ ਹੁੰਦਾ ਹੈ।

ਰਾਜਾ ਨਰ ਸਿਹੁੰ ਦੇਵ ਇਕ ਕਲਾ-ਸਮਾਰਕ ਦਾ ਨਿਰਮਾਣ ਕਰਨਾ ਚਾਹੁੰਦਾ ਹੈ। ਉਸ ਵਾਸਤੇ ਬਾਰਾਂ ਸਾਲ ਦਾ ਸਮਾਂ ਮਿਥਿਆ ਹੋਇਆ ਹੈ। ਇਨ੍ਹਾਂ ਬਾਰਾਂ ਸਾਲਾਂ ਵਿਚ ਮੰਦਿਰ ਉਸਾਰੀ ਕਰਨ ਵਾਲੇ ਔਰਤ-ਮਰਦ ਨੇ ਸੰਗ ਨਹੀਂ ਕਰਨਾ ਤਾਂ ਕਿ ਮੰਦਿਰ ਦੀ 'ਸੁੱਚਮਤਾ' ਕਾਇਮ ਰਹਿ ਸਕੇ। ਕਵਿਤਾ ਵਿਚ ਵਿਡੰਬਨਾ ਇਹ ਹੈ ਕਿ ਮੰਦਿਰ ਵਿਚ ਨਗਨ ਤੇ ਮੈਥੁਨ ਕਰਦੀਆਂ ਮੂਰਤੀਆਂ ਘੜੀਆਂ ਜਾਂਦੀਆਂ ਹਨ। ਉਨ੍ਹਾਂ ਦਾ ਪ੍ਰਤੀਰੂਪ (ਮਾਡਲ) ਦੇਵ-ਦਾਸੀਆਂ ਬਣਦੀਆਂ ਹਨ। ਉਹ ਦੇਵ-ਦਾਸੀਆਂ ਕੌਣ ਹਨ,

ਨਿਰਧਨਾਂ, ਦਲਿਤਾਂ ਦੀਆਂ ਜਾਈਆਂ
ਕੁਝ ਕੁ ਧਨ ਜਾਂ
ਭੋਇੰ ਦੇ ਟੁਕੜੇ ਲਈ
ਮੰਦਿਰਾਂ ਨੂੰ ਅਰਪੀਆਂ
ਨਾਜ਼ੁਕ, ਮਲੂਕ ਕੰਜਕਾਂ
ਪ੍ਰਾਕ੍ਰਿਤਕ ਸੁੱਖਾਂ ਤੋਂ ਪਰ੍ਹੇ
ਝੂਠੀ ਧਰਮ-ਪ੍ਰਤਿਸ਼ਠਾ ਲਈ
ਬਣਾਈਆਂ ਦਾਸੀਆਂ
ਪੱਥਰ ਦੇ ਦੇਵਾਂ ਨੂੰ ਰਿਝਾਉਂਦੀਆਂ
ਤਿਲ-ਤਿਲ ਮਰਦੀਆਂ।


ਕਾਮਨਾ ਉਨ੍ਹਾਂ 'ਚ ਵੀ ਸੀ
ਪਰ ਮਜਬੂਰ ਸਨ
ਮੰਦਿਰ ਦੀ ਜਾਇਦਾਦ ਸਨ
ਪੁਜਾਰੀਆਂ ਦੀ ਹਿਰਸ ਦਾ ਹੁੰਦੀਆਂ ਸ਼ਿਕਾਰ
ਜਾਂ ਉਨ੍ਹਾਂ ਭੱਦਰਾਂ ਦੀ ਵਾਸਨਾ ਦਾ
ਜੋ ਮੱਠਾਂ-ਮੰਦਿਰਾਂ ਦੀ ਮਰਿਆਦਾ ਲਈ
ਦਾਨ ਦਿੰਦੇ ਤੇ ਹੋਰ ਸੁਖ-ਸਹੂਲਤਾਂ।
(ਪੰਨਾ 27)

ਕਵੀ ਸਵਾਲ ਕਰਦਾ ਹੈ ਕਿ ਔਰਤ-ਮਰਦ ਦਾ ਸੰਗ ਤਾਂ ਮੰਦਿਰ ਦੀ ਪਵਿੱਤਰਤਾ ਨੂੰ ਭੰਗ ਕਰ ਸਕਦਾ ਹੈ ਪਰ ਔਰਤ ਨੂੰ ਦਾਸੀ ਬਣਾ ਕੇ ਉਸ 'ਤੇ ਢਾਹਿਆ ਗਿਆ ਜ਼ੁਲਮ ਕਿਧਰਲੀ 'ਸੁੱਚਮਤਾ' ਅਤੇ ਇਖਲਾਕ ਹੈ?

'ਕੋਣੇ ਦਾ ਸੂਰਜ' ਇਕ ਲੰਬੀ ਕਵਿਤਾ ਹੈ,



ਮੋਹਨਜੀਤ




ਜਿਸ ਦੇ ਦੋ ਹਿੱਸੇ ਹਨ। ਕਵੀ ਨੇ ਲੋਕ-ਮਨ 'ਚ ਵਸੀਆਂ ਦੋ ਦੰਤ-ਕਥਾਵਾਂ ਨੂੰ ਆਪਣੀ ਗੱਲ ਕਹਿਣ ਦਾ ਜ਼ਰੀਆ ਬਣਾਇਆ ਹੈ।

ਪਹਿਲੇ ਹਿੱਸੇ ਵਿਚ ਸ਼ਿਲਪਕਾਰ ਵਿਸ਼ਨੂੰ ਮਹਾਂਰਾਣਾ ਤੇ ਉਸ ਦੀ ਪਤਨੀ ਦੀ ਕਥਾ ਹੈ। ਪਤਨੀ ਗਰਭਵਤੀ ਹੈ। ਰਾਜੇ ਨਰ ਸਿੰਹੁ ਦੇਵ ਦਾ ਆਦੇਸ਼ ਆਉਂਦਾ ਹੈ। ਕਲਾ-ਸਮਾਰਕ ਸੂਰਜ ਮੰਦਿਰ ਬਣਾਉਣਾ ਹੈ, ਸਾਰੇ ਸ਼ਿਲਪੀ ਚੰਦਰਭਾਗਾ ਨਦੀ ਕਿਨਾਰੇ ਪਹੁੰਚ ਜਾਣ। ਮਜਬੂਰੀ ਵਸ ਵਿਸ਼ਨੂ ਨੂੰ ਵੀ ਜਾਣਾ ਪੈਂਦਾ ਹੈ।

ਇਕ ਪਾਸੇ ਵਿਛੋੜੇ ਦਾ ਸੱਲ ਹੈ, ਦੂਜੇ ਪਾਸੇ ਪ੍ਰਤਿਭਾ ਦਿਖਾਉਣ ਦਾ ਮੌਕਾ ਹੈ। ਇਸ ਦੁਬਿਧਾ 'ਚੋਂ ਪੈਦਾ ਹੋਈ ਪੀੜ ਨੂੰ ਮੋਹਨਜੀਤ ਨੇ ਬੇਹੱਦ ਮਹੀਨ ਵੇਰਵਿਆਂ ਨਾਲ ਪੇਸ਼ ਕੀਤਾ ਹੈ।

ਵਿਸ਼ਨੂੰ ਦੇ ਘਰ ਮੁੰਡਾ ਜਨਮ ਲੈਂਦਾ ਹੈ, ਧਮਪਦ। ਉਹ ਵੀ ਬਾਪ ਦੇ ਮਗਰ ਹੀ ਸੂਰਜ ਮੰਦਿਰ ਦੀ ਉਸਾਰੀ 'ਚ ਹਿੱਸਾ ਪਾਉਣ ਚਲਾ ਜਾਂਦਾ ਹੈ। ਜਦੋਂ ਧਮਪਦ ਸੂਰਜ ਮੰਦਿਰ ਵਿਚ ਪਰਵੇਸ਼ ਕਰਦਾ ਹੈ ਤਾਂ ਕਵੀ ਨੇ ਏਨੀ ਬਾਰੀਕ ਮੰਜ਼ਰਕਸ਼ੀ ਕੀਤੀ ਹੈ ਕਿ ਕਲਾ ਦੇ ਨਮੂਨੇ ਦੇਖਦੇ ਧਮਪਦ ਵਾਂਗ ਪਾਠਕ ਵੀ ਵਿਸਮਿਤ ਹੁੰਦਾ ਜਾਂਦਾ ਹੈ,

ਜੰਗ ਬਾਰੇ ਇਕ ਹੋਰ ਸ਼ਿਲਾ-ਮੂਰਤੀ
ਸੈਨਿਕ ਤੇ ਸੈਨਿਕ ਦੀ ਪਤਨੀ ਦੀ
ਸੈਨਿਕ ਯੁੱਧ ਲਈ ਤੁਰਿਆ
ਪਤਨੀ ਦੀ ਗੋਦੀ ਵਿਚ ਬਾਲ
ਚਿਹਰਿਆਂ ਉਤੇ ਡੂੰਘੀ ਚੁੱਪ
ਜੰਗ ਮਨ ਵਿਚ ਵੀ ਤਾਂ ਹੁੰਦੀ।
(ਪੰਨਾ 44)

---

ਭੋਗ ਮੰਡਪ ਦੇ ਮੱਥੇ ਦੇ
ਲਘੂ ਮੰਡਪਾਂ 'ਚ
ਸੁੰਦਰ ਔਰਤਾਂ ਤੇ
ਕਾਮ-ਰਤ ਜੁਗਲ
ਮੂਰਤੀਆਂ ਦਾ ਜਲੌਅ
ਔਰਤਾਂ ਦੀਆਂ ਅਨਿਕ ਮੁਦਰਾਵਾਂ
ਉਪਰ ਉਠੇ ਹੱਥਾਂ ਨਾਲ ਟਹਿਣੀ ਫੜੀ
ਪਾਲਤੂ ਪੰਖੀ ਨੂੰ ਪਿਆਰਦੀ
ਬੱਚੇ ਨੂੰ ਲਡਾਉਂਦੀ ਮੂਰਤੀ
ਵਾਲਾਂ ਨੂੰ ਨਚੋੜਦੀ ਸੁੰਦਰੀ ਤੇ
ਤੁਪਕੇ ਬੋਚਦਾ ਹੰਸ। (ਪੰਨਾ 54)

ਇਨ੍ਹਾਂ ਮੂਰਤੀਆਂ ਥਾਣੀਂ ਸ਼ਿਲਪਕਾਰਾਂ ਨੇ ਜਿਵੇਂ ਆਪਣੀਆਂ ਕੁੰਠਿਤ ਕਾਮਨਾਵਾਂ ਹੀ ਪ੍ਰਗਟ ਕੀਤੀਆਂ ਹਨ। ਬੱਚਿਆਂ ਨੂੰ ਮਿਲਣ ਦੀ ਤਾਂਘ ਦਰਸਾਉਂਦੀ ਮੂਰਤੀ ਬੱਚਾ ਲਡਾ ਰਹੀ ਹੈ। ਪਤਨੀ ਸੰਗ ਨੂੰ ਤਰਸਦਾ ਸ਼ਿਲਪਕਾਰ ਹੀ ਤਾਂ ਹੰਸ ਹੈ, ਜੋ ਤਰਸੇਵੇਂ ਦੇ ਤੁਪਕੇ ਬੋਚ ਰਿਹਾ ਹੈ।

ਇਸ ਸੰਸਾਰ ਵਿਚ ਕੋਈ ਵੀ ਇੱਛਾ-ਮੁਕਤ ਨਹੀਂ ਹੈ। ਰਾਜ-ਪਾਟ ਦਾ ਮਾਲਕ ਰਾਜਾ ਵੀ ਆਪਣੇ-ਆਪ ਨੂੰ ਇੱਛਾ-ਮੁਕਤ ਨਹੀਂ ਕਰ ਸਕਦਾ,

ਰਾਜੇ ਦੀ ਸੋਚ ਵੀ ਇੱਛਾ-ਯੁਕਤ ਹੈ
ਮੰਦਿਰ ਦਾ ਸੰਕਲਪ
ਇੱਛਾ-ਰਹਿਤ ਨਹੀਂ
ਸੂਰਜ ਅਰਾਧ ਕੇ ਰਾਜਾ
ਅਮਰਤਵ ਚਾਹੁੰਦਾ ਹੈ
ਇਸੇ ਲਈ ਮੰਦਿਰ ਬਣਾਉਂਦਾ ਹੈ
ਵਡ-ਭਵਨ ਨਿਰਮਾਣ
ਸ਼ਕਤੀ ਦਾ ਵਿਖਾਵਾ। (ਪੰਨਾ 83)

ਮੰਦਿਰ ਦੇ ਸਿਰ 'ਤੇ ਗੁੰਬਦ ਨਹੀਂ ਟਿਕਦਾ। ਰਾਜੇ ਦਾ ਹੁਕਮ ਹੈ, ਜੇ ਮਿਥੇ ਦਿਨ ਤੱਕ ਗੁੰਬਦ ਨਾ ਟਿਕਿਆ ਤਾਂ ਸਾਰੇ ਸ਼ਿਲਪਕਾਰਾਂ ਦੇ ਹੱਥ ਕੱਟ ਦਿੱਤੇ ਜਾਣਗੇ,

ਰਾਜੇ ਕਲਮ ਕਰਨਾ ਹੀ ਜਾਣਦੇ
ਘੜਨਾ ਨਹੀਂ ਜਾਣਦੇ
ਉਸਾਰਨਾ, ਬਣਾਉਣਾ
ਅਹਿਸਾਸ ਦੇ ਘੇਰੇ ਦੀ ਗੱਲ ਹੈ
ਸੰਵੇਦਨਾ, ਕਲਾ ਦਾ ਮੂਲ ਹੈ
ਆਦੇਸ਼ ਤੇ ਕਲਾ ਦਾ
ਮੁੱਢੋਂ ਵਿਰੋਧ ਹੈ। (ਪੰਨਾ 61)

---

ਬਾਪ ਤੇ ਪੁੱਤਰ ਨੇ
ਇਹ ਗੁੱਥੀ ਵੀ ਸੁਲਝਾਈ
ਪਲ ਭਰ ਇਹ ਵੀ ਸੋਚਿਆ
ਕਲਾ ਦਾ ਉਮਰ ਨਾਲ ਕੀ ਵਾਸਤਾ!
ਇਹ ਤਾਂ ਰੋਸ਼ਨੀ ਹੈ
ਅੰਦਰ ਦਾ ਚਾਨਣ
ਚੇਤਨ ਤੇ ਅਵਚੇਤਨ ਦੀ ਲੋਅ। (ਪੰਨਾ 63)

ਧਮਪਦ ਨੇ ਗੁੰਬਦ ਤਾਂ ਮੰਦਿਰ ਦੇ ਸਿਖਰ 'ਤੇ ਟਿਕਾ ਦਿੱਤਾ ਪਰ ਬਾਪ ਵਿਸ਼ਨੂ ਦੇ ਗੌਰਵ ਦਾ ਖਿਆਲ ਕਰ ਕੇ ਚੰਦਰਭਾਗਾ 'ਚ ਛਾਲ ਮਾਰ ਕੇ ਜਲ-ਸਮਾਧੀ ਲੈ ਲਈ।

ਦੂਜੀ ਕਥਾ ਸ਼ਿਲਪਕਾਰ ਕਮਲ ਦੀ ਹੈ। ਉਸ ਦਾ ਚੰਦਰਭਾਗਾ ਨਾਂ ਦੀ ਕੁੜੀ ਨਾਲ ਤਿੰਨ ਦਿਨਾਂ ਨੂੰ ਵਿਆਹ ਹੈ ਪਰ ਰਾਜੇ ਦਾ ਆਦੇਸ਼ ਹੈ ਕਿ ਸੂਰਜ ਮੰਦਿਰ ਦੇ ਨਿਰਮਾਣ ਲਈ ਪਹੁੰਚੋ। ਕੁਆਰੇ ਚਾਅ ਰਾਜੇ ਦੇ ਆਦੇਸ਼-ਪੱਥਰ ਹੇਠ ਦੱਬ ਕੇ ਉਨ੍ਹਾਂ ਨੂੰ ਵਿਛੜਨਾ ਪੈਂਦਾ ਹੈ।

ਨ੍ਰਿਤ-ਗੁਰੂ ਦੀ ਧੀ ਸ਼ਿਲਪਾ ਕਮਲ 'ਤੇ ਮੋਹਿਤ ਹੋ ਗਈ। ਉਸ ਮੂਹਰੇ ਪ੍ਰਤੀਰੂਪ (ਮਾਡਲ) ਬਣ ਕੇ ਮੂਰਤਾਂ ਬਣਵਾਉਂਦੀ ਰਹੀ। ਕਮਲ ਸ਼ਿਲਪਾ 'ਚੋਂ ਆਪਣੀ ਮੰਗੇਤਰ ਚੰਦਰਭਾਗਾ ਦੇ ਨਕਸ਼ ਤਲਾਸ਼ਦਾ ਰਿਹਾ ਤੇ ਮੂਰਤੀਆਂ ਤਰਾਸ਼ਦਾ ਰਿਹਾ।

ਸੂਰਜ ਮੰਦਿਰ ਬਣ ਗਿਆ। ਨਰ ਸਿਹੁੰ ਦੇਵ ਸ਼ਿਲਪਕਾਰਾਂ ਦੇ ਸ਼ਾਹਕਾਰ ਦੇਖ ਦੇਖ 'ਵਾਹ ਵਾਹ' ਕਰਦਾ ਰਿਹਾ। ਉਸ ਦੀ 'ਵਾਹ ਵਾਹ' ਹੇਠ ਹਜ਼ਾਰਾਂ ਸ਼ਿਲਪਕਾਰਾਂ ਦੇ ਹੌਕਿਆਂ ਨੂੰ ਜ਼ਬਾਨ ਦੇ ਕੇ ਅਗਰਭੂਮੀ ਵਿਚ ਲਿਆਉਣਾ ਇਸ ਕਾਵਿ-ਪੁਸਤਕ ਦਾ ਪ੍ਰਮੁੱਖ ਉਦੇਸ਼ ਹੈ।

ਮੂਰਤੀਆਂ ਵਿਚੋਂ ਨ੍ਰਿਤ-ਗੁਰੂ ਆਪਣੀ ਧੀ ਸ਼ਿਲਪਾ ਦੇ ਨਕਸ਼ ਪਛਾਣ ਲੈਂਦਾ ਹੈ। ਸ਼ਿਲਪਾ ਪ੍ਰਵਾਨਿਤ ਦੇਵਦਾਸੀ ਨਹੀਂ ਸੀ। ਉਸ ਨੇ ਰਾਜ-ਨਿਯਮਾਂ ਦਾ ਉਲੰਘਣ ਕੀਤਾ ਸੀ। ਨ੍ਰਿਤ-ਗੁਰੂ ਉਸ ਨੂੰ ਘਰੋਂ ਕੱਢ ਦਿੰਦਾ ਹੈ। ਉਹ ਜਿਸ ਬੇੜੀ 'ਚ ਸਵਾਰ ਹੋ ਕੇ ਸ਼ਹਿਰ ਛੱਡਣਾ ਚਾਹੁੰਦੀ ਹੈ, ਉਹ ਤੂਫਾਨ ਦੀ ਜ਼ੱਦ 'ਚ ਆ ਜਾਂਦੀ ਹੈ। ਉਸ ਨੂੰ ਬਚਾਉਣ ਲਈ ਕੁਆਰੀ ਸ਼ਿਲਪਾ ਵੀ ਧਮਪਦ ਵਾਂਗ ਜਲ-ਸਮਾਧੀ ਲੈ ਕੇ ਬਲੀਦਾਨ ਦੇ ਦਿੰਦੀ ਹੈ।

ਕਮਲ ਦੇ ਮਾਪਿਆਂ ਨੇ ਚੰਦਰਭਾਗਾ ਦੇ ਮਰਨ ਦੀ ਅਫਵਾਹ ਫੈਲਾਈ ਸੀ। ਸੂਰਜ ਮੰਦਿਰ ਦੀ ਉਸਾਰੀ ਪੂਰੀ ਹੋਣ 'ਤੇ ਨਿਕਲੇ ਜਲੂਸ 'ਚੋਂ ਉਹ ਚੰਦਰਭਾਗਾ ਦੇ ਨਕਸ਼ ਤਾਂ ਪਛਾਣ ਲੈਂਦਾ ਹੈ ਪਰ ਇਨ੍ਹਾਂ ਬਾਰਾਂ ਸਾਲਾਂ 'ਚ ਉਨ੍ਹਾਂ ਅੰਦਰੋਂ ਜਿੰਨਾ ਕੁਝ ਮਰ-ਮੁਕ ਗਿਆ ਹੈ, ਉਸ ਦਾ ਹਿਸਾਬ ਕਿਸ ਨੇ ਕਰਨਾ ਹੈ!

ਕਲਾ ਦਾ ਇਹ ਮਹਾਨ ਸਮਾਰਕ ਕੋਣਾਰਕ, ਸੂਰਜ ਮੰਦਿਰ, ਅਰਕਦੇਵ, ਕੋਨਾਦਿੱਤਿਆ ਆਦਿ ਕਈ ਨਾਂਵਾਂ ਨਾਲ ਜਾਣਿਆ ਜਾਂਦਾ ਹੈ। ਅਰਕ ਦਾ ਅਰਥ ਹੈ, ਸੂਰਜ। ਇਉਂ ਇਸ ਦਾ ਅਰਥ ਕੋਣੇ ਦਾ ਸੂਰਜ ਬਣਦਾ ਹੈ। ਮੋਹਨਜੀਤ ਦੀ ਕਵਿਤਾ ਦਾ ਇਹ ਕੋਣੇ ਥਾਣੀਂ ਉਗਿਆ ਸੂਰਜ ਉਨ੍ਹਾਂ ਸਥਿਤੀਆਂ, ਸ਼ਿਲਪਕਾਰਾਂ, ਮਿਹਨਤਕਸ਼ਾਂ, ਮਜਬੂਰ ਲੋਕਾਂ ਨੂੰ ਆਪਣੀ ਰੋਸ਼ਨੀ ਨਾਲ ਵਰਤਮਾਨ ਦੇ ਚਿਤਰਪਟ 'ਤੇ ਚਮਕਾਉਂਦਾ ਹੈ, ਜਿਨ੍ਹਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਸੀ। ਮੱਧਕਾਲ ਦੀ ਇਸ ਵਾਰਤਾ ਨੂੰ ਜੇ ਵਰਤਮਾਨ ਸਥਿਤੀ 'ਚ ਰੱਖ ਕੇ ਦੇਖੀਏ ਤਾਂ ਇਸ ਦੇ ਅਰਥ ਹੋਰ ਵੀ ਗਹਿਰੇ ਤੇ ਗੂੜ੍ਹੇ ਹੋ ਕੇ ਦ੍ਰਿਸ਼ਟਮਾਨ ਹੁੰਦੇ ਹਨ।

## ਮੋਹਨਜੀਤ ਦੀਆਂ ਕੁਝ ਕਵਿਤਾਵਾਂ

### ਨਦੀਏ ਨੀ ਤੇਰਾ ਨੀਰ ਡੋਲਦਾ

ਨਦੀਏ ਨੀ ਤੇਰਾ ਨੀਰ ਡੋਲਦਾ
ਅੱਖੀਏ ਨੇ ਤਾਰ ਪਾਣੀ
ਰੂਹੇ ਨੀ ਤੇਰੀ ਵੇਦਨ ਜਾਗੇ
ਮਨ ਦੀਆਂ ਵਿਰਲਾਂ ਥਾਣੀਂ।

ਭਰਿਆ ਬੱਦਲ ਆ ਕੇ ਤੁਰ ਗਿਆ
ਸਾਉਣ ਦਾ ਝੌਲਾ ਪਾ ਕੇ
ਪੌਣੇ ਨੀ ਕੁਝ ਨਮੀ ਲਿਆ ਦੇ
ਸਾਗਰ ਨੂੰ ਪ੍ਰਣਾ ਕੇ
ਜਾਂ ਮੇਰੀ ਅੱਖ ਦਾ ਅੱਥਰੂ ਲੈ ਜਾ
ਉਮਰ ਦਾ ਰੁਕਿਆ ਪਾਣੀ
ਨਦੀਏ ਨੀ ਤੇਰਾ ਨੀਰ ਡੋਲਦਾ।

ਦਿਲ ਨੇ ਕਿੰਨੇ ਭਰਮ ਭੁਲਾਵੇ
ਲੱਖ ਚਲਿੱਤਰ ਕੀਤੇ
ਫਿਰ ਵੀ ਕਾਮਨ ਸਬਰ ਨਾ ਆਇਆ
ਅੱਗ ਦੇ ਖੱਪਰ ਪੀਤੇ
ਕੁਝ ਸਾਹਾਂ ਦੀ ਲਾਜ ਬਚੀ ਹੈ
ਜੇ ਨਿਭ ਸਕੀ ਨਿਮਾਣੀ
ਨਦੀਏ ਨੀ ਤੇਰਾ ਨੀਰ ਡੋਲਦਾ।

ਅਨਕ ਤਰ੍ਹਾਂ ਦੇ ਰੰਗਾਂ ਵਾਲੇ
ਮਨ ਨੇ ਨਕਸ਼ ਚਿਤਾਰੇ
ਕੁਝ ਰਾਤਾਂ ਨੂੰ ਚੰਨ ਮਿਲ ਗਏ
ਕੁਝ ਦੁਪਹਿਰਾਂ ਤਾਰੇ
ਕਿਸੇ ਨਾ ਧਰਤੀ ਕਾਗਦੁ ਲਿਖਿਆ
ਅੰਤਰ ਪੀੜ ਪਛਾਣੀ
ਨਦੀਏ ਨੀ ਤੇਰਾ ਨੀਰ ਡੋਲਦਾ।

ਭਰ ਉਮਰਾ ਦਾ ਬਿਰਹਾ ਦਿੱਤਾ
ਸਣ ਬਿਰਹਾ ਦਾ ਚੇਤਾ
ਸਗਲੇ ਪਹਿਰੇ ਜਗੇ ਉਣੀਂਦੇ
ਕੈਸਾ ਨਿਹੁੰ ਦਾ ਲੇਖਾ
ਅੰਤਮ ਪਹਿਰੇ ਸਿਮਰਤੀਆਂ ਦਾ
ਹਵਾ ਪਿਆਜ਼ੀ ਪਾਣੀ
ਨਦੀਏ ਨੀ ਤੇਰਾ ਨੀਰ ਡੋਲਦਾ।

ਪਿੱਛੋਂ ਰੂਹ ਦੇ ਰਿਸ਼ਤੇ, ਪਹਿਲਾਂ
ਜਿਸਮ 'ਤੇ ਮੁੱਕੀਆਂ ਗੱਲਾਂ
ਕੁਝ ਇੱਛਾਵਾਂ ਥਲ ਵਿਚ ਸੜੀਆਂ
ਕੁਝ ਰੁੜ੍ਹੀਆਂ ਵਿਚ ਛੱਲਾਂ
ਜੰਡ ਹੇਠਾਂ ਜਾਂ ਜੰਗਲ ਬੇਲੇ
ਚਾਹਤ ਕਰੇ ਕਹਾਣੀ
ਨਦੀਏ ਨੀ ਤੇਰਾ ਨੀਰ ਡੋਲਦਾ।

ਪਹਿਲੇ ਪਹਿਰੇ ਬਿਰਤੀ ਜਾਗੇ
ਦੂਜੇ ਪਹਿਰੇ ਸੁਰਤੀ
ਤੀਜੇ ਪਹਿਰੇ ਚਿੰਤਨ ਜਾਗੇ
ਦੋਹਾਂ ਦੀ ਪ੍ਰਤੀਤੀ
ਚੌਥੇ ਪਹਿਰੇ ਸਿਰਜਣ ਜਾਗੇ
ਧੁਰ ਅੰਦਰ ਦੀ ਵਾਣੀ
ਨਦੀਏ ਨੀ ਤੇਰਾ ਨੀਰ ਡੋਲਦਾ।

### ਚੰਦਰੀ ਇਹ ਸ਼ਾਮ ਨਾ ਢਲੇ

ਜਿਉਂ ਜਿਉਂ ਦਿਨ ਇਹ ਢਲੇ
ਮੇਰਿਆ ਮਹਿਰਮਾ...
ਤਿਉਂ ਤਿਉਂ ਤਨ ਇਹ ਤਪੇ
ਤਪੇ ਵੇ ਮੇਰੇ ਮਹਿਰਮਾ।

ਦੀਵਾ ਇਕ ਬਾਲ ਕੇ
ਬਨੇਰੇ ਉਤੇ ਰੱਖਦੀ ਆਂ
ਇਕ ਧੁਰ ਅੰਦਰ ਬਲੇ
ਬਲੇ ਵੇ ਮੇਰਿਆ ਮਹਿਰਮਾ।

ਸੁਬਹ ਲੰਘ ਜਾਂਦੀ ਆ
ਦੁਪਹਿਰ ਢਲ ਜਾਂਦੀ ਆ
ਚੰਦਰੀ ਇਹ ਸ਼ਾਮ ਨਾ ਢਲੇ
ਢਲੇ ਵੇ ਮੇਰੇ ਮਹਿਰਮਾ।

ਇਕ ਦੇਹੀ ਕੱਚ ਦੀ
ਤੇ ਦੂਜੀ ਦੇਹੀ ਸੱਚ ਦੀ
ਵਾਰ ਵਾਰ ਰੂਹ ਨੂੰ ਛਲੇ
ਛਲੇ ਵੇ ਮੇਰੇ ਮਹਿਰਮਾ।

ਜਸ ਸਾਰਾ ਛੱਡਿਆ
ਕੁਜਸ ਕੋਲ ਰੱਖਿਆ
ਫੇਰ ਵੀ ਇਹ ਰੀਝ ਨਾ ਫਲੇ
ਫਲੇ ਵੇ ਮੇਰੇ ਮਹਿਰਮਾ।

ਏਸ ਪਾਸੇ ਜ਼ਿੰਦਗੀ
ਤੇ ਓਸ ਪਾਸੇ ਬੰਦਗੀ
ਵਿਚ ਨਦੀ ਅੱਗ ਦੀ ਵਗੇ
ਵਗੇ ਵੇ ਮੇਰੇ ਮਹਿਰਮਾ।

# ਕਰਤਾਰਪੁਰ ਸਾਹਿਬ ਲਾਂਘੇ ਦੇ ਆਰ-ਪਾਰ

## ਆਵਾਜ਼ ਤੇ ਪਰਵਾਜ਼

ਨਵੰਬਰ ਦਾ ਮਹੀਨਾ ਭਾਰਤ ਵਿਚ ਪਵਿੱਤਰ ਤਿਉਹਾਰਾਂ ਦਾ ਮਹੀਨਾ ਹੈ। ਇਸੇ ਮਹੀਨੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਹੋਣ ਕਰ ਕੇ ਨਵੰਬਰ ਮਹੀਨਾ ਪੰਜਾਬੀਆਂ ਲਈ ਹੋਰ ਵੀ ਅਹਿਮ ਹੈ, ਜਦੋਂ ਇਹ ਉਤਸਵ ਦੇਸ-ਪਰਦੇਸ ਵਿਚ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਨਗਰ ਕੀਰਤਨ ਕਢੇ ਜਾਂਦੇ ਹਨ, ਵਧਾਈਆਂ, ਸ਼ੁਭ ਇੱਛਾਵਾਂ ਅਤੇ ਸਰਬੱਤ ਦੇ ਭਲੇ ਲਈ ਅਰਦਾਸਾਂ ਕੀਤੀਆਂ ਜਾਂਦੀਆਂ ਹਨ। ਕੈਲੀਫੋਰਨੀਆ ਵਸਦੇ ਸਿੱਖਾਂ ਦੀਆਂ ਭਾਵਨਾਵਾਂ ਤੇ ਯੋਗਦਾਨ ਦਾ ਮਾਣ ਰਖਦਿਆਂ ਕੈਲੀਫੋਰਨੀਆ ਸਰਕਾਰ ਵਲੋਂ ਵੀ ਪਿਛਲੇ 8 ਸਾਲ ਤੋਂ ਨਵੰਬਰ ਮਹੀਨਾ ਸਿੱਖ ਚੇਤਨਾ ਮਹੀਨੇ ਵਜੋਂ ਵੇਖਿਆ ਜਾਂਦਾ ਹੈ। ਸਿੱਖ ਜਥੇਬੰਦੀਆਂ ਜਨਤਕ ਅਧਿਕਾਰੀਆਂ, ਵਿਦਿਆਕ ਅਦਾਰਿਆਂ, ਸੁਰੱਖਿਆ ਕਰਮਚਾਰੀਆਂ, ਮਲਟੀਫੇਥ ਸੁਸਾਇਟੀ ਅਤੇ ਇੰਟਰਫੇਥ ਅਲਾਇੰਸ ਆਦਿ ਸਥਾਨਕ ਭਾਈਚਾਰੇ ਨਾਲ



**ਪਸ਼ੌਰਾ ਸਿੰਘ ਢਿੱਲੋਂ**
ਫੋਨ: 559-708-4399

ਮਿਲ ਕੇ ਸਾਂਝੇ ਚੇਤਨਾ ਸਮਾਗਮ ਕਰਦੀਆਂ ਹਨ। ਇਸ ਵੇਰ ਦੋ ਹੋਰ ਚਮਤਕਾਰ ਨਵੰਬਰ ਮਹੀਨੇ ਵਿਚ ਸ਼ਾਮਿਲ ਹੋ ਗਏ ਹਨ ਅਤੇ ਨਵਾਂ ਇਤਿਹਾਸ ਸਿਰਜਿਆ ਜਾ ਰਿਹਾ ਹੈ। ਉਨ੍ਹਾਂ ਵਿਚ ਸਭ ਤੋਂ ਪਹਿਲਾ ਕਰਤਾਰਪੁਰ ਲਾਂਘੇ ਦਾ ਖੁਲ੍ਹਣਾ ਚਮਤਕਾਰ ਹੀ ਤਾਂ ਹੈ। ਉਸ ਬਰ੍ਹੇ-ਸਗ਼ੀਰ ਵਿਚ ਜਿਥੇ ਦੋ ਦੇਸ਼ ਵਰ੍ਹਿਆਂ ਤੋਂ ਪ੍ਰਮਾਣੂ ਹਥਿਆਰਾਂ ਦੇ ਬਟਨਾਂ 'ਤੇ ਉਂਗਲਾਂ ਰੱਖੀ ਰਖਣ ਲਈ ਬਜ਼ਿਦ ਬੈਠੇ ਸਨ, ਅਚਾਨਕ ਹੱਥ ਫੜ ਕੇ ਉਸ ਬਾਬੇ ਦੇ ਦਰ ਵਲ ਤੁਰ ਪਏ ਹਨ, ਜੋ ਉਨ੍ਹਾਂ ਵਿਚੋਂ ਹੀ ਇਕ ਦਾ ਗੁਰੂ ਅਤੇ ਦੂਜੇ ਦਾ ਪੀਰ ਹੈ। ਕਹਿੰਦੇ ਨੇ, ਬਾਬੇ ਦੇ ਘਰ ਦੇਰ ਹੈ, ਅੰਧੇਰ ਨਹੀਂ!

ਦੂਜਾ ਚਮਤਕਾਰ ਸੱਤ ਸਮੁੰਦਰ ਪਾਰ ਕੈਲੀਫੋਰਨੀਆ ਵਿਚ ਉਦੋਂ ਵਾਪਰਿਆ, ਜਦੋਂ ਸਰਕਾਰੀ ਸਕੂਲਾਂ ਦੀਆਂ ਨਵੀਆਂ ਛਪੀਆਂ ਪਾਠ-ਪੁਸਤਕਾਂ ਵਿਚ ਪਹਿਲੀ ਵੇਰ ਸਿੱਖੀ ਬਾਰੇ ਜਾਣਕਾਰੀ ਦੀ ਸ਼ਮੂਲੀਅਤ ਨਾਲ ਨਵਾਂ ਇਤਿਹਾਸ ਸਿਰਜਿਆ ਗਿਆ। ਨਤੀਜੇ ਵਜੋਂ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਵਲੋਂ ਇਲਾਕੇ ਦੀਆਂ ਸੰਗਤਾਂ ਨਾਲ ਮਿਲ ਕੇ ਗੁਰਦੁਆਰਾ ਕਰੱਦਰਜ਼ ਵਿਖੇ ਐਤਵਾਰ, 2 ਦਸੰਬਰ 2018 ਨੂੰ 549ਵਾਂ ਗੁਰੂ ਨਾਨਕ ਪ੍ਰਕਾਸ਼ ਦਿਹਾੜਾ ਅਤੇ ਚੇਤਨਾ ਸਮਾਗਮ ਇੱਕਠੇ ਮਨਾਏ ਗਏ।

ਬਾਬੇ ਦਾ ਸ਼ੁਕਰਾਨਾ ਕਰਦਿਆਂ ਰਵਾਇਤਨ ਸਜਾਏ ਗਏ ਕੀਰਤਨ ਅਤੇ ਕਥਾ ਦਰਬਾਰ ਉਪਰੰਤ ਇਹ ਖੁਸ਼ਖਬਰੀ ਸਾਂਝੀ ਕਰਨ ਲਈ ਇਸ ਵੇਰ ਫਰਿਜ਼ਨੋ ਕਾਉਂਟੀ ਸਕੂਲਾਂ ਦੇ ਇੰਚਾਰਜ ਸੁਪਰਿਨਟੈਂਡੈਂਟ ਮੁੱਖ ਬੁਲਾਰੇ ਵਜੋਂ ਹਾਜ਼ਰ ਹੋਏ। ਇਸ ਬਹੁ-ਸਭਿਆਚਾਰੀ ਸਮਾਜ ਵਾਲੇ ਬਹੁ-ਰੰਗੀ ਗੁਲਦਸਤੇ ਵਿਚ ਸਿੱਖੀ ਦੇ ਪਹਿਲੀ ਵੇਰ ਸ਼ਾਮਿਲ ਹੋਣ ਦੀ ਸੁਲੱਖਣੀ ਘੜੀ ਬਾਰੇ ਕੁਝ ਹੋਰ ਲਿਖਣ ਤੋਂ ਪਹਿਲਾਂ ਇਸ ਦੇ ਪਿਛੋਕੜ ਬਾਰੇ ਸੰਖੇਪ ਜਾਣਕਾਰੀ ਦੇਣਾ ਉਚਿਤ ਹੋਵੇਗਾ।

ਕਹਿੰਦੇ ਨੇ, ਅਤੀਤ ਸਮਾਜ ਦੀਆਂ ਜੜ੍ਹਾਂ ਅਤੇ ਭਵਿਖ ਪੈਣ ਵਾਲੇ ਫੁੱਲ ਹੁੰਦਾ ਹੈ। ਸੱਤ ਸਮੁੰਦਰ ਪਾਰ ਇਸ ਨਵੇਂ ਦੇਸ਼ ਵਿਚ ਸਾਡੇ ਭਵਿੱਖ ਵਿਚ ਪੈਣ ਵਾਲੇ ਫੁੱਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਹਨ। ਇਸ ਸੰਦਰਭ ਵਿਚ ਇਥੇ ਅਤੀਤ ਅਤੇ ਭਵਿੱਖ-ਦੋਹਾਂ ਦੀ ਸਲਾਮਤੀ ਲਈ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਮਾਂ' ਦੇ ਅਰਥ ਸਮਝਣੇ ਜ਼ਰੂਰੀ ਹਨ। ਉਸ ਛੋਟੀ ਜਿਹੀ ਨਜ਼ਮ ਦੀਆਂ ਆਖਰੀ ਦੋ ਸਤਰਾਂ ਹਨ:

ਬਾਕੀ ਕੁਲ ਦੁਨੀਆਂ ਦੇ ਬੂਟੇ
ਜੜ੍ਹ ਸੁੱਕਿਆਂ ਮੁਰਝਾਉਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ
ਇਹ ਬੂਟਾ ਸੁੱਕ ਜਾਏ!

ਦੂਜੇ ਸ਼ਬਦਾਂ ਵਿਚ ਇਸ ਨਵੇਂ ਦੇਸ਼ ਵਿਚ ਸਾਡੀ ਜੜ੍ਹ ਅਤੇ ਫੁੱਲ-ਦੋਹਾਂ ਦੀ ਸਲਾਮਤੀ ਆਪਸੀ ਸੱਭਿਆਚਾਰਕ ਰਸ-ਰਸਾਈ 'ਤੇ ਨਿਰਭਰ ਹੈ। ਖੁਸ਼ੀ ਦੀ ਗੱਲ ਇਹ ਹੈ ਕਿ ਅਮਰੀਕਾ, ਕੈਨੇਡਾ ਵਰਗੇ ਦੇਸ਼ਾਂ ਦੇ ਮੋਕਲੇ ਸੱਭਿਆਚਾਰ ਵਿਚ ਇਹ ਸੰਭਵ ਹੈ, ਪਰ ਸੌਖਾ ਨਹੀਂ। ਸੰਭਵ ਇਸ ਲਈ ਕਿ ਇਨ੍ਹਾਂ ਵਿਚਕਾਰ ਕੋਈ ਸਿਧਾਂਤਕ ਵਿਰੋਧ ਨਹੀਂ ਹੈ, ਭਾਵ ਅਮਰੀਕਨ ਨਵੀਂ ਕੌਮ ਦਾ ਲਾਈਫ, ਲਿਬਰਟੀ, ਪਰਸੂਟ ਆਫ ਹੈਪੀਨੈਸ, ਜਸਟਿਸ ਫਾਰ ਆਲ ਅਤੇ ਆਲ ਮੈਨ ਆਰ ਕਰੀਏਟਿਡ ਇਕੁਅਲ ਅੰਡਰ ਗੌਡ ਵਾਲਾ ਜੋ ਸੰਕਲਪ ਹੈ; ਚੜ੍ਹਦੀ ਕਲਾ, ਸਰਬੱਤ ਦਾ ਭਲਾ ਮੰਗਦੀ ਸਾਡੀ ਪੰਜਾਬੀਆਂ ਦੀ ਆਧਾਰਸ਼ਿਲਾ ਵੀ ਉਹੀ ਹੈ। ਹੱਕ ਦੀ ਕਮਾਈ 'ਚੋਂ ਦਸਵੰਧ ਕੱਢਣ ਅਤੇ ਸਮਾਜ ਲਈ ਸੇਵਾ ਭਾਵ ਰੱਖਣ ਵਾਲੇ ਸਾਡੇ ਸਦਾਚਾਰਕ ਅਸੂਲ ਤਾਂ ਸਗੋਂ ਇਸ ਨੂੰ ਹੋਰ ਅਮੀਰ ਬਣਾਉਂਦੇ ਹਨ, ਜੋ ਕੇਵਲ ਪੰਜਾਬੀ ਅਮਰੀਕਨਾਂ ਲਈ ਹੀ ਨਹੀਂ, ਸਮੁੱਚੇ ਅਮਰੀਕੀ ਸਮਾਜ ਵਾਸਤੇ ਸਹਾਈ ਹਨ, ਪਰ ਇਸ ਸ਼ਕਤੀਸ਼ਾਲੀ ਸੱਭਿਆਚਾਰ ਅੰਦਰ ਵਿਚਰਦਿਆਂ ਆਪਣੀ ਬੋਲੀ, ਵਿਰਸੇ ਅਤੇ ਇਤਿਹਾਸ ਨਾਲ ਜੁੜੇ ਰਹਿਣਾ ਸੌਖਾ ਨਹੀਂ ਹੈ। ਉਸ ਤੋਂ ਵੀ ਜ਼ਰੂਰੀ ਹੈ, ਆਪਣੇ ਸੱਭਿਆਚਾਰ ਦੀ ਖੁਸ਼ਬੋ ਵਿਧੀਵਤ ਢੰਗ ਨਾਲ ਦੂਜਿਆਂ ਨਾਲ ਸਾਂਝਾ ਕਰਨ ਦੀ ਵਿਧਾ। ਇਕ ਦੂਜੇ ਪ੍ਰਤੀ ਗਲਤਫਹਿਮੀਆਂ, ਨਫਰਤ, ਭੇਦ ਭਾਵ ਅਤੇ ਵੈਰ-ਵਿਰੋਧ ਅਗਿਆਨ ਤੇ ਬੇਇਲਮੀ ਵਿਚੋਂ ਹੀ ਜਨਮ ਲੈਂਦੇ ਹਨ। ਇਸ ਵਿਚ ਮਾਂ-ਪਿਉ ਦੀ ਸੇਧ ਅਤੇ ਧਾਰਮਕ ਅਦਾਰਿਆਂ ਦੀ ਯੋਗ ਅਗਵਾਈ ਦਾ ਅਹਿਮ ਰੋਲ ਹੈ, ਜੋ ਭਾਈਚਾਰਿਆਂ ਦਾ ਮੁਢਲਾ ਫਰਜ਼ ਹੈ। ਪਰੰਤੂ ਇੰਨਾ ਹੀ ਕਾਫੀ ਨਹੀਂ ਹੈ। ਇਸ ਬਹੁ-ਸੱਭਿਆਚਾਰੀ ਪੜ੍ਹੇ-ਲਿਖੇ ਸਮਾਜ ਵਿਚ ਵਿਧੀਵਤ ਢੰਗ ਨਾਲ ਸਿੱਖਿਆ ਪ੍ਰਣਾਲੀ ਰਾਹੀਂ ਹੀ ਇਸ ਵਿਰਸੇ ਦੇ ਮੀਰੀ ਗੁਣਾਂ ਨੂੰ ਮੁੱਖ ਧਾਰਾ ਨਾਲ ਸਾਂਝਾ ਕਰਨਾ ਅਤੇ ਆਉਣ ਵਾਲੀਆਂ ਨਸਲਾਂ ਲਈ ਸਾਰਥਕ ਤੇ ਯਕੀਨੀ ਬਣਾਇਆ ਜਾ ਸਕਦਾ ਹੈ। ਇਹ ਕਾਰਜ ਸਰਕਾਰੀ ਸਕੂਲਾਂ ਦੀਆਂ ਪਾਠ ਪੁਸਤਕਾਂ ਵਿਚ ਪੜ੍ਹਾਏ ਜਾਣ ਅਤੇ ਕੌਮੀ ਇਤਿਹਾਸ ਵਿਚ ਯੋਗ ਥਾਂ ਹਾਸਿਲ ਹੋਣ ਨਾਲ ਹੀ ਸੰਭਵ ਹੋ ਸਕਦਾ ਹੈ।

ਗੱਲ ਨੂੰ ਸਪੱਸ਼ਟ ਕਰਨ ਲਈ ਇਤਿਹਾਸ ਵਿਚੋਂ ਹੀ ਇਕ ਮਿਸਾਲ ਲਈ ਜਾ ਸਕਦੀ ਹੈ:

15ਵੀਂ-16ਵੀਂ ਸਦੀ ਵਿਚ ਪ੍ਰੋਫੈਸਰ ਮਾਰਟਿਨ ਲੂਥਰ ਨੇ ਜਰਮਨੀ ਵਿਚ ਰੋਮਨ ਕੈਥੋਲਿਕ ਧਰਮ ਵਿਚ ਆਏ ਨਿਘਾਰ ਦਾ ਵਿਰੋਧ ਕੀਤਾ। ਉਨ੍ਹਾਂ ਪੋਪ ਵਲੋਂ ਰਾਜਸੀ ਤਾਕਤਾਂ ਦੀ ਮਿਲੀ-ਭੁਗਤ ਧਰਮ ਦੇ ਨਾਂ 'ਤੇ ਲੋਕਾਂ ਨਾਲ ਖਿਲਵਾੜ ਅਤੇ ਵੱਡੀ ਪਧਰ 'ਤੇ ਕੀਤੀ ਜਾ ਰਹੀ ਲੁੱਟ-ਘਸੁੱਟ ਦਾ ਪਰਦਾ ਫਾਸ਼ ਕੀਤਾ। ਰਿਫਾਰਮੇਸ਼ਨ (ਸੁਧਾਰ) ਨਾਂ ਦੀ ਲਹਿਰ ਚਲਾਈ ਤੇ ਪ੍ਰੋਟੈਸਟੈਂਟ ਚਰਚ ਦਾ ਮੁੱਢ ਬੰਨਿਆ। ਵਿਸ਼ਵ ਦੇ ਇਤਿਹਾਸ ਵਿਚ ਇਸ ਲਹਿਰ ਨੂੰ ਵਿਸ਼ੇਸ਼ ਮੁਕਾਮ ਦਿੱਤਾ ਗਿਆ, ਜੋ ਮਗਰੋਂ ਸਕੂਲਾਂ, ਕਾਲਜਾਂ ਦੀਆਂ ਪਾਠ ਪੁਸਤਕਾਂ ਵਿਚ ਵੀ ਪੜ੍ਹਾਇਆ ਜਾਣ ਲੱਗਾ। ਚੇਅਰਾਂ ਸਥਾਪਤ ਹੋਈਆਂ। ਸਿੱਟੇ ਵਜੋਂ ਮਾਰਟਿਨ ਲੂਥਰ, ਉਹਦੀਆਂ ਪ੍ਰਾਪਤੀਆਂ ਅਤੇ ਪ੍ਰੋਟੈਸਟੈਂਟ ਈਸਾਈ ਧਰਮ ਅਜ ਪੱਕੇ ਪੈਰੀਂ ਹੈ ਅਤੇ ਵਿਸ਼ਵ ਪੱਧਰ 'ਤੇ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ।

ਦੂਜੇ ਪਾਸੇ ਦੱਖਣ-ਪੂਰਬੀ ਏਸ਼ੀਆ ਵਿਚ ਮਾਰਟਿਨ ਲੂਥਰ ਦੇ ਪੈਦਾ ਹੋਣ ਤੋਂ ਵੀ 14-15 ਸਾਲ ਪਹਿਲਾਂ 1469 ਵਿਚ ਪੰਜਾਬ 'ਚ ਜਨਮੇ ਗੁਰੂ ਨਾਨਕ ਨੇ ਇਕ ਨਹੀਂ, ਦੋ ਸਥਾਪਤ ਧਰਮਾਂ ਵਿਚਲੀਆਂ ਕਮਜ਼ੋਰੀਆਂ, ਵਧੀਕੀਆਂ, ਧਾਂਦਲੀਆਂ, ਅੰਧਵਿਸ਼ਵਾਸਾਂ, ਜਾਤ-ਪਾਤ ਅਤੇ ਆਪਸੀ ਟਕਰਾਓ ਕਾਰਨ ਆਏ ਨਿਘਾਰ ਨੂੰ ਚੁਣੌਤੀ ਦਿਤੀ। ਮਾਰਟਨ ਲੂਥਰ ਤਾਂ ਉਦੋਂ ਅਜੇ ਟੀਨਏਜਰ ਹੀ ਸੀ, ਜਦੋਂ ਗੁਰੂ ਨਾਨਕ ਨੇ ਸੁਲਤਾਨਪੁਰ ਲੋਧੀ ਤੋਂ ਉਸ ਨਿਘਰ ਗਈ ਦੁਨੀਆਂ ਨੂੰ ਸੋਧਣ ਲਈ ਪਹਿਲੀ ਉਦਾਸੀ ਵੀ ਅਰੰਭ ਦਿਤੀ ਸੀ।

ਮਾਰਟਿਨ ਲੂਥਰ ਦੀ ਰਿਫਾਰਮੇਸ਼ਨ ਮੂਵਮੈਂਟ (ਸੁਧਾਰ ਲਹਿਰ) ਯੂਰਪ ਵਿਚ ਰੈਨੇਸਾਂਸ ਅਰਥਾਤ 'ਪੁਨਰਜਾਤ' ਦੇ ਤੁਰੰਤ ਬਾਅਦ ਉਦੋਂ ਆਈ ਸੀ, ਜਦੋਂ ਮਧ ਕਾਲ ਵਿਚੋਂ ਨਿਕਲ ਕੇ ਯੂਰਪ ਉਂਜ ਵੀ ਜਾਗ ਚੁਕਾ ਸੀ, ਪ੍ਰੰਤੂ ਭਾਰਤ ਤਾਂ ਉਸ ਵੇਲੇ ਡੂੰਘੇ ਸੰਕਟ ਵਿਚੋਂ ਲੰਘ ਰਿਹਾ ਸੀ। ਉਸ ਸਮੇਂ ਦੀ ਹਰ ਪੱਖੋਂ ਅਤਿ ਨਿਘਰੀ ਤਸਵੀਰ ਅਤੇ ਆ ਰਹੀ ਜਾਗ੍ਰਿਤੀ ਦੇ ਮਸੀਹਾ ਗੁਰੂ ਨਾਨਕ ਬਾਰੇ ਸਭ ਤੋਂ ਉਤਮ ਵਿਚਾਰ ਕਿਸੇ ਹੋਰ ਵਲੋਂ ਨਹੀਂ, ਇਕ ਸੰਸਾਰ ਪ੍ਰਸਿਧ ਸ਼ਾਇਰ, ਫਿਲਾਸਫਰ ਤੇ ਪੰਜ ਨਮਾਜ਼ਾਂ ਪੜ੍ਹਨ ਵਾਲੇ ਮੁਸਲਮਾਨ ਅਲਾਮਾ ਇਕਬਾਲ ਵਲੋਂ 'ਬਾਂਗੇ ਦੱਰਾ' ਕਿਤਾਬ ਵਿਚ 'ਨਾਨਕ' ਨਜ਼ਮ ਹੇਠ ਅੰਕਿਤ ਹਨ।

ਭਾਰਤੀ ਕੌਮ ਨੂੰ ਜਦੋਂ ਮਹਾਤਮਾ ਬੁਧ ਦੇ ਪੈਗਾਮਾਂ ਦੀ ਸਮਝ ਨਾ ਆਈ ਤੇ ਉਹ ਬੰਜਰ ਜਮੀਨ 'ਤੇ ਹੋਈ ਬਾਰਿਸ਼ ਵਾਂਗ ਵਰ੍ਹ ਕੇ ਨਿਕਲ ਗਏ, ਤਾਂ ਅਲਾਮਾ ਇਕਬਾਲ ਲਿਖਦੇ ਹਨ:

ਆਸ਼ਕਾਰ ਉਸ ਨੇ ਕੀਆ
ਜੋ ਜ਼ਿੰਦਗੀ ਕਾ ਰਾਜ਼ ਥਾ।
ਹਿੰਦ ਕੋ ਲੇਕਿਨ ਖਿਆਲੀ
ਫਲਸਫੇ ਪਰ ਨਾਜ਼ ਥਾ।
ਸ਼ੱਮੇ ਹੱਕ ਸੇ ਜੋ ਮਨੱਵਰ ਹੋ
ਯਿਹ ਵੋਹ ਮਹਿਫਲ ਨਾ ਥੀ।
ਬਾਰਿਸ਼ੇ ਰਹਿਮਤ ਹੂਈ
ਲੇਕਿਮ ਜ਼ਮੀਂ ਕਾਬਿਲ ਨਾ ਥੀ।
ਆਹ! ਸ਼ੂਦਰ ਕੇ ਲੀਏ
ਹਿੰਦੁਸਤਾਂ ਗ਼ਮਖਾਨਾ ਹੈ।
ਦਰਦ-ਏ-ਇਨਸਾਨੀ ਸੇ ਇਸ ਬਸਤੀ ਕਾ
ਦਿਲ ਬੇਗਾਨਾ ਹੈ।
ਬਰਾਹਮਨ ਸਰਸ਼ਾਰ ਹੈ
ਅਬ ਤੱਕ ਮੈਅ ਪੰਦਾਰ ਮੇਂ।
ਸ਼ਮ੍ਹਾਂ ਗੌਤਮ ਜਲ ਰਹੀ ਹੈ
ਮਹਿਫਲੇ ਅਗਿਆਰ ਮੇਂ।

ਗੁਰੂ ਨਾਨਕ ਦੇ ਆਉਣ 'ਤੇ ਫਿਰ ਕੀ ਹੋਇਆ:

ਬੁੱਤ ਕਦਾ ਫਿਰ ਬਾਅਦ ਮੁੱਦਤ ਕੇ
ਮਗਰ ਰੌਸ਼ਨ ਹੂਆ।
ਨੂਰ-ਏ-ਇਬਰਾਹੀਮ ਸੇ
ਆਜ਼ਰ ਕਾ ਘਰ ਰੌਸ਼ਨ ਹੂਆ।
ਫਿਰ ਉਠੀ ਆਖਿਰ ਸਦਾ
ਤੌਹੀਦ ਕੀ ਪੰਜਾਬ ਸੇ,
ਹਿੰਦ ਕੋ ਇਕ ਮਰਦ-ਏ-ਕਾਮਿਲ ਨੇ
ਜਗਾਇਆ ਖਾਬ ਸੇ।

ਉਸੇ ਜਾਗ੍ਰਿਤੀ ਵਿਚੋਂ ਹੀ ਸਿੱਖ ਧਰਮ ਦਾ ਜਨਮ ਹੋਇਆ, ਜੋ ਅਜ ਵਿਸ਼ਵ ਦਾ ਪੰਜਵਾਂ ਵੱਡਾ ਧਰਮ ਹੈ, ਜਿਸ ਦੇ 1.2 ਕਰੋੜ ਨਾਨਕ ਨਾਮ ਲੇਵਾ ਵਿਸ਼ਵ ਵਿਚ ਫੈਲੇ ਹੋਏ ਹਨ, ਪ੍ਰੰਤੂ ਬਾਬਾ ਨਾਨਕ ਤੇ ਉਨ੍ਹਾਂ ਦੀ ਸਿੱਖੀ ਵਿਸ਼ਵ ਪੱਧਰ 'ਤੇ ਮੁਕਾਬਲਤਨ ਅਣਜਾਣੇ ਅਤੇ ਅਣਗੌਲੇ ਹੀ ਰਹੇ ਹਨ। ਜਿਥੇ ਮਾਰਟਿਨ ਲੂਥਰ ਨੂੰ ਤੇ ਉਹਦੇ ਵਲੋਂ ਚਲਾਏ ਪੰਥ ਨੂੰ ਤਾਂ ਬੱਚਾ ਬੱਚਾ ਜਾਣਦਾ ਹੈ, ਜੋ ਹੋਣਾ ਵੀ ਚਾਹੀਦਾ ਹੈ, ਪਰ ਬਾਬੇ ਨਾਨਕ ਦੀ ਸਿੱਖੀ ਅਤੇ ਸਿੱਖਿਆ ਨੂੰ ਸੰਸਾਰ ਵਿਚ ਤਾਂ ਕੀ, ਅਮਰੀਕਾ ਵਿਚ ਸਿੱਖਾਂ ਦੇ 100 ਸਾਲ ਤੋਂ ਵੀ ਵਧ ਸਮਾਂ ਰਹਿਣ ਦੇ ਬਾਵਜੂਦ ਸਾਥੀ ਅਮਰੀਕਨਾਂ ਨੂੰ ਇਸ ਬਾਰੇ ਜਾਣਕਾਰੀ ਨਾਂਹ ਦੇ ਬਰਾਬਰ ਹੈ।

ਵਿਡੰਬਨਾ ਤਾਂ ਇਹ ਵੀ ਹੈ ਕਿ ਸਿੱਖ ਆਪ ਹੀ ਆਪਣੇ ਵਿਰਸੇ ਅਤੇ ਇਤਿਹਾਸ ਤੋਂ ਪੂਰੀ ਤਰ੍ਹਾਂ ਵਾਕਿਫ ਨਹੀਂ ਹਨ। ਇਸ ਤੋਂ ਵਡੀ ਤ੍ਰਾਸਦੀ ਭਲਾ ਹੋਰ ਕੀ ਹੋ ਸਕਦੀ ਹੈ ਕਿ ਪੰਜਾਬ ਵਿਚ ਪੰਜਾਬੀਆਂ ਨੂੰ ਹੀ ਆਪਣੇ ਸਰਬ ਸਾਂਝੇ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਅਤੇ ਇਤਿਹਾਸ ਦਾ ਇਲਮ ਨਾ ਹੋਵੇ! ਕਿਸੇ ਘੋਰ ਅਗਿਆਨ ਅਤੇ ਬੇਇਲਮੀ ਵੱਸ ਸਾਡਾ ਆਪਣਾ ਹੀ ਇਕ ਵਰਗ ਇਹਦੀ ਬੇਅਦਬੀ ਕਰੇ ਤੇ ਕਿਸੇ ਹੋਰ ਸਵਾਰਥ ਹਿੱਤ ਸਾਡੇ ਆਪਣੇ ਧਾਰਮਕ ਤੇ ਰਾਜਨੀਤਿਕ ਆਗੂ ਹੀ ਉਹਦੀ ਅਣਦੇਖੀ ਕਰਦਿਆਂ ਉਸ 'ਤੇ ਰਾਜਨੀਤੀ ਕਰਨ!

ਪੰਜਾਬ ਦੇ ਸਕੂਲਾਂ ਵਿਚ ਪੜ੍ਹਾਏ ਜਾਂਦੇ ਇਤਿਹਾਸ ਵਲ ਨਜ਼ਰ ਮਾਰੀਏ ਤਾਂ ਸਰਕਾਰੀ ਸਕੂਲਾਂ ਵਿਚ ਅਜ ਵੀ ਠੀਕ ਪਾਠ ਪੁਸਤਕਾਂ ਉਪਲਬਧ ਨਾ ਹੋਣ ਦੇ ਚਰਚੇ ਹਨ। ਆਜ਼ਾਦੀ ਦੇ 70 ਸਾਲਾਂ ਬਾਅਦ ਤੇ ਪੰਜਾਬ ਵਿਚ ਪੰਥਕ ਸਰਕਾਰਾਂ ਦੇ ਰਾਜਕਾਲ ਦੇ ਬਾਵਜੂਦ ਇਸ ਸਾਲ 2018 ਵਿਚ ਇਤਿਹਾਸ ਦੀ ਨਵੀਂ ਛਪੀ ਕਿਤਾਬ ਵਿਵਾਦ ਦਾ ਵਿਸ਼ਾ ਹੋਣ ਕਰਕੇ ਵਾਪਿਸ ਲੈਣੀ ਪਈ।

ਦੇਰੀ ਨਾਲ ਆਈ ਸੋਝੀ ਸਮਝੋ ਜਾਂ ਰਾਜਨੀਤਕ ਮਜਬੂਰੀਆਂ, ਕਮਾਲ ਦੀ ਗੱਲ ਇਹ ਹੈ ਕਿ ਅਗਲੇ ਸਾਲ ਆਉਣ ਵਾਲੇ 550ਵੇਂ ਪ੍ਰਕਾਸ਼ ਦਿਵਸ ਦੀ ਤਿਆਰੀ ਵਿਚ ਹੁਣ ਸਿੱਖ ਜਥੇਬੰਦੀਆਂ ਦੇ ਨਾਲ ਦੇਸ਼ ਦੀਆਂ ਸਰਕਾਰਾਂ ਵੀ ਇਸ ਪ੍ਰਤੀ ਗੰਭੀਰਤਾ ਦਿਖਾ ਰਹੀਆਂ ਹਨ। ਹੋਰ ਰਚਨਾਤਮਕ ਉਪਰਾਲਿਆਂ ਤੋਂ ਇਲਾਵਾ ਚਰਚਿਤ ਕਰਤਾਰਪੁਰ ਦੇ ਲਾਂਘੇ ਦੀ ਪਹਿਲ ਪਾਕਿਸਤਾਨ ਵਲੋਂ ਕੀਤੇ ਜਾਣ 'ਤੇ ਭਾਰਤ ਸਰਕਾਰ ਵੀ ਹੁਣ ਅੱਗੇ ਵਧਣ ਲੱਗੀ ਹੈ। ਇਹ 3 ਮੀਲ ਦੀ ਪੁਲਾਂਘ ਦੋ ਦੇਸ਼ਾਂ ਵਿਚਾਲੇ ਛੋਟਾ ਜਿਹਾ ਲਾਂਘਾ ਸਹੀ, ਪਰ ਇਹ ਸੰਸਾਰ ਪੱਧਰ 'ਤੇ ਅਮਨ ਸ਼ਾਂਤੀ ਲਈ ਸ਼ਾਹ-ਰਾਹ ਸਾਬਿਤ ਹੋ ਸਕਦਾ ਹੈ।

ਦੱਰਾ ਖੈਬਰ, ਜੋ ਅਤੀਤ ਵਿਚ ਕਤਲੋਗਾਰਤ ਅਤੇ ਬਰਬਾਦੀ ਦਾ ਪ੍ਰਤੀਕ ਰਿਹਾ ਹੈ, ਅਮਨ ਅਤੇ ਖੁਸ਼ਹਾਲੀ ਲਈ ਸ਼ਾਹ-ਰਾਹ ਬਣ ਸਕਦਾ ਹੈ। ਏਕ ਪਿਤਾ ਏਕਸ ਕੇ ਹਮ ਬਾਰਿਕ; ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਵਾਲੀ ਪਾਠਸ਼ਾਲਾ ਕਰਤਾਰਪੁਰ ਸਾਹਿਬ ਵਿਚੋਂ ਲੰਘਣ ਵਾਲਾ ਇਹ ਲਾਂਘਾ ਉਸ ਪੀੜਤ ਬਰ੍ਹੇ-ਸਗ਼ੀਰ ਵਿਚ ਭਰਾਤਰੀ ਭਾਵ ਤੇ ਵਿਸ਼ਵ ਅਮਨ ਦਾ ਪ੍ਰਤੀਕ ਸਾਬਤ ਹੋ ਸਕਦਾ ਹੈ। ਦੋਹਾਂ ਸਰਕਾਰਾਂ ਅਤੇ ਉਨ੍ਹਾਂ ਦੇ ਖਿਡਾਰੀਆਂ, ਕਰਮਚਾਰੀਆਂ-ਸਭਨਾਂ ਵਲੋਂ ਇਹ ਸ਼ਲਾਘਾਯੋਗ ਕਦਮ ਹਨ। "ਬਾਬਾ ਨਾਨਕ ਸ਼ਾਹ ਫਕੀਰ: ਹਿੰਦੂ ਦਾ ਗੁਰੂ; ਮੁਸਲਮਾਨ ਦਾ ਪੀਰ" ਦੇ ਕਰੋੜਾਂ ਨਾਨਕ ਨਾਮ-ਲੇਵਾ ਨੂੰ ਤਾਂ ਇਸ ਬਾਰੇ ਕੋਈ ਸ਼ੰਕਾ ਨਹੀਂ ਹੈ। ਸਵਾਲ ਇਹ ਹੈ, ਕੀ ਸਰਕਾਰਾਂ ਵੀ ਇਸ ਲਾਂਘੇ ਤੋਂ ਅੱਗੇ ਲੰਘਣਗੀਆਂ? ਵਰਤਮਾਨ ਵਿਚ ਦੋਹਾਂ ਰੁੱਸੇ ਭਰਾਵਾਂ ਵਿਚਾਲੇ ਵਾਪਰ ਗਏ ਇਸ ਕੌਤਕ ਨੂੰ ਸਮਝਣਗੀਆਂ? ਬਾਹਰਲੇ ਮੁਲਕਾਂ ਤੋਂ ਸਬਕ ਸਿੱਖਦਿਆਂ ਇਸ ਲਾਂਘੇ ਦੇ ਆਰ-ਪਾਰ ਅਨੰਤ ਸੰਭਾਵਨਾਵਾਂ ਦੇਖਣ ਦੇ ਸਮਰੱਥ ਹੋ ਸਕਣਗੀਆਂ? ਸਮਾਂ ਹੀ ਦੱਸੇਗਾ।

ਉਂਜ ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਅਗਲੇ 550ਵੇਂ ਪ੍ਰਕਾਸ਼ ਉਤਸਵ 'ਤੇ ਗੁਰੂ ਸਾਹਿਬਾਨ ਦਾ ਸੁਨੇਹਾ, ਗੋਸ਼ਟੀਆਂ ਤੇ ਸੈਮੀਨਾਰਾਂ ਰਾਹੀਂ ਵਿਸ਼ਵ ਦੇ ਹਰ ਕੋਨੇ ਵਿਚ ਪਹੁੰਚਾਏ ਜਾਣ ਨੂੰ ਭਾਰਤ ਸਰਕਾਰ ਤੇ ਸਿੱਖਾਂ ਦਾ ਇਖਲਾਕੀ ਫਰਜ਼ ਆਖਿਆ ਹੈ। ਚੰਗਾ ਹੋਵੇ ਜੇ ਇਹ ਫਰਜ਼ ਬਾਬੇ ਦੇ ਉਸ ਲਾਂਘੇ ਤੋਂ ਹੀ ਸ਼ੁਰੂ ਕੀਤਾ ਜਾਏ, ਜੋ ਜੁੜਵੇਂ ਪਰ ਨਾਰਾਜ਼ ਭਰਾ, ਪਾਕਿਸਤਾਨ ਵਲੋਂ ਆਪਣੇ ਵਿਹੜੇ ਵਿਚ ਦੀ ਖੁਸ਼ੀ ਖੁਸ਼ੀ ਦਿਤਾ ਜਾ ਰਿਹਾ ਹੈ। ਵਿਸ਼ਵ ਦੇ ਭਵਿੱਖ ਨਾਲ ਜੋੜਦਿਆਂ ਸੁਸ਼ਮਾ ਸਵਰਾਜ ਦੇ ਸ਼ਬਦ ਹਨ, "ਅਜ ਜਦੋਂ ਵਿਸ਼ਵ ਪਧਰ 'ਤੇ 'ਮੇਰੀ ਮੇਰੀ' ਦੀ ਗੱਲ ਹੋ ਰਹੀ ਹੈ, ਪਰੋਟੈਕਸ਼ਨਿਜ਼ਮ ਨੂੰ ਪਾਲਿਸੀ ਵਜੋਂ ਅਪਨਾਇਆ ਜਾ ਰਿਹਾ ਹੈ, ਧਰਮ ਦੇ ਨਾਂ 'ਤੇ ਰਾਜਨੀਤੀ ਅਤੇ ਕਤਲੋਗਾਰਤ ਦਾ ਬੋਲ-ਬਾਲਾ ਹੈ, ਤਾਂ ਗੁਰੂ ਸਾਹਿਬਾਨ ਦੀ ਸਿੱਖਿਆ ਵਿਸ਼ਵ ਲਈ ਯਕੀਨਨ ਰਾਹ-ਦਸੇਰਾ ਬਣ ਸਕਦੀ ਹੈ।"

ਕੁਝ ਹੋਰ ਸੰਸਾਰ ਪ੍ਰਸਿਧ ਗੈਰ ਸਿੱਖ ਵਿਦਵਾਨ; ਜਿਵੇਂ ਮੈਕਾਲਿਫ, ਨੋਬਲ ਲਾਰੀਅਟ ਮਿਸ ਪਰਲ ਬੱਕ, ਆਰਨਲਡ ਟੌਇਨਬੀ, ਦਲਾਈ ਲਾਮਾ ਸਮੇਤ, ਜਿਨ੍ਹਾਂ ਨੇ ਬਾਬੇ ਨਾਨਕ ਦੀ ਸਿੱਖੀ ਦੇ ਮੀਰੀ ਗੁਣਾਂ ਨੂੰ ਘੋਖਿਆ, ਵਾਚਿਆ ਹੈ, ਉਨ੍ਹਾਂ ਨੇ ਇਸ ਨੂੰ ਵਿਸ਼ਵ ਦੇ ਧਰਮ ਦੀ ਸੰਭਾਵਨਾ ਵਜੋਂ ਵੇਖਿਆ ਹੈ। ਪਰ ਇਹ ਕਾਰਜ ਇਕ ਭਾਸ਼ਨ, ਦਿਹਾੜੇ, ਮਹੀਨੇ ਜਾਂ ਇਕ ਸਾਲ ਦੇ ਮਨਾਉਣ ਵਾਲਾ ਕਾਰਜ ਨਹੀਂ ਹੈ। ਇਸ ਦੇ ਪਰਸਪਰ ਪ੍ਰਚਾਰ ਅਤੇ ਪ੍ਰਸਾਰ ਲਈ ਵਿਸ਼ਵ ਦੇ ਇਤਿਹਾਸ ਵਿਚ ਬਣਦੀ ਯੋਗ ਥਾਂ ਵੀ ਬਣਾਉਣੀ ਪਵੇਗੀ। ਇਸ ਬਾਰੇ ਸਕੂਲਾਂ ਦੀਆਂ ਪਾਠ ਪੁਸਤਕਾਂ ਵਿਚ ਪੜ੍ਹਾਇਆ ਜਾਣਾ ਸ਼ਾਮਿਲ ਕਰਨਾ ਸਮੇਂ ਦੀ ਮੁੱਖ ਲੋੜ ਹੈ। ਸਿੱਖ ਜਥੇਬੰਦੀਆਂ ਨੂੰ ਦੇਸ਼ ਦੀਆਂ ਸਰਕਾਰਾਂ ਨਾਲ ਮਿਲ ਕੇ ਇਧਰ ਵਧੇਰੇ ਧਿਆਨ ਦੇਣ ਦੀ ਲੋੜ ਹੈ।

ਅਮਰੀਕਾ ਵਲ ਮੁੜਦਿਆਂ ਯੂਨਿਟੀ ਇਨ ਡਾਇਵਰਸਿਟੀ (ਅਨੇਕਤਾ ਵਿਚ ਏਕਤਾ) ਵਾਲੇ ਬਹੁ-ਸੱਭਿਆਚਾਰੀ ਅਤੇ ਬਹੁਰੰਗੀ ਦੇਸ਼ ਦੇ ਸੰਕਲਪ ਦੀ ਖੂਬਸੂਰਤੀ ਉਸ ਬਾਗ ਦੀ ਨਿਆਈਂ ਹੈ, ਜਿਸ ਵਿਚ ਸਿਰਫ ਇਕ ਰੰਗ ਦੇ ਫੁੱਲ ਨਹੀਂ, ਰੰਗ-ਬਰੰਗੇ ਫੁੱਲਾਂ ਵਾਲੇ ਸੱਭਿਆਚਾਰ ਹਨ। ਘੱਟ ਗਿਣਤੀਆਂ ਦੇ ਇਤਿਹਾਸ ਦੀ ਜਾਣਕਾਰੀ ਅਤੇ ਉਹਦਾ ਸਕੂਲਾਂ ਦੀਆਂ ਪਾਠ-ਪੁਸਤਕਾਂ ਵਿਚ ਪੜ੍ਹਾਇਆ ਜਾਣਾ ਇਸ ਦੇਸ਼ ਦੇ ਵਿਧਾਨ ਦੀ ਸ਼ਰਤ ਹੈ। ਚੰਗੇ ਨਾਗਰਿਕ ਬਣਨ ਲਈ ਇਸ ਬਾਰੇ ਲੋੜੀਂਦੀ ਜਾਣਕਾਰੀ ਉਪਲਬਧ ਕਰਵਾਉਣਾ ਸਰਕਾਰ ਦੀ ਜਿੰਮੇਵਾਰੀ ਹੈ, ਬੱਚਿਆਂ ਦੀ ਸਕੂਲੀ ਲੋੜ ਵੀ ਹੈ ਤੇ ਹੱਕ ਵੀ। ਪਰ ਸਾਰੇ ਹੱਕ ਜਤਾਉਣ ਨਾਲ ਹੀ ਮਿਲਦੇ ਹਨ। ਉਨ੍ਹਾਂ ਨੂੰ ਹਾਸਿਲ ਕਰਨ ਲਈ ਜਦੋ-ਜਹਿਦ ਕਰਦੇ ਰਹਿਣ ਦੀ ਲੋੜ ਹੈ।

ਇਸ ਲੋੜ ਨੂੰ ਸਮਝਦਿਆਂ ਕੌਂਸਲ ਅਤੇ ਸਮੁੱਚੇ ਭਾਈਚਾਰੇ ਵਲੋਂ ਵੀ ਹੋਰ ਜਥੇਬੰਦੀਆਂ ਅਤੇ ਹਮ-ਖਿਆਲ ਵਿਅਕਤੀਆਂ ਨਾਲ ਮਿਲ ਕੇ 2009 ਤੋਂ ਕੈਲੀਫੋਰਨੀਆ ਵਿਚ ਕਰੀਕਲਮ ਕਮਿਸ਼ਨ ਬਣਨ ਤੋਂ ਲੈ ਕੇ 2018 ਵਿਚ ਸਕੂਲਾਂ ਦੀਆਂ ਨਵੀਆਂ ਪਾਠ-ਪੁਸਤਕਾਂ ਤੀਕ, ਪਰਸਪਰ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਰਹੀਆਂ ਹਨ, ਜਿਸ ਦੇ ਫਲਸਰੂਪ ਅੱਜ 2018 ਵਿਚ ਨਵੀਆਂ ਪਾਠ ਪੁਸਤਕਾਂ ਛਪ ਗਈਆਂ ਹਨ। ਇਹਦੇ ਲਈ ਸਿੱਖ ਕੌਂਸਲ ਸਮੇਤ ਸਾਰੀਆਂ ਜਥੇਬੰਦੀਆਂ, ਖਾਸ ਤੌਰ 'ਤੇ ਸਿੱਖ ਕੋਲੀਸ਼ਨ, ਹਮਖਿਆਲ ਵਿਅਕਤੀ, ਕੈਲੀਫੋਰਨੀਆ ਸਿੱਖਿਆ ਵਿਭਾਗ, ਕੈਲੀਫੋਰਨੀਆ ਸਟੇਟ ਸਿੱਖਿਆ ਬੋਰਡ, ਕੈਲੀਫੋਰਨੀਆ ਵਿਧਾਇਕ ਅਤੇ ਗਵਰਨਰ ਜੈਰੀ ਬਰਾਊਨ-ਸਾਰੇ ਹੀ ਵਧਾਈ ਦੇ ਪਾਤਰ ਹਨ।

ਫਰਿਜ਼ਨੋ ਕਾਊਂਟੀ ਸੁਪਰਿਨਟੈਂਡੈਂਟ ਆਫ ਸਕੂਲਜ਼ ਅਨੁਸਾਰ ਆਮ ਲੋਕਾਂ ਦੀ ਜਾਣਕਾਰੀ ਲਈ ਹਿਸਟਰੀ-ਸੋਸ਼ਲ ਸਾਇੰਸ ਦੀਆਂ ਇਹ ਪਾਠ ਪੁਸਤਕਾਂ ਫਰਿਜ਼ਨੋ ਸਟੇਟ ਯੂਨੀਵਰਸਟੀ ਦੀ ਹੈਨਰੀ ਮੈਡਨ ਲਾਇਬ੍ਰੇਰੀ ਦੇ ਲਰਨਿੰਗ ਰਿਸੋਰਸਿਜ਼ ਡਿਸਪਲੇ ਸੈਂਟਰ ਵਿਚ ਨੁਮਾਇਸ਼ ਵਜੋਂ ਉਪਲਬਧ ਹਨ, ਜਿਨ੍ਹਾਂ ਵਿਚ ਹੋਰਨਾਂ ਘਟ-ਗਿਣਤੀਆਂ ਦੇ ਨਾਲ ਹੁਣ ਸਿੱਖੀ ਬਾਰੇ ਜਾਣਕਾਰੀ ਵੀ ਸ਼ਾਮਿਲ ਹੈ। ਇਹ ਜਾਣਕਾਰੀ ਹੁਣ ਕੈਲੀਫੋਰਨੀਆ ਦੇ 6 ਲੱਖ ਵਿਦਿਆਰਥੀਆਂ ਨੂੰ ਉਪਲਬਧ ਹੋ ਸਕੇਗੀ। ਅਮਰੀਕਨ ਸਿੱਖਾਂ ਦੀ ਕੌਮੀ ਪੱਧਰ 'ਤੇ ਯਤਨਸ਼ੀਲ ਮੋਹਰੀ ਸੰਸਥਾ ਸਿੱਖ ਕੋਲੀਸ਼ਨ ਦੀ ਨਵੀਂ ਛਪੀ ਰਿਪੋਰਟ ਮੁਤਾਬਕ ਕੈਲੀਫੋਰਨੀਆ ਦੇ ਨਾਲ ਹੁਣ ਟੈਕਸਸ, ਟੈਨਿਸੀ, ਨਿਊ ਯਾਰਕ, ਨਿਊ ਜਰਸੀ, ਆਈਡਾਹੋ ਅਤੇ ਕਾਲੋਰਾਡੋ-6 ਸਟੇਟਾਂ ਹੋਰ ਸ਼ਾਮਿਲ ਹੋ ਗਈਆਂ ਹਨ। ਵਾਸ਼ਿੰਗਟਨ ਡੀ. ਸੀ. ਸਮੇਤ ਕੁਲ ਮਿਲਾ ਕੇ 1.5 ਕਰੋੜ ਤੋਂ ਵਧ ਵਿਦਿਆਰਥੀ ਹੁਣ ਹਰ ਸਾਲ ਇਨ੍ਹਾਂ ਨਵੀਆਂ ਪਾਠ ਪੁਸਤਕਾਂ ਦਾ ਲਾਭ ਉਠਾਉਂਦਿਆਂ ਸਿੱਖੀ ਬਾਰੇ ਜਾਣ ਸਕਣਗੇ। ਇਸ ਤਰ੍ਹਾਂ ਇਹ ਗਿਣਤੀ ਆਏ ਦਿਨ ਵਧਦੀ ਜਾਏਗੀ।

ਬਾਬੇ ਨਾਨਕ ਦੇ ਦਰ ਤੋਂ ਪਵਿੱਤਰ ਨਵੰਬਰ ਮਹੀਨੇ ਦੌਰਾਨ ਲੰਘਣ ਵਾਲਾ ਉਹ ਲਾਂਘਾ ਜਿਥੇ ਭਾਰਤ, ਪਾਕਿਸਤਾਨ, ਅਫਗਾਨਿਸਤਾਨ, ਰੂਸ, ਚੀਨ, ਇਰਾਨ ਨੂੰ ਜੋੜਨ ਦੇ ਸਮਰੱਥ ਹੈ, ਇਧਰ ਸੱਤ ਸਮੁੰਦਰ ਪਾਰ ਅਮਰੀਕਾ ਦੇ ਇਤਿਹਾਸ ਰਾਹੀਂ ਬਣਨ ਵਾਲਾ ਇਹ ਪੁਲ ਵਿਸ਼ਵ ਨਾਲ ਜੁੜਨ ਜਾ ਰਿਹਾ ਹੈ, ਜੋ ਆਰਨੋਲਡ ਟੋਇਨਬੀ ਨੂੰ ਵੀ ਠੀਕ ਸਾਬਿਤ ਕਰ ਸਕਦਾ ਹੈ ਅਤੇ ਸੁਸ਼ਮਾ ਸਵਰਾਜ ਨੂੰ ਵੀ!



*ਗੁਰਦੁਆਰਾ ਕਰੱਦਰਜ਼ ਵਿਖੇ ਹੈਂਕ ਗੁਇਟਰੇਜ਼ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ*

**ਪ੍ਰੀਤ ਗਾਥਾ**

# ਮੈਂ ਦੇਖਾਂ ਪੁੰਨੂੰ ਦਾ ਰਾਹ

ਸੱਸੀ ਪੁੰਨੂੰ ਸਿੰਧ ਦੇ ਇਲਾਕੇ ਦੀ ਪ੍ਰੀਤ ਗਾਥਾ ਹੈ। ਕਹਿੰਦੇ ਹਨ, ਕੋਈ ਸੱਤ ਕੁ ਸੌ ਵਰ੍ਹੇ ਪਹਿਲਾਂ ਭੰਬੋਰ ਸ਼ਹਿਰ ਉਤੇ ਰਾਜਾ ਆਦਿਮ ਖਾਨ ਰਾਜ ਕਰਦਾ ਸੀ। ਬੰਦਾ ਬੜਾ ਨੇਕ ਬਖ਼ਤ ਸੀ ਪਰ ਉਸ ਦੇ ਘਰ ਔਲਾਦ ਕੋਈ ਨਾ ਸੀ। ਕਈ ਮੰਨਤਾਂ ਮੰਨ ਕੇ ਆਖਿਰ ਧੀ ਨੇ ਉਸ ਦੇ ਘਰ ਜਨਮ ਲਿਆ। ਧੀ ਦਾ ਨਾਂ ਉਨ੍ਹਾਂ ਨੇ ਸੱਸੀ ਰੱਖਿਆ। ਉਸ ਸਮੇਂ ਦੇ ਰਿਵਾਜ ਅਨੁਸਾਰ ਰਾਜੇ ਨੇ ਨਜੂਮੀਆਂ ਪਾਸੋਂ ਸੱਸੀ ਦੇ ਭਵਿਖ ਬਾਰੇ ਪੁੱਛਿਆ। ਉਨ੍ਹਾਂ ਵਹਿਮ ਪਾ ਦਿੱਤਾ ਕਿ ਸੱਸੀ ਆਪਣੀ ਜਵਾਨੀ ਦੇ ਦਿਨਾਂ ਵਿਚ ਇੱਕ ਮਨਚਲੇ ਨੌਜਵਾਨ ਪਿੱਛੇ ਥਲਾਂ ਵਿਚ ਮਰ ਜਾਵੇਗੀ। ਰਾਜੇ ਨੇ ਆਪਣੀ ਬਦਨਾਮੀ ਤੋਂ ਡਰਦਿਆਂ ਪਹਿਲਾਂ ਸੱਸੀ ਨੂੰ ਜ਼ਹਿਰ ਦੇਣਾ ਚਾਹਿਆ ਪਰ ਮਗਰੋਂ ਉਹਨੂੰ ਇੱਕ ਸੰਦੂਕ ਵਿਚ ਬੰਦ ਕਰਕੇ ਦਰਿਆ ਸਿੰਧ ਵਿਚ ਰੋੜ੍ਹ ਦਿੱਤਾ।

ਭੰਬੋਰ ਸ਼ਹਿਰ ਤੋਂ ਬਾਹਰ ਅੱਤਾ ਨਾਮੀ ਧੋਬੀ ਕੱਪੜੇ ਧੋ ਰਿਹਾ ਸੀ। ਰੁੜ੍ਹਦਾ ਜਾਂਦਾ ਸੰਦੂਕ ਉਹਦੀ

ਸੁਖਦੇਵ ਮਾਦਪੁਰੀ
ਫੋਨ: 91-94630-34472

ਨਿਗਾਹ ਪਿਆ ਤਾਂ ਉਹਨੇ ਫੜ੍ਹ ਲਿਆ। ਇੱਕ ਪਿਆਰਾ ਬੱਚਾ ਵਿਚ ਪਿਆ ਅੰਗੂਠਾ ਚੁੰਘ ਰਿਹਾ ਸੀ। ਧੋਬੀ ਦੇ ਘਰ ਕੋਈ ਔਲਾਦ ਨਹੀਂ ਸੀ। ਬੱਚਾ ਪ੍ਰਾਪਤ ਕਰਕੇ ਧੋਬੀ ਤੇ ਧੋਬਣ ਨੇ ਰੱਬ ਦਾ ਲੱਖ-ਲੱਖ ਸ਼ੁਕਰ ਕੀਤਾ ਤੇ ਇਸ ਨੂੰ ਰੱਬੀ ਦਾਤ ਸਮਝ ਕੇ ਉਸ ਨੂੰ ਪਾਲਣ ਲੱਗੇ। ਉਹ ਇਹ ਨਹੀਂ ਸਨ ਜਾਣਦੇ ਕਿ ਉਹ ਭੰਬੋਰ ਦੇ ਹਾਕਮ ਦੀ ਬੇਟੀ ਹੈ।

ਸੱਸੀ ਧੋਬੀਆਂ ਦੇ ਘਰ ਜਵਾਨ ਹੋ ਗਈ। ਉਹਦੇ ਹੁਸਨ ਦੀ ਚਰਚਾ ਘਰ-ਘਰ ਹੋਣ ਲੱਗੀ। ਰਾਜੇ ਦੇ ਕੰਨੀਂ ਵੀ ਇਸ ਦੀ ਭਿਣਕ ਪੈ ਗਈ। ਉਹਨੂੰ ਮਹਿਲੀਂ ਸੱਦਿਆ ਗਿਆ ਪਰੰਤੂ ਸੱਸੀ ਨੇ ਆਪ ਜਾਣ ਦੀ ਥਾਂ ਆਪਣੇ ਗਲ ਦਾ ਤਵੀਤ ਘੱਲ ਦਿੱਤਾ। ਰਾਜੇ ਨੇ ਤਵੀਤ ਪਛਾਣ ਲਿਆ। ਆਦਿਮ ਖਾਨ ਆਪ ਚੱਲ ਕੇ ਧੋਬੀਆਂ ਦੇ ਘਰ ਆਇਆ ਪਰ ਸੱਸੀ ਮਹਿਲੀਂ ਜਾਣ ਲਈ ਤਿਆਰ ਨਾ ਹੋਈ।

ਭੰਬੋਰ ਸ਼ਹਿਰ ਵਿਚ ਇੱਕ ਰਸੀਏ ਸੌਦਾਗਰ ਦਾ ਬੜਾ ਸ਼ਾਨਦਾਰ ਮਹਿਲ ਸੀ। ਉਸ ਮਹਿਲ ਦੇ ਇੱਕ ਕਮਰੇ ਵਿਚ ਸਾਰੇ ਦੇਸਾਂ ਦੇ ਸ਼ਾਹਿਬਜ਼ਾਦਿਆਂ ਦੀਆਂ ਤਸਵੀਰਾਂ ਰੱਖੀਆਂ ਹੋਈਆਂ ਸਨ। ਸਾਰਾ ਸ਼ਹਿਰ ਉਨ੍ਹਾਂ ਨੂੰ ਦੇਖ ਰਿਹਾ ਸੀ। ਸੱਸੀ ਵੀ ਆਪਣੀਆਂ ਸਹੇਲੀਆਂ ਸਮੇਤ ਉਥੇ ਪੁੱਜੀ, ਪਰ ਉਹ ਇੱਕ ਪਿਆਰਾ ਮੁਖੜਾ ਵੇਖ ਆਪਣਾ ਦਿਲ ਦੇ ਬੈਠੀ। ਇਹ ਤਸਵੀਰ ਬਲੋਚਿਸਤਾਨ ਦੇ ਇਲਾਕੇ ਮਿਕਰਾਨ ਦੇ ਸ਼ਹਿਜ਼ਾਦੇ ਪੁੰਨੂੰ ਦੀ ਸੀ।

ਮਿਕਰਾਨ ਦੇ ਸੌਦਾਗਰ ਭੰਬੋਰ ਵਪਾਰ ਲਈ ਆਮ ਆਇਆ ਕਰਦੇ ਸਨ। ਉਹ ਪੁੰਨੂੰ ਪਾਸ ਸੱਸੀ ਦੇ ਹੁਸਨ ਦੀਆਂ ਬਾਤਾਂ ਪਾਉਂਦੇ। ਪੁੰਨੂੰ ਸੱਸੀ ਨੂੰ ਬਿਨਾ ਵੇਖੇ ਉਸ 'ਤੇ ਮੋਹਿਤ ਹੋ ਗਿਆ। ਇੱਕ ਦਿਨ ਕਾਫਲੇ ਨਾਲ ਆਪਣੇ ਮਾਪਿਆਂ ਤੋਂ ਚੋਰੀ ਭੰਬੋਰ ਆਣ ਪੁੱਜਾ ਤੇ ਸੱਸੀ ਦੇ ਬਾਪ ਕੋਲ ਆ ਨੌਕਰ ਹੋਇਆ। ਸੱਸੀ ਪੁੰਨੂੰ ਪਿਆਰ ਮਿਲਣੀਆਂ ਮਾਣਦੇ ਰਹੇ ਅਤੇ ਭੰਬੋਰ ਸ਼ਹਿਰ ਵਿਚ ਉਨ੍ਹਾਂ ਦਾ ਪਿਆਰ ਮਹਿਕਾਂ ਵੰਡਦਾ ਰਿਹਾ।

ਪੁੰਨੂੰ ਦੇ ਭਰਾ ਉਸ ਨੂੰ ਲੱਭਦੇ ਭੰਬੋਰ ਆ ਪੁੱਜੇ। ਉਹ ਰਾਤ ਸੱਸੀ ਦੇ ਘਰ ਠਹਿਰੇ। ਰਾਤੀਂ ਉਨ੍ਹਾਂ ਨੇ ਪੁੰਨੂੰ ਨੂੰ ਬੇਹੋਸ਼ ਕਰਕੇ ਡਾਚੀ 'ਤੇ ਲੱਦ ਲਿਆ ਤੇ ਆਪਣੇ ਸ਼ਹਿਰ ਨੂੰ ਚਾਲੇ ਪਾ ਦਿੱਤੇ।

ਸੱਸੀ ਦੀ ਸਵੇਰੇ ਜਾਗ ਖੁੱਲ੍ਹੀ। ਵੇਖਿਆ ਉਹਦਾ ਪੁੰਨੂੰ ਉਥੇ ਹੈ ਨਹੀਂ ਸੀ, ਉਹ ਮਗਰੇ ਡਾਚੀ ਦਾ ਖੁਰਾ ਫੜ੍ਹਦੀ ਨੱਸ ਟੁਰੀ ਤੇ ਸਹਿਰਾ ਦੇ ਤਪਦੇ ਰੇਤ ਵਿਚ ਪੁੰਨੂੰ-ਪੁੰਨੂੰ ਕੂਕਦੀ ਮਰ ਗਈ।

ਦੂਜੇ ਬੰਨੇ ਸਵੇਰੇ ਸਾਰ ਪੁੰਨੂੰ ਨੂੰ ਹੋਸ਼ ਪਰਤੀ। ਉਹਨੇ ਡਾਚੀ ਉਪਰੋਂ ਛਾਲ ਮਾਰ ਦਿੱਤੀ ਤੇ ਉਸੇ ਪੈਰੀਂ ਵਾਪਸ ਮੁੜ ਪਿਆ। ਅੱਗ ਵਰ੍ਹਾਉਂਦੇ



ਮਾਰੂਥਲ ਵਿਚ ਉਹ ਤੜਪਦੀ ਸੱਸੀ ਪਾਸ ਪੁੱਜਾ ਤੇ ਉਸ ਦੇ ਨਾਲ ਹੀ ਪ੍ਰਾਣ ਤਿਆਗ ਦਿੱਤੇ।

ਪੰਜਾਬ ਦੀ ਗੋਰੀ ਦੇ ਮਨ ਉਤੇ ਇਸ ਦਰਦਾਂ ਭਰੀ ਕਹਾਣੀ ਦਾ ਅਮਿਟ ਪ੍ਰਭਾਵ ਪਿਆ ਹੈ। ਉਸ ਨੇ ਪੁੰਨੂੰ ਨੂੰ ਬੇਹੋਸ਼ ਕਰਕੇ ਸੱਸੀ ਪਾਸੋਂ ਚੋਰੀ ਜ਼ਬਰਦਸਤੀ ਲਿਜਾਏ ਜਾਣ ਦੇ ਵਿਰਤਾਂਤ ਨੂੰ ਬੜੇ ਦਿਲ ਵਿੰਨ੍ਹਵੇਂ ਸ਼ਬਦਾਂ ਵਿਚ ਉਲੀਕਿਆ ਹੈ।

ਚਰਖਾ ਕਤੇਂਦੀ ਗੋਰੀ ਨੂੰ ਆਪਣੇ ਪੁੰਨੂੰ ਦੀ ਯਾਦ ਆ ਜਾਂਦੀ ਹੈ:

ਲਠ ਚਰਖੇ ਦੀ ਹਿਲਦੀ ਜੁਲਦੀ
ਮਾਲ੍ਹਾਂ ਬਾਹਵਾਲੀਆਂ ਖਾਵੇ।
ਸਭਨਾਂ ਸਈਆਂ ਨੇ ਭਰ ਲਏ ਛਿੱਕੂ
ਮੈਥੋਂ ਕੱਤਿਆ ਮੂਲ ਨਾ ਜਾਵੇ।
ਚਰਖਾ ਕਿਵੇਂ ਕੱਤਾਂ
ਮੇਰਾ ਮਨ ਪੁੰਨੂੰ ਵਲ ਧਾਵੇ।

ਤ੍ਰਿੰਜਣ ਕੱਤਦੀਆਂ 'ਚੋਂ ਕੋਈ ਜਣੀ ਸੱਸੀ-ਪੁੰਨੂੰ ਦਾ ਗੀਤ ਛੋਹ ਬਹਿੰਦੀ ਹੈ:

ਉਚੀਆਂ ਲੰਬੀਆਂ ਟਾਹਲੀਆਂ
ਵਿਚ ਗੁਜਰੀ ਦੀ ਪੀਂਘ ਵੇ ਮਾਹੀਆ।
ਪੀਂਘ ਝੂਟੇਂਦੇ ਦੋ ਜਣੇ
ਆਸ਼ਕ ਤੇ ਮਾਸ਼ੂਕ ਵੇ ਮਾਹੀਆ।
ਪੀਂਘ ਝੂਟੇਂਦੇ ਢਹਿ ਪਏ
ਹੋ ਗਏ ਚਕਨਾ ਚੂਰ ਵੇ ਮਾਹੀਆ।
ਸੱਸੀ ਤੇ ਪੁੰਨੂੰ ਰਲ ਸੁੱਤੇ
ਮੁੱਖ 'ਤੇ ਪਾ ਕੇ ਰੁਮਾਲ ਵੇ ਮਾਹੀਆ।
ਸੱਸੀ ਜਾਂ ਪਾਸਾ ਮੋੜਿਆ
ਪੁੰਨੂੰ ਤਾਂ ਹੈ ਨੀ ਨਾਲ ਵੇ ਮਾਹੀਆ।
ਜੇ ਮੈਂ ਹੁੰਦੀ ਜਾਗਦੀ
ਜਾਂਦੇ ਨੂੰ ਲੈਂਦੀ ਮੋੜ ਵੇ ਮਾਹੀਆ।
ਮਗਰੇ ਸੱਸੀ ਤੁਰ ਪਈ
ਮੈਂ ਵੀ ਚਲਸਾਂ ਤੋੜ ਵੇ ਮਾਹੀਆ।

ਗੀਤ ਸੁਣ ਕੇ ਕਿ ਜੇ ਨਾਜੋ ਨੂੰ ਆਪਣੇ ਪੁੰਨੂੰ ਦਾ ਖਿਆਲ ਆ ਜਾਂਦਾ ਹੈ, ਮਤੇ ਉਹ ਵੀ ਉਸ ਨੂੰ ਛੱਡ ਕੇ ਕਿੱਧਰੇ ਤੁਰ ਜਾਵੇ, ਉਹ ਆਪਣੇ ਦਿਲ ਦੇ ਮਹਿਰਮ ਅੱਗੇ ਅਰਜੋਈ ਕਰਦੀ ਹੈ:

ਆਪਣੇ ਕੋਠੇ ਮੈਂ ਖੜ੍ਹੀ
ਪੁੰਨੂੰ ਖੜ੍ਹਾ ਮਸੀਤ ਵੇ।
ਭਰ ਭਰ ਅੱਖੀਆਂ ਡੋਲ੍ਹਦੀ
ਨੈਣੀਂ ਲੱਗੀ ਪ੍ਰੀਤ ਵੇ।
ਹਾਏ ਵੇ ਪੁੰਨੂੰ ਜ਼ਾਲਮਾਂ
ਹਾਏ ਵੇ ਦਿਲਾਂ ਦਿਆ ਮਹਿਰਮਾ
ਸੁੱਤੀ ਨੂੰ ਛੱਡ ਕੇ ਨਾ ਜਾਈਂ ਵੇ।

ਉਠ ਨੀ ਮਾਏ ਸੁੱਤੀਏ
ਚੁੱਲ੍ਹੇ ਅੱਗ ਨੀ ਪਾ
ਜਾਂਦੇ ਪੁੰਨੂੰ ਨੂੰ ਘੇਰ ਕੇ
ਕੋਈ ਭੋਜਨ ਦਈਂ ਛਕਾ
ਹਾਏ ਵੇ ਪੁੰਨੂੰ ਜ਼ਾਲਮਾਂ
ਹਾਏ ਵੇ ਦਿਲਾਂ ਦਿਆ ਮਹਿਰਮਾ
ਸੁੱਤੀ ਨੂੰ ਛੱਡ ਕੇ ਨਾ ਜਾਈਂ ਵੇ।

ਉਠ ਵੇ ਵੀਰਾ ਸੁੱਤਿਆ
ਕੋਈ ਪੱਕਾ ਮਹਿਲ ਬਣਾ
ਵਿਚ ਵਿਚ ਰੱਖ ਦੇ ਮੋਰੀਆਂ
ਦੇਖਾਂ ਪੁੰਨੂੰ ਦਾ ਰਾਹ
ਹਾਏ ਵੇ ਪੁੰਨੂੰ ਜ਼ਾਲਮਾਂ
ਹਾਏ ਵੇ ਦਿਲਾਂ ਦਿਆ ਮਹਿਰਮਾ
ਸੁੱਤੀ ਨੂੰ ਛੱਡ ਕੇ ਨਾ ਜਾਈਂ ਵੇ।

ਪਰ ਪਰਦੇਸੀ ਪੁੰਨੂੰ ਨੂੰ ਲੱਦ ਕੇ ਲੈ ਜਾਂਦੇ ਹਨ। ਗੋਰੀ ਨੂੰ ਉਸ ਦੀ ਮਾਂ ਪੁੰਨੂੰ ਦਾ ਪਿੱਛਾ ਕਰਨ 'ਤੇ ਹੋੜਦੀ ਹੈ:

ਲਾਦੀ ਲਦ ਗਏ
ਕੀਲੇ ਪਟ ਗਏ
ਭਾਵੇਂ ਮਾਏਂ ਸੁਣੇ
ਭਾਵੇਂ ਪਿਓ ਸੁਣੇ
ਮੈਂ ਤਾਂ ਉਠ ਜਾਣੈ
ਨਾਲ ਲਾਦੀਆਂ ਦੇ
ਅੰਦਰ ਵੜ ਜਾ ਧੀਏ
ਗੱਲਾਂ ਕਰ ਲੈ ਧੀਏ
ਅਸੀਂ ਪੱਟ ਦਿੱਤੇ
ਇਨ੍ਹਾਂ ਲਾਦੀਆਂ ਨੇ।
ਬੇਲਾ ਢੂੰਡ ਫਿਰੀ
ਅੱਖਾਂ ਲਾਲ ਹੋਈਆਂ
ਪੰਘੂੜਾ ਭੰਨ ਸੁੱਟਿਆ
ਲਾਲ ਬਾਰੀਆਂ ਦਾ।

ਗੋਰੀ ਕਲਾਲਾਂ ਨੂੰ ਦੁਰਅਸੀਸਾਂ ਦਿੰਦੀ ਹੈ, ਜਿਨ੍ਹਾਂ ਨੇ ਉਸ ਦੇ ਪੁੰਨੂੰ ਨੂੰ ਸ਼ਰਾਬੀ ਕਰਕੇ ਉਸ ਨਾਲੋਂ ਵਿਛੋੜ ਲਿਆ:

ਮਰਨ ਕਲਾਲ ਜਗ ਹੋਵਣ ਥੋੜ੍ਹੇ
ਮੇਰਾ ਪੁੰਨੂੰ ਸ਼ਰਾਬੀ ਕੀਤਾ
ਸ਼ਹਿਰ ਭੰਬੋਰ ਦੀਆਂ ਭੀੜੀਆਂ ਗਲੀਆਂ
ਪੁੰਨੂੰ ਲੰਘ ਗਿਆ ਚੁੱਪ ਕੀਤਾ
ਇੱਕ ਅਫਸੋਸ ਰਹਿ ਗਿਆ ਦਿਲ ਮੇਰੇ
ਹੱਥੀਂ ਯਾਰ ਵਿਦਾ ਨਾ ਕੀਤਾ।

ਰਾਤ ਸਮੇਂ ਸ਼ਰਾਬ ਦੇ ਨਸ਼ੇ ਵਿਚ ਬੇਹੋਸ਼ ਕਰਕੇ ਜਦੋਂ ਪੁੰਨੂੰ ਦੇ ਭਰਾ ਪੁੰਨੂੰ ਨੂੰ ਡਾਚੀ ਉਤੇ ਲੱਦ ਕੇ ਆਪਣੇ ਦੇਸ਼ ਨੂੰ ਲੈ ਤੁਰਦੇ ਹਨ, ਤਦ ਸਵੇਰੇ ਸੱਸੀ ਨੂੰ ਇਸ ਸਾਜ਼ਿਸ਼ ਦਾ ਪਤਾ ਲੱਗਦਾ ਹੈ। ਉਹ ਪੁੰਨੂੰ-ਪੁੰਨੂੰ ਕੂਕਦੀ ਡਾਚੀ ਦਾ ਖੁਰਾ ਫੜ੍ਹ ਕੇ ਮਗਰੇ ਨੱਸ ਟੁਰਦੀ ਹੈ। ਸੱਸੀ ਦੀ ਠਹੁ ਬਿਰਹਾ ਦਸ਼ਾ ਨੂੰ ਪੰਜਾਬ ਦੀ ਗੋਰੀ ਇਸ ਤਰ੍ਹਾਂ ਬਿਆਨ ਕਰਦੀ ਹੈ:

ਸੱਸੀ ਤੇਰੇ ਬਾਗ ਵਿਚ ਉਤਰੇ ਲੁਟੇਰੇ
ਬਲੋਚਾ ਜ਼ਾਲਮਾ ਸੁਣ ਵੈਣ ਮੇਰੇ।
ਤੱਤੀ ਸੀ ਰੇਤ ਸੜ੍ਹ ਗਏ ਪੈਰ ਮੇਰੇ
ਕਿੱਧਰ ਗਏ ਕੌਲ ਇਕਰਾਰ ਤੇਰੇ।
ਬਲੋਚਾ ਜ਼ਾਲਮਾਂ ਸੁਣ ਵੈਣ ਮੇਰੇ।

ਪੁੰਨੂੰ ਦੇ ਤੁਰ ਜਾਣ 'ਤੇ ਸੱਸੀ ਦੀ ਮਾਂ ਸੱਸੀ ਨੂੰ ਦਿਲਾਸਾ ਦਿੰਦੀ ਸਮਝਾਉਂਦੀ ਹੈ ਕਿ ਚੰਗਾ ਹੋਇਆ ਕੋਲੋਂ ਦੀ ਬਲਾ ਟਲ ਗਈ। ਗੀਤ ਦੇ ਬੋਲ ਹਨ:

ਮੈਂ ਵੱਟ ਲਿਆਵਾਂ ਪੂਣੀਆਂ
ਧੀਏ ਚਰਖੇ ਨੂੰ ਚਿੱਤ ਲਾ।
ਜਾਂਦੇ ਪੁੰਨੂੰ ਨੂੰ ਜਾਣ ਦੇ
ਧੀਏ ਕੋਲੋਂ ਦੀ ਗਈ ਨੀ ਬਲਾ।

ਅੱਗ ਲਾਵਾਂ ਤੇਰੀਆਂ ਪੂਣੀਆਂ
ਚਰਖੇ ਨੂੰ ਨਦੀ ਨੀ ਹੜ੍ਹਾ।
ਜਾਨ ਤਾਂ ਮੇਰੀ ਲੈ ਗਿਆ
ਨੀ ਚੀਰੇ ਦੇ ਲੜ ਲਾ।
ਜਾਂਦੇ ਪੁੰਨੂੰ ਨੂੰ ਮੋੜ ਲੈ
ਸੂਟ ਸਮਾਵਾਂ ਰੇਸ਼ਮੀ,
ਚੁੰਨੀਆਂ ਦੇਵਾਂ ਨੀ ਰੰਗਾ।
ਜਾਂਦੇ ਪੁੰਨੂੰ ਨੂੰ ਜਾਣ ਦੇ
ਧੀਏ ਕੋਲੋਂ ਦੀ ਗਈ ਨਾ ਬਲਾ।

ਅੱਗ ਲਾਵਾਂ ਤੇਰੇ ਸੂਟ ਨੂੰ
ਚੁੰਨੀਆਂ ਦੇਵਾਂ ਨਾ ਮਚਾ।
ਜਾਨ ਤਾਂ ਮੇਰੀ ਲੈ ਗਿਆ
ਚੀਰੇ ਦੇ ਲੜ ਲਾ
ਨੀ ਜਾਂਦੇ ਪੁੰਨੂੰ ਨੂੰ ਮੋੜ ਲੈ।

ਗੀਤ ਦੇ ਦਰਦ ਭਰੇ ਬੋਲ ਸੁਣ ਕੇ ਕਿਸੇ ਬਿਰਹਾ ਕੁੱਠੀ ਦੇ ਨੈਣਾਂ ਵਿਚੋਂ ਹੰਝੂਆਂ ਦੇ ਮੋਤੀ ਝਰ ਝਰ ਪੈਂਦੇ ਹਨ, ਕਿਧਰੇ ਹਉਕਾ ਉਭਰਦਾ ਹੈ, ਕਿਧਰੇ ਇੱਕ ਚੀਸ ਪੈਦਾ ਹੁੰਦੀ ਹੈ, ਦਰਦੀਲੇ ਬੋਲਾਂ ਦਾ ਮੁੜ ਜਨਮ ਹੁੰਦਾ ਹੈ:

ਥਲ ਵੀ ਤੱਤਾ ਮੈਂ ਵੀ ਤੱਤੀ
ਤੱਤੇ ਨੈਣਾਂ ਦੇ ਡੇਲੇ।
ਰੱਬਾ ਕੇਰਾਂ ਦਸ ਤਾਂ ਸਹੀ
ਕਦੋਂ ਹੋਣਗੇ ਪੁੰਨੂੰ ਨਾਲ ਮੇਲੇ।

ਮੈਂ ਪੁੰਨੂੰ ਦੀ, ਪੁੰਨੂੰ ਮੇਰਾ
ਸਾਡਾ ਪਿਆ ਵਿਛੋੜਾ ਭਾਰਾ।
ਦਸ ਵੇ ਰੱਬਾ ਕਿੱਥੇ ਗਿਆ
ਮੇਰੇ ਨੈਣਾਂ ਦਾ ਵਣਜਾਰਾ।

ਇੰਜ ਪੰਜਾਬ ਦੀ ਗੋਰੀ ਦੇ ਹੋਠਾਂ 'ਤੇ ਸੱਸੀ-ਪੁੰਨੂੰ ਦੀ ਗਾਥਾ ਅਗਾਂਹ ਟੁਰਦੀ ਹੈ। ਪਤਾ ਨਹੀਂ ਕਿੰਨਾ ਸਮਾਂ ਹੋਰ ਇਹ ਪੰਜਾਬ ਦੀ ਗੋਰੀ ਦਾ ਦਰਦ ਬਿਆਨਦੀ ਰਹੇਗੀ।



ਬਲੋਚਿਸਤਾਨ (ਪਾਕਿਸਤਾਨ) ਵਿਚ ਸੱਸੀ-ਪੁੰਨੂੰ ਦਾ ਮਜ਼ਾਰ

---

## ਕੁਦਰਤ ਦੇ ਰੰਗ

ਕਿਰਪਾ ਬੱਦਲ ਗੂੜ੍ਹੇ ਛਾ ਗਏ
ਮੋਰਾਂ ਰਾਗ ਅਲਾਪੇ।
ਹਰਿਆਵਲ ਮਹਿੰਦੀ ਗੂੜ੍ਹੀ ਚੜ੍ਹ ਗਈ
ਕੁਦਰਤ ਦੁਲਹਨ ਜਾਪੇ।

ਕਿਣ ਮਿਣ ਕਿਣ ਮਿਣ ਮਿਹਰਾਂ ਵੱਸੀਆਂ
ਖੁਸ਼ੀ ਦੇ ਗੀਤ ਅਲਾਪੇ।
ਹਵਾ ਰਾਣੀ ਸ਼ੂ ਸ਼ਾਂ ਕਰ ਨੱਚਦੀ
ਬਨਸਪਤੀ ਨ੍ਰਿਤਕੀ ਜਾਪੇ।
ਬਬੀਹਾ ਲਾ ਕੇ ਉਚੀਆਂ ਹੇਕਾਂ
ਅੰਬਰ ਨੂੰ ਰਿਝਾਵੇ।

ਐਸੀ ਡਾਚੀ ਖਿੱਚ ਨਕਸ਼ ਦੀ
ਮੰਜ਼ਿਲ ਤੋਂ ਭਟਕਾਵੇ।
ਅੰਬਰ ਪਿਤਾ ਅੰਮ੍ਰਿਤ ਬਰਸਾਵੇ
ਹਰ ਸ਼ੈਅ ਨੂੰ ਤ੍ਰਿਪਤਾਵੇ।
ਕਿਣਕਾ ਕਿਣਕਾ ਸ਼ਗਨ 'ਚ ਰੁੱਝਿਆ
ਮਹਿਕਾਂ ਵੰਡਦਾ ਜਾਵੇ।

ਤੂੰ ਹੀ ਤੂੰ ਹਰ ਵਿਚ ਵਸਿਆ
ਹਰ ਕੋਈ ਸੁਖ ਵਿਚ ਜਾਪੇ।
ਪਰ 'ਮੈਂ' ਵਿਚ ਰਚ ਕੇ ਮਨ ਦਾ ਵਿਹੜਾ
ਫੇਰ ਵੀ ਸੁੰਨਾ ਜਾਪੇ।

*-ਰਾਜਵਿੰਦਰ ਸਿੰਘ*
*ਫੋਨ: 91-89684-71265*

---

## ਮੈਂ ਨਹੀਂ ਲਿਖਦੀ ਗੀਤ

ਮੈਂ ਨਹੀਂ ਲਿਖਦੀ ਗੀਤ
ਮੈਂ ਸੁਣਦੀ ਹਾਂ।

ਭੁੱਖੇ ਢਿੱਡ ਨੰਗੇ ਤਨ
ਬੇਵਸ ਫਰਕਦੇ ਬੁੱਲ੍ਹ
ਹੰਝੂਆਂ ਵਿਚ ਭਿੱਜੀ
ਮਾਸੂਮ, ਮਜਬੂਰ ਦੀ ਚੀਖ
ਮੈਂ ਸੁਣਦੀ ਹਾਂ।

ਫਟੀ ਪੁਰਾਣੀ ਧੋਤੀ ਅੰਦਰ
ਸਾਬਤ ਸਬੂਤੇ ਅੰਗ ਲਪੇਟੇ
ਝੋਂਪੜੀ ਦਾ ਕਿਵਾੜ ਅੜਾ
ਲੁੱਟੀ ਜਾਂਦੀ ਦੀ ਚੀਖ।
ਮੈਂ ਨਹੀਂ ਲਿਖਦੀ ਗੀਤ
ਮੈਂ ਸੁਣਦੀ ਹਾਂ।

ਦੋ ਕਮਜ਼ੋਰ ਕੰਬਦੇ ਹੱਥ
ਜਿਨ੍ਹਾਂ ਪਾਲੇ ਚਾਰ
ਅੱਜ ਰੋਟੀ ਲਈ ਮੁਹਤਾਜ
ਬਿਮਾਰ ਕਮਜ਼ੋਰ ਬੁਢਾਪੇ ਦੀ ਚੀਖ।
ਮੈਂ ਨਹੀਂ ਲਿਖਦੀ ਗੀਤ
ਮੈਂ ਸੁਣਦੀ ਹਾਂ।

ਧਰਮੀ ਬਾਪ ਧਰਮ ਕੌਮ ਦੇ
ਧੀਆਂ ਦੀ ਸੇਜ ਹੰਢਾਉਂਦੇ
ਬਾਬੇ ਪਾਪੀ ਕਾਮੀ ਲੁੱਚੇ
ਮਾਲਾ, ਮੰਤਰ ਜਾਲ ਵਿਛਾਉਂਦੇ
ਫਾਸੇ ਭੋਲੇ ਅਨਜਾਣਾਂ ਦੀ ਚੀਖ।
ਮੈਂ ਨਹੀਂ ਲਿਖਦੀ ਗੀਤ
ਮੈਂ ਸੁਣਦੀ ਹਾਂ।

ਬੱਦਲ ਫੱਟਦੇ, ਪਰਬਤ ਖੁਰਦੇ
ਸੁਨਾਮੀ ਝੱਖੜ ਝਾਂਜੇ ਤੇ ਭੁਚਾਲ
ਰੋਗਾਂ ਦੇ ਕਹਿਰ ਨਸ਼ਿਆਂ ਦੇ ਜ਼ਹਿਰ
ਕੈਂਸਰ, ਏਡਜ਼, ਡੇਂਗੂ ਦੀ ਚੀਖ
ਮੈਂ ਸੁਣਦੀ ਹਾਂ।
ਮੈਂ ਨਹੀਂ ਲਿਖਦੀ ਗੀਤ
ਮੈਂ ਨਹੀਂ ਲਿਖਦੀ ਗੀਤ।

*-ਕਿਰਪਾਲ ਕੌਰ*
*ਫੋਨ: 815-356-9535*

---

## ਜ਼ਿੰਦਗੀ ਦੀ ਕਵਿਤਾ

ਬਹੁਤ ਜੀਅ ਕਰਦਾ ਹੈ
ਕਿ ਕਵਿਤਾ ਲਿਖਾਂ ਜ਼ਿੰਦਗੀ 'ਤੇ।

ਪਰ ਕੀ ਕਰਾਂ ਇਹ ਛਿਨ ਛਿਨ
ਖਿਸਕਦੀ ਜਾਂਦੀ ਹੈ ਹੱਥਾਂ 'ਚੋਂ।

ਜਿੰਨਾ ਫੜ ਖਿੱਚਦਾ ਹਾਂ ਆਪਣੇ ਵੱਲ
ਉਨੀ ਫਿਸਲਦੀ ਜਾਂਦੀ ਹੈ ਮੈਥੋਂ ਪਰ੍ਹੇ।

ਸਾਹਾਂ ਦੀ ਡੋਰ ਤੇ ਚੱਲਦੀ ਧੌਂਕਣੀ
ਪਤਾ ਹੈ ਫੱਟ ਕੇ ਰੁਕ ਜਾਣੀ ਹੈ ਕਦੇ।

ਹੱਡੀਆਂ ਦੀ ਕਲਮ ਹੈ ਲਹੂ ਦੀ ਸਿਆਹੀ
ਤਨ ਦੇ ਕਾਗਜ਼ 'ਤੇ ਡੁੱਲ੍ਹ ਜਾਣੀ ਹੈ ਕਦੇ।

ਬੱਸ ਇਹੋ ਸੋਚ ਕੇ ਬੰਦ ਕਰ ਦਿੰਨਾ
ਸ਼ਾਇਦ ਮੈਥੋਂ ਪੂਰੀ ਨਹੀਂ ਹੋਣੀ ਕਦੇ।

ਬੱਸ ਹੱਸ ਕੇ ਗੁਜ਼ਾਰ ਲੈਂਦਾ ਹਾਂ ਦਿਨ
ਆਸ ਹੈ ਕਿ ਆਤਮਾ ਮਰਦੀ ਨਹੀਂ ਕਦੇ।

*-ਸੇਵਾ ਸਿੰਘ ਨੂਰਪੁਰੀ*

---

## ਅੱਜ ਦੀ ਗੱਲ

ਗਿਆਨ ਦੇ ਮੰਦਿਰ ਬਣੇ ਦੁਕਾਨਾਂ
ਸ਼ੁੱਧ ਮੁਨਾਫਾ ਬਣ ਗਿਆ ਧੰਦਾ।
ਕਦਰ ਗੁਣਾਂ ਦੀ ਲੁਪਤ ਹੋ ਗਈ
ਰਿਸ਼ਵਤ ਦਾ ਨਾਂ ਹੋ ਗਿਆ ਚੰਦਾ।

'ਧਨ' ਤੇ 'ਬੁੱਧੀ' ਤੁਰੇ ਵਿਦੇਸ਼ੀਂ
ਬੇਕਦਰੀ ਹੁਣ ਸਹਿ ਨਹੀਂ ਸਕਦੇ।
ਨੱਚਦੇ ਟੱਪਦੇ 'ਪੰਜ' 'ਆਬ' ਦਾ
ਕੀ ਬਣੂ ਹੁਣ ਕਹਿ ਨਹੀਂ ਸਕਦੇ!

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

# ਕਿਲਾ ਰਾਮਗੜ੍ਹ ਅਤੇ ਮੀਰ ਮੰਨੂ

## (ਮੀਰ ਮੰਨੂ: ਅਪਰੈਲ 1748 ਤੋਂ ਨਵੰਬਰ 1753)

ਜਦੋਂ ਸਿੰਘਾਂ ਨੂੰ ਸਿੰਘ ਹੀ ਮਾਰੇ।
ਕੀ ਕਰਨਗੇ ਸਿੰਘ ਬੇਚਾਰੇ?

ਸੰਨ 1746 ਈਸਵੀ ਦੀ ਵਿਸਾਖੀ ਵਾਲੇ ਦਿਨ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਵਿਖੇ ਸਿੰਘਾਂ ਦੇ ਇਕੱਠ ਨੇ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ ਸਿੰਘਾਂ ਦੇ ਜਥਿਆਂ ਨੂੰ ਸ਼ਰਨ ਦੇਣ ਅਤੇ ਦਰਬਾਰ ਸਾਹਿਬ ਦੀ ਰਾਖੀ ਕਰਨ ਲਈ ਸ੍ਰੀ ਰਾਮਦਾਸ ਸਰੋਵਰ ਦੇ ਨੇੜੇ ਕਿਲਾ ਬਣਾਉਣ ਦਾ ਫੈਸਲਾ ਕੀਤਾ। ਸੰਨ 1747 ਵਿਚ ਕਿਲਾ ਤਿਆਰ ਕਰ ਕੇ ਦਰਬਾਰ ਸਾਹਿਬ ਵਿਚ ਦੀਪ ਮਾਲਾ ਕੀਤੀ ਗਈ ਅਤੇ ਕਿਲੇ ਦਾ ਨਾਂ ਰਾਮਗੜ੍ਹ ਪੈ ਗਿਆ। ਘਾਹ ਅਤੇ ਅੰਨ ਦਾ ਭੰਡਾਰ ਇਕੱਠਾ ਕਰਕੇ ਕੋਈ 500 ਸਿੰਘ ਕਿਲੇ ਵਿਚ ਰਹਿਣ ਲੱਗ ਪਏ।

ਲਾਹੌਰ ਦੇ ਸੂਬੇਦਾਰ ਮੀਰ ਮੰਨੂ ਨੇ ਸਿੰਘਾਂ ਨੂੰ ਖਤਮ ਕਰਨ ਲਈ ਗਸ਼ਤੀ ਫੌਜ ਚਾੜ੍ਹ ਕੇ ਪਹਾੜੀ ਰਾਜਿਆਂ ਨੂੰ ਲਿਖ ਭੇਜਿਆ, "ਆਪਣੇ ਦੇਸ਼ ਵਿਚ ਸਿੰਘਾਂ ਨੂੰ ਵੜਨ ਨਹੀਂ ਦੇਣਾ, ਕੋਈ ਸਿੰਘ ਮਿਲ ਜਾਏ ਤਾਂ ਕੈਦ ਕਰਕੇ ਮੇਰੇ ਕੋਲ ਭੇਜ ਦਿਓ।" ਫੜੇ ਗਏ ਸਿੰਘ ਲਾਹੌਰ ਦੇ



ਨਿਰਮਲ ਸਿੰਘ ਕਾਹਲੋਂ, ਸਿਡਨੀ
ਫੋਨ: 0468395922
kahlonhayatnagar94@gmail.com

ਨਿਖਾਸ ਚੌਕ ਦੀ ਕੋਤਵਾਲੀ (ਥਾਣਾ) ਵਿਚ ਕਤਲ ਕਰ ਦਿਤੇ ਜਾਂਦੇ। ਕੋਤਵਾਲੀ ਵਾਲੀ ਥਾਂ ਗੁਰਦੁਆਰਾ ਸਿੰਘਣੀਆਂ ਹੈ। ਇਥੇ ਖੂਹ ਵੀ ਹੈ ਅਤੇ ਲਾਸ਼ਾਂ ਖੂਹ ਵਿਚ ਸੁੱਟ ਦਿੰਦੇ ਸਨ। ਇਥੇ ਚੱਕੀਆਂ ਦੇ ਪੁੜ ਵੀ ਹਨ। ਗੁਰਦੁਆਰੇ ਦੀ ਕਾਰ ਸੇਵਾ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਨੇ ਕੀਤੀ ਹੈ।


**ਮੰਨੂ ਦਾ ਪਿਛੋਕੜ:** ਅਹਿਮਦ ਸ਼ਾਹ ਅਬਦਾਲੀ ਵਲੋਂ 1748 'ਚ ਕੀਤੇ ਦੂਜੇ ਹਮਲੇ ਵਿਚ ਲਾਹੌਰ ਦਾ ਸੂਬੇਦਾਰ ਸ਼ਾਹ ਨਵਾਜ (ਜਕਰੀਆ ਖਾਨ ਦਾ ਬੇਟਾ) ਲੜਾਈ ਹਾਰ ਕੇ ਦਿੱਲੀ ਦੌੜ ਗਿਆ। ਅਬਦਾਲੀ ਨੇ ਦਿੱਲੀ ਵੱਲ ਚਾਲੇ ਪਾ ਦਿੱਤੇ। ਅਬਦਾਲੀ ਦੇ ਆਉਣ ਦੀ ਖਬਰ ਸੁਣ ਕੇ ਦਿੱਲੀ ਦੇ ਬਾਦਸ਼ਾਹ ਅਹਿਮਦ ਸਾਹ (ਮੁਹੰਮਦ ਸ਼ਾਹ ਰੰਗੀਲੇ ਦਾ ਬੇਟਾ) ਨੇ ਵਜੀਰ ਕਮਰ ਦੀਨ ਨੂੰ ਫੌਜ ਦੇ ਕੇ ਦਿੱਲੀਓਂ ਤੋਰ ਦਿੱਤਾ। ਅਬਦਾਲੀ ਦੇ ਲਾਹੌਰ ਤੋਂ ਤੁਰ ਪਏ ਦੀ ਖਬਰ ਸੁਣ ਕੇ ਕਮਰ ਦੀਨ ਸਰਹਿੰਦ ਰੁਕ ਗਿਆ। ਅਬਦਾਲੀ ਵੀ 11 ਮਾਰਚ 1748 ਨੂੰ ਸਰਹਿੰਦ ਪਹੁੰਚ ਗਿਆ ਅਤੇ ਲੜਾਈ ਸ਼ੁਰੂ ਹੋ ਗਈ। ਹਾਥੀ ਉਤੇ ਬੈਠੇ ਕਮਰ ਦੀਨ ਨੂੰ ਤੀਰ ਵੱਜ ਗਿਆ। ਉਸ ਦੇ ਪਿਛੇ ਬੈਠੇ ਉਸ ਦੇ ਬੇਟੇ ਮੰਨੂ ਨੇ ਆਪਣੇ ਪਿਤਾ ਨੂੰ ਫੜ ਕੇ ਰਖਿਆ, ਮਰਨ ਦੀ ਖਬਰ ਨਾ ਹੋਣ ਦਿੱਤੀ। ਅਬਦਾਲੀ ਹਾਰ ਗਿਆ। ਮੰਨੂ ਨੇ ਲਾਹੌਰ ਤੱਕ ਪਿੱਛਾ ਕਰਕੇ ਕਈ ਫੌਜੀ ਮਾਰ ਦਿੱਤੇ ਅਤੇ ਅਬਦਾਲੀ ਵਾਪਿਸ ਚਲਾ ਗਿਆ।

ਅਪਰੈਲ 1748 ਵਿਚ ਮੰਨੂ ਸਰਹਿੰਦ ਅਤੇ ਲਾਹੌਰ ਦਾ ਸੂਬੇਦਾਰ ਬਣ ਗਿਆ ਤੇ ਕੌੜਾ ਮੱਲ ਨੂੰ ਆਪਣਾ ਦੀਵਾਨ ਬਣਾ ਲਿਆ। ਕੌੜਾ ਮੱਲ ਨੇ ਲਖਪਤ ਰਾਏ ਨੂੰ ਕੈਦ ਕਰਕੇ ਬੁਰਜ ਵਿਚ ਬੰਦ ਕਰ ਕੇ ਸਿੰਘਾਂ ਨੂੰ ਦੇ ਦਿੱਤਾ। ਲੋਕ ਇੱਥੇ ਪਾਖਾਨਾ ਕਰਦੇ ਸਨ। ਨਰਕ ਦਾ 6 ਮਹੀਨੇ ਕਸ਼ਟ ਭੋਗ ਕੇ ਲਖਪਤ ਰਾਏ ਮਰ ਗਿਆ।

ਸਰਦਾਰ ਜੱਸਾ ਸਿੰਘ ਰਾਮਗੜੀਏ ਦੀ ਸੁਪਤਨੀ ਨੇ ਜੰਮਦੀ ਲੜਕੀ ਨੂੰ ਮਾਰ ਦੇਣ ਦੀ ਅਫਵਾਹ ਸੁਣ ਕੇ ਜੱਸਾ ਸਿੰਘ ਨੂੰ ਤਨਖਾਹੀਆ ਕਰਾਰ ਦੇ ਕੇ ਪੰਥ ਵਿਚੋਂ ਛੇਕ ਦਿੱਤਾ।

**ਸ. ਜੱਸਾ ਸਿੰਘ ਰਾਮਗੜੀਆ:** ਸੰਨ 1748 ਈਸਵੀ ਦੀ ਵਿਸਾਖੀ ਨੂੰ ਸਿੰਘਾਂ ਦੇ ਇਕੱਠ ਦੀ ਖਬਰ ਸੁਣ ਕੇ ਮੰਨੂ ਨੇ ਅਦੀਨਾ ਬੇਗ ਨੂੰ ਜਲੰਧਰੋਂ ਸੱਦ ਕੇ ਕੌੜਾ ਮੱਲ, ਸਦੀਕ ਬੇਗ ਤੇ ਹੋਰ ਅਧਿਕਾਰੀਆਂ ਨੂੰ ਫੌਜ ਦੇ ਕੇ ਸਿੰਘ ਫੜਨ ਲਈ ਸ੍ਰੀ ਅੰਮ੍ਰਿਤਸਰ ਭੇਜ ਦਿੱਤਾ। ਜਥੇ ਤਾਂ ਚਲੇ ਗਏ। ਕਿਲੇ ਵਿਚ ਥੋੜ੍ਹੇ ਜਿਹੇ ਸਿੰਘ ਰਹਿ ਗਏ। ਫੌਜ ਆਉਣ ਤੋਂ ਪਹਿਲਾਂ ਕਈ ਸਿੰਘ ਆਟਾ, ਦਾਣੇ ਅਤੇ ਘਾਹ ਘੋੜਿਆਂ ਉਤੇ ਲੱਦ ਕੇ ਰਾਮਗੜ੍ਹ ਲੈ ਆਏ। ਦੋ ਮਹੀਨੇ ਮੋਰਚੇ ਲੱਗੇ ਰਹੇ, ਸਿੰਘਾਂ ਕੋਲ ਘਾਹ ਅਤੇ ਦਾਣੇ ਘਟ ਗਏ।

ਸ. ਜੱਸਾ ਸਿੰਘ 4 ਭਰਾਵਾਂ ਅਤੇ 100 ਘੋੜ ਸਵਾਰਾਂ ਸਮੇਤ ਅਦੀਨਾ ਬੇਗ ਕੋਲ ਨੌਕਰ ਹੋ ਗਿਆ। ਉਸ ਸਮੇਂ ਪਿਆਦੇ ਦੀ ਤਨਖਾਹ 8 ਆਨੇ, ਘੋੜ ਸਵਾਰ ਇਕ ਰੁਪਿਆ ਅਤੇ ਸਰਦਾਰ ਦੀ ਤਨਖਾਹ 5 ਰੁਪਏ ਰੋਜ਼ਾਨਾ ਸੀ। ਸਿੰਘਾਂ ਉਤੇ



ਕਿਲਾ ਰਾਮਗੜ੍ਹ

ਗੋਲੀਆਂ ਚਲਾਉਣ ਦੀ ਧਰਮ ਆਗਿਆ ਨਹੀਂ ਦਿੰਦਾ। 'ਜਦੋਂ ਸਿੰਘਾਂ ਨੂੰ ਸਿੰਘ ਹੀ ਮਾਰੇ, ਕੀ ਕਰਨਗੇ ਸਿੰਘ ਬੇਚਾਰੇ?' ਜੱਸਾ ਸਿੰਘ ਨੇ ਜਥੇ ਨਾਲ ਸਲਾਹ ਕਰਕੇ ਤੀਰ ਨਾਲ ਚਿੱਠੀ ਬੰਨ ਕੇ ਕਿਲੇ ਵਿਚ ਭੇਜ ਦਿੱਤੀ। ਚਿੱਠੀ ਉਤੇ ਲਿਖਿਆ ਸੀ, "ਖਾਲਸਾ ਜੀ ਮੈਨੂੰ ਪੰਥ ਵਿਚ ਮੇਲ ਲਵੋ ਤਾਂ ਆ ਜਾਵਾਂ।" ਪੰਥ ਨੇ ਉਸੇ ਤੀਰ ਨਾਲ ਚਿੱਠੀ ਬੰਨ ਕੇ ਉਤਰ ਦਿੱਤਾ, "ਅਸੀ ਤੁਹਾਨੂੰ ਪੰਥ ਨਾਲ ਮੇਲਦੇ ਹਾਂ, ਆ ਜਾਓ। ਜੈਕਾਰਾ ਗਜਾ ਕੇ ਰਾਤ ਨੂੰ ਦਰਵਾਜਾ ਖੋਲਾਂਗੇ।"

ਮੁਸਲਮਾਨਾਂ ਦਾ ਅਸਲਾ, ਅਨਾਜ ਅਤੇ ਘਾਹ ਲੈ ਕੇ ਜੱਸਾ ਸਿੰਘ ਜਥੇ ਸਮੇਤ ਕਿਲੇ ਵਿਚ ਚਲਾ ਗਿਆ। ਪੰਥ ਨੇ ਜੈਕਾਰੇ ਗਜਾ ਕੇ ਸਵਾਗਤ ਕੀਤਾ। ਕਈ ਦਿਨ ਸਿੰਘ ਲੜਦੇ ਰਹੇ ਅਤੇ ਕਈ ਵਾਰੀ ਰਾਤ ਨੂੰ ਫੌਜ ਉਤੇ ਹਮਲਾ ਕਰ ਕੱਟ-ਵੱਢ ਕਰਕੇ ਕੱਚਾ-ਪੱਕਾ ਖੋਹ ਕੇ ਜੈਕਾਰੇ ਗੁਜਾਉਂਦੇ ਕਿਲੇ ਅੰਦਰ ਆ ਜਾਂਦੇ।

**ਕੌੜਾ ਮੱਲ ਦੀ ਮੌਤ ਤੋਂ ਬਾਅਦ ਮੁਸਲਮਾਨਾਂ ਨੇ ਝੂਠੇ ਦੋਸ਼ ਲਾ ਕੇ ਮੰਨੂ ਨੂੰ ਸਿੰਘਾਂ ਦੇ ਵਿਰੁਧ ਕਰ ਦਿੱਤਾ। ਮੰਨੂ ਨੇ ਜਗੀਰ ਜਬਤ ਕਰਕੇ ਸਿੰਘਾਂ ਦੇ ਸਿਰਾਂ ਦੇ ਮੁੱਲ ਪਾ ਦਿੱਤੇ। ਅਬਦਾਲੀ ਵਾਲੀ ਅਤੇ ਆਪਣੀ ਫੌਜ ਸਿੰਘਾਂ ਨੂੰ ਖਤਮ ਕਰਨ ਲਈ ਚਾੜ੍ਹ ਦਿੱਤੀ। ਹਰ ਰੋਜ ਅਰਦਾਸ ਕਰਦੇ ਹਾਂ, "ਜਿਨ੍ਹਾਂ ਸਿੰਘਣੀਆਂ ਨੇ ਸਵਾ ਸਵਾ ਮਣ ਦਾ ਪੀਸਣਾ ਪੀਸਿਆ, ਬੱਚਿਆਂ ਦੇ ਟੋਟੇ ਕਰਵਾ ਕੇ ਝੋਲੀਆਂ ਵਿਚ ਪਵਾਏ, ਸਿੱਖੀ ਸਿਦਕ ਨਹੀਂ ਹਾਰਿਆ...।" ਇਹ ਮੰਨੂ ਦੇ ਰਾਜ ਵਿਚ ਵਾਪਰਿਆ ਸੀ।**

**ਅਬਦਾਲੀ ਦਾ ਤੀਜਾ ਹਮਲਾ:** ਸੰਨ 1748 ਦੇ ਅਬਦਾਲੀ ਦੇ ਹਮਲੇ ਦੀ ਖਬਰ ਸੁਣ ਕੇ ਮੰਨੂ ਨੇ ਸਿੰਘਾਂ ਨਾਲ ਕੀ ਲੜਨਾ ਸੀ, ਹੋਰ ਬਿਪਤਾ ਪੈ ਗਈ। ਟੱਕਰ ਨਾ ਲੈਣ ਦੀ ਹਿੰਮਤ ਵੇਖ ਕੇ ਦਰਿਆ ਚਨਾਬ ਦੇ ਕੰਢੇ ਅਬਦਾਲੀ ਨੂੰ ਮਿਲ ਕੇ 15 ਲੱਖ ਰੁਪਿਆ ਦਿੱਤਾ। ਸਿਆਲਕੋਟ ਅਤੇ ਗੁਜਰਾਤ ਦਾ ਮਾਮਲਾ, ਜੋ ਸੂਬਾ ਜਕਰੀਆ ਖਾਨ ਅਤੇ ਬਿਜੇ ਖਾਂ (ਜਕਰੀਆ ਖਾਨ ਦਾ ਬੇਟਾ), ਅਬਦਾਲੀ ਨੂੰ ਭੇਜਦੇ ਸਨ, ਇਸ ਨੇ ਦੇਣਾ ਬੰਦ ਕਰ ਦਿੱਤਾ। ਉਹ ਵੀ ਲੈਣ ਦੀ ਲਿਖਤ ਕਰ ਕੇ ਅਬਦਾਲੀ ਵਾਪਿਸ ਚਲਾ ਗਿਆ। ਇਸ ਚਾਲ ਦਾ ਦਿੱਲੀ ਦੇ ਬਾਦਸ਼ਾਹ ਅਹਿਮਦ ਸ਼ਾਹ ਨੂੰ ਪਤਾ ਲੱਗਾ ਤਾਂ ਉਸ ਨੇ ਮੰਨੂ ਤੋਂ ਮੁਲਤਾਨ ਛਡਵਾ ਕੇ ਸ਼ਾਹ ਨਵਾਜ ਨੂੰ ਸੰਨ 1749 ਵਿਚ ਮੁਲਤਾਨ ਦਾ ਸੂਬੇਦਾਰ ਬਣਾ ਦਿੱਤਾ।

**ਸਿੰਘਾਂ ਦੀ ਮਦਦ ਨਾਲ ਮੁਲਤਾਨ 'ਤੇ ਜਿੱਤ:** ਮੰਨੂ ਨੇ ਕੌੜਾ ਮੱਲ ਨੂੰ ਹੁਕਮ ਦਿੱਤਾ, "ਸ਼ਾਹ ਨਵਾਜ ਨੂੰ ਮੁਲਤਾਨ ਵਿਚੋਂ ਕੱਢ ਕੇ ਆਪ ਰਾਜ ਕਰੋ।" ਕੌੜਾ ਮੱਲ ਨੇ ਸਿੰਘਾਂ ਦੀ ਬਹਾਦਰੀ ਅਤੇ ਭੋਲਾਪਨ ਦੱਸਿਆ, ਮੰਨੂ ਮੰਨ ਗਿਆ। ਕੌੜਾ ਮੱਲ ਨੇ ਸਿੰਘਾਂ ਨੂੰ ਤਨਖਾਹ ਅਤੇ ਹਰ ਰੋਜ ਕੜਾਹ ਪ੍ਰਸਾਦ ਦੀ ਦੇਗ ਦੇਣ ਦਾ ਵਾਅਦਾ ਕੀਤਾ। ਸਿੰਘ ਮੰਨ ਗਏ। ਜਕਰੀਆਂ ਖਾਨ ਦੇ ਪੁੱਤਰ ਨੂੰ ਸੋਧਣ ਲਈ ਅਕਤੂਬਰ 1749 ਵਿਚ ਸ. ਜੱਸਾ ਸਿੰਘ ਰਾਮਗੜੀਆ ਨੇ 10,000 ਸਿੰਘਾਂ ਨਾਲ ਮੁਲਤਾਨ ਜਾ ਘੇਰਿਆ।

ਕੋਈ 6 ਮਹੀਨੇ ਬਾਅਦ ਸ਼ਾਹ ਨਵਾਜ ਕੋਲ ਅਨਾਜ ਖਤਮ ਹੋ ਗਿਆ, ਹਾਥੀ ਉਤੇ ਚੜ੍ਹ ਕੇ ਕਿਲੇ ਵਿਚੋਂ ਨਿਕਲ ਕੇ ਲੜਨ ਲੱਗਾ। ਸਿੰਘਾਂ ਕਈ ਫੌਜੀ ਮਾਰ ਦਿੱਤੇ। ਭੀਮ ਸਿੰਘ ਨੇ ਸ਼ਾਹ ਨਵਾਜ ਦਾ ਸਿਰ ਵੱਢ ਕੇ ਨੇਜੇ ਉਤੇ ਟੰਗ ਕੇ ਕੌੜਾ ਮੱਲ ਦੇ ਪੇਸ਼ ਕਰ ਦਿੱਤਾ। ਕੌੜਾ ਮੱਲ ਨਗਾਰੇ ਵਜਾ ਕੇ ਕਿਲੇ ਵਿਚ ਜਾ ਵੜਿਆ। ਕੌੜਾ ਮੱਲ ਨੇ ਭੀਮ ਸਿੰਘ ਨੂੰ ਸੋਨੇ ਦੇ ਕੜਿਆਂ ਦੀ ਜੋੜੀ, ਸਸਤਰ-ਬਸਤਰ ਅਤੇ ਵਧੀਆ ਘੋੜਾ ਇਨਾਮ ਦਿੱਤਾ, ਸਿੰਘਾਂ ਦਾ ਰੇਸ਼ਮੀ ਬਸਤਰ ਦੇ ਕੇ ਸਨਮਾਨ ਕੀਤਾ। ਕੜਾਹ ਪ੍ਰਸਾਦ ਦੀ ਦੇਗ ਵਰਤਾਈ ਅਤੇ ਸਿੰਘਾਂ ਦੇ ਨਾਂ ਪੱਟੀ ਅਤੇ ਝਬਾਲ ਦੀ ਜਗੀਰ ਲਾ ਦਿੱਤੀ।

ਮੰਨੂ ਨੇ ਕੌੜਾ ਮੱਲ ਨੂੰ ਮੁਲਤਾਨ ਦੀ ਸੂਬੇਦਾਰੀ ਅਤੇ ਮਹਾਰਾਜੇ ਦਾ ਖਿਤਾਬ ਦਿੱਤਾ। ਕੌੜਾ ਮੱਲ ਨੇ ਸਿੰਘਾਂ ਨੂੰ 11 ਹਜ਼ਾਰ ਰੁਪਿਆ ਰਾਮਦਾਸ ਸਰੋਵਰ, ਜੋ ਲਖਪਤ ਰਾਏ ਅਤੇ ਜ਼ਕਰੀਆ ਖਾਨ ਦੇ ਬੇਟੇ ਬਿਜੇ ਖਾਂ ਨੇ ਪੂਰ ਦਿੱਤਾ ਸੀ, ਦੀ ਸਫਾਈ ਕਰਨ ਲਈ ਦਿੱਤਾ।

**ਅਬਦਾਲੀ ਦਾ ਚੌਥਾ ਹਮਲਾ:** ਮੁਲਤਾਨ, ਲਾਹੌਰ ਅਤੇ ਸਰਹਿੰਦ-ਤਿੰਨੇ ਸੂਬੇ ਮੰਨੂ ਦੇ ਹੱਥ ਆ ਗਏ। ਉਹ ਕਾਬਲ ਤੇ ਦਿੱਲੀ ਤੋਂ ਬਾਗੀ ਹੋ ਗਿਆ ਅਤੇ ਮਾਮਲਾ ਦੇਣ ਤੋਂ ਨਾਂਹ ਕਰ ਦਿੱਤੀ। ਅਬਦਾਲੀ ਨੇ ਮਾਮਲਾ ਲੈਣ ਲਈ ਪੰਜਾਬ ਉਤੇ 1750 ਈਸਵੀ ਵਿਚ ਚੌਥਾ ਹਮਲਾ ਕਰ ਦਿੱਤਾ। ਕੌੜਾ ਮੱਲ, ਸਦੀਕ ਬੇਗ ਅਤੇ ਅਦੀਨਾ ਬੇਗ ਆਦਿ ਫੌਜਾਂ ਲੈ ਕੇ ਲਾਹੌਰ ਆ ਗਏ। ਕੌੜਾ ਮੱਲ ਨੇ ਸਿੰਘਾਂ ਨੂੰ ਵੀ ਬੁਲਾ ਲਿਆ। ਅਬਦਾਲੀ ਵੀ ਫੌਜ ਲੈ ਕੇ ਲਾਹੌਰ ਆ ਗਿਆ। 4 ਮਹੀਨੇ ਮੋਰਚੇ ਲੱਗੇ ਰਹੇ।

ਮੰਨੂ ਕਿਲੇ ਵਿਚੋਂ ਨਿਕਲ ਕੇ ਲੜਨ ਲੱਗਾ। 3 ਦਿਨ ਲੜਾਈ ਹੁੰਦੀ ਰਹੀ। 5 ਮਾਰਚ 1751 ਨੂੰ ਹਾਥੀ ਦਾ ਪੈਰ ਕਬਰ ਵਿਚ ਧਸ ਗਿਆ ਅਤੇ ਕੌੜਾ ਮੱਲ ਹਾਥੀ ਸਣੇ ਡਿੱਗ ਗਿਆ। ਅਬਦਾਲੀ ਦਾ ਸਰਦਾਰ ਜਹਾਨ ਖਾਂ ਕੌੜਾ ਮੱਲ ਦਾ ਸਿਰ ਵੱਡ ਕੇ ਨੇਜੇ ਉਤੇ ਟੰਗ ਕੇ ਲੈ ਗਿਆ। ਦੋ ਮੀਲ ਤੱਕ ਲੋਥ ਉਤੇ ਲੋਥ ਚੜ੍ਹ ਗਈ। ਕਈ ਸਿੰਘ ਵੀ ਸ਼ਹੀਦ ਹੋ ਗਏ। ਫੌਜ ਤਿਤਰ-ਬਿਤਰ ਹੋ ਗਈ। ਸਿੰਘ ਵੀ ਚਲੇ ਗਏ। ਮੰਨੂ ਨੇ ਅਬਦਾਲੀ ਦੀ ਤਾਅਬੇਦਾਰੀ ਮੰਨ ਲਈ।

**ਮੰਨੂ ਨੂੰ ਮੁਆਫੀ:** ਅਗਲੇ ਦਿਨ ਮੰਨੂ ਸ਼ਾਲਾਮਾਰ ਵਿਚ ਅਬਦਾਲੀ ਕੋਲ ਪੇਸ਼ ਹੋਇਆ। ਅਬਦਾਲੀ ਨੇ ਸਤਿਕਾਰ ਨਾਲ ਕੋਲ ਬੈਠਾ ਕੇ ਪੁਛਿਆ, ਦੱਸ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ?

**ਮੰਨੂ:** ਜੇ ਆਪ ਕਿਰਪਾਲੂ ਬਾਦਸ਼ਾਹ ਹੋ, ਮੇਰਾ ਪਿਛਲਾ ਕਸੂਰ ਮੁਆਫ ਕਰ ਕੇ ਅੱਗੇ ਤੋਂ ਆਪਣੀ ਈਨ ਮੰਨਵਾ ਲਵੋ। ਜੇ ਜ਼ਾਲਮ ਹੋ, ਜਿਸ ਤਰ੍ਹਾਂ ਚਾਹੋ, ਮੈਨੂੰ ਮਾਰ ਦਿਓ। ਜੇ ਦੌਲਤ ਦੇ ਭੁੱਖੇ ਹੋ, ਦੌਲਤ ਲੈ ਕੇ ਚਲੇ ਜਾਓ।

**ਅਬਦਾਲੀ:** ਤੇਰੀ ਥਾਂ ਮੈਂ ਹੁੰਦਾ, ਮੇਰੇ ਨਾਲ ਕੀ ਸਲੂਕ ਕਰਦਾ?

**ਮੰਨੂ:** ਤੇਰਾ ਸਿਰ ਲਾਹ ਕੇ ਆਪਣੇ ਦਿੱਲੀ ਵਾਲੇ ਬਾਦਸ਼ਾਹ ਦੇ ਪੈਰਾਂ ਵਿਚ ਜਾ ਰੱਖਦਾ।

ਦਲੇਰੀ ਵਾਲਾ ਉਤਰ ਸੁਣ ਕੇ ਅਬਦਾਲੀ ਨੇ ਪਿਛਲਾ ਗੁਨਾਹ ਮੁਆਫ ਕਰਕੇ ਮੰਨੂ ਨੂੰ ਪੰਜਾਬ ਦੀ ਸੂਬੇਦਾਰੀ ਦੇ ਦਿੱਤੀ। ਮੰਨੂ ਕੋਲੋਂ 50 ਲੱਖ ਰੁਪਏ, 11 ਘੋੜੇ, 2 ਹਾਥੀ, ਸੋਨੇ-ਚਾਂਦੀ ਦੀਆਂ ਕਾਠੀਆਂ ਅਤੇ ਹੋਦੇ ਲੈ ਕੇ ਥੋੜੀ ਫੌਜ ਛੱਡ ਕੇ ਕਾਬਲ ਚਲਾ ਗਿਆ।

**ਸਿੰਘਾਂ ਉਤੇ ਬਿਪਤਾ:** ਕੌੜਾ ਮੱਲ ਦੀ ਮੌਤ ਤੋਂ ਬਾਅਦ ਮੁਸਲਮਾਨਾਂ ਨੇ ਝੂਠੇ ਦੋਸ਼ ਲਾ ਕੇ ਮੰਨੂ ਨੂੰ ਸਿੰਘਾਂ ਦੇ ਵਿਰੁਧ ਕਰ ਦਿੱਤਾ। ਮੰਨੂ ਨੇ ਜਗੀਰ ਜਬਤ ਕਰਕੇ ਸਿੰਘਾਂ ਦੇ ਸਿਰਾਂ ਦੇ ਮੁੱਲ ਪਾ ਦਿੱਤੇ। ਅਬਦਾਲੀ ਵਾਲੀ ਅਤੇ ਆਪਣੀ ਫੌਜ ਸਿੰਘਾਂ ਨੂੰ ਖਤਮ ਕਰਨ ਲਈ ਚਾੜ੍ਹ ਦਿੱਤੀ। ਹਰ ਰੋਜ ਅਰਦਾਸ ਕਰਦੇ ਹਾਂ, "ਜਿਨ੍ਹਾਂ ਸਿੰਘਣੀਆਂ ਨੇ ਸਵਾ ਸਵਾ ਮਣ ਦਾ ਪੀਸਣਾ ਪੀਸਿਆ, ਬੱਚਿਆਂ ਦੇ ਟੋਟੇ ਕਰਵਾ ਕੇ ਝੋਲੀਆਂ ਵਿਚ ਪਵਾਏ, ਸਿੱਖੀ ਸਿਦਕ ਨਹੀਂ ਹਾਰਿਆ...।" ਇਹ ਮੰਨੂ ਦੇ ਰਾਜ ਵਿਚ ਵਾਪਰਿਆ ਸੀ।

ਉਸ ਸਮੇਂ ਦੀ ਕਹਾਵਤ ਹੈ, "ਮੰਨੂ ਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ। ਮੰਨੂ ਸਾਨੂੰ ਵਡਦਾ ਜਿਉਂ ਜਿਉਂ, ਅਸੀਂ ਦੂਣ ਸਵਾਏ ਹੋਏ।

**ਸਵਾ ਮਣ ਦਾ ਪੀਸਣਾ:** ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, 'ਸਾਢੇ ਤ੍ਰੈ ਮਣ ਦੇਹੁਰੀ॥' ਇਕ ਮਣ=40 ਸੇਰ। ਆਦਮੀ ਦਾ ਭਾਰ ਲਗਭਗ 70 ਕਿਲੋ ਮੰਨਿਆ ਗਿਆ ਹੈ। 20 ਕਿਲੋ ਦਾ ਇਕ ਮਣ ਬਣਦਾ ਹੈ ਅਤੇ ਉਸ ਸਮੇਂ ਦਾ ਸਵਾ ਮਣ 25 ਕਿਲੋ ਦੇ ਬਰਾਬਰ ਹੋ ਸਕਦਾ ਹੈ।

ਕੋਤਵਾਲੀ ਵਿਚ ਲਗਭਗ 400 ਸਿੰਘਣੀਆਂ ਬੱਚਿਆਂ ਸਮੇਤ ਕੈਦ ਸਨ। ਹਰ ਰੋਜ਼ ਕਾਜੀ ਸਿੰਘਣੀਆਂ ਨੂੰ ਆਪਣੇ ਧਰਮ ਦੀ ਵਡਿਆਈ ਅਤੇ ਦੂਜੇ ਧਰਮਾਂ ਦੀ ਬੁਰਾਈ ਦੱਸਦਾ। ਮੰਨੂ ਨੇ ਵੀ ਬੜਾ ਜੋਰ ਲਾਇਆ, ਭੈ ਦਿਖਾਏ। ਇਕ ਬੜੀ ਸੁੰਦਰ ਸਿੰਘਣੀ 2 ਸਾਲ ਦੇ ਬੇਟੇ ਨਾਲ ਕੈਦ ਸੀ। ਕਾਜੀ ਉਸ ਨਾਲ ਨਿਕਾਹ ਕਰਨਾ ਚਾਹੁੰਦਾ ਸੀ, ਸਿੰਘਣੀਆਂ ਨੇ ਐਸਾ ਸਿਦਕ ਰੱਖਿਆ, ਇਕ ਵੀ




ਸ. ਜੱਸਾ ਸਿੰਘ ਰਾਮਗੜੀਆ

ਮੁਸਲਮਾਨ ਨਾ ਬਣੀ। ਬੱਚਿਆਂ ਦੇ ਟੋਟੇ ਕਰ ਕੇ ਮਾਂਵਾਂ ਦੀਆਂ ਝੋਲੀਆਂ ਵਿਚ ਪਾ ਦਿੱਤੇ ਗਏ। ਸੀਖਾਂ ਤੱਤੀਆਂ ਕਰ ਕੇ ਸਿੰਘਣੀਆਂ ਦੀਆਂ ਛਾਤੀਆਂ ਉਤੇ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

**ਮੰਨੂ ਦੀ ਮੌਤ:** ਬੱਚਿਆਂ ਦੀ ਕੁਰਲਾਹਟ, ਪਰਮੇਸਰ ਨੇ ਸੁਣੀ। 4 ਨਵੰਬਰ 1753 ਨੂੰ ਮੰਨੂ ਸ਼ਿਕਾਰ ਕਰਨ ਗਿਆ, ਘੋੜੇ ਤੋਂ ਡਿੱਗ ਕੇ ਪੈਰ ਰਕਾਬ ਵਿਚ ਫਸ ਗਿਆ। ਘਸੀਟੇ ਜਾਣ ਕਾਰਨ ਜਵਾਨੀ ਵਿਚ ਹੀ ਮਰ ਗਿਆ। ਮੰਨੂ ਨੇ ਫੌਜ ਨੂੰ ਤਨਖਾਹ ਨਹੀਂ ਸੀ ਦਿੱਤੀ, ਫੌਜ ਨੇ ਦਫਨ ਨਾ ਕਰਨ ਦਿੱਤਾ। ਮੰਨੂ ਨੂੰ ਕੀੜੇ ਪੈ ਗਏ। ਘਰ ਦਾ ਸਮਾਨ ਵੇਚ ਕੇ 5 ਦਿਨਾਂ ਬਾਅਦ ਮੰਨੂ ਦੀ ਘਰਵਾਲੀ



ਕਿਲਾ ਰਾਮਗੜ੍ਹ ਦੇ ਖੰਡਰ

ਮੁਰਾਦ ਬੇਗਮ ਨੇ ਫੌਜ ਨੂੰ ਤਨਖਾਹ ਦੇ ਕੇ ਮੰਨੂ ਨੂੰ ਕਬਰ ਵਿਚ ਦਫਨ ਕੀਤਾ। ਮੁਰਾਦ ਬੇਗਮ ਲਾਹੌਰ ਦੀ ਸੂਬੇਦਾਰ ਬਣ ਗਈ। ਕੁਝ ਸਮੇਂ ਬਾਅਦ ਮੰਨੂ ਦਾ 4 ਸਾਲ ਦਾ ਬੇਟਾ ਵੀ ਮਰ ਗਿਆ।

ਇਸ ਜ਼ੁਲਮ ਦੀ ਖਬਰ ਸਿੰਘਾਂ ਨੂੰ ਜੰਗਲ ਵਿਚ ਮਿਲੀ ਤਾਂ 2-3 ਹਜ਼ਾਰ ਸਿੰਘ ਮਾਝੇ ਦੇ ਪਿੰਡ ਮੁਕੰਦਪੁਰ ਦੇ ਕੱਚੇ ਕਿਲੇ ਵਿਚ ਆ ਗਏ। ਸਿੰਘਾਂ ਨੂੰ ਆਪਣੇ ਉਤੇ ਹੋਏ ਜ਼ੁਲਮ ਦਾ ਓਨਾ ਦੁੱਖ ਨਹੀਂ ਸੀ, ਜਿੰਨਾ ਬੱਚਿਆਂ ਅਤੇ ਸਿੰਘਣੀਆਂ ਉਤੇ ਹੋਏ ਜ਼ੁਲਮ ਦਾ ਸੀ। ਇੱਥੇ ਵੀ ਸਿੰਘਣੀਆਂ ਅਤੇ ਬੱਚੇ ਕੈਦ ਸਨ। ਕਿਲੇ ਵਿਚ ਸਾਰੀ ਫੌਜ ਨੂੰ ਸਿੰਘਾਂ ਨੇ ਕਤਲ ਕਰ ਕੇ ਘੋੜੇ ਅਤੇ ਜੰਗੀ ਸਮਾਨ ਲੈ ਕੇ ਸਿੰਘਣੀਆਂ ਨੂੰ ਉਨ੍ਹਾਂ ਦੇ ਘਰ ਭੇਜ ਕੇ ਆਪ ਜੰਗਲ ਵਿਚ ਚਲੇ ਗਏ।

# ਗੁਰਮਤਿ ਵਿਚ ਕਿਰਤ ਦਾ ਸੰਕਲਪ

ਸਾਡਾ ਸਮੁੱਚਾ ਆਲਾ ਦੁਆਲਾ ਵੱਡੇ ਵੱਡੇ ਪਹਾੜ, ਨਦੀਆਂ, ਸਮੁੰਦਰ, ਜੰਗਲ, ਚਮਕਦੇ ਤਾਰੇ, ਮਹਿਕਦੀ ਬਨਸਪਤੀ, ਚਹਿਕਦੇ ਪੰਛੀ-ਇੱਥੋਂ ਤੱਕ ਕਿ ਸਾਡੀ ਆਪਣੀ ਹੋਂਦ ਵੀ ਕਰਤੇ ਦੀ ਕਿਰਤ ਹੈ। ਕਿਰਤ ਰਾਹੀਂ ਹੀ ਸਮੁੱਚਾ ਪਸਾਰਾ ਹੋਂਦ ਵਿਚ ਆਉਂਦਾ ਹੈ।

ਆਪੀਨੈ ਆਪੁ ਸਾਜਿਓ
ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ
ਕਰਿ ਆਸਣੁ ਡਿਠੋ ਚਾਉ॥

ਪਰਮਾਤਮਾ ਨੇ ਆਪਣੇ ਆਪ ਨੂੰ ਸਾਜਣ ਪਿਛੋਂ ਸਾਰੇ ਬ੍ਰਹਿਮੰਡੀ ਪਸਾਰੇ ਦੀ ਰਚਨਾ ਕੀਤੀ। ਮਨੁੱਖ ਦੀ ਰਚਨਾ ਕਰਤੇ ਦੀ ਉਤਮ ਕਿਰਤ ਹੈ, ਜਿਸ ਨੂੰ ਸਰਦਾਰੀ ਦੀ ਉਪਾਧੀ ਨਾਲ ਨਿਵਾਜਿਆ ਗਿਆ ਅਤੇ ਬੁੱਧੀ ਦੀ



ਵਿਕਰਮਜੀਤ ਸਿੰਘ ਤਿਹਾੜਾ
ਫੋਨ: 91-98555-34961

ਦਾਤ ਪ੍ਰਾਪਤ ਹੋਈ। ਮਨੁੱਖ ਉਸ ਕਰਤੇ ਦਾ ਹੀ ਸਰੂਪ ਹੈ। ਮਨੁੱਖ ਅਤੇ ਪਰਮਾਤਮਾ ਵਿਚ ਸਰੂਪ ਦਾ ਕੋਈ ਭੇਦ ਨਹੀਂ, ਹਾਂ ਦਰਜੇ ਦਾ ਭੇਦ ਜ਼ਰੂਰ ਹੈ। ਮਨਸੂਰ-ਅਲ-ਹਲਾਬ ਅਨੁਸਾਰ ਦਿੱਵਤਾ ਮਾਨਵਤਾ ਵਿਚ ਸਾਕਾਰ ਹੋਈ ਹੈ, ਕਿਉਂਕਿ ਮਨੁੱਖ ਰੱਬ ਦੀਆਂ ਸੱਭੇ ਵਿਸ਼ੇਸ਼ਤਾਵਾਂ ਤੇ ਨਾਂਵਾਂ ਦਾ ਪ੍ਰਤਿਰੂਪ ਹੈ, ਜਿਸ ਰਾਹੀਂ ਰੱਬ ਪ੍ਰਗਟ ਹੋਇਆ ਹੈ। ਮਨੁੱਖ ਵਿਚ ਕਰਤੇ ਵਾਲੇ ਸਾਰੇ ਕਰਤਾਰੀ ਗੁਣ ਮੌਜੂਦ ਹਨ। ਜਿਨ੍ਹਾਂ ਨੂੰ ਉਜਾਗਰ ਕਰਕੇ ਮਨੁੱਖ ਇਕ ਉਚੇਰੀ ਹਸਤੀ ਹੋ ਕੇ ਨਿਬੜਦਾ ਹੈ। ਮਨੁੱਖ ਵਿਚ ਸਭ ਤੋਂ ਅਹਿਮ ਗੁਣ ਕਿਰਤ ਦਾ ਹੈ, ਜਿਸ ਦੇ ਆਧਾਰ 'ਤੇ ਹੀ ਮਨੁੱਖ ਨੇ ਸਮੁੱਚਾ ਵਿਕਾਸ ਕੀਤਾ। ਆਪਣੇ ਆਪ ਨੂੰ ਜੀਵਤ ਰੱਖਣ ਲਈ ਕਿਰਤ ਹੀ ਸਭ ਤੋਂ ਪਹਿਲਾ ਸਾਧਨ ਬਣੀ। ਮਨੁੱਖ ਨੇ ਆਪਣੀ ਤਾਕਤ ਨੂੰ ਆਪਣੀ ਬੁੱਧੀ ਰਾਹੀਂ ਕਿਰਤ ਦੇ ਰੂਪ ਵਿਚ ਸਾਕਾਰ ਕੀਤਾ। ਮਨੁੱਖ ਪੱਥਰ ਯੁੱਗ ਤੋਂ ਅੱਜ ਦੇ ਅਤਿ-ਆਧੁਨਿਕ ਯੁੱਗ ਤੱਕ ਆ ਪਹੁੰਚਿਆ, ਜਿਸ ਦਾ ਰਾਜ ਮਨੁੱਖ ਦਾ ਦ੍ਰਿੜ ਇਰਾਦਾ ਅਤੇ ਆਪਣੀ ਕਿਰਤ ਵਿਚ ਜੁਟੇ ਰਹਿਣਾ ਹੀ ਸੀ। ਖਲੀਲ ਜਿਬਰਾਨ ਅਨੁਸਾਰ "ਤੁਹਾਡਾ ਕੰਮ ਵਿਚ ਜੁਟੇ ਰਹਿਣਾ ਵਾਸਤਵ ਵਿਚ ਤੁਹਾਡਾ ਜੀਵਨ ਨੂੰ ਪਿਆਰ ਕਰਨਾ ਹੀ ਹੈ।"

ਗੁਰਮਤਿ ਵਿਚ ਕਿਰਤ ਦੇ ਸੰਕਲਪ ਨੂੰ ਬਹੁਤ ਮਹਾਨਤਾ ਦਿੱਤੀ ਗਈ ਹੈ। ਗੁਰਮਤਿ ਇਕ ਕਿਰਤੀ ਮਨੁੱਖ ਦੀ ਉਸਾਰੀ ਕਰਦੀ ਹੈ, ਜੋ ਕਿਸੇ 'ਤੇ ਬੋਝ ਨਹੀਂ ਬਣਦਾ ਸਗੋਂ ਸਰਬੱਤ ਦਾ ਭਲਾ ਲੋਚਦਿਆਂ ਹੋਰਾਂ ਦਾ ਸਹਾਰਾ ਬਣਦਾ ਹੈ। ਇਹ ਮਾਰਗ ਸੂਰਮਿਆਂ, ਯੋਧਿਆਂ ਅਤੇ ਬਹਾਦਰਾਂ ਦਾ ਮਾਰਗ ਹੈ, ਜੋ ਸਮਾਜ ਦੇ ਵਰਤਾਰਿਆਂ ਤੋਂ ਡਰ ਕੇ ਪਹਾੜਾਂ ਜਾਂ ਜੰਗਲਾਂ ਵਿਚ ਜਾ ਡੇਰਾ ਨਹੀਂ ਲਾਉਂਦੇ, ਸਗੋਂ ਹਰ ਵਕਤ ਅੰਦਰੂਨੀ ਅਤੇ ਬਾਹਰੀ ਜੰਗ ਲਈ ਤਿਆਰ ਰਹਿੰਦੇ ਹਨ।

ਖਾਲਸਾ ਸੋਇ ਜੋ ਚੜ੍ਹੇ ਤੁਰੰਗ॥
ਖਾਲਸਾ ਸੋਇ ਜੋ ਕਰੇ ਨਿਤ ਜੰਗ॥

ਗੁਰਸਿੱਖ ਇਸ ਸੰਸਾਰ ਵਿਚ ਰਹਿੰਦਿਆਂ ਹੀ ਸੁਤੰਤਰ ਜੀਵਨ ਨੂੰ ਮਾਣਦਾ ਹੈ। ਪਰਮਾਤਮਾ ਦੇ ਨਾਮ ਵਿਚ ਰੰਗਿਆ ਮਨੁੱਖ ਸੂਰਮੇ ਵਾਂਗ ਵਿਕਾਰਾਂ ਨਾਲ ਜੂਝਦਾ ਅਤੇ ਜਿੱਤ ਪ੍ਰਾਪਤ ਕਰਦਾ ਹੈ। ਸਿੱਖੀ ਦਾ ਮਾਰਗ ਸਮਾਜ ਨੂੰ ਸਿਖਰ ਤੱਕ ਲੈ ਕੇ ਜਾਣ ਵਾਲਾ ਹੈ। ਗੁਰਮਤਿ ਸਮਾਜ ਤੋਂ ਭਾਂਜਵਾਦੀ ਪ੍ਰਵਿਰਤੀ ਦੀ ਹਾਮੀ ਨਹੀਂ ਭਰਦੀ। ਗੁਰਮਤਿ ਦਾ ਪਾਂਧੀ ਆਪਣੇ ਪਰਿਵਾਰ ਵਿਚ ਰਹਿੰਦਿਆਂ ਸਮਾਜਕ ਭਲਾਈ ਲਈ ਹਮੇਸ਼ਾ ਤਤਪਰ ਰਹਿੰਦਾ ਹੈ। ਗੁਰਸਿੱਖੀ ਦੇ ਮਾਰਗ ਵਿਚ ਅਜਿਹੇ ਮਹਾਨ ਵਿਅਕਤੀ ਵੀ ਹਨ, ਜੋ ਆਪਣਾ ਪੂਰਾ ਜੀਵਨ ਸਮਾਜ ਦੀ ਭਲਾਈ ਨੂੰ ਸਮਰਪਿਤ ਕਰ ਦਿੰਦੇ ਤੇ ਆਪਣੇ ਨਿੱਜ ਤੋਂ ਉਤੇ ਉਠ ਕੇ ਵਿਚਰਦੇ ਹਨ, ਜਿਨ੍ਹਾਂ ਦਾ ਪਰਿਵਾਰਕ ਘੇਰਾ ਬ੍ਰਹਿਮੰਡ ਵਾਂਗ ਵਿਸ਼ਾਲ ਹੁੰਦਾ ਹੈ। ਅਜਿਹੀ ਸ਼ਖਸੀਅਤ ਸਦਾ ਸਤਿਕਾਰ ਦਾ ਪਾਤਰ ਬਣਦੀ ਹੈ।

ਸਿੱਖ ਧਰਮ ਜਿੱਥੇ ਆਪਣੇ ਵਿਲੱਖਣ ਇਤਿਹਾਸ ਅਤੇ ਮਹਾਨ ਕਾਰਨਾਮਿਆਂ ਕਰਕੇ ਮਹਾਨ ਹੈ, ਉਥੇ ਨਾਲ ਹੀ ਗੁਰਮਤਿ ਦੇ ਸਿਧਾਂਤ ਨਵੀਂ ਚੇਤਨਾ ਦਾ ਵਿਕਾਸ ਕਰਦੇ ਹਨ। ਸਿੱਖ ਧਰਮ ਕਿਰਤ ਨੂੰ ਕੇਵਲ ਆਰਥਕ ਪੱਧਰ ਤੱਕ ਸੀਮਿਤ ਨਹੀਂ ਰਹਿਣ ਦਿੰਦਾ, ਬਲਕਿ ਕਿਰਤ ਦਾ ਸਬੰਧ ਧਾਰਮਕ, ਸਮਾਜਕ ਅਤੇ ਮਾਨਸਿਕ ਪੱਧਰਾਂ ਨਾਲ ਵੀ ਜੋੜਦਾ ਹੈ। ਡਾ. ਜਸਵੰਤ ਸਿੰਘ ਨੇਕੀ ਅਨੁਸਾਰ "ਸਿੱਖ ਧਰਮ ਵਿਚ ਕਿਰਤ ਕਰਨ ਨੂੰ ਦੁਨਿਆਵੀ ਕਾਰਜ ਨਹੀਂ, ਧਾਰਮਕ ਕਾਰਜ ਦਾ ਦਰਜਾ ਦਿੱਤਾ ਗਿਆ ਹੈ ਪਰ ਇਹ ਕਿਰਤ ਸੱਚੀ ਹੋਵੇ, ਦਸਾਂ ਨਹੁੰਆਂ ਦੀ ਕਿਰਤ ਅਥਵਾ ਧਰਮ ਕਿਰਤ।"

ਸਿੱਖੀ ਵਿਚ ਕਿਰਤ ਕਰਨੀ ਪੂਜਾ ਕਰਨ ਦੇ ਤੁਲ ਹੈ। ਇਹ ਅਰਦਾਸ ਹੁੰਦੀ ਹੈ, ਸ਼ੁਕਰਾਨੇ ਦੀ। ਕਿਰਤ ਕੇਵਲ ਕਮਾਈ ਦਾ ਸਾਧਨ ਨਹੀਂ, ਪਰਮਾਤਮਾ ਦੀ ਸ਼ੁਕਰਗੁਜ਼ਾਰੀ ਦਾ ਸਾਧਨ ਵੀ ਹੈ। ਜੇ ਅਸੀਂ ਵਾਹਿਗੁਰੂ ਦੇ ਦਿੱਤੇ ਹੱਥ ਮਿਹਨਤ ਨਾਲ ਸੁੱਚੇ ਰੱਖ ਸਕਦੇ ਹਾਂ ਤਾਂ ਇਹ ਇਕ ਪ੍ਰਕਾਰ ਦਾ ਸ਼ੁਕਰਾਨਾ ਕਰਨਾ ਹੀ ਤਾਂ ਹੈ।

ਪ੍ਰੋ. ਪੂਰਨ ਸਿੰਘ ਅਨੁਸਾਰ "ਜਿਸ ਦੇ ਹੱਥ ਵਿਚ ਕਿਰਤ ਨਹੀਂ, ਉਹ ਨਿਕੰਮਾ ਆਦਮੀ ਹੈ। ਉਹ ਕਦੇ ਉਚ ਜੀਵਨ ਦੇ ਮਰਮਾਂ ਨੂੰ ਅਨੁਭਵ ਨਹੀਂ ਕਰ ਸਕਦਾ।"

ਇਸ ਪ੍ਰਕਾਰ ਹੀ ਗੁਰਮਤਿ ਸੁਕ੍ਰਿਤ ਭਾਵ ਸ੍ਰੇਸ਼ਠ ਕਿਰਤ 'ਤੇ ਜ਼ੋਰ ਦਿੰਦੀ ਹੈ, ਜਿਸ ਅਨੁਸਾਰ ਮਨੁੱਖ ਨੂੰ ਆਪਣੀ ਕਿਰਤ ਪ੍ਰਤੀ ਇਮਾਨਦਾਰ ਰਹਿਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਦਾ ਮਲਿਕ ਭਾਗੋ ਨੂੰ ਛੱਡ ਭਾਈ ਲਾਲੋ ਜਿਹੇ ਗਰੀਬ ਕਿਰਤੀ ਦੇ ਘਰ ਜਾਣਾ, ਕਿਰਤ ਦੀ ਮਹਾਨਤਾ ਨੂੰ ਦਰਸਾਉਂਦਾ ਹੈ। ਇਸ ਤਰ੍ਹਾਂ ਕਿਰਤ ਦੇ ਨਾਲ ਕਿਰਤੀ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਗਿਆ ਹੈ। ਕਿਰਤ ਚਾਹੇ ਕੋਈ ਵੀ ਹੋਵੇ, ਕਿਰਤ ਕਰਨ ਵਾਲਾ ਕਿਰਤੀ ਸਤਿਕਾਰਯੋਗ ਹੈ, ਕਿਉਂਕਿ ਉਸ ਨੇ ਸੰਘਰਸ਼ਮਈ ਜੀਵਨ ਨੂੰ ਅਪਨਾਇਆ ਹੁੰਦਾ ਹੈ। ਕਿਰਤ ਕਰਨਾ ਇਕ ਸੰਘਰਸ਼ ਹੈ, ਜੋ ਸਾਡੀ ਆਪਣੀ ਅਤੇ ਇਕ ਚੰਗੇ ਸਮਾਜ ਦੀ ਘਾੜ੍ਹਤ ਘੜ੍ਹਦਾ ਹੈ। ਜਿਸ ਕੌਮ ਵਿਚ ਕਿਰਤੀ ਪੈਦਾ ਹੋਏ, ਉਹ ਸਿਖਰਾਂ 'ਤੇ ਅੱਪੜ ਗਈ। ਇਹ ਕਿਰਤੀਆਂ ਦੀ ਬਦੌਲਤ ਹੋਇਆ ਕਿ ਭੂਮੀ ਨੂੰ ਵਾਹੁਣਯੋਗ ਬਣਾ ਅੰਨ ਪੈਦਾ ਕੀਤਾ ਗਿਆ, ਵੱਡੀਆਂ-ਵੱਡੀਆਂ ਸੁੰਦਰ ਇਮਾਰਤਾਂ ਨੂੰ ਕਿਰਤੀਆਂ ਨੇ ਆਪਣੇ ਮੋਢਿਆਂ 'ਤੇ ਖੜ੍ਹਾ ਕੀਤਾ। ਅਸਲ ਵਿਚ ਕੋਈ ਦੇਸ਼ ਕਿਰਤੀਆਂ ਦੇ ਸਿਰ 'ਤੇ ਹੀ ਕਾਇਮ ਹੁੰਦਾ ਅਤੇ ਆਪਣੀ ਹੋਂਦ ਨੂੰ ਕਾਇਮ ਰੱਖਦਾ ਹੈ। ਇਸ ਲਈ ਕਿਰਤੀ ਮਨੁੱਖ ਇਕ ਚੰਗੇ ਸਮਾਜ ਦਾ ਰਚੈਤਾ ਹੋ ਨਿਬੜਦਾ ਹੈ।

'ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ' ਗੁਰਮਤਿ ਦਾ ਪ੍ਰਮੁੱਖ ਸਿਧਾਂਤ ਹੈ। ਅਧਿਆਤਮਕ ਜੀਵਨ ਲਈ 'ਨਾਮ', ਨਿੱਜੀ ਤੇ ਸਮਾਜਕ ਜੀਵਨ ਲਈ 'ਕਿਰਤ' ਅਤੇ 'ਵੰਡ ਛਕਣ' ਦੀ ਲੋੜ ਹੁੰਦੀ ਹੈ।

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

ਗੁਰਸਿੱਖੀ ਦਾ ਮਾਰਗ ਅਧਿਆਤਮਕ ਪ੍ਰਾਪਤੀ ਲਈ ਕਿਰਤ ਨਾਲੋਂ ਨਹੀਂ ਤੋੜਦਾ। ਕਿਰਤ ਦੇ ਨਾਲ ਹੀ ਅਧਿਆਤਮਕ ਪ੍ਰਾਪਤੀ ਦੀ ਹਾਮੀ ਭਰਦਾ ਹੈ। ਗੁਰਸਿੱਖ ਆਪਣੇ ਅਧਿਆਤਮਕ ਜੀਵਨ ਕਾਰਨ ਪਦਾਰਥਵਾਦ ਵਿਚ ਏਨਾ ਖਚਿਤ ਨਹੀਂ ਹੁੰਦਾ ਕਿ ਉਹ ਹਰ ਵਸਤੂ, ਮਨੁੱਖ ਅਤੇ ਭਾਵਨਾਵਾਂ ਦਾ ਜਿਣਸੀਕਰਣ ਕਰ ਦੇਵੇ। ਨਾਮ ਜਪਣ ਦਾ ਸਿਧਾਂਤ ਉਸ ਦੀ ਬਿਰਤੀ ਨੂੰ ਹਮੇਸ਼ਾ ਉਚੇਰਾ ਬਣਾ ਕੇ ਰੱਖਦਾ ਹੈ, ਜਿਸ ਕਾਰਨ ਗੁਰਸਿੱਖ ਆਪਹੁਦਰੇਪਣ, ਸੁਆਰਥ, ਲਾਲਚ, ਧੋਖੇ ਅਤੇ ਭ੍ਰਿਸ਼ਟਾਚਾਰ ਤੋਂ ਬਚਿਆ ਰਹਿੰਦਾ ਹੈ। ਗੁਰਮਤਿ ਮਨੁੱਖ ਦਾ ਪੂਰਨ ਵਿਕਾਸ ਕਰਦੀ ਹੈ। ਇੰਜ ਮਨੁੱਖ ਸਮਾਜਕ ਵਿਕਾਸ ਦੇ ਨਾਲ ਮਾਨਸਿਕ ਅਤੇ ਆਤਮਕ ਵਿਕਾਸ ਵੀ ਕਰਦਾ ਹੈ। ਭਗਤ ਕਬੀਰ ਦੇ ਸਲੋਕਾਂ ਵਿਚ ਭਗਤ ਤ੍ਰਿਲੋਚਨ ਅਤੇ ਭਗਤ ਨਾਮਦੇਵ ਦਾ ਵਾਰਤਾਲਾਪ ਇਸ ਸਿਧਾਂਤ ਦੀ ਵਿਆਖਿਆ ਬਹੁਤ ਹੀ ਸੁੰਦਰ ਢੰਗ ਨਾਲ ਕਰਦਾ ਹੈ, ਜਿਸ ਵਿਚ ਭਗਤ ਨਾਮਦੇਵ ਹੱਥੀਂ ਕਿਰਤ ਕਰਨ ਦੇ ਨਾਲ ਹੀ ਆਪਣੀ ਸੁਰਤਿ ਨੂੰ ਪਰਮਾਤਮਾ ਵਿਚ ਜੋੜੀ ਰੱਖਣ ਦਾ ਵਰਣਨ ਕਰਦੇ ਹਨ:

ਨਾਮਾ ਕਹੈ ਤਿਲੋਚਨਾ
ਮੁਖ ਤੇ ਰਾਮ ਸੰਮਾਲਿ॥
ਹਾਥ ਪਾਉ ਕਰਿ ਕਾਮੁ
ਸਭੁ ਚੀਤੁ ਨਿਰੰਜਨ ਨਾਲਿ॥

ਕਿਰਤ ਸਾਨੂੰ ਜ਼ਿੰਦਗੀ ਦੇ ਅਨੇਕਾਂ ਅਨੁਭਵ ਕਰਾਉਣ ਦੇ ਨਾਲ ਸਕੂਨ ਦਿੰਦੀ ਹੈ। ਕਿਰਤ ਕਰਨੀ ਤਾਂ ਮਨੁੱਖ ਦੀ ਖਾਸ ਵਿਲੱਖਣਤਾ ਹੈ, ਕਰਤਾਰ ਦੀ ਉਚੇਰੀ ਮਿਹਰ। ਕਿਰਤੀ ਦੀ ਰੱਬ ਆਪ ਮਦਦ ਕਰਨ ਆਉਂਦਾ ਹੈ, ਕਿਉਂਕਿ ਕਿਰਤੀ ਕੇਵਲ ਆਪਣੇ ਲਈ ਕੰਮ ਨਹੀਂ ਕਰਦਾ, ਉਹ ਰੱਬ ਦੇ ਰਚੇ ਸਾਰੇ ਸੰਸਾਰ ਲਈ ਕਰਦਾ ਹੈ। ਕਿਰਤੀ ਮਿਹਨਤੀ ਹੁੰਦਾ ਹੈ ਤੇ ਮਿਹਨਤ ਨਾਲ ਤਾਂ ਪੱਥਰਾਂ ਵਿਚੋਂ ਵੀ ਅੱਗ ਕੱਢੀ ਜਾ ਸਕਦੀ ਹੈ। ਕਿਰਤ ਨਾਲ ਮਨੁੱਖ ਕੇਵਲ ਆਪਣੀਆਂ ਲੋੜਾਂ ਹੀ ਪੂਰੀਆਂ ਨਹੀਂ ਕਰਦਾ, ਅਕੇਵੇਂ ਤੋਂ ਵੀ ਬਚਦਾ ਹੈ ਤੇ ਪਾਪ ਕਰਮਾਂ ਲਈ ਵਿਹਲ ਤੋਂ ਵੀ। ਤਦੇ ਤਾਂ ਸਤਿਗੁਰਾਂ ਕਿਰਤ ਦਾ ਗੁਰ ਦ੍ਰਿੜ ਕਰਾਇਆ ਹੈ।

ਵਿਹਲੇ ਰਹਿਣ ਵਾਲੇ ਮਨੁੱਖ ਹਮੇਸ਼ਾ ਮਾਨਸਿਕ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਇਕ ਅਖੌਤ ਅਨੁਸਾਰ "ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ।" ਆਪਣੇ ਅੰਦਰ ਚੰਗੀਆਂ ਨੈਤਿਕ ਕਦਰਾਂ-ਕੀਮਤਾਂ ਦਾ ਵਿਕਾਸ ਕਰਨ ਲਈ ਕਿਰਤ ਬਹੁਤ ਜ਼ਰੂਰੀ ਹੈ। ਪੰਜਾਬੀ ਸਾਹਿਤ ਵਿਚ ਮੋਹਨ ਭੰਡਾਰੀ ਦੀ ਲਿਖੀ ਕਹਾਣੀ 'ਘੋਟਣਾ' ਇਕ ਪਾਤਰ ਦੀ ਅਜਿਹੀ ਅਸ਼ਾਂਤ ਮਾਨਸਿਕ ਸਥਿਤੀ ਦਾ ਵਰਣਨ ਕਰਦੀ ਹੈ, ਜੋ ਕਿਰਤ ਨਾ ਕਰਨ ਕਰ ਕੇ ਪੈਦਾ ਹੁੰਦੀ ਹੈ। ਕਿਰਤ ਸਾਨੂੰ ਮਾਨਸਿਕ ਤ੍ਰਿਪਤੀ ਦਿੰਦੀ ਹੈ ਅਤੇ ਜ਼ਿੰਦਗੀ ਨੂੰ ਮਹਿਕ ਨਾਲ ਭਰਦੀ ਹੈ, ਜਿਸ ਨਾਲ ਅਸੀਂ ਮਹਿਕਦੇ ਹੋਏ ਜ਼ਿੰਦਗੀ ਨੂੰ ਮਾਣਦੇ ਹਾਂ। ਕਿਰਤ ਤੋਂ ਬਿਨਾ ਜ਼ਿੰਦਗੀ ਇਸ ਪ੍ਰਕਾਰ ਦੀ ਹੈ, ਜਿਵੇਂ ਅਸੀਂ ਆਪਣੇ ਜੀਵਨ ਨੂੰ ਪਿਆਰ ਨਾ ਕਰਦੇ ਹੋਈਏ, ਜਿਸ ਵਿਚ ਅਸੀਂ ਕੇਵਲ ਭੋਗਦੇ ਹਾਂ ਪਦਾਰਥਾਂ ਨੂੰ। ਮਨੁੱਖ ਇਕ ਕਰਮ ਜੂਨੀ ਹੈ, ਜਿਸ ਲਈ ਕਰਮ ਕਰਨ ਭਾਵ ਕਿਰਤ ਦੀ ਬਹੁਤ ਮਹੱਤਤਾ ਹੈ। ਮਨੁੱਖ ਜਿਹੋ ਜਿਹੇ ਕਰਮ ਕਰੇਗਾ, ਵੈਸਾ ਹੀ ਪ੍ਰਾਪਤ ਕਰੇਗਾ ਅਤੇ ਅੰਤ ਨਿਬੇੜਾ ਵੀ ਕਰਮਾਂ ਦਾ ਹੀ ਹੋਣਾ ਹੈ:

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥

ਇਸ ਤਰ੍ਹਾਂ ਕਿਰਤ ਦੀ ਮਹਾਨਤਾ ਸਾਡੇ ਲਈ ਹੋਰ ਵੀ ਵੱਧ ਜਾਂਦੀ ਹੈ। ਗੁਰ-ਇਤਿਹਾਸ ਵਿਚ ਅਸੀਂ ਦੇਖਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ 'ਤੇ ਨਿਕਲਣ ਤੋਂ ਪਹਿਲਾਂ ਮੋਦੀਖਾਨੇ ਵਿਚ ਨੌਕਰੀ ਕੀਤੀ ਅਤੇ ਉਦਾਸੀਆਂ ਉਪਰੰਤ ਕਰਤਾਰਪੁਰ ਸਾਹਿਬ ਵਿਖੇ ਤਕਰੀਬਨ 17 ਸਾਲ ਹੱਥੀਂ ਕਿਰਤ (ਖੇਤੀਬਾੜੀ) ਕੀਤੀ ਅਤੇ ਦੁਨੀਆਂ ਦੇ ਸਾਹਮਣੇ ਇਕ ਵਿਲੱਖਣ ਮਿਸਾਲ ਕਾਇਮ ਕਰ ਦਿੱਤੀ। ਗੁਰੂ ਅੰਗਦ ਦੇਵ ਜੀ ਦਾ ਹਰ ਹੁਕਮ ਨੂੰ ਮੰਨ ਸੇਵਾ ਵਿਚ ਹਾਜ਼ਰ ਰਹਿਣਾ, ਗੁਰੂ ਅਮਰਦਾਸ ਜੀ ਵਲੋਂ 12 ਸਾਲ ਖਡੂਰ ਸਾਹਿਬ ਵਿਖੇ ਗਾਗਰ ਢੋਣ ਦੀ ਸੇਵਾ ਕਰਨਾ ਅਤੇ ਇਸ ਤਰ੍ਹਾਂ ਹੀ ਗੁਰੂ ਰਾਮਦਾਸ ਜੀ ਵਲੋਂ ਸਿਰ ਉਤੇ ਇੱਟਾਂ, ਚੂਨਾ ਅਤੇ ਟੋਕਰੀ ਢੋਣਾ ਆਦਿ ਅਤੇ ਗੁਰੂ ਅਰਜਨ ਦੇਵ ਜੀ ਵਲੋਂ ਜੋੜਿਆਂ ਦੀ ਸੇਵਾ ਕਰਨਾ ਕਿਰਤ ਕਰਨ ਦੀ ਇਕ ਸ਼ਾਨਦਾਰ ਮਿਸਾਲ ਹੈ, ਜਿਸ ਤੋਂ ਸੇਧ ਲੈ ਕੇ ਅਸੀਂ ਆਪਣੇ ਜੀਵਨ ਦੀ ਘਾੜਤ ਘੜ ਸਕਦੇ ਹਾਂ।

ਅਸੀਂ ਕਹਿ ਸਕਦੇ ਹਾਂ ਕਿ ਕਿਰਤ ਜੀਵਨ ਦੀ ਨਿਸ਼ਾਨੀ ਹੈ। ਕਿਰਤ ਤੋਂ ਬਿਨਾ ਜੀਵਨ ਵਿਚ ਅਨੰਦ ਅਤੇ ਸ਼ਾਂਤੀ ਨਹੀਂ ਮਿਲ ਸਕਦੇ। ਗੁਰਮਤਿ ਸ੍ਰੇਸ਼ਠ ਕਿਰਤ ਕਰਨ ਦਾ ਸਿਧਾਂਤ ਪੇਸ਼ ਕਰਦੀ ਹੈ। ਹਰ ਗੁਰਸਿੱਖ ਕਿਰਤ ਕਰਦਿਆਂ ਪਰਮਾਤਮਾ ਦੀ ਬੰਦਗੀ ਵਿਚ ਲੀਨ ਰਹਿੰਦਾ ਹੈ, ਜਿਸ ਨਾਲ ਉਹ ਇਕ ਆਦਰਸ਼ਕ ਇਨਸਾਨ ਹੋ ਨਿਬੜਦਾ ਹੈ। ਇਸ ਲਈ ਅੱਜ ਵੱਧ ਤੋਂ ਵੱਧ ਲੋੜ ਹੈ ਕਿ ਅਸੀਂ ਕਿਰਤੀ ਜੀਵਨ ਜੀਵੀਏ। ਇਸ ਤੋਂ ਬਿਨਾ ਜੀਵਨ ਦਾ ਕੋਈ ਅਰਥ ਨਹੀਂ ਅਤੇ ਕਿਰਤ ਕਰਦਿਆਂ ਅਜਿਹੇ ਸਮਾਜ ਦੀ ਸਿਰਜਣਾ ਕਰੀਏ, ਜੋ ਸਭ ਵਲੋਂ ਸਿਰਜਿਆ ਅਤੇ ਸਭਨਾਂ ਲਈ ਹੋਵੇ।

# ਬਾਬੇ ਨਾਨਕ ਦਾ ਫਲਸਫਾ ਅਤੇ ਕਰਤਾਰਪੁਰ ਲਾਂਘਾ

ਦੁਨੀਆਂ ਵਿਚ ਜਿਥੇ ਵੀ ਕਿਤੇ ਧਰਤੀ ਦੀ ਵੰਡ ਹੋਈ, ਉਥੇ ਖਿੱਤਿਆਂ ਦੇ ਨਾਂ ਬਦਲ ਗਏ। ਭਾਰਤ ਨਾਲੋਂ ਇਕ ਖਿੱਤਾ ਵੱਖ ਹੋਇਆ ਤਾਂ ਪਾਕਿਸਤਾਨ ਬਣ ਗਿਆ। ਬੰਗਾਲ ਦੀ ਵੰਡ ਹੋਈ ਤਾਂ ਪੱਛਮੀ ਬੰਗਾਲ ਤੇ ਬੰਗਲਾ ਦੇਸ਼ ਬਣ ਗਏ। ਕੋਰੀਆ ਦੀ ਵੰਡ ਹੋਈ ਤਾਂ ਉਤਰੀ ਕੋਰੀਆ ਅਤੇ ਦੱਖਣੀ ਕੋਰੀਆ ਬਣ ਗਏ ਪਰ ਜਦ ਪੰਜਾਬ ਵੰਡਿਆ ਗਿਆ ਤਾਂ ਪੰਜਾਬ, ਪੰਜਾਬ ਹੀ ਰਿਹਾ, ਭਾਵੇਂ ਪੰਜ ਦਰਿਆ ਵੰਡੇ ਗਏ, ਢਾਈ-ਢਾਈ ਰਹਿ ਗਏ। ਇਹ ਰਾਜ਼ ਸਮਝ ਨਾ ਆਇਆ!



ਡਾ. ਪਰਮਜੀਤ ਸਿੰਘ ਕੱਟੂ
ਫੋਨ: 91-70873-20578

ਬਹੁਤੀ ਵਾਰ ਸਿਆਣਿਆਂ ਨਾਲ ਗੱਲ ਹੁੰਦੀ ਤਾਂ ਆਖਦੇ ਕਿ ਇਹ ਰਾਜਨੀਤੀ ਹੈ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਵੰਡੇ ਜਾਣ ਦਾ ਅਹਿਸਾਸ ਹੀ ਨਾ ਹੋਵੇ। ਸਿਆਣਿਆਂ ਦੇ ਇਸ ਤਰਕ ਵਿਚ ਵਜ਼ਨ ਲੱਗਦਾ ਰਿਹਾ ਪਰ ਕਰਤਾਰਪੁਰ ਲਾਂਘੇ ਦੇ ਮੁੱਦੇ ਨੇ ਨਵੇਂ ਸਿਰਿਓਂ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਭਾਵੇਂ ਨਵਜੋਤ ਸਿੰਘ ਸਿੱਧੂ ਦੇ ਬਿਆਨ ਹੋਣ ਜਾਂ ਇਮਰਾਨ ਖਾਨ ਦੇ ਬਿਆਨ। ਇਨ੍ਹਾਂ ਦੇ ਸ਼ਬਦਾਂ ਵਿਚੋਂ ਬਾਬੇ ਨਾਨਕ ਦੇ ਫਲਸਫੇ ਦੀ ਗੂੰਜ ਸੁਣਾਈ ਦੇ ਰਹੀ ਹੈ ਕਿਉਂਕਿ ਇਹ ਜੋ ਕੁਝ ਵਾਪਰ ਰਿਹਾ ਹੈ, ਇਹ ਸਿਆਸਤ ਤੋਂ ਪਾਰ ਦੀ ਗੱਲ ਹੈ। ਸਿਆਸਤ ਨੇ ਤਾਂ ਵੰਡ ਕਰਵਾਈ ਸੀ ਤੇ ਇਹ ਲਾਂਘਾ ਖੁੱਲ੍ਹਣ ਦੀ ਘਟਨਾ ਸਿਆਸਤ ਤੋਂ ਪਾਰ ਜਾ ਕੇ ਹੀ ਵਾਪਰ ਸਕਦੀ ਹੈ। ਸਿਆਸਤ ਤੋਂ ਪਾਰ ਜਾਣ ਦਾ ਫਲਸਫਾ ਹੀ ਤਾਂ ਬਾਬੇ ਨਾਨਕ ਦਾ ਫਲਸਫਾ ਹੈ, ਜਿਸ ਵੱਲ ਇਸ਼ਾਰਾ ਪ੍ਰੋ. ਪੂਰਨ ਸਿੰਘ ਕਰ ਗਏ ਸਨ:

ਪੰਜਾਬ ਨਾ ਹਿੰਦੂ ਨਾ ਮੁਸਲਮਾਨ
ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਂ 'ਤੇ।

ਪੰਜਾਬ ਦੇ ਗੁਰਾਂ ਦੇ ਨਾਂ 'ਤੇ ਜੀਣ ਦੀ ਕਥਾ ਦੁਨੀਆਂ ਦੀ ਬਹੁਤ ਪਿਆਰੀ ਕਥਾ ਹੈ। ਬਾਬਾ ਨਾਨਕ ਦੇ ਆਗਮਨ ਭਾਵ 1469 ਈਸਵੀ ਤੋਂ ਲੈ ਕੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਦੇ ਜੋਤੀ-ਜੋਤ ਸਮਾਉਣ ਭਾਵ 1708 ਤਕ ਪੰਜਾਬ ਦੀ ਧਰਤੀ ਉਪਰ ਐਸੀ ਰਹਿਮਤ ਦੀ ਬਰਖਾ ਹੋਈ ਕਿ ਪੰਜਾਬ ਦੀ ਆਬੋ-ਹਵਾ ਬਦਲ ਗਈ। ਇਸ 239 ਸਾਲਾਂ ਦੇ ਸਮੇਂ ਵਿਚ ਪੰਜਾਬ ਦੀ ਜੈਨੇਟਿਕਸ ਬਦਲ ਗਈ। ਇਸ ਤਬਦੀਲੀ ਦੀ ਨੀਂਹ ਗੁਰੂ ਨਾਨਕ ਦੇਵ ਨੇ ਰੱਖੀ।

ਬਾਬੇ ਨਾਨਕ ਨੇ ਬਾਣੀ ਰਾਹੀਂ ਸਰਬੱਤ ਦੇ ਭਲੇ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਬਾਣੀ ਅਤੇ ਸੰਗੀਤ ਦਾ ਬੇਮਿਸਾਲ ਸੰਗਮ ਕੀਤਾ ਅਤੇ ਹੋਰਨਾਂ ਬਾਣੀਕਾਰਾਂ ਦੀ ਬਾਣੀ ਇਕੱਤਰ ਕੀਤੀ। ਇਹ ਗੱਲ ਰਾਬਿੰਦਰ ਨਾਥ ਟੈਗੋਰ ਦੇ ਹਵਾਲੇ ਨਾਲ ਸਾਹਮਣੇ ਆ ਚੁਕੀ ਹੈ ਕਿ ਜਦੋਂ ਟੈਗੋਰ ਨੂੰ ਪੁੱਛਿਆ ਗਿਆ ਕਿ ਉਹ ਰਾਸ਼ਟਰੀ ਗੀਤ ਤੋਂ ਬਾਅਦ ਅੰਤਰਰਾਸ਼ਟਰੀ ਗੀਤ ਲਿਖਣ ਬਾਰੇ ਕੀ ਸੋਚਦੇ ਹਨ ਤਾਂ ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਗੀਤ ਲਿਖਣ ਬਾਰੇ ਸੋਚਿਆ ਸੀ ਪਰ ਜਦੋਂ ਤੋਂ ਗੁਰੂ ਨਾਨਕ ਦੇਵ ਦੀ ਆਰਤੀ ਦਾ ਪਾਠ ਕੀਤਾ ਤਾਂ ਪਤਾ ਲੱਗਾ ਕਿ ਗੁਰੂ ਨਾਨਕ ਦੇਵ ਜੀ ਆਰਤੀ ਦੇ ਰੂਪ ਵਿਚ ਰਚ ਗਏ ਹਨ। ਇਹੀ ਨਹੀਂ, ਉਨ੍ਹਾਂ ਸਮਿਆਂ ਵਿਚ ਆਰਤੀ ਇਕ ਵਿਸ਼ੇਸ਼ ਧਾਰਮਕ ਰੀਤ ਸੀ ਤੇ ਆਰਤੀ ਦੇ ਸਮਵਿੱਥ ਆਰਤੀ ਦੀ ਰਚਨਾ ਕਰਨਾ ਤੇ ਉਸ ਨੂੰ ਬ੍ਰਹਿਮੰਡੀ ਸਰੋਕਾਰਾਂ ਨਾਲ ਜੋੜਨਾ ਇਹ ਗੁਰੂ ਜੀ ਦੀ ਅਦੁੱਤੀ ਦੇਣ ਸੀ।

ਬਾਬੇ ਨਾਨਕ ਨੇ ਗੋਸ਼ਟਿ ਦੇ ਰੂਪ ਵਿਚ ਸੰਵਾਦ ਪਰੰਪਰਾ ਨੂੰ ਨਵੀਨਤਾ ਬਖਸ਼ੀ। 'ਕਲਿ ਕਾਤੀ ਰਾਜੇ ਕਸਾਈ' ਕਹਿ ਕੇ ਨਾਬਰੀ ਤੇ ਬਰਾਬਰੀ ਦਾ ਸੰਦੇਸ਼ ਦਿੱਤਾ। ਖੇਤਾਂ ਨੂੰ ਪਾਣੀ ਦੇ ਕੇ ਸਮਕਾਲੀ ਧਾਰਮਕ ਪਖੰਡ ਦਾ ਵਿਰੋਧ ਕੀਤਾ। 'ਨੀਚਾਂ ਅੰਦਰਿ ਨੀਚ ਜਾਤ' ਦਾ ਪ੍ਰਵਚਨ ਦਿੰਦਿਆਂ ਦੱਬਿਆਂ-ਕੁਚਲਿਆਂ ਦੀ ਬਾਂਹ ਫੜੀ। 'ਸੋ ਕਿਉ ਮੰਦਾ ਆਖੀਐ' ਦੇ ਪ੍ਰਵਚਨ ਰਾਹੀਂ ਔਰਤ ਨੂੰ ਮਾਣ ਦਿੱਤਾ। ਮਲਿਕ ਭਾਗੋ ਦੇ ਪੂੜਿਆਂ 'ਚੋਂ ਲਹੂ ਤੇ ਭਾਈ ਲਾਲੋ ਦੀ ਰੋਟੀ 'ਚੋਂ ਦੁੱਧ ਦਿਖਾ ਕੇ ਅੱਖਾਂ ਦੇ ਪਰਦੇ ਲਾਹ ਦਿੱਤੇ। ਠੱਗ ਨੂੰ ਸੱਜਣ ਕਰ ਦਿੱਤਾ। ਚਹੁੰ ਦਿਸ਼ਾਵਾਂ ਵਿਚ ਮੱਕਾ ਦਿਖਾ ਦਿੱਤਾ। ਯੋਗ ਨੂੰ ਗੁਰੁਤਾਗੱਦੀ ਦੇ ਕੇ ਸਮਰੱਥਾ ਦਾ ਪੈਮਾਨਾ ਨਿਰਧਾਰਤ ਕੀਤਾ। ਕਿਰਤ ਕਰੋ, ਵੰਡ ਛਕੋ, ਨਾਮ ਜਪੋ ਦਾ ਉਪਦੇਸ਼ ਦਿੱਤਾ ਤੇ ਆਪ ਲਾਸਾਨੀ ਜੀਵਨ ਜੀਅ ਕੇ ਵਿਸ਼ਵ ਨੂੰ ਨਵੀਂ ਰੌਸ਼ਨੀ ਬਖਸ਼ੀ। ਬਾਬੇ ਨਾਨਕ ਨੇ ਹਰ ਤਰ੍ਹਾਂ ਦੀਆਂ ਸਰਹੱਦਾਂ ਪਾਰ ਕੀਤੀਆਂ ਭਾਵੇਂ ਧਾਰਮਕ ਪਖੰਡ ਦੀਆਂ ਹੋਣ, ਨਾਬਰੀ ਦੀਆਂ ਹੋਣ, ਬਰਾਬਰੀ ਦੀਆਂ ਹੋਣ, ਭਾਵੇਂ ਮੁਲਕਾਂ ਦੀਆਂ ਹੋਣ, ਭਾਸ਼ਾਵਾਂ ਦੀਆਂ ਅਤੇ ਭਾਵੇਂ ਪਰੰਪਰਾ ਦੀਆਂ ਸਰਹੱਦਾਂ ਹੋਣ। ਬਾਬਾ ਨਾਨਕ ਬਿੰਦੂ ਤੋਂ ਬ੍ਰਹਿਮੰਡ ਤੀਕ ਹਰ ਵਸਤ-ਵਰਤਾਰੇ ਨੂੰ ਮੁਖਾਤਿਬ ਹੋਏ, ਉਪਦੇਸ਼ ਦਿੱਤਾ ਤੇ ਬਦਲ ਕੇ ਰੱਖ ਦਿੱਤਾ। ਇਹ ਸਾਰਾ ਕੁਝ ਇਸ ਤਰ੍ਹਾਂ ਪਹਿਲੀ ਵਾਰ ਦੁਨੀਆਂ ਵਿਚ ਵਾਪਰ ਰਿਹਾ ਸੀ।

ਜਦੋਂ ਮੈਂ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਗੁਰੂ ਸਾਹਿਬ ਨੇ ਪੰਜਾਬ ਦੀ ਆਬੋ-ਹਵਾ ਬਦਲੀ ਤਾਂ ਇਸ ਵਿਚ ਸਾਰਾ ਕੁਝ ਬਹੁਤ ਹੀ ਕਮਾਲ ਦੇ ਢੰਗ ਨਾਲ ਵਿਧੀਵਤ ਰੂਪ ਵਿਚ ਵਾਪਰਦਾ ਹੈ। ਇਹ ਆਪਣੇ ਆਪ ਵਿਚ ਵੱਖਰੇ ਲੇਖਾਂ ਦੀ ਮੰਗ ਕਰਦਾ ਹੈ ਪਰ ਸੰਖੇਪ ਵਿਚ ਕਹਿਣਾ ਹੋਵੇ ਤਾਂ ਨਾਨਕ ਜੋਤ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੀ ਸਿਰਜਣਾ ਦੇ ਨਾਲ-ਨਾਲ ਉਨ੍ਹਾਂ ਦੀ ਭਾਸ਼ਾਈ ਦੇਣ ਹੀ ਸੀ ਕਿ ਪੰਜਾਬੀ ਭਾਸ਼ਾ ਇਸ ਕਦਰ ਸਮਰੱਥ ਹੋ ਸਕੀ। ਨਗਰ ਨਿਰਮਾਣ ਕਰਵਾਏ, ਜੋ ਆਪਣੇ ਆਪ ਵਿਚ ਆਰਕੀਟੈਕਟ ਦਾ ਬਿਹਤਰੀਨ ਕਲਮਾਤਮਕ ਨਮੂਨਾ ਹੈ। ਪਾਣੀ ਦੀ ਸਾਂਭ-ਸੰਭਾਲ ਵਿਚ ਵੀ ਉਨ੍ਹਾਂ ਦਾ ਵਡਮੁੱਲਾ ਯੋਗਦਾਨ ਰਿਹਾ ਹੈ। ਨਿਰੰਤਰ ਕੀਰਤਨ ਪ੍ਰਵਾਹ ਸ਼ੁਰੂ ਕਰਕੇ ਗੁਰੂ ਜੀ ਨੇ ਸੰਗੀਤ ਦੀ ਪਰੰਪਰਾ ਨੂੰ ਵਿਸ਼ਾਲ ਕੀਤਾ। ਉਨ੍ਹਾਂ ਵਲੋਂ ਲਾਵਾਂ ਦੀ ਸਿਰਜਣਾ ਨੇ ਭਾਰਤੀ ਸਭਿਆਚਾਰ ਦੇ ਸਮਵਿੱਥ ਵਿਆਹ ਪ੍ਰਬੰਧ ਨੂੰ ਨਵਾਂ ਰੂਪ ਦਿੱਤਾ ਅਤੇ ਸਿੱਖ ਸਭਿਆਚਾਰ ਵਿਚ ਲਾਵਾਂ ਦੀ ਰਸਮ ਰਾਹੀਂ ਵਿਆਹ ਨੂੰ ਅਧਿਆਤਮ ਰੰਗਤ ਦਿੱਤੀ।

ਆਦਿ ਗ੍ਰੰਥ ਦੀ ਸੰਪਾਦਨਾ ਦਾ ਕਾਰਜ ਆਪਣੇ ਆਪ ਵਿਚ ਦੁਨੀਆਂ ਦੀ ਵਿਲੱਖਣ ਮਿਸਾਲ ਹੈ। ਆਦਿ ਗ੍ਰੰਥ ਲਈ ਕਾਗਜ਼ ਤਿਆਰ ਕਰਵਾਉਣਾ, ਕਲਮ ਬਣਵਾਉਣੀ ਆਦਿ ਕਲਾਤਮਕ ਕਾਰਜ ਸਨ। ਹਰਿਮੰਦਰ ਸਾਹਿਬ ਦੀ ਉਸਾਰੀ ਵਾਸਤੂ ਕਲਾ ਦਾ ਲਾਸਾਨੀ ਕਾਰਜ ਹੈ। ਲੋੜ ਪੈਣ 'ਤੇ ਸ਼ਹਾਦਤ ਦਿੱਤੀ ਜੋ ਬਾਅਦ ਵਿਚ ਸਿੱਖ ਧਰਮ ਦੀ ਲਾਸਾਨੀ ਪਰੰਪਰਾ ਬਣ ਗਈ। ਮੀਰੀ-ਪੀਰੀ ਦੀ ਘਟਨਾ, ਅਕਾਲ ਤਖਤ ਸਾਹਿਬ ਦੀ ਸਥਾਪਨਾ, ਇਹ ਆਉਣ ਵਾਲੇ ਸਮੇਂ ਵਿਚ ਖਾਲਸਾ ਪੰਥ ਦਾ ਆਧਾਰ ਬਣੇ। ਹਿੰਦੂ ਧਰਮ ਦੀ ਰੱਖਿਆ ਲਈ ਆਪਣਾ ਸੀਸ ਦਿੱਤਾ। ਖਾਲਸਾ ਪੰਥ ਦੀ ਸਿਰਜਣਾ ਸਮੇਂ ਵਸਤਰ, ਚਿੰਨ੍ਹ ਆਦਿ ਸਾਰਾ ਕੁਝ ਕਲਾ ਦਾ ਉਤਮ ਨਮੂਨਾ ਹਨ। ਦਸਮੇਸ਼ ਪਿਤਾ ਨੇ ਕੌਮ ਦੀ ਸਿਰਜਣਾ ਲਈ ਸਰਬੰਸ ਵਾਰ ਦਿੱਤਾ। ਗੁਰੂ ਸਾਹਿਬਾਨ ਦੁਆਰਾ ਵੱਖ-ਵੱਖ ਨਗਰਾਂ ਨੂੰ ਵਸਾਉਣਾ, ਉਥੇ ਕੰਧ-ਚਿੱਤਰਕਾਰੀ ਦਾ ਬੇਮਿਸਾਲ ਕਾਰਜ ਕਰਵਾਉਣਾ ਕਲਾ ਦੇ ਵਡੇਰੇ ਨਮੂਨੇ ਹਨ।

ਗੁਰੂ ਗ੍ਰੰਥ ਸਾਹਿਬ ਨੂੰ ਮੈਂ ਬ੍ਰਹਿਮੰਡੀ ਪਾਵਨ ਘਟਨਾ ਵਜੋਂ ਤੇ ਗੁਰੂ ਪੰਥ ਨੂੰ ਬ੍ਰਹਿਮੰਡੀ ਭਾਈਚਾਰੇ ਵਜੋਂ ਦੇਖਦਾ ਹਾਂ। ਗੁਰੂ ਸਾਹਿਬਾਨ ਨੇ ਪੰਜਾਬ ਦੀ ਆਬੋ-ਹਵਾ ਬਦਲ ਦਿੱਤੀ ਸੀ ਤੇ ਪੰਜਾਬ ਨੂੰ ਸਰਬੱਤ ਦੇ ਭਲੇ ਦਾ ਕੇਂਦਰ ਬਣਾ ਦਿੱਤਾ ਸੀ। ਕਰਤਾਰਪੁਰ ਲਾਂਘੇ ਦੀ ਘਟਨਾ ਗੁਰੂ ਨਾਨਕ ਦੇਵ ਵਲੋਂ ਲਾਏ ਗਏ ਸਾਂਝੀਵਾਲਤਾ ਦੇ ਬਿਰਖ ਦੀ ਇਕ ਸ਼ਾਖ ਹੈ ਤੇ ਇਸ ਬਿਰਖ ਦੀਆਂ ਰਹਿਮਤਾਂ ਦੀ ਥਾਹ ਨਹੀਂ ਪਾਈ ਜਾ ਸਕਦੀ। ਆਓ, ਜ਼ਰਾ ਭਾਈ ਗੁਰਦਾਸ ਤੋਂ ਬਾਬੇ ਨਾਨਕ ਦੀ ਮਹਿਮਾ ਸੁਣੀਏ। ਬਾਬਾ ਨਾਨਕ ਸਾਰੀ ਕਾਇਨਾਤ ਨੂੰ ਤਾਰਨ ਵਾਲੇ ਨੇ ਤੇ ਕਰਤਾਰਪੁਰ ਲਾਂਘੇ ਨੂੰ ਬਾਬੇ ਨਾਨਕ ਦੇ ਸਰਬੱਤ ਦੇ ਭਲੇ ਦੇ ਸਿਧਾਂਤ ਰਾਹੀਂ ਸਮਝੀਏ:

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ
ਤਾਰੇ ਛਪੇ ਅੰਧੇਰ ਪਲੋਆ॥
ਸਿੰਘ ਬੁਕੇ ਮਿਰਗਾਵਲੀ
ਭੰਨੀ ਜਾਏ ਨ ਧੀਰ ਧਰੋਆ॥
ਜਿਥੈ ਬਾਬਾ ਪੈਰ ਧਰੈ
ਪੂਜਾ ਆਸਣ ਥਾਪਣ ਸੋਆ॥
ਸਿਧ ਆਸਣ ਸਭ ਜਗਤ ਦੇ
ਨਾਨਕ ਆਦ ਮਤੇ ਜੇ ਕੋਆ॥
ਘਰ ਘਰ ਅੰਦਰ ਧਰਮਸਾਲ
ਹੋਵੈ ਕੀਰਤਨ ਸਦਾ ਵਿਸੋਆ॥
ਬਾਬੇ ਤਾਰੇ ਚਾਰ ਚਕ ਨੌ ਖੰਡ
ਪ੍ਰਿਥਮੀ ਸਚਾ ਢੋਆ॥
ਗੁਰਮੁਖ ਕਲਿ ਵਿਚ ਪਰਗਟ ਹੋਆ॥

# ਕੁਬਜਾਂ

**ਮਰਾਠੀ ਦੇ ਉਘੇ ਲੇਖਕ ਨਰ ਸਿੰਘ ਬੇਂਡੇ ਦੀ ਕਹਾਣੀ 'ਕੁਬਜਾਂ' ਪਿਆਰ ਲਈ ਤਰਸਦੀਆਂ ਤਾਂਘਾਂ ਦੀ ਕਹਾਣੀ ਹੈ। ਇਕ ਨੰਨ੍ਹੀ ਕੁੜੀ ਦੇ ਆਲੇ-ਦੁਆਲੇ ਬੁਣੀ ਕਹਾਣੀ ਜਿਉਂ-ਜਿਉਂ ਅਗਾਂਹ ਤੁਰਦੀ ਜਾਂਦੀ ਹੈ, ਪਾਠਕ ਦੀ ਉਤਸੁਕਤਾ ਵੀ ਵਧਦੀ ਜਾਂਦੀ ਹੈ ਅਤੇ ਕਹਾਣੀ ਦਾ ਅੰਤ ਸਬਰ ਦੇ ਸਭ ਬੰਨ੍ਹ ਤੋੜ ਦਿੰਦਾ ਹੈ। ਇਸ ਕਹਾਣੀ ਦਾ ਅਨੁਵਾਦ ਉਘੇ ਨਾਵਲਕਾਰ ਮਰਹੂਮ ਨਾਨਕ ਸਿੰਘ ਦਾ ਕੀਤਾ ਹੋਇਆ ਹੈ। -ਸੰਪਾਦਕ**

## ਮਰਾਠੀ ਕਹਾਣੀ

ਉਸ ਦਾ ਅਸਲ ਨਾਂ ਸੀ ਵੇਣੂ, ਪਰ ਅਸੀਂ ਸਾਰਾ ਟੱਬਰ ਉਸ ਨੂੰ ਕੁਬਜਾਂ ਕਹਿ ਕੇ ਬੁਲਾਉਂਦੇ ਹੁੰਦੇ ਸਾਂ, ਤੇ ਉਹ ਵੀ ਅੱਗਿਓਂ ਸੁਭਾਵਕ ਤੌਰ ਤੇ 'ਹਾਂ' ਕਹਿ ਦਿੰਦੀ ਹੁੰਦੀ ਸੀ।

ਬਾਰਾਂ ਵਰ੍ਹੇ ਪਹਿਲਾਂ ਜਦ ਕੁਬਜਾਂ ਦਾ ਜਨਮ ਹੋਇਆ ਸੀ, ਤਾਂ ਉਹ ਅਸਾਂ ਸਭ ਭੈਣਾਂ ਭਰਾਵਾਂ ਨਾਲੋਂ ਕਾਲੀ ਹੋਵੇਗੀ ਪਰ ਮੇਰੀ ਮਾਂ ਨੂੰ ਉਹ ਹੋਰ ਵੀ ਕਰੂਪ ਜਾਪਦੀ ਸੀ। ਇਸ ਦਾ ਕਾਰਨ ਇਹ ਹੈ ਕਿ ਜਿਸ ਦਿਨ ਕੁਬਜਾਂ ਦਾ ਜਨਮ ਹੋਇਆ, ਉਸੇ ਦਿਨ ਮੇਰਾ ਸਕਾ ਮਾਮਾ ਪਲੇਗ ਨਾਲ ਚੜ੍ਹਾਈ ਕਰ ਗਿਆ। ਮੇਰੀ ਮਾਂ ਕਹਿੰਦੀ ਹੁੰਦੀ ਸੀ, "ਇਹ ਚੁੜੇਲ ਤਾਂ ਜੰਮਣ ਵੇਲੇ ਮੈਨੂੰ ਵੀ ਮਾਰ ਦੇਣ ਲੱਗੀ ਸੀ।"

ਵੇਣੂ ਅਰਥਾਤ ਕੁਬਜਾਂ ਵੀ ਮੇਰੀ ਅਤੇ ਮੇਰੀਆਂ ਤਿੰਨਾਂ ਭੈਣਾਂ ਦੀ ਸਕੀ ਭੈਣ ਹੀ ਸੀ ਪਰ ਪਤਾ ਨਹੀਂ ਕਿਉਂ, ਤਿੰਨੇ ਭੈਣਾਂ ਉਸ ਨੂੰ ਨਫਰਤ ਕਰਦੀਆਂ ਸਨ। ਸ਼ਾਇਦ ਇਸ ਕਰ ਕੇ ਕਿ ਉਹ ਤਿੰਨੇ ਸੋਹਣੀਆਂ ਅਤੇ ਇਹ ਕ-ਸੋਹਣੀ ਸੀ।

ਕਿਸੇ ਨਾ ਕਿਸੇ ਕਾਰਨ ਵਿਚਾਰੀ ਵੇਣੂ ਰੋਜ਼ ਪੰਜ-ਛੇ ਵਾਰੀ ਰੋਂਦੀ ਸੀ। ਇਸ ਤੋਂ ਛੁਟ ਉਹ ਦਿਨ ਵਿਚ ਕਈ ਵਾਰੀ ਰੁੱਸਦੀ ਵੀ ਸੀ, ਪਰ ਕਦੀ ਕਿਸੇ ਉਸ ਨੂੰ ਮਨਾਇਆ ਨਹੀਂ ਸੀ। ਉਹ ਆਪੇ

**ਨਰ ਸਿੰਘ ਬੇਂਡੇ**
**ਅਨੁਵਾਦਕ: ਨਾਨਕ ਸਿੰਘ ਨਾਵਲਿਸਟ**

ਰੋ-ਧੋ ਕੇ ਚੁੱਪ ਕਰ ਜਾਂਦੀ ਹੁੰਦੀ ਸੀ, ਤੇ ਦਿਲ ਦਾ ਗੁਬਾਰ ਕੱਢਣ ਲਈ ਉਨ੍ਹਾਂ ਦੀਆਂ ਸਾਂਗਾਂ ਲਾਉਣ ਲੱਗ ਪੈਂਦੀ।

ਅੱਜ ਅਸਾਂ ਕਿਸੇ ਦਾਅਵਤ 'ਤੇ ਜਾਣਾ ਸੀ। ਸੱਦਾ ਤਾਂ ਸਾਰੇ ਟੱਬਰ ਨੂੰ ਆਇਆ ਸੀ ਪਰ ਵਿਚਾਰੀ ਕੁਬਜਾਂ ਨੂੰ ਛੱਡ ਕੇ ਬਾਕੀ ਸਾਰੀਆਂ ਭੈਣਾਂ ਜਾਣ ਦੀ ਤਿਆਰੀ ਕਰ ਰਹੀਆਂ ਸਨ, ਤੇ ਮੈਂ ਇਕਲਵਾਂਜੇ ਖਲੋਤਾ ਆਪਣਾ ਰੁਮਾਲ ਤਹਿ ਕਰਦਾ ਹੋਇਆ ਉਨ੍ਹਾਂ ਵੱਲ ਤੱਕ ਰਿਹਾ ਸਾਂ। ਇਸੇ ਵੇਲੇ ਮੈਂ ਵੇਖਿਆ ਕਿ ਕੁਬਜਾਂ ਪੀਂ-ਪੀਂ ਦੀ ਬੇ-ਸੁਰੀ ਆਵਾਜ਼ ਕੱਢਦੀ ਹੋਈ ਆ ਪਹੁੰਚੀ। ਉਸ ਦੇ ਪੈਰ ਚਿੱਕੜ ਨਾਲ ਭਰੇ ਹੋਏ ਸਨ, ਤੇ ਉਸ ਦੀ ਮੈਲੀ-ਕੁਚੈਲੀ ਘੱਗਰੀ ਉਤੇ ਪਾਣੀ ਦੀਆਂ ਛਿੱਟਾਂ ਦਿਖਾਈ ਦਿੰਦੀਆਂ ਸਨ। ਜਿਹੜੀ ਉਸ ਨੇ ਕੁੜਤੀ ਪਾਈ ਹੋਈ ਸੀ, ਉਸ ਦਾ ਸਿਰਫ ਇਕੋ ਬਟਨ ਮੀਟਿਆ ਹੋਇਆ ਸੀ ਜਿਸ ਕਰ ਕੇ ਉਸ ਦੇ ਢਿੱਡ ਦਾ ਕੁਝ ਹਿੱਸਾ ਦਿਖਾਈ ਦੇ ਰਿਹਾ ਸੀ। ਉਹ ਪਿੱਪਲ ਦੇ ਪੱਤੇ ਦੀ ਪੀਪਨੀ ਬਣਾ ਕੇ ਵਜਾਉਣ ਡਹੀ ਹੋਈ ਸੀ ਜਿਸ ਦੀ ਪੀਂ-ਪੀਂ ਦੀ ਆਵਾਜ਼ ਬੜੀ ਭੈੜੀ ਲਗਦੀ ਸੀ। ਦਾਅਵਤ 'ਤੇ ਜਾਣ ਦੀ ਤਿਆਰੀ ਵੇਖ ਕੇ ਕੁਬਜਾਂ ਨੇ ਪੀਪਨੀ ਵਜਾਉਣੀ ਬੰਦ ਕਰ ਦਿੱਤੀ, ਤੇ ਪੁੱਛਣ ਲੱਗੀ, "ਕਿਥੇ ਚੱਲੇ ਓ ਤੁਸੀਂ ਸਾਰੇ?" ਤੇ ਜਦ ਕਿਸੇ ਨੇ ਕੋਈ ਉਤਰ ਨਾ ਦਿੱਤਾ, ਤਾਂ ਉਹ ਜ਼ਿਦੇ ਪੈ ਗਈ, "ਮੈਂ ਵੀ ਚੱਲਾਂਗੀ, ਮੈਂ ਵੀ ਚੱਲਾਂਗੀ", ਤੇ ਕੱਪੜੇ ਬਦਲਣ ਲਈ ਉਹ ਹਫੜਾ-ਦਫੜੀ ਮਚਾਉਣ ਲੱਗੀ।

ਇਸ ਜਲਦਬਾਜ਼ੀ ਵਿਚ ਉਸ ਦਾ ਪੈਰ ਮਾਂ ਦੇ ਰੇਸ਼ਮੀ ਭੋਛਣ ਉਤੇ ਰੱਖਿਆ ਗਿਆ। ਜਿਉਂ ਹੀ ਮਾਂ ਦੀ ਨਜ਼ਰ ਭੋਛਣ 'ਤੇ ਪਈ, ਦੋ-ਤਿੰਨ ਥੱਪੜ ਉਸ ਨੇ ਕੁਬਜਾਂ ਦੀ ਪਿੱਠ ਵਿਚ ਜੜ ਦਿੱਤੇ, ਤੇ ਲੋਹੀ ਲਾਖੀ ਹੋ ਕੇ ਕਹਿਣ ਲੱਗੀ, "ਰੰਡੀਏ! ਅੱਖਾਂ ਫੁੱਟੀਆਂ ਹੋਈਆਂ ਈ?"

ਭੋਛਣ ਉਤੋਂ ਚਿੱਕੜ ਦੇ ਦਾਗ ਪੂੰਝਦੀ ਮਾਂ ਕਹਿਣ ਲੱਗੀ, "ਖਸਮ ਨੂੰ ਖਾਣੀ ਚੁੜੇਲ। ਪੈਰਾਂ ਨਾਲ ਲੱਕ-ਲੱਕ ਚਿੱਕੜ ਥੱਪ ਕੇ ਆ ਵੜਦੀ ਏ।" ਉਧਰ ਕੁਬਜਾਂ ਅਜੇ ਤੋੜੀ ਪਿੱਠ ਨੂੰ ਮਲ ਰਹੀ ਸੀ, ਤੇ ਉਸ ਨੂੰ ਫਿਕਰ ਸੀ ਕਿ ਕਿਤੇ ਹੋਰ ਨਾ ਦੋ-ਚਾਰ ਪੈ ਜਾਣ, ਤੇ ਉਹ ਦੁਬਕ ਕੇ ਘਰ ਦੀ ਇਕ ਨੁੱਕਰੇ ਜਾ ਖੜੋਤੀ।

ਮੇਰੀ ਵਿਚਕਾਰਲੀ ਭੈਣ ਨੇ ਕੁਬਜਾਂ ਨੂੰ ਕਿਹਾ, "ਕੁਬਜਾਂ, ਜ਼ਰਾ ਜਾ ਕੇ ਮੇਰੇ ਟਰੰਕ ਵਿਚੋਂ ਮੇਰੀ ਝੁਮਕੀਆਂ ਦੀ ਜੋੜੀ ਤਾਂ ਕੱਢ ਲਿਆਈਂ। ਛੇਤੀ ਲਿਆ, ਫਿਰ ਮੈਂ ਤੈਨੂੰ ਆਪਣੇ ਨਾਲ ਲੈ ਚੱਲਾਂਗੀ।" 'ਲੈ ਚੱਲਾਂਗੀ' ਸੁਣਦਿਆਂ ਹੀ ਕੁਬਜਾਂ ਨੂੰ ਮਾਰ ਦੀ ਸਾਰੀ ਪੀੜ ਭੁੱਲ ਗਈ, ਤੇ ਉਹ ਛੇਤੀ ਨਾਲ ਜਾ ਕੇ ਭੈਣ ਦੇ ਝੁਮਕੇ ਲੈ ਆਈ।

ਇਕ ਤਾਂ ਉਂਜ ਹੀ ਉਹ ਬੜੀ ਫੁਰਤੀਲੀ ਸੀ, ਇਸ ਉਤੇ ਦਾਅਵਤ ਖਾਣ ਦੀ ਖੁਸ਼ੀ! ਉਸ ਨੇ ਝਟਪਟ ਵੱਡੀ ਭੈਣ ਦੇ ਬਟੂਏ ਕੋਲ ਪਈ ਹੋਈ ਸਾਬਣਦਾਨੀ ਚੁੱਕੀ ਤੇ ਗੁਸਲਖਾਨੇ ਵੱਲ ਦੌੜੀ।

ਵੱਡੀ ਭੈਣ ਨੇ ਕੜਕ ਕੇ ਕਿਹਾ, "ਕੁਬਜਾਂ! ਰੱਖ ਦੇ ਮੇਰੀ ਸਾਬਣਦਾਨੀ।"

ਕੁਬਜਾਂ ਰੁਕੀ ਨਹੀਂ, ਤੇ 'ਹੁਣੇ ਲਿਆਈ' ਕਹਿ ਕੇ ਤੁਰੀ ਗਈ ਪਰ ਵੱਡੀ ਭੈਣ ਨੇ ਇਕੋ ਛਲਾਂਗ ਮਾਰ ਕੇ ਉਹਦਾ ਰਾਹ ਰੋਕ ਲਿਆ, ਤੇ ਸਾਬਣਦਾਨੀ ਉਸ ਦੇ ਹੱਥੋਂ ਖੋਹ ਕੇ ਬੋਲੀ, "ਕੱਪੜੇ ਧੋਣ ਵਾਲਾ ਸਾਬਣ ਪਿਆ ਹੋਇਆ ਈ, ਉਸ ਨਾਲ ਧੋਂਦਿਆਂ ਕਿਤੇ ਮੂੰਹ ਤੇਰਾ ਛਿਲਿਆ ਤੇ ਨਹੀਂ ਚੱਲਿਆ।"

ਵੱਡੀ ਭੈਣ ਦੇ ਸਾਹਮਣੇ ਕੁਬਜਾਂ ਵਿਚਾਰੀ ਦੀ ਜ਼ਬਾਨ ਤੇ ਨਾ ਖੁੱਲ੍ਹੀ ਪਰ ਦਿਲ ਵਿਚ ਉਹ ਜ਼ਰੂਰ ਕਹਿੰਦੀ ਹੋਵੇਗੀ, "ਕੱਪੜੇ ਧੋਣ ਵਾਲੇ ਸਾਬਣ ਨਾਲ ਮੂੰਹ ਧੋਵਾਂ? ਕਿਉਂ, ਤੁਹਾਨੂੰ ਆਪਣੇ ਰੰਗ ਰੂਪ ਦਾ ਇਤਨਾ ਮਾਣ ਹੈ?"

ਸਾਬਣ ਹੱਥੋਂ ਖੁੱਸਦਿਆਂ ਹੀ ਕੁਬਜਾਂ ਦਾ ਉਤਸ਼ਾਹ ਜਾਂਦਾ ਰਿਹਾ, ਤੇ ਮੂੰਹ ਫੁਲਾ ਕੇ ਇਕ ਨੁੱਕਰੇ ਜਾ ਬੈਠੀ। ਦਾਅਵਤ 'ਤੇ ਜਾਣ ਦਾ ਜਿਵੇਂ ਉਸ ਨੇ ਇਰਾਦਾ ਹੀ ਛੱਡ ਦਿੱਤਾ ਪਰ ਮੇਰੇ ਦਿਲ ਨੂੰ ਕਰੜੀ ਚੋਟ ਲੱਗੀ। ਮੇਰੀ ਖਾਹਿਸ਼ ਤਾਂ ਇਥੋਂ ਤੱਕ ਸੀ ਕਿ ਵੱਡੀਆਂ ਭੈਣਾਂ ਅਤੇ ਮਾਂ, ਉਸ ਨੂੰ ਮਨਾ-ਮਨੂ ਕੇ ਪਿਆਰ-ਪੁਚਕਾਰ ਕੇ ਨਾਲ ਲੈ ਚੱਲਣ ਪਰ ਜਦ ਕੁਬਜਾਂ ਵੱਲ ਧਿਆਨ ਦਿੱਤੇ ਬਿਨਾਂ ਹੀ ਸਾਰੇ ਜਣੇ ਸਜ-ਸਜਾ ਕੇ ਤਿਆਰ ਹੋ ਕੇ ਖੜੋਤੇ, ਤਾਂ ਮੈਂ ਮਾਂ ਨੂੰ ਪੁੱਛਿਆ, "ਕਿਉਂ ਮਾਂ ਜੀ, ਕੁਬਜਾਂ ਸਾਡੇ ਨਾਲ ਨਹੀਂ ਜਾਏਗੀ?" ਪਰ ਮੇਰੇ ਸਵਾਲ ਦਾ ਕਿਸੇ ਨੇ ਕੋਈ ਜਵਾਬ ਨਾ ਦਿੱਤਾ, ਤੇ ਸਾਰੇ ਵਾਰੋ-ਵਾਰੀ ਪੌੜੀਆਂ ਉਤਰਨ ਲੱਗੇ।



---

ਟਿੱਕੇ (ਭਾਈ ਦੂਜ) ਦਾ ਤਿਉਹਾਰ ਸੀ, ਤੇ ਮੈਂ ਸਾਂ ਚਹੁੰ ਭੈਣਾਂ ਦਾ ਇਕੋ-ਇਕ ਵੀਰ। ਸਵੇਰੇ ਉਠਦਿਆਂ ਹੀ ਘਰ ਵਿਚ ਟਿੱਕੇ ਦੀ ਤਿਆਰੀ ਸ਼ੁਰੂ ਹੋ ਗਈ। ਮੈਂ ਅੱਜ ਬੜਾ ਖੁਸ਼ ਸਾਂ, ਕਿਉਂਕਿ ਇਹ ਅੱਜ ਦੀ ਸਾਰੀ ਚਹਿਲ-ਪਹਿਲ ਕੇਵਲ ਮੇਰੀ ਹੀ ਖਾਤਰ ਸੀ।

ਸਭ ਤੋਂ ਪਹਿਲਾਂ ਮੈਨੂੰ ਇਸ਼ਨਾਨ ਕਰਾਇਆ ਜਾਣ ਲੱਗਾ ਜਿਸ ਉਤੇ ਸਾਰੀਆਂ ਭੈਣਾਂ ਆਪੋ-ਆਪਣੀ ਸੁਚੱਜਤਾ ਦਰਸਾਉਣ ਦੀ ਕੋਸ਼ਿਸ਼ ਕਰਨ ਲੱਗੀਆਂ। ਕੋਈ ਮੇਰੇ ਪੈਰ ਰਗੜ ਕੇ ਸਾਫ ਕਰਦੀ, ਕੋਈ ਪਿੰਡੇ 'ਤੇ ਵਟਣਾ ਮਲਣ ਲੱਗੀ, ਤੇ ਇਸ ਸਭ ਕਾਸੇ ਵਿਚ ਇਕ ਗੱਲ ਮੈਨੂੰ ਬੜੀ ਖਟਕ ਰਹੀ ਸੀ-ਇਹ ਸੀ ਵਿਚਾਰੀ ਕੁਬਜਾਂ ਦੀ ਤਰਸਯੋਗ ਹਾਲਤ। ਉਸ ਦੀ ਵੀ ਚਾਹ ਸੀ ਕਿ ਆਪਣੀਆਂ ਭੈਣਾਂ ਵਾਂਗ ਮੇਰਾ ਕੋਈ ਨਾ ਕੋਈ ਕੰਮ ਕਰੇ। ਉਹ ਵੀ ਤਾਂ ਆਪਣੇ ਵੀਰ ਦੀ ਭੈਣ ਸੀ ਪਰ ਜਿਉਂ ਹੀ ਉਹ ਕਿਸੇ ਕੰਮ ਵੱਲ ਹੱਥ ਵਧਾਉਣ ਲੱਗਦੀ, ਅਗਲਵਾਂਢੇ ਹੀ ਦੂਜੀਆਂ ਭੈਣਾਂ ਉਸ ਕੰਮ ਨੂੰ ਸਾਂਭ ਲੈਂਦੀਆਂ। ਵਿਚਾਰੀ ਕੁਬਜਾਂ ਮੂੰਹ ਤੱਕਦੀ ਰਹਿ ਜਾਂਦੀ, ਤੇ ਫੇਰ ਮੂੰਹ ਫੁਲਾ ਕੇ ਦੂਰ ਜਾ ਖਲੋਂਦੀ।

ਮੈਂ ਚਾਹੁੰਦਾ ਸਾਂ, ਉਹ ਵੀ ਮੇਰੀ ਖਾਤਰ ਕੁਝ ਕਰੇ, ਤੇ ਇਸੇ ਖਿਆਲ ਨਾਲ ਮੈਂ ਪਾਣੀ ਗਰਮ ਕਰਨ ਦੀ ਡਿਊਟੀ ਉਸ ਦੇ ਜ਼ਿੰਮੇ ਲਾਈ ਪਰ ਇਸ ਵਿਚ ਵੀ ਵਿਚਾਰੀ ਨੂੰ ਨਿਰਾਦਰ ਹੀ ਪੱਲੇ ਪਿਆ। ਗਲਤੀ ਮੇਰੀ ਹੀ ਸੀ ਜਿਸ ਨੇ ਇਤਨਾ ਵੀ ਨਾ ਸੋਚਿਆ ਕਿ ਅੰਞਾਣੀ ਬਾਲੜੀ ਪਾਸੋਂ ਅੱਗ ਕੀਕਣ ਬਲੇਗੀ। ਸੋ, ਉਹੀ ਗੱਲ ਹੋਈ। ਆਪਣੀ ਵੱਲੋਂ ਕੁਬਜਾਂ ਨੇ ਬਥੇਰੀ ਕੋਸ਼ਿਸ਼ ਕੀਤੀ ਪਰ ਫਿਰ ਵੀ ਧੂੰਏਂ ਨਾਲ ਸਾਰਾ ਘਰ ਭਰ ਗਿਆ। ਜਿਸ ਦੇ ਨਤੀਜੇ ਵਜੋਂ ਇਧਰ ਤਾਂ ਮਾਂ ਨੇ ਦੋ ਕੁ ਥੱਪੜ ਜੜ ਦਿੱਤੇ, ਤੇ ਉਧਰ ਭੈਣਾਂ ਨੇ ਤਨੋੜੇ ਕੱਸਣੇ ਸ਼ੁਰੂ ਕੀਤੇ, "ਆਈ ਏ ਵੱਡੀ ਦਾਨੀ...ਜਿਕਣ ਹੁਣੇ ਅੱਗ ਬਾਲ ਲਵੇਗੀ...ਰੋਂਦੀ ਸੁਚੱਜਾਂ ਨੂੰ...!"

ਮੁੱਕਦੀ ਗੱਲ, ਅੱਜ ਸਵੇਰੇ ਤੋਂ ਸ਼ਾਮ ਤੱਕ ਵਿਚਾਰੀ ਨਾਲ ਇਹੋ ਕੁਝ ਹੁੰਦਾ ਰਿਹਾ। ਤਿੰਨੇ ਭੈਣਾਂ ਜਿਵੇਂ ਹੱਥ ਧੋ ਕੇ ਅੱਜ ਮੇਰੇ, ਤੇ ਉਸ ਦੇ ਪਿੱਛੇ ਪਈਆਂ ਹੋਈਆਂ ਸਨ। ਮੈਨੂੰ ਤਾਂ ਛੱਡਣ ਦਾ ਨਾਂ ਹੀ ਨਹੀਂ ਸਨ ਲੈਂਦੀਆਂ, ਤੇ ਉਸ ਨੂੰ ਮੇਰੇ ਨੇੜੇ ਨਹੀਂ ਸਨ ਫਟਕਣ ਦਿੰਦੀਆਂ।

ਸ਼ਾਮ ਨੂੰ ਜਦ ਬਾਊ ਜੀ ਘਰ ਆਏ, ਤਾਂ ਕੁਬਜਾਂ ਉਠ ਕੇ ਵਿਹੜੇ ਵਿਚ ਜਾ ਖੜੋਤੀ।

ਮੈਂ, ਬਾਊ ਜੀ ਤੇ ਮਾਂ ਜੀ, ਅਸੀਂ ਤਿੰਨੇ ਬੈਠਕ ਵਿਚ ਬੈਠ ਕੇ ਸਭਨਾਂ ਚੀਜ਼ਾਂ ਦੇ ਹਿੱਸੇ ਕਰ ਰਹੇ ਸਾਂ, ਜਿਹੜੀਆਂ ਭੈਣਾਂ ਨੂੰ ਮੇਰੀ ਆਰਤੀ ਉਤਾਰਨ ਵੇਲੇ ਮਿਲਣੀਆਂ ਸਨ (ਮਹਾਂਰਾਸ਼ਟਰ ਵਿਚ ਟਿੱਕੇ ਦੀ ਰਸਮ ਰਾਤ ਨੂੰ ਹੁੰਦੀ ਹੈ, ਤੇ ਭੈਣਾਂ ਆਪਣੇ ਭਰਾ ਦੀ ਆਰਤੀ ਉਤਾਰਦੀਆਂ ਹਨ)।

ਬਾਊ ਜੀ ਨੇ ਤਿੰਨ ਵਧੀਆ ਸਾੜ੍ਹੀਆਂ ਮੈਨੂੰ ਫੜਾ ਕੇ ਕਿਹਾ, "ਤਿੰਨਾਂ ਵੱਡੀਆਂ ਭੈਣਾਂ ਨੂੰ ਇਕ-ਇਕ ਦੇ ਦਈਂ।"

ਮੇਰੇ ਦਿਲ ਨੂੰ ਬੜਾ ਦੁੱਖ ਹੋਇਆ ਕਿ ਕੁਬਜਾਂ ਨੂੰ ਦੇਣ ਲਈ ਉਥੇ ਕੁਝ ਵੀ ਨਹੀਂ ਸੀ। ਕੀ ਅੱਜ ਬਾਊ ਜੀ ਵੀ ਕੁਬਜਾਂ ਨੂੰ ਭੁੱਲ ਗਏ?

ਇਸੇ ਵੇਲੇ ਬਾਊ ਜੀ ਦੇ ਦਫਤਰ ਦਾ ਚਪੜਾਸੀ ਛੋਟਾ ਜਿਹਾ ਬੰਡਲ ਲੈ ਕੇ ਆ ਪਹੁੰਚਿਆ। ਬੰਡਲ ਖੋਲ੍ਹਦਿਆਂ ਪਿਤਾ ਜੀ ਨੇ ਮੈਨੂੰ ਪੁੱਛਿਆ, "... ਤੇ ਰਮੇਸ਼! ਇਹ ਕਿਸ ਨੂੰ ਦਿੱਤਾ ਜਾਏਗਾ?" ਖੁਸ਼ੀ ਨਾਲ ਮੇਰਾ ਦਿਲ ਨੱਚ ਉਠਿਆ, "ਕੁਬਜਾਂ ਨੂੰ। ਕਿਉਂ ਬਾਊ ਜੀ, ਠੀਕ ਏ ਨਾ ਮੇਰਾ ਖ਼ਿਆਲ?"

ਬਾਊ ਜੀ ਕੁਝ ਗੰਭੀਰ ਹੋ ਗਏ। ਕੁਝ ਚਿਰ ਮੇਰੇ ਵੱਲ ਤੱਕਦੇ ਰਹੇ, ਫਿਰ ਬੋਲੇ, "ਰਮੇਸ਼! ਤੂੰ ਵੀ ਹੋਰਾਂ ਵਾਂਗ ਉਸ ਵਿਚਾਰੀ ਨੂੰ ਕੁਬਜਾਂ ਕਹਿਣ ਲੱਗ ਪਿਆ ਏਂ?"

"ਭੁੱਲ ਗਿਆ ਬਾਊ ਜੀ।" ਮੈਂ ਖੁਸ਼ੀ ਨਾਲ ਗਦ-ਗਦ ਹੋ ਕੇ ਕਿਹਾ, "ਨਿੱਕੀ ਵੇਣੀ ਨੂੰ।"

ਗੁਲਾਬੀ ਰੰਗ ਦੀ ਖਾਲਸ ਰੇਸ਼ਮੀ ਸਾੜ੍ਹੀ ਸੀ ਇਹ, ਪਰ ਮਾਂ ਨੂੰ ਸ਼ਾਇਦ ਬਾਊ ਜੀ ਦੀ ਚੋਣ ਪਸੰਦ ਨਾ ਆਈ। ਉਹ ਬੋਲੀ, "ਏਡੀ ਵਧੀਆ ਸਾੜ੍ਹੀ ਸਿਰ ਮਾਰਨੀ ਏਂ ਉਹਨੇ? ਦੂੰਹ ਦਿਨਾਂ ਵਿਚ ਨਾਸ ਮਾਰ ਛੱਡੇਗੀ।"

ਬਾਊ ਜੀ ਸ਼ਾਂਤ ਭਾਵ ਵਿਚ ਬੋਲੇ, "ਕੋਈ ਗੱਲ ਨਹੀਂ।" ਇਸ ਉਤੇ ਮਾਂ ਨੇ ਇਕ ਹੋਰ ਢੁੱਚਰ ਡਾਹੀ, "ਤੇ ਵੱਡੀਆਂ ਨਾ ਚੀਕਣਗੀਆਂ?"

ਮੈਂ ਵਧੀਆ ਕੱਪੜਿਆਂ ਵਿਚ ਸਜ ਕੇ ਚੌਂਕੀ 'ਤੇ ਬੈਠ ਗਿਆ। ਕੁਬਜਾਂ ਨੂੰ ਜੋ ਕੁਝ ਦੇਣਾ ਸੀ, ਉਹ ਸਭ ਮੈਂ ਇਸੇ ਚੌਂਕੀ ਥੱਲੇ ਲੁਕਾਇਆ ਹੋਇਆ ਸੀ। ਕੁਬਜਾਂ ਪਰਲੇ ਬਰਾਂਡੇ ਵਿਚ ਡੱਡੋਲਿੱਕੀ ਜਿਹੀ ਖੜ੍ਹੀ ਸੀ। ਉਸ ਨੂੰ ਪਤਾ ਸੀ ਕਿ ਸਵੇਰ ਤੋਂ ਜਿਹੜੀਆਂ ਤਿੰਨੇ ਉਸ ਦਾ ਨਿਰਾਦਰ ਕਰ ਰਹੀਆਂ ਹਨ, ਉਨ੍ਹਾਂ ਨੇ ਹੁਣ ਕਦੋਂ ਘੱਟ ਗੁਜ਼ਾਰਨੀ ਹੈ! ਵੱਡੀਆਂ ਭੈਣਾਂ ਨੇ ਅੱਜ ਸਾਰੀ ਦਿਹਾੜੀ ਇਹੋ ਮੁਹਾਰਨੀ ਛੋਹੀ ਰੱਖੀ ਸੀ, "ਰਮੇਸ਼! ਮੈਨੂੰ ਅਹੁ ਚੀਜ਼ ਦਈਂ...ਮੈਂ ਨਿਰੀ ਸਾੜ੍ਹੀ ਨਹੀਓਂ ਲੈਣੀ...ਮੇਰੇ ਮੇਚੇ ਦੀਆਂ ਵੰਗਾਂ ਵੀ...!" ਪਰ ਮੇਰੀ ਨੰਨ੍ਹੀ ਵੇਣੂ (ਕੁਬਜਾਂ) ਸ਼ਾਇਦ ਇਹੀ ਸੁੱਖਣਾ ਸੁੱਖਦੀ ਰਹੀ ਸੀ ਕਿ ਵੀਰ ਦੀ ਆਰਤੀ ਉਤਾਰਨ ਵੇਲੇ ਉਸ ਨੂੰ ਕੁਝ ਨਾ ਕਿਹਾ ਜਾਵੇ।

ਆਰਤੀ ਦਾ ਵੇਲਾ ਹੋ ਗਿਆ। ਤਿੰਨੇ ਭੈਣਾਂ ਛਣਕਦੀਆਂ-ਮਣਕਦੀਆਂ ਆਈਆਂ, ਤੇ ਵਾਰੋ-ਵਾਰੀ ਮੇਰੀ ਆਰਤੀ ਉਤਾਰਨ ਲੱਗੀਆਂ। ਤਿੰਨਾਂ ਨੇ ਹੀ ਆਰਤੀ ਉਤਾਰ ਕੇ ਮੈਨੂੰ ਟਿੱਕਾ ਲਾਇਆ, ਤੇ ਫਿਰ ਆਪੋ-ਆਪਣੀ ਸਾੜ੍ਹੀ, ਗਜਰਿਆਂ ਦੀ ਇਕ-ਇਕ ਜੋੜੀ, ਤੇ ਉਤੇ ਪੰਜ-ਪੰਜ ਰੁਪਏ ਰੋਕੜ ਲੈ ਕੇ ਲਾਂਭੇ ਹੋਈਆਂ। ਵਿਚਾਰੀ ਕੁਬਜਾਂ ਨੂੰ ਜਦ ਕਿਸੇ ਨਾ ਸੱਦਿਆ ਤਾਂ ਮੈਂ ਹੀ ਉਸ ਨੂੰ ਪੁਕਾਰਿਆ, "ਵੇਣੂ! ਤੂੰ ਵੀ।"

ਆਰਤੀ ਕਰਨ ਵੇਲੇ ਕੁਬਜਾਂ ਦੀਆਂ ਪਤਲੀਆਂ ਸਾਂਵਲੀਆਂ ਬਾਹਾਂ ਕੰਬ ਰਹੀਆਂ ਸਨ। ਫਿਰ ਉਸ ਨੇ ਕੇਸਰ ਵਾਲੀ ਕਟੋਰੀ ਵਿਚੋਂ ਅੰਗੂਠਾ ਡੋਬ ਕੇ ਮੈਨੂੰ ਤਿਲਕ ਲਾਇਆ। ਇਸੇ ਵੇਲੇ ਮੈਂ ਚੌਂਕੀ ਹੇਠੋਂ ਉਹ ਝੰਮ-ਝੰਮ ਕਰਦੀ ਗੁਲਾਬੀ ਸਾੜ੍ਹੀ ਕੱਢੀ ਜਿਸ ਉਤੇ ਵਧੀਆ ਗਜਰਿਆਂ ਦੀ ਜੋੜੀ, ਤੇ ਪੰਜਾਂ ਰੁਪਿਆਂ ਦਾ ਨੋਟ ਰੱਖਿਆ ਹੋਇਆ ਸੀ, ਤੇ ਥਾਲੀ ਵਿਚ ਰੱਖ ਦਿੱਤੀ।

ਜਦ ਇਨ੍ਹਾਂ ਚੀਜ਼ਾਂ ਵੱਲ ਕੁਬਜਾਂ ਦੀ ਨਜ਼ਰ ਪਈ, ਤਾਂ ਉਹ ਹੱਕੀ-ਬੱਕੀ ਰਹਿ ਗਈ। ਉਹਦੇ ਚਿਹਰੇ ਦੇ ਭਾਵ ਜਿਵੇਂ ਮੈਥੋਂ ਪੁੱਛ ਰਹੇ ਸਨ, "ਕੀ ਇਹ ਸਭ ਚੀਜ਼ਾਂ ਮੇਰੇ ਲਈ ਨੇ?"

ਤੇ ਇਹ ਚੀਜ਼ਾਂ ਥਾਲੀ 'ਚੋਂ ਚੁੱਕਣ ਵੇਲੇ ਉਸ ਦੇ ਹੱਥ ਹੋਰ ਵਧੇਰੇ ਕੰਬਣ ਲੱਗੇ, ਮਾਨੋ ਉਹ ਪੁੱਛ ਰਹੀ ਸੀ, "ਕੀ ਵੀਰ ਮੈਂ ਤੈਨੂੰ ਇਤਨੀ ਪਿਆਰੀ ਹਾਂ?

---

ਉਸੇ ਰਾਤ ਦਾ ਜ਼ਿਕਰ ਹੈ, ਅਸੀਂ ਸਾਰੇ ਜਣੇ ਘਰ ਦੀ ਉਪਰਲੀ ਛੱਤ 'ਤੇ ਬੈਠੇ ਤਾਸ਼ ਖੇਡ ਰਹੇ ਸਾਂ। ਤਿਉਹਾਰ ਦੀ ਰਾਤ ਸੀ। ਮੇਰੀਆਂ ਸਾਰੀਆਂ ਭੈਣਾਂ ਨਵੇਂ-ਨਵੇਂ ਕੱਪੜਿਆਂ ਵਿਚ ਸਜੀਆਂ ਬੈਠੀਆਂ ਸਨ। ਜਿਉਂ ਹੀ ਸਭ ਤੋਂ ਵੱਡੀ ਭੈਣ ਦੀ ਸਾੜ੍ਹੀ 'ਤੇ ਮੇਰੀ ਨਜ਼ਰ ਪਈ, ਗੁੱਸੇ ਨਾਲ ਮੇਰਾ ਦਿਲ ਧੱਕ-ਧੱਕ ਕਰਨ ਲੱਗ ਪਿਆ, "ਇਹ ਤਾਂ ਮੈਂ ਕੁਬਜਾਂ ਨੂੰ ਦਿੱਤੀ ਸੀ, ਉਹੀ ਗੁਲਾਬੀ ਸਾੜ੍ਹੀ।"

ਖੇਡ ਦਾ ਸੁਆਦ ਜਾਂਦਾ ਰਿਹਾ। ਉਪਰੋਥਲੀ ਮੈਂ ਕਈ ਬਾਜ਼ੀਆਂ ਹਾਰ ਗਿਆ। ਵੱਡੀ ਭੈਣ ਜਿਹੜੀ ਖੇਡ ਵਿਚ ਮੇਰੀ ਜੋਟੀਦਾਰ ਸੀ, ਖਿਝ ਕੇ ਬੋਲੀ, "ਰਮੇਸ਼! ਤੇਰਾ ਧਿਆਨ ਕਿਥੇ ਐ। ਇਤਨੇ ਪੱਤੇ ਹੁੰਦਿਆਂ ਤੂੰ ਇਹ ਬਾਜ਼ੀ ਵੀ ਹਾਰ ਦਿੱਤੀ।"

"ਮੇਰੇ ਸਿਰ ਪੀੜ ਹੋ ਰਹੀ ਏ ਭੈਣ।" ਕਹਿ ਕੇ ਮੈਂ ਸੌਣ ਦੇ ਪੱਜ ਉਠ ਖੜੋਤਾ, ਤੇ ਉਹ ਤਿੰਨੇ ਮੇਰੀ ਥਾਵੇਂ ਇਕ ਹੋਰ ਕੁੜੀ ਨੂੰ ਬਿਠਾ ਕੇ ਖੇਡੀ ਗਈਆਂ।

ਕਾਹਲੇ-ਕਾਹਲੇ ਕਦਮੀਂ ਮੈਂ ਹੇਠਾਂ ਉਤਰਿਆ। ਮੈਨੂੰ ਪਤਾ ਸੀ, ਕੁਬਜਾਂ ਇਸ ਵੇਲੇ ਕਿਥੇ ਹੋਵੇਗੀ-ਭਾਂਡਿਆਂ ਦੇ ਢੇਰ ਵਿਚਾਲੇ।

"ਕਿਉਂ ਵੇਣੀ... ", ਪਿਆਰ ਭਰੇ ਦਾਬੇ ਨਾਲ ਮੈਂ ਭਾਂਡੇ ਮਾਂਜਦੀ ਨੂੰ ਪੁੱਛਿਆ, "ਉਹ ਸਾੜ੍ਹੀ ਕਿਥੇ ਈ?"

"ਕਿਹੜੀ ਵੀਰ?...ਜਿਹੜੀ ਤੂੰ ਦਿੱਤੀ ਸੀ?"

"ਆਹੋ... ਉਹੋ।"

"ਉਹ ਤਾਂ ਮੈਂ ਵੱਡੀ ਭੈਣ ਨੂੰ ਦੇ ਛੱਡੀ ਏ।"

"ਪਰ ਕਿਉਂ?"

"ਉਹ ਜੁ ਕਹਿੰਦੀ ਸੀ।"

"ਕੀ ਕਹਿੰਦੀ ਸੀ...?"

"ਕਹਿੰਦੀ ਸੀ, ਕਾਲੇ ਰੰਗ ਉਤੇ ਗੁਲਾਬੀ ਸਾੜ੍ਹੀ ਭੈੜੀ ਲਗਦੀ ਏ।"

"ਫੋਟ ਝੱਲੀ ਨਾ ਹੋਵੇ ਤੇ! ਫਿਰ ਤੂੰ ਉਹਨੂੰ ਕਿਉਂ ਦੇ ਦਿੱਤੀ?"

"ਉਸ ਨੇ ਮੇਰਾ ਮੂੰਹ ਜੁ ਚੁੰਮਿਆ ਸੀ।"

ਤੇ ਮੈਂ ਵੇਖਿਆ, ਕੁਬਜਾਂ ਦੇ ਚਿਹਰੇ ਉਤੇ ਰੰਜ ਜਾਂ ਪਛਤਾਵੇ ਦੀ ਥਾਂ ਖੁਸ਼ੀ ਤੇ ਉਮੰਗ ਦੀਆਂ ਰੇਖਾਵਾਂ ਉਘੜਦੀਆਂ ਆਉਂਦੀਆਂ ਸਨ।

ਮੈਂ ਉਹਨੂੰ ਹੋਰ ਕੁਝ ਨਾ ਆਖ ਸਕਿਆ। ਕੇਵਲ ਆਪਣੇ ਦਿਲ ਵਿਚ ਸੋਚ ਰਿਹਾ ਸਾਂ, 'ਸੌਦਾ ਕਿਸ ਨੂੰ ਸਸਤਾ ਪਿਆ? ਇਕ ਪਾਸੇ ਵੱਡੀ ਭੈਣ ਨੂੰ ਵਧੀਆ ਸਾੜ੍ਹੀ ਬਦਲੇ ਅਣਭਾਉਂਦੇ ਹੋਠ ਚੁੰਮਣੇ ਪਏ, ਤੇ ਦੂਜੇ ਪਾਸੇ ਨਿੱਕੀ ਨੂੰ ਸਾੜ੍ਹੀ ਬਦਲੇ ਕਿਸੇ ਦਾ, ਸੱਚਾ ਕਿ ਝੂਠਾ ਚੁੰਮਣ ਮਿਲਿਆ।'

ਅਖੀਰ ਮੈਂ ਇਸ ਨਤੀਜੇ 'ਤੇ ਪੁੱਜਾ ਕਿ ਨਿਸ਼ਚੇ ਹੀ ਕੁਬਜਾਂ ਲਈ ਇਹ ਸੌਦਾ ਨਫੇਵੰਦਾ ਸੀ। ਵੱਡੀ ਭੈਣ ਨੂੰ ਸਾੜ੍ਹੀਆਂ ਦੀ ਘਾਟ ਕੋਈ ਨਹੀਂ ਪਰ ਵਿਚਾਰੀ ਕੁਬਜਾਂ! ਇਕ ਸਹਿਕਵਾਂ ਚੁੰਮਣ ਉਸ ਲਈ ਸ਼ਾਇਦ ਇਤਨਾ ਵਡਮੁੱਲਾ ਸੀ, ਜਿਸ ਬਦਲੇ ਇਕ ਛੱਡ, ਅਨੇਕਾਂ ਸਾੜ੍ਹੀਆਂ ਉਹ ਹੱਸਦੀ-ਹੱਸਦੀ ਦੇ ਸਕਦੀ ਸੀ।

###

## ਰੋਟੀ ਦਾ ਮੁੱਲ

"ਪੁੱਤ, ਐਨੀ ਠੰਡੀ ਰੋਟੀ ਮੈਥੋਂ ਖਾਧੀ ਨਹੀਂ ਜਾਂਦੀ, ਥੋੜ੍ਹੀ ਗਿੱਖੀ ਦੇ ਦਿਆ ਕਰੋ।" ਬਖਤੌਰੇ ਨੇ ਆਪਣੀ ਨੂੰਹ ਨੂੰ ਜੁਆਕਾਂ ਵੱਲੋਂ ਸਵੇਰ ਦੀ ਛੱਡੀ ਰੋਟੀ ਵੇਖ ਕਿਹਾ।

"ਖਾਣੀ ਤਾਂ ਖਾ ਲੈ, ਮੁਖਤ ਦੀਆਂ ਰੋਟੀਆਂ ਤੋੜਦਾਂ, ਉਤੋਂ ਨਖਰੇ ਕਰਦੈਂ, ਮੈਂ ਵਿਹਲੀ ਤਾਂ ਨਹੀਂ ਬੈਠੀ, ਸਦਾ ਤਵਾ ਚਾੜ੍ਹੀ ਰੱਖਾਂ!" ਨੂੰਹ ਗੁੱਸੇ ਵਿਚ ਕਈ ਕੁਝ ਬੋਲ ਗਈ।

ਇਹ ਅੱਜ ਦਾ ਨਹੀਂ, ਨਿੱਤ ਦਾ ਵਰਤਾਰਾ ਸੀ। ਰਣਜੀਤ ਅਤੇ ਜੁਆਕਾਂ ਨੂੰ ਸਕੂਲ ਤੋਰਨ ਵੇਲੇ ਰੋਟੀ ਬਣਦੀ ਸੀ। ਸਭ ਕੰਮ ਨਿਪਟਾ ਕੇ ਬਖਤੌਰੇ ਨੂੰ ਰੋਟੀ ਫੜਾਈ ਜਾਂਦੀ, ਦੂਜਾ ਬਖਤੌਰੇ ਨੂੰ ਸਵੇਰੇ ਜਲਦੀ ਖਾਣ ਦੀ ਆਦਤ ਨਹੀਂ ਸੀ। ਸਵੇਰ ਦੀ ਬਣੀ ਰੋਟੀ ਠੰਢੀ ਹੋ ਕੇ ਆਕੜ ਜਾਂਦੀ, ਜਿਸ ਕਰਕੇ ਖਾਣੀ ਔਖੀ ਹੋ ਜਾਂਦੀ। ਜੇ ਕੁੱਝ ਕਹਿੰਦਾ ਤਾਂ ਨੂੰਹ ਲਾਹ-ਪਾਹ ਕਰ ਦਿੰਦੀ।

ਅੱਜ ਵੀ ਜਦੋਂ ਨੂੰਹ ਨੇ ਉਹੋ ਹੀ ਹੱਥ ਰੱਖਿਆ ਤਾਂ ਬਖਤੌਰੇ ਨੂੰ ਗੁੱਸਾ ਆ ਗਿਆ ਤੇ ਉਹ ਅੱਗੋਂ ਬੋਲ ਉਠਿਆ, "ਭਾਈ ਇਹ ਮੁਖਤ ਦੀਆਂ ਰੋਟੀਆਂ ਨਹੀਂ, ਜੋ ਮੈਨੂੰ ਦਿੰਦੇ ਓ। ਮੈਂ ਤਾਂ ਇਨ੍ਹਾਂ ਦਾ ਮੁੱਲ ਪਹਿਲਾਂ ਹੀ ਦੇ ਚੁਕਾਂ। ਜਦੋਂ ਰਾਣਾ ਦਸ-ਬਾਰਾਂ ਸਾਲਾਂ ਦਾ ਸੀ, ਓਦੋਂ ਇਸ ਦੀ ਮਾਂ ਗੁਜਰ ਗਈ ਸੀ ਤਾਂ ਮੈਂ ਹੀ ਜਾਣਦਾ, ਕਿਵੇਂ ਪਾਲਿਆ! ਹਰ ਕੋਈ ਆਪ ਹੱਥ ਸੜਾਉਂਦੇ ਨੂੰ ਵੇਖ ਜਨਾਨੀ ਲਈ ਕਹਿੰਦਾ ਪਰ ਮੈਂ ਇਹਦੇ ਵੱਲ ਵੇਖ ਨਾਂਹ ਕਰ ਦੇਣੀ। ਬਿਗਾਨੀ ਇਹਦੇ ਨਾਲ ਪਤਾ ਨਹੀਂ ਕਿਹੋ ਜਿਹਾ ਸਲੂਕ ਕਰੂ। ਧੁੰਦ ਵਾਲੀਆਂ ਠੰਢੀਆਂ ਰਾਤਾਂ ਵਿਚ ਜਦੋਂ ਕੋਈ ਹੱਥ ਵੀ ਬਾਹਰ ਨਾ ਕੱਢਦਾ, ਰਿਕਸ਼ਾ ਲੈ ਸਟੇਸ਼ਨ 'ਤੇ ਪਹੁੰਚ ਜਾਂਦਾ, ਚਾਰ ਪੈਸੇ ਬਣਾਉਣ ਲਈ। ਇਸ ਦੇ ਉਠਣ ਵੇਲੇ ਨੂੰ ਭੱਜ ਕੇ ਘਰ ਆਉਂਦਾ। ਹੱਥੀਂ ਪਾਣੀ ਤੱਤਾ ਕਰ ਕੇ ਨਹਾਉਂਦਾ, ਰੋਟੀ ਪਾਣੀ ਦੇ ਸਕੂਲ ਤੋਰ, ਲੀੜੇ ਲੱਤੇ ਧੋਂਦਾ। ਸੁੱਕੀ ਗਿੱਲੀ ਖਾ ਫਿਰ ਕੰਮ ਲਈ ਭੱਜਦਾ।

ਗਰਮੀਆਂ 'ਚ ਜਦੋਂ ਕਾਂ ਦੀ ਅੱਖ ਨਿਕਲਦੀ, ਸਾਥੀ ਕਿਸੇ ਦਰਖਤ ਥੱਲੇ ਗੱਦੀ ਸਿੱਧੀ ਕਰ ਆਰਾਮ ਕਰਦੇ, ਪਰ ਮੈਂ ਬਸ ਅੱਡੇ, ਚੌਕਾਂ ਵਿਚ ਗੇੜੇ ਦਿੰਦਾ। ਦਿਨ ਦਿਹਾਰ ਕਦੋਂ ਆਉਂਦੇ, ਮੈਨੂੰ ਕੋਈ ਪਤਾ ਨਹੀਂ ਸੀ। ਜਿਨ੍ਹਾਂ ਸਾਥੀਆਂ ਨਾਲ ਪਹਿਲਾਂ ਸੰਤਰੇ ਦੀ ਬੋਤਲ ਖਰੀਦ ਕੇ ਮਨ ਪਰਚਾ ਲੈਂਦਾ ਸੀ, ਉਹ ਵੀ ਸਭ ਛੱਡ ਦਿੱਤੇ। ਕਾਲਜ ਪੜ੍ਹਨ ਵੇਲੇ ਇਸ ਨੂੰ ਸਭ ਸਹੂਲਤਾਂ ਦਿੱਤੀਆਂ, ਆਪ ਨੰਗੇ ਪਿੰਡੇ ਮਾਰਾਂ ਝੱਲੀਆਂ। ਜਦੋਂ ਰਿਕਸ਼ਾ ਖਿੱਚਣ ਜੋਗਾ ਨਾ ਰਿਹਾ ਤਾਂ ਕਬਾੜ ਖਰੀਦਿਆ, ਸਬਜ਼ੀ ਵੇਚੀ। ਕਾਹਦੇ ਵਾਸਤੇ? ਇਹ ਪੜ੍ਹ ਕੇ ਕੁੱਝ ਬਣ ਜਾਵੇ। ਨਾਲ ਦਿਆਂ ਜੁਆਕਾਂ ਨੂੰ ਰਿਕਸ਼ੇ ਦੇ ਹੈਂਡਲ ਫੜਾ ਦਿੱਤੇ, ਮੈਂ ਇਸ ਨੂੰ ਸਾਈਕਲ ਵੀ ਨਹੀਂ ਚਲਾਉਣ ਦਿੱਤਾ। ਇਸ ਨੂੰ ਸਾਧਨ ਲੈ ਕੇ ਦਿੱਤੇ, ਆਪ ਜ਼ਿੰਦਗੀ ਦਾ ਪੈਂਡਾ ਨੰਗੇ ਪੈਰੀਂ ਤੈਅ ਕੀਤਾ। ਮੈਂ ਤਾਂ ਸਾਰੀ ਜ਼ਿੰਦਗੀ ਲਾ ਦਿੱਤੀ, ਅਜੇ ਕਹਿੰਦੇ ਓ ਮੁਖਤ ਦੀਆਂ ਰੋਟੀਆਂ ਤੋੜਦਾਂ। ਜੇ ਫਿਰ ਵੀ ਰੋਟੀ ਨਹੀਂ ਦੇ ਸਕਦੇ, ਤੁਹਾਡੀ ਮਰਜ਼ੀ। ਜਿਹੜੇ ਚਾਰ ਦਿਨ ਬਚੇ, ਕਿਸੇ ਗੁਰੂ ਘਰ ਗੁਜ਼ਾਰ ਲਊਂ।" ਬੋਲਦਾ ਬੋਲਦਾ ਬਖਤੌਰਾ ਹਫ ਗਿਆ। ਉਸੇ ਵੇਲੇ ਹੀ ਰਣਜੀਤ ਨੇ ਆ ਜੱਫੀ ਪਾਈ ਤੇ ਡੁਸਕੀਂ ਹੁਬਕੀਂ ਰੋਣ ਲੱਗਾ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

# ਕਵੀਸ਼ਰੀ ਦੀ ਜਨਮਦਾਤੀ ਮਾਲਵੇ ਦੀ ਰਹਿਤਲ

ਕਵੀਸ਼ਰੀ ਦੀ ਰਚਨਾਕਾਰੀ ਕਿੱਸਾ ਕਾਵਿ, ਖੁੱਲ੍ਹੀ ਕਵਿਤਾ, ਗਜ਼ਲ ਆਦਿ ਤੋਂ ਭਿੰਨ ਹੈ। ਪੰਜਾਬੀ ਕਵੀਸ਼ਰੀ ਕਾਵਿ 'ਚ ਮਾਲਵਾ ਖੇਤਰ ਦੇ ਰਚਨਾਕਾਰਾਂ ਤੇ ਕਵੀਸ਼ਰਾਂ ਦਾ ਵਡਮੁੱਲਾ ਯੋਗਦਾਨ ਹੈ। ਇਹ ਕਾਵਿ ਵੱਡੇ ਪੱਧਰ 'ਤੇ ਰਚਿਆ ਗਿਆ ਹੈ, ਜੋ ਸਮੁੱਚੇ ਰੂਪ 'ਚ ਮਿਆਰੀ ਮੰਨਿਆ ਗਿਆ ਹੈ। ਮਾਲਵੇ ਦੀ ਰਹਿਤਲ 'ਤੇ ਕਵੀਸ਼ਰੀ ਦਾ ਪਹੁ-ਫੁਟਾਲਾ ਕਰੀਬ ਤਿੰਨ ਸੌ ਸਾਲ ਪਹਿਲਾਂ ਉਦੋਂ ਹੋਇਆ, ਜਦੋਂ ਗੁਰੂ ਗੋਬਿੰਦ ਸਿੰਘ ਨੇ ਲੱਖੀ ਜੰਗਲ 'ਚ ਉਤਾਰਾ ਕੀਤਾ ਤੇ ਛੰਦਾਂ ਨੂੰ ਸੰਗਤ 'ਚ ਉਚਾਰਿਆ। ਇਹ ਮਲਵਈਆਂ ਲਈ ਗੁਰੂ ਸਾਹਿਬ ਦੀ ਬਖਸ਼ਿਸ਼ ਹੈ।


ਉਤਮਵੀਰ ਸਿੰਘ ਦਾਊਂ
ਫੋਨ: 91-87290-00242

ਕਵੀਸ਼ਰੀ ਨੂੰ ਗਾਇਨ ਪੱਖ ਤੋਂ ਇਕ ਨਿਵੇਕਲੀ ਸ਼ੈਲੀ ਮੰਨਿਆ ਗਿਆ ਹੈ, ਕਿਉਂਕਿ ਇਸ ਨੂੰ ਬਿਨਾ ਸਾਜ਼ਾਂ ਤੋਂ ਗਾਇਆ ਜਾਂਦਾ ਹੈ, ਪਰ ਇਸ ਵਿਚਲੀ ਹੇਕ, ਲੇਰ੍ਹ ਤੇ ਲੈਅ ਇਸ ਨੂੰ ਸੰਗੀਤ-ਰਸ ਦਾ ਰੂਪ ਬਣਾ ਦਿੰਦੀ ਹੈ। ਕਵੀਸ਼ਰੀ ਗਾਉਣ ਲਈ ਹਿੱਕ 'ਚ ਜ਼ੋਰ ਚਾਹੀਦਾ ਹੈ ਤੇ ਨਾਲੋ-ਨਾਲ ਸ਼ਬਦਾਂ ਨੂੰ ਉਚਾਰਨ ਦੀ ਵਿਸ਼ੇਸ਼ ਹੁਨਰਮੰਦੀ ਸਿੱਖਣੀ ਪੈਂਦੀ ਹੈ। ਇਹ ਸੁਰ ਤੇ ਸ਼ਬਦ ਦੀ ਪੇਸ਼ਕਾਰੀ ਹੈ ਅਤੇ ਕਾਵਿਕ ਤੇ ਗਾਇਨ ਪੱਖ ਤੋਂ ਪ੍ਰਮਾਣਿਕ ਰੂਪ 'ਚ ਆਜ਼ਾਦਾਨਾ ਵੰਨਗੀ ਹੈ।

ਕਵੀਸ਼ਰੀ ਅਖਾੜਾ ਪਰੰਪਰਾ ਦਾ ਗਾਇਕੀ/ਗਾਇਨ ਦਾ ਮੁਢਲਾ ਰੂਪ ਤੇ ਸ਼ਿੰਗਾਰ ਹੈ। ਗਾਉਣ ਵਾਲੇ ਨੂੰ ਕਵੀਸ਼ਰ ਕਿਹਾ ਜਾਂਦਾ ਹੈ। ਕਵੀਸ਼ਰੀ ਨੂੰ ਜੋੜੀ ਦੇ ਰੂਪ 'ਚ ਗਾਇਆ ਜਾਂਦਾ ਹੈ। ਗਾਉਣ ਵਾਲੀ ਟੋਲੀ ਨੂੰ ਜਥਾ ਕਿਹਾ ਜਾਂਦਾ ਹੈ। ਜਥੇ ਦੇ ਦੋ ਜਣੇ ਗਾਉਂਦੇ ਹਨ ਅਤੇ ਤੀਜਾ ਸਾਥੀ ਜਥੇ ਦਾ ਮੁਖੀ ਹੁੰਦਾ ਹੈ, ਜੋ ਪ੍ਰਸੰਗ, ਕਥਾ ਜਾਂ ਗਾਥਾ ਦੀ ਭੂਮਿਕਾ ਬੰਨ ਕੇ ਉਸ ਦੀ ਵਿਆਖਿਆ ਕਰਦਾ ਹੈ। ਉਹ ਆਮ ਤੌਰ 'ਤੇ ਉਸਤਾਦ ਕਵੀਸ਼ਰ ਹੁੰਦਾ ਹੈ। ਜਥੇ ਦੇ ਮੈਂਬਰਾਂ ਦੀ ਗਿਣਤੀ ਤਿੰਨ ਵੀ ਹੋ ਸਕਦੀ ਹੈ ਤੇ ਚਾਰ ਵੀ। ਮੌਜੂਦਾ ਕਵੀਸ਼ਰਾਂ ਵਲੋਂ ਕਵੀਸ਼ਰੀ ਨੂੰ ਸਾਜ਼ਾਂ ਭਾਵ ਢੱਡ ਤੇ ਸਾਰੰਗੀ ਨਾਲ ਗਾਉਣ ਦਾ ਤਜ਼ਰਬਾ ਵੀ ਕੀਤਾ ਗਿਆ ਹੈ, ਜਿਸ 'ਚ ਉਨ੍ਹਾਂ ਨੇ ਕਾਫੀ ਸਫਲਤਾ ਤੇ ਮਕਬੂਲੀਅਤ ਵੀ ਹਾਸਿਲ ਕੀਤੀ ਹੈ।

ਕਵੀ ਤੁਲਸੀ ਦਾਸ 'ਮਹਾਰਿਸ਼ੀ ਵਾਲਮੀਕ' ਨੂੰ ਆਦਿ ਕਵੀਸ਼ਰ ਮੰਨਦੇ ਹਨ। ਕਵੀਸ਼ਰੀ ਤਰੰਨੁਮ 'ਚ ਗਾਈ ਜਾਣ ਵਾਲੀ ਛੰਦਬੱਧ ਕਵਿਤਾ ਹੁੰਦੀ ਹੈ, ਜੋ ਮੂਲ ਰੂਪ 'ਚ ਈਸ਼ਵਰ ਜਾਂ ਕਿਸੇ ਵਿਅਕਤੀ ਵਿਸ਼ੇਸ਼ ਦੀ ਉਸਤਤ ਤੇ ਮਹਿਮਾ 'ਚ ਗਾਈ ਜਾਂਦੀ ਹੈ। ਕਵੀਸ਼ਰੀ ਸਿੱਖਣ ਲਈ ਗੁਰੂ/ਉਸਤਾਦ ਧਾਰਨ ਦੀ ਪਰੰਪਰਾ ਹੈ। ਇਹ ਕਲਾ ਪਿਤਾ-ਪੁਰਖੀ ਤੋਂ ਹਟਵੀਂ ਹੈ। ਇਹ ਸਿੱਖਣ ਲਈ ਸਾਲਾਂਬੱਧੀ ਅਭਿਆਸ ਤੇ ਠਰੰਮੇ ਦੀ ਲੋੜ ਪੈਂਦੀ ਹੈ। ਇਸ ਦਾ ਪਹਿਲਾ ਸਬੰਧ ਉਸਤਾਦ ਤੋਂ ਪ੍ਰਾਪਤ ਕੀਤੀ ਸਿੱਖਿਆ ਨਾਲ ਹੁੰਦਾ ਹੈ। ਦੂਜੇ ਪੱਖ ਤੋਂ ਕਵੀਸ਼ਰੀ ਜਨ-ਸਮੂਹ ਦਾ ਮਨੋਰੰਜਨ ਕਰਦਿਆਂ ਸਿੱਖਿਆ ਪ੍ਰਦਾਨ ਕਰਦੀ ਮਾੜੇ ਕੰਮਾਂ ਤੋਂ ਵਰਜਦੀ ਵੀ ਹੈ।

ਕਵੀਸ਼ਰੀ ਰਾਹੀਂ ਲੋਕ ਤੱਥਾਂ ਤੇ ਗੂੜ੍ਹ-ਗਿਆਨ ਨਾਲ ਜਨ-ਸਮੂਹ ਨੂੰ ਮੁਖਾਤਿਬ ਹੁੰਦਾ ਕਵੀਸ਼ਰ ਆਪਣੀ ਰਚਨਾ ਪੇਸ਼ ਕਰਦਾ ਹੈ। ਗੱਲ ਨੂੰ ਸਿੱਧੇ ਰੂਪ 'ਚ ਤੇ ਕਟਾਖਸ਼ੀ ਸ਼ਬਦਾਂ ਨਾਲ ਸੁਣਨ ਵਾਲੇ ਮੂਹਰੇ ਰੱਖਿਆ ਜਾਂਦਾ ਹੈ। ਇਸੇ ਕਰਕੇ ਇਹ ਕਾਵਿ-ਰੂਪ ਸਰੋਤੇ ਦੇ ਦਿਲ ਦਿਮਾਗ 'ਤੇ ਸਿੱਧਾ ਅਸਰ ਕਰਦਾ ਹੈ। ਕਵੀਸ਼ਰੀ ਇਕ ਤਰ੍ਹਾਂ ਜੋਸ਼ੀਲਾ ਜਲੌਅ ਹੈ, ਜੋ ਸਰੋਤਿਆਂ ਨੂੰ ਰੁਮਾਂਚਿਤ ਕਰਨ ਦੇ ਨਾਲ ਇਤਿਹਾਸ, ਮਿਥਿਹਾਸ,


ਬਾਬੂ ਰਜਬ ਅਲੀ


ਸੱਭਿਆਚਾਰ, ਸਮਾਜਕ ਰਹਿਣ-ਸਹਿਣ, ਪੌਰਾਣਿਕ ਗਾਥਾਵਾਂ ਤੇ ਪ੍ਰੀਤ ਕਥਾਵਾਂ ਤੋਂ ਵੀ ਜਾਣੂ ਕਰਵਾਉਂਦੀ ਹੈ। ਇਸ ਵਿਚਲੀ ਵੇਦਨਾ ਤੇ ਵੈਰਾਗ ਜੇ ਸਰੋਤਿਆਂ ਦੀਆਂ ਅੱਖਾਂ 'ਚੋਂ ਹੰਝੂ ਨਾ ਵਹਾਏ ਤਾਂ ਸਮਝੋ ਕਵੀਸ਼ਰੀ ਤੇ ਕਵੀਸ਼ਰ 'ਚ ਦਮ ਨਹੀਂ।

ਕਵੀਸ਼ਰੀ ਦਾ ਜਨਮ 26 ਅੱਖਰਾਂ ਯਾਨਿ ਇਕ ਬੰਦ 'ਚ 26 ਕਲੀਆਂ ਤੋਂ ਹੋਇਆ। ਹੌਲੀ ਹੌਲੀ ਬੰਦ ਦੀਆਂ ਕਲੀਆਂ ਦੀ ਗਿਣਤੀ ਲਿਖਾਰੀ ਦੀ ਸਮਰੱਥਾ ਮੁਤਾਬਕ ਵਧਦੀ ਗਈ। ਬਹੁਤਾ ਕਵੀਸ਼ਰੀ ਕਾਵਿ ਮਲਵਈ ਭਾਸ਼ਾ 'ਚ ਰਚਿਆ ਗਿਆ ਹੈ। ਕਵੀਸ਼ਰੀ ਨੂੰ ਛੰਦ 'ਚ ਸਿਰਜਿਆ ਜਾਂਦਾ ਹੈ। ਇਸ 'ਚ ਰਸ ਦਾ ਹੋਣਾ ਲਾਜ਼ਮੀ ਹੈ। ਛੰਦ ਦੇ ਗਿਆਨ ਨੂੰ ਪਿੰਗਲ ਕਿਹਾ ਜਾਂਦਾ ਹੈ, ਪਿੰਗਲ ਹੀ ਕਵੀਸ਼ਰੀ ਦੀ ਜਾਨ ਹੈ। ਇਸ ਤੋਂ ਇਲਾਵਾ ਵ੍ਰਿਤ, ਰੂਪ ਤੇ ਗੁਣ ਇਸ ਨੂੰ ਨਿਖਾਰਨ 'ਚ ਭੂਮਿਕਾ ਨਿਭਾਉਂਦੇ ਹਨ। ਛੰਦ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਲਪੇਟਣਾ, ਢਕਣਾ ਤੇ ਅਨੁਛੇਦਨ ਕਰਨਾ ਹੈ। ਛੰਦ ਨੂੰ ਹੀ ਕਵੀਸ਼ਰੀ ਦੀ ਮਹਾਨਤਾ ਮੰਨਿਆ ਜਾਂਦਾ ਹੈ।

ਵਿਦਵਾਨਾਂ ਦਾ ਮੰਨਣਾ ਹੈ ਕਿ ਛੰਦ ਕਵੀਸ਼ਰੀ ਦਾ ਕਲਬੂਤ ਹੈ ਤੇ ਰਸ ਇਸ ਦੀ ਰੂਹ ਹੈ। ਇਸ ਦੀ ਬਣਤਰ 'ਚ ਕਥਾ-ਰਸ, ਕਾਵਿ-ਰਸ ਅਤੇ ਸੰਗੀਤ-ਰਸ ਹੋਣ ਕਾਰਨ ਹੀ ਇਹ ਲੰਮਾ ਪੈਂਡਾ ਤੈਅ ਕਰਦੀ ਅੱਜ ਵੀ ਲੋਕ ਮਨਾਂ 'ਤੇ ਰਾਜ ਕਰ ਰਹੀ ਹੈ। ਮਹਾਨ ਕਵੀ ਬਾਬੂ ਰਜਬ ਅਲੀ ਨੇ ਬਹੱਤਰ ਕਲੀਆ ਛੰਦ ਰਚ ਕੇ ਕਵੀਸ਼ਰੀ ਜਗਤ 'ਚ ਆਪਣੀ ਧਾਕ ਜਮਾਈ। ਪੇਸ਼ ਹੈ, ਉਸ ਦਾ ਇਕ ਰੰਗ:

ਸੌਂ ਗੇ ਤਾਣ ਚਾਦਰੇ ਵੇ,
ਸੰਤ ਜਗਮੇਲ ਮੱਖਣ ਗਰਮੇਲ
ਗਰਮ ਕੱਪ ਚਾਹ ਪੀ,
ਉਠੋ ਮਾਰ ਥਾਪੀ
ਕਰੋ ਹਰ ਨਾੜੀ
ਪਰਾਣੀ ਫੜ ਕੇ।
ਟੈਮ ਚਾਰ ਵਜੇ ਦਾ ਵੇ,
ਲਵੋ ਨਾਂ ਰੱਬ ਦਾ
ਭਲਾ ਹੋਵੇ ਸਭ ਦਾ,
ਬੜਾ ਕੰਮ ਨਿਬੜੇ ਪਹਿਰ ਦੇ ਤੜਕੇ।
ਓ ਅੱਖ ਪੱਟ ਕੇ ਵੇਖ ਲੋ ਵੇ,
ਚੜ੍ਹ ਗਿਆ ਤਾਰਾ ਕਿਤੇ ਕੰਮ ਭਾਰਾ,
ਉਠੋ ਹਲ ਜੋੜੋ ਖੇਤ ਵਲ ਮੋੜੋ
ਮਹਿਲ 'ਚੋਂ ਨਿਕਲ
ਆਂਗਨ ਵਿਚ ਖੜ੍ਹ ਗਈ।
ਮਾਂ ਦੇ ਮਖਣੀ ਖਾਣਿਓਂ ਵੇ,
ਸੂਰਮਿਓਂ ਪੁੱਤਰੋ ਚੁਬਾਰਿਓਂ ਉਤਰੋ,
ਫਰਕਦੇ ਬਾਜੂ ਜਵਾਨੀ ਚੜ੍ਹ ਗਈ।

ਇੱਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਮਾਲਵਾ ਖੇਤਰ ਦੇ ਕਵੀਸ਼ਰਾਂ ਨੇ ਬ੍ਰਜ, ਸੰਸਕ੍ਰਿਤ ਤੇ ਸ਼ਾਸਤਰੀ ਛੰਦਾਂ ਨੂੰ ਮਲਵਈ 'ਚ ਬਹੁਤ ਖੂਬਸੂਰਤੀ ਨਾਲ ਵਰਤਿਆ। ਇਸ ਦੇ ਨਾਲ ਹੀ ਅਰਧ ਚੌਪਈ, ਚੌਫਿਰਨਾ, ਬਸਾਲ ਡਿਉਢਾ, ਚੌਪਈ ਚਬੋਲਾ ਤੇ ਲਘੂ ਕਬਿੱਤ ਆਦਿ ਨੂੰ ਪਿੰਗਲ 'ਚੋਂ ਸਿਰਜਿਆ। ਇਸ ਤੋਂ ਬਿਨਾ ਪਿੰਗਲ ਦੇ ਛੰਦਾਂ 'ਚ ਦੋਹਰਾ, ਡਿਉਢਾ ਦਵੱਯਾ, ਕੋਰੜਾ, ਮੁਕੰਦ, ਬੈਂਤ, ਸਵੱਯਾ, ਨਿਸ਼ਾਨੀ, ਧਨਾਸਰੀ, ਦਪਟਾ, ਤ੍ਰਿਭੰਗੀ, ਕੁੰਡਲੀਆ, ਸਿਰਖਿੰਡੀ ਆਦਿ ਨੂੰ ਬਹੁਤ ਸੁੰਦਰ ਢੰਗ ਨਾਲ ਰਚਿਆ ਗਿਆ ਹੈ। ਪ੍ਰਤਿਭਾਸ਼ਾਲੀ


ਸਵਰਗੀ ਕਰਨੈਲ ਸਿੰਘ ਪਾਰਸ

ਕਵੀਸ਼ਰਾਂ ਨੇ ਤਾਂ ਲੋਕ-ਗੀਤਾਂ ਤੇ ਲੋਕ-ਬੋਲੀਆਂ 'ਚੋਂ ਵੀ ਕਲੀ, ਗੱਡੀ, ਬੋਲੀ, ਜੁਗਨੀ, ਝੋਕ ਆਦਿ ਛੰਦ ਰਚ ਕੇ ਆਪਣਾ ਲੋਹਾ ਮੰਨਵਾਇਆ।

ਮਾਲਵੇ ਦੀ ਧਰਤੀ 'ਤੇ ਕਈ ਸਿਰਕੱਢ ਕਵੀਸ਼ਰ ਪੈਦਾ ਹੋਏ, ਜਿਨ੍ਹਾਂ 'ਚ ਭਗਵਾਨ ਸਿੰਘ, ਹਜ਼ੂਰਾ ਸਿੰਘ, ਸਾਧੂ ਸਦਾ ਰਾਮ, ਪੰਡਿਤ ਗੋਕਲ ਚੰਦ, ਦੌਲਤ ਰਾਮ, ਗੰਗਾ ਸਿੰਘ, ਮੱਘਰ ਸਿੰਘ ਆਰਿਫ ਅਤੇ ਮਾਘੀ ਸਿੰਘ ਦਾ ਨਾਂ ਮੂਹਰਲੀ ਕਤਾਰ 'ਚ ਆਉਂਦਾ ਹੈ। ਮਿਸਾਲ ਵਜੋਂ ਮਾਘੀ ਸਿੰਘ ਦਾ ਛੰਦ:

ਹੁੰਦੇ ਗੌਣ ਵਾਲੇ ਹੱਦ,
ਲੌਂਦੇ ਸੂਰਮਿਆਂ ਨੂੰ ਸੱਦ,
ਸੀਗੇ ਵੱਡੇ ਵੱਡੇ ਕੱਦ।
ਹੁਣ ਵਾਲੇ ਸਹੇ ਜੇ।
ਪਿਛਲੇ ਜ਼ਮਾਨੇ ਦੇ ਜੁਆਨ ਅਹੇ ਜੇ।

ਛੰਦ ਰਚਣ ਲਈ ਜਿੱਥੇ ਜਾਦੂਈ ਪ੍ਰਭਾਵ ਦਾ ਹੋਣਾ ਜ਼ਰੂਰੀ ਹੈ, ਉੱਥੇ ਨੇਮਾਂ ਮੁਤਾਬਕ ਸਤਰ 'ਚ ਅੱਖਰਾਂ ਦੀ ਬਰਾਬਰੀ, ਖਾਸ ਤੋਲ ਤੇ ਮਾਤਰਾ ਦਾ ਹੋਣਾ ਲੋੜੀਂਦਾ ਹੈ। ਇਨ੍ਹਾਂ ਨਾਲ ਹੀ ਕਵੀ ਦੇ ਗਤੀਸ਼ੀਲ ਭਾਵ ਤੇ ਕਾਵਿ ਸੰਰਚਨਾ ਸਰੋਤੇ ਨੂੰ ਕੀਲਦੀ ਹੈ। ਕੁਝ ਉਸਤਾਦਾਂ ਦਾ ਕਹਿਣਾ ਹੈ ਕਿ ਲਿਖਾਰੀ ਛੰਦ ਰਚਣ ਸਮੇਂ ਛੰਦ ਦੀ ਲੈਅ ਨੂੰ ਬਰਕਰਾਰ ਰੱਖਣ ਲਈ ਇਕ ਕਲੀ ਵਧਾ ਜਾਂ ਘਟਾ ਵੀ ਸਕਦਾ ਹੈ।

ਕਵੀਸ਼ਰ ਕਰਨੈਲ ਸਿੰਘ ਪਾਰਸ (ਰਾਮੂਵਾਲੀਆ) ਉਹ ਕਵੀਸ਼ਰ ਸੀ, ਜਿਸ ਨੇ ਕੁੱਲ ਆਲਮ 'ਤੇ ਆਪਣੀ ਲਿਖਤ ਨਾਲ ਪ੍ਰਸਿੱਧੀ ਖੱਟੀ। ਜ਼ਿੰਦਗੀ ਦੇ ਸਫਰ ਸਬੰਧੀ ਉਸ ਦੇ ਬੋਲਾਂ ਦਾ ਇਕ ਨਮੂਨਾ:

ਰਲ ਸੰਗ ਕਾਫਲੇ ਦੇ,
ਛੇਤੀ ਬੰਨ੍ਹ ਬਿਸਤਰਾ ਗਾਫਲ।
ਕਈ ਪਹਿਲੀ ਡਾਕ ਚੜ੍ਹੇ,
ਕਈ ਟਿਕਟਾਂ ਲੈਣ ਮੁਸਾਫਰ।
ਹੈ ਸਿਗਨਲ ਹੋਇਆ ਵਾ,
ਗਾਰਡ ਵਿਸਲਾਂ ਪਿਆ ਵਜਾਵੇ।
ਜੱਗ ਜੰਕਸ਼ਨ ਰੇਲਾਂ ਦਾ,
ਗੱਡੀ ਇਕ ਆਵੇ ਇਕ ਜਾਵੇ।

ਕਵੀਸ਼ਰੀ ਦੇ ਪ੍ਰਸੰਗਾਂ 'ਚ ਸਾਕਾ ਤੇ ਸ਼ਹੀਦੀ ਸਾਕਾ ਵੀ ਵੱਡੇ ਪੱਧਰ 'ਤੇ ਪ੍ਰਚਲਿਤ ਹਨ। ਕਵੀਸ਼ਰਾਂ ਵੱਲੋਂ ਲੋੜ ਮੁਤਾਬਕ ਇਨ੍ਹਾਂ ਸਾਕਿਆਂ ਤੇ ਸ਼ਹੀਦੀ ਸਾਕਿਆਂ ਨੂੰ ਲੋਕ ਇਕੱਠਾਂ ਅਤੇ ਧਾਰਮਕ ਸਥਾਨਾਂ 'ਤੇ ਗਾਇਆ ਜਾਂਦਾ ਹੈ, ਜਿਵੇਂ ਸਾਕਾ ਸਰਹਿੰਦ, ਸਾਕਾ ਗੜ੍ਹੀ ਚਮਕੌਰ, ਸਾਕਾ ਮਾਲੇਰਕੋਟਲਾ, ਸਾਕਾ ਵੱਡਾ ਘੱਲੂਘਾਰਾ ਆਦਿ। ਇਸ ਤੋਂ ਬਿਨਾ ਰਾਣੀ ਕੌਲਾਂ, ਪੂਰਨ ਭਗਤ, ਦਹੂਦ ਬਾਦਸ਼ਾਹ, ਰੂਪ ਬਸੰਤ, ਸੁੱਚਾ ਸੂਰਮਾ, ਹਰਫੂਲ ਸੂਰਮਾ, ਭਾਈ ਬਿਧੀ ਚੰਦ, ਬਾਬਾ ਬੰਦਾ ਸਿੰਘ ਬਹਾਦਰ, ਸ਼ਹੀਦ ਭਾਈ ਤਾਰੂ ਸਿੰਘ, ਸਾਖੀਆਂ ਤੇ ਗੁਰੂ ਸਾਹਿਬਾਨ ਨਾਲ ਸਬੰਧਤ ਪ੍ਰਸੰਗਾਂ ਦਾ ਵੀ ਗਾਇਨ ਕੀਤਾ ਜਾਂਦਾ ਹੈ।

ਹਾਲ 'ਚ ਹੀ ਕਵੀਸ਼ਰ ਜੋਗਾ ਸਿੰਘ ਜੋਗੀ ਦੇ ਚੇਲੇ ਗੁਰਮੁਖ ਸਿੰਘ ਐਮ. ਏ. (ਜੋ ਉਨ੍ਹਾਂ ਦਾ ਜਵਾਈ ਵੀ ਹੈ) ਨੇ ਰਾਜਾ ਭੀਮ ਚੰਦ ਕੈਲੁਰੀਆ (ਰਿਆਸਤ ਬਿਲਾਸਪੁਰ) ਦੇ ਪ੍ਰਸੰਗ 'ਚ 94ਵੇਂ ਕਲੀਆ ਛੰਦ ਰਚ ਕੇ ਆਪਣੇ ਉਸਤਾਦ ਦੀ ਸੋਭਾ ਹੋਰ ਵਧਾਈ ਹੈ।

ਕਵੀਸ਼ਰੀ 'ਚ ਸਟੇਜੀ ਕਵਿਤਾ ਅਤੇ ਕਿੱਸਾ ਕਾਵਿ ਨਾਲੋਂ ਭਾਸ਼ਾਈ ਅੰਤਰ ਹੁੰਦਾ ਹੈ, ਕਿਉਂਕਿ ਇਸ 'ਚ ਟਕਸਾਲੀ ਸ਼ਬਦਾਂ ਦੀ ਥਾਂ ਇਲਾਕੇ ਮੁਤਾਬਕ ਪ੍ਰਚਲਿਤ ਬੋਲ-ਚਾਲ ਦੇ ਸ਼ਬਦਾਂ ਦੀ ਵਰਤੋਂ ਵੱਧ ਕੀਤੀ ਜਾਂਦੀ ਹੈ। ਕਵੀਸ਼ਰੀ ਗਾਉਣ ਸਮੇਂ ਬਹੁਤੀ ਵਾਰੀ ਵਿਸ਼ਰਾਮ ਚਿੰਨ੍ਹਾਂ ਦੀ ਥਾਂ ਸ਼ਬਦਾਂ ਜਾਂ ਇਸ਼ਾਰਿਆਂ ਨਾਲ ਪ੍ਰਭਾਵ ਪੈਦਾ ਕਰਕੇ ਵੀ ਕੰਮ ਸਾਰ ਲਿਆ ਜਾਂਦਾ ਹੈ।

ਕਵੀਸ਼ਰੀ ਲਿਖਣ ਤੇ ਗਾਉਣ ਪੱਖੋਂ ਮਾਲਵਾ ਹੀ ਮੋਹਰੀ ਰਿਹਾ ਹੈ, ਪਰ ਮਾਝੇ, ਦੁਆਬੇ ਤੇ ਪੁਆਧ ਖੇਤਰ ਦੇ ਕਵੀਸ਼ਰਾਂ ਨੇ ਵੀ ਕਵੀਸ਼ਰੀ ਰਚਣ ਤੇ ਗਾਉਣ 'ਚ ਆਪੋ-ਆਪਣਾ ਯੋਗਦਾਨ ਪਾਇਆ ਹੈ। ਇਹ ਕੋਈ ਅਤਿਕਥਨੀ ਨਹੀਂ ਕਿ ਪ੍ਰਮਾਣਿਕ ਰੂਪ 'ਚ ਮਾਲਵਾ ਖੇਤਰ ਦੀ ਰਹਿਤਲ ਹੀ ਕਵੀਸ਼ਰੀ ਦੀ ਜਨਮਦਾਤੀ ਹੈ, ਜਿੱਥੇ ਇਹ ਵਿਗਸੀ ਤੇ ਪ੍ਰਵਾਨ ਚੜ੍ਹੀ ਹੈ।

###

## ਬਾਬੂ ਰਜਬ ਅਲੀ ਦਾ ਪਰਿਵਾਰ

ਗੁਰੂ ਨਾਨਕ ਗੁਰਪੁਰਬ ਵਾਲੇ ਦਿਨ ਸਵੇਰੇ ਸਵੇਰੇ ਪਾਕਿਸਤਾਨੀ ਪੰਜਾਬ ਤੋਂ ਪੰਜਾਬੀ ਪ੍ਰੇਮੀ ਅੰਜੁਮ ਗਿੱਲ ਦਾ ਸੁਨੇਹਾ ਆਇਆ ਪਿਆ ਸੀ ਕਿ ਕਵੀਸ਼ਰੀ 'ਵਤਨ ਦੀਆਂ ਤਾਂਘਾਂ' ਨੂੰ ਬਾਬੂ ਰਜਬ ਅਲੀ ਖਾਂ ਦੇ ਪਰਿਵਾਰ ਨਾਲ ਸਾਂਝਾ ਕੀਤਾ ਸੀ, ਉਨ੍ਹਾਂ ਸੁਣ ਕੇ ਬੜਾ ਪਸੰਦ ਕੀਤਾ।

ਉਤਸ਼ਾਹਿਤ ਹੁੰਦਿਆਂ ਮੈਂ ਕਿਹਾ, ਉਨ੍ਹਾਂ ਨਾਲ ਗੱਲ ਹੀ ਕਰਾ ਦਿਓ, ਤਾਂ ਝੱਟ ਹੀ ਦੂਜੇ ਪਾਸਿਓਂ ਬਾਬੂ ਰਜਬ ਅਲੀ ਖਾਂ ਦੀ ਪੋਤਰੀ ਤੇ ਸਵਰਗੀ ਸ਼ਮਸ਼ੇਰ ਅਲੀ ਖਾਂ ਦੀ ਧੀ ਬੀਬੀ ਰਿਹਾਨਾ ਨੇ ਹੁੱਬਕੀ ਲੈਂਦਿਆਂ ਕਿਹਾ, "ਬਾਈ, ਤੂੰ ਅੱਜ ਫਿਰ ਸਾਡੇ ਪਿੰਡ ਸਾਹੋਕੇ ਨੂੰ ਯਾਦ ਕਰਾ'ਤਾ। 'ਵਤਨ ਦੀਆਂ ਤਾਂਘਾਂ' ਸੁਣ ਕੇ ਸਾਰੇ ਪਰਿਵਾਰ ਦੀਆਂ ਅੱਖਾਂ ਨਮ ਹੋ ਗਈਆਂ। ਲੱਗਦਾ ਏ, ਗੀਤ ਵਿਚ ਬਾਬੂ ਜੀ ਸੱਚੀਂ ਤੁਰੇ ਫਿਰਦੇ ਦਿਸਦੇ ਨੇ।"

ਬੀਬੀ ਰਿਹਾਨਾ ਦੀ ਵੀ ਖਾਹਿਸ਼ ਏ ਕਿ ਆਪਣੇ ਅੱਬਾ ਸ਼ਮਸ਼ੇਰ ਅਲੀ ਖਾਂ ਵਾਂਗ ਪੁਰਖਿਆਂ ਦੇ ਜੱਦੀ ਪਿੰਡ ਸਾਹੋਕੇ ਬਾਬੂ ਰਜਬ ਅਲੀ ਦੀ ਯਾਦ ਵਿਚ ਹੁੰਦੇ ਸਮਾਗਮ ਵਿਚ ਸ਼ਾਮਿਲ ਹੋਵੇ। ਉਸ ਨੇ ਦੱਸਿਆ ਕਿ ਕਈ ਵਾਰ ਕੋਸ਼ਿਸ਼ ਕੀਤੀ ਪਰ ਵੀਜ਼ਾ ਨਾ ਮਿਲਿਆ। ਗੱਲਾਂ ਕਰਦਿਆਂ ਪਤਾ ਲੱਗਾ ਕਿ ਅਸੀਂ ਕਰੀਬ ਹਮਉਮਰ ਹਾਂ। ਉਸ ਨੇ ਠੇਠ ਮਲਵਈ ਬੋਲੀ ਵਿਚ ਕਿਹਾ, "ਤੁਸੀਂ ਤੇ ਫਿਰ ਮੇਰੇ 'ਵੱਡੇ ਬਾਈ' ਲੱਗਦੇ ਹੋ।" ਸੁਣ ਕੇ ਮੇਰੀਆਂ ਅੱਖਾਂ ਭਰ ਆਈਆਂ।

ਪਿੰਡ ਸਾਹੋਕੇ (ਮੋਗਾ) ਵਿਚ ਜਨਮੇ ਬਾਬੂ ਰਜਬ ਅਲੀ ਖਾਂ ਨੂੰ 1947 ਦੀ ਵੰਡ ਸਮੇਂ ਉਜੜ ਕੇ ਪਾਕਿਸਤਾਨ ਜਾ ਵਸਣਾ ਪਿਆ। ਪਰਦੇਸੀਆਂ ਵਾਂਗ ਆਪਣੀ ਜਨਮ ਭੂਮੀ ਤੋਂ ਵਿਛੜਨ ਦਾ ਦਰਦ ਤੇ ਮੁੜ ਮਿਲਣ ਦੀ ਤਾਂਘ ਦਾ ਬਿਆਨ ਬਾਬੂ ਰਜਬ ਅਲੀ ਨੇ ਆਪਣੀ ਰਚਨਾ ਵਿਚ ਬਾਖੂਬੀ ਕੀਤਾ ਹੈ।

ਗੁਰੂ ਨਾਨਕ ਗੁਰਪੁਰਬ 'ਤੇ ਮੈਨੂੰ ਉਨ੍ਹਾਂ ਦੀ ਜਨਮ ਭੂਮੀ ਤੋਂ ਇੱਕ ਬੇਸ਼ਕੀਮਤੀ ਤੋਹਫਾ ਮਿਲਿਆ। ਦਹਾਕਿਆਂ ਪਿੱਛੋਂ ਵੰਡ ਦਾ ਸ਼ਿਕਾਰ ਹੋਏ ਅਣਦੇਖੇ ਗੁਆਂਢੀਆਂ ਦੇ ਬੋਲ ਕਰਮ ਭੂਮੀ ਕੈਨੇਡਾ ਵਿਚ ਸਾਂਝੇ ਹੋਏ। ਫਿਰ ਸਾਡੀਆਂ ਪਿੰਡ ਸਾਹੋਕੇ ਤੇ ਸੇਖੇ ਭਿੱਤੀ ਦੀਆਂ ਗੱਲਾਂ ਕਰਦਿਆਂ ਅੱਖਾਂ ਨਮ ਹੋ ਗਈਆਂ। ਦਿਲ ਵਿਚੋਂ ਹੂਕ ਨਿਕਲੀ, ਕਾਸ਼! ਕਿਤੇ ਹੱਦਾਂ ਖਤਮ ਹੋ ਜਾਣ ਤੇ ਪੰਛੀਆਂ ਵਾਂਗ ਉਡਦੇ ਉਡਦੇ ਪਿੰਡ ਘੁੰਮ ਆਈਏ।

-ਬਲਜਿੰਦਰ ਸੇਖਾ, ਕੈਨੇਡਾ
baljindersekha247@gmail.com

## ਨੀਤੀ ਦੇ ਕਬਿੱਤ

-ਬਾਬੂ ਰਜਬ ਅਲੀ

1
ਨਾਮ ਨੂੰ ਸਵੇਰਾ ਚੰਗਾ, ਸੰਤਾਂ ਨੂੰ ਡੇਰਾ ਚੰਗਾ,
ਚੋਰ ਨੂੰ ਹਨੇਰਾ ਚੰਗਾ, ਜਿੱਥੇ ਕਿੱਥੇ ਲੁਕ ਜੇ।
ਜੁਆਈ ਭਾਈ ਸਾਊ ਚੰਗਾ, ਪੁੱਤਰ ਕਮਾਊ ਚੰਗਾ,
ਟੱਬਰ ਸੰਗਾਊ ਚੰਗਾ, ਝਿੜਕੇ ਤੋਂ ਰੁੱਕ ਜੇ।
ਇੱਕ ਗੋਤ ਖੇੜਾ ਚੰਗਾ, ਖੇਤ ਲਾਉਣਾ ਗੇੜਾ ਚੰਗਾ,
ਜੰਗ 'ਚ ਨਬੇੜਾ ਚੰਗਾ, ਜੇ ਕਲੇਸ਼ ਮੁੱਕ ਜੇ।
ਚੌਧਵੀਂ ਦਾ ਚੰਦ ਚੰਗਾ, 'ਬਾਊ' ਜੀ ਦਾ ਛੰਦ ਚੰਗਾ,
ਆਂਵਦਾ ਅਨੰਦ ਚੰਗਾ, ਲਾਉਂਦਾ ਸੋਹਣੀ ਤੁਕ ਜੇ।

2
ਨਹਿਰ ਨੂੰ ਵਰਮ ਚੰਗੀ, ਚਾਹ ਛਕੀ ਗਰਮ ਚੰਗੀ,
ਬੇਟੀ ਨੂੰ ਸ਼ਰਮ ਚੰਗੀ, ਜੁਤ ਪੈਂਦੇ ਰਹਿਣ ਗੋਲੇ ਨੂੰ।
ਗੁੜ ਚੰਗਾ ਮਹਿਰੇ ਨੂੰ, ਸੁਜਾਗ ਚੰਗਾ ਪਹਿਰੇ ਨੂੰ,
ਮਸਾਲਾ ਚੰਗਾ ਟੈਰੇ ਨੂੰ, ਬਰੋਲੇ ਚੰਗੇ ਖੋਲੇ ਨੂੰ।
ਨਗਰ ਅਬਾਦ ਤੇ ਕਮਾਦ ਵਿਚ ਖਾਦ ਚੰਗੀ,
ਘਿਉ ਤੋਂ ਆਉਂਦਾ ਸੁਆਦ ਚੰਗਾ, ਗਾਲਾਂ ਦਾ ਵਿਚੋਲੇ ਨੂੰ।
'ਬਾਊ ਜੀ' ਸਲਾਹੀ ਚੰਗਾ, ਤੇ ਗੁੱਜਰ ਮਾਹੀ ਚੰਗਾ,
ਅੜਬ ਸਿਪਾਹੀ ਚੰਗਾ, ਅੜਬਾਂ ਦੇ ਟੋਲੇ ਨੂੰ।

3
ਲੋਕ ਨੇ ਵੈਰੀ ਬੁੱਧ ਦੇ, ਬੁੜ੍ਹੀ ਨਾ ਲਾਹੁਣ ਦੁੱਧ ਦੇ,
ਅਗਰਵਾਲ ਯੁੱਧ ਦੇ, ਕਦੇ ਨਾ ਨੇੜੇ ਢੁੱਕਦੇ।
ਘੋੜੀ ਨਾ ਪਿਛੋਂ ਲੰਘਣ ਦੇ, ਸੂਰਾ ਨਾ ਅਗੋਂ ਖੰਘਣ ਦੇ,
ਬਿੱਪਰ ਸੰਗ ਭੰਗਣ ਦੇ, ਰਹੇ ਨਾ ਨਾਲ ਰੁੱਕ ਦੇ।
ਕਾਜ਼ੀ ਨਾ ਪਾਸ ਗਾਉਣ ਦੇ, ਨਾ ਖੰਘ ਵਾਲਾ ਸੌਣ ਦੇ,
ਕਵੀ ਨਾ ਸ਼ੋਰ ਪਾਉਣ ਦੇ, ਸੂਮ ਨਾ ਘਰੋਂ ਟੁੱਕ ਦੇ।
ਸਖੀ ਨਾ ਜਾਣ ਖਾਲੀ ਦੇ, ਨਾ 'ਰਜਬ ਅਲੀ' ਗਾਲੀ ਦੇ,
ਤੇ ਛੋਟੇ ਮੋਟੇ ਮਾਲੀ ਦੇ, ਕਦੇ ਨ੍ਹੀਂ ਕੰਮ ਮੁੱਕਦੇ।

4
ਨੀਚ ਸੇ ਪਿਆਰ ਹੋ ਜੇ, ਨਾਰ ਬਦਕਾਰ ਹੋ ਜੇ,
ਬਾਲਕਾ ਬੀਮਾਰ ਹੋ ਜੇ, ਉਹ ਨਾ ਰੋਣੋਂ ਥੰਮ੍ਹਦਾ।
ਗੋਹੂੰ 'ਚ ਪਿਆਜ਼ੀ ਹੋ ਜੇ, ਬਾਣੀਆਂ ਲਿਹਾਜ਼ੀ ਹੋ ਜੇ,
ਭਾਈਆਂ 'ਚ ਨਰਾਜ਼ੀ ਹੋ ਜੇ, ਹਰਜ ਕਟੁੰਬ ਦਾ।
ਕਣਕੇ 'ਚ ਗੰਢ ਤੇ ਗੁੰਬ ਵੱਲ ਕੰਡ ਹੋ ਜੇ,
ਕਪਾਹ ਜੇ ਕਰੰਡ ਹੋ ਜੇ, ਨਾ ਵੜੇਵਾਂ ਜੰਮਦਾ।
'ਬਾਊ' ਦੀ ਬੇ ਰੋਅਬੀ ਹੋ ਜੇ, ਤੇ ਨਿਸਾਰੂ ਗੋਭੀ ਹੋ ਜੇ,
ਤੇ ਫਕੀਰ ਲੋਭੀ ਹੋ ਜੇ, ਉਹ ਨ੍ਹੀਂ ਰਹਿੰਦਾ ਕੰਮ ਦਾ।

5
ਸੂਰਮੇ ਦੀ ਹਾਨੀ ਹੋ ਜੇ, ਹੋਛਾ ਜੇ ਗਿਆਨੀ ਹੋ ਜੇ,
ਆਗੂ ਜੇ ਜਨਾਨੀ ਹੋ ਜੇ, ਉਹ ਨਾ ਝੁੱਗੀ ਵੱਸਦੀ।
ਘਰ ਕਮਜ਼ੋਰ ਹੋ ਜੇ, ਪੁੱਤਰ ਲੰਡੋਰ ਹੋ ਜੇ,
ਜੇ ਸਿਆਣੂ ਚੋਰ ਹੋ ਜੇ, ਤਾਂ ਪੁਲਸ ਰੋਜ਼ ਧੱਸਦੀ।
ਮੌਤ ਜੇ ਵਿਆਹ 'ਚ ਹੋ ਜੇ, ਮੀਂਹ-ਝੜੀ ਗਾਹ 'ਚ ਹੋ ਜੇ,
ਜੇ ਜੁਆਕ ਰਾਹ 'ਚ ਹੋ ਜੇ, ਦੁੱਖੀਂ ਜਾਨ ਫੱਸਦੀ।
ਸੱਪ ਜੇ ਅਸੀਲ ਹੋ ਜੇ, ਖਾਰਜ ਅਪੀਲ ਹੋ ਜੇ,
ਬੌਰੀਆ ਵਕੀਲ ਹੋ ਜੇ, ਵੇਖ ਲੋਕੀ ਹੱਸਦੀ।

6
ਲੱਤੋਂ ਲੰਙਾ ਬੈਲ ਹੋ ਜੇ, ਬੁੜ੍ਹਾ ਬੇ-ਟਹਿਲ ਹੋ ਜੇ,
'ਫੀਮ ਦਾ ਜੇ ਵੈਲ ਹੋ ਜੇ, ਐਦੂੰ ਦੁੱਖ ਕੋਈ ਨ੍ਹੀਂ।
ਕੋੜ੍ਹ ਦਾ ਜੇ ਦੁੱਖ ਹੋ ਜੇ, 'ਵਾ 'ਚ ਟੇਢਾ ਰੁੱਖ ਹੋ ਜੇ,
ਗੁਰੂ ਤੋਂ ਬੇ-ਮੁੱਖ ਹੋ ਜੇ, ਦੋ ਜਹਾਨੀਂ ਢੋਈ ਨ੍ਹੀਂ।
ਨੀਤ 'ਚ ਫਰਕ ਤੇ ਰਸੈਣ ਦਾ ਠਰਕ ਹੋ ਜੇ,
ਬੇੜੀ ਜੇ ਗਰਕ ਹੋ ਜੇ, ਨਿੰਕਲੇ ਡਬੋਈ ਨ੍ਹੀਂ।
ਰਾਜੇ 'ਤੇ ਚੜ੍ਹਾਈ ਹੋ ਜੇ, ਜੇ ਖਰਾਬ ਜੁਆਈ ਹੋ ਜੇ,
ਖਾਤੇ 'ਚ ਲੜਾਈ ਹੋ ਜੇ, 'ਬਾਊ' ਚੰਗੀ ਹੋਈ ਨ੍ਹੀਂ।

7
ਕਾਜ਼ੀ ਤੋਂ ਹਰਾਮ ਹੋ ਜੇ, ਬਹੂ ਘਰੋਂ ਲਾਮ੍ਹ ਹੋ ਜੇ,
ਪੈਂਚ ਬਦਨਾਮ ਹੋ ਜੇ, ਉਹਨੂੰ ਪਿੰਡ ਮੰਨੇ ਨਾ।
ਫੱਟ ਵਿਚ ਰਾਧ ਹੋ ਜੇ, ਘਰ ਬਰਬਾਦ ਹੋ ਜੇ,
ਖੁਸ਼ਕ ਕਮਾਦ ਹੋ ਜੇ, ਉਹਦੇ ਸੁਆਦ ਗੰਨੇ ਨਾ।
ਮੌਲਵੀ ਅਯਾਸ਼ ਹੋ ਜੇ, ਗਰਮ ਜੇ ਛਾਛ ਹੋ ਜੇ,
ਬੰਦਾ ਬਦਮਾਸ਼ ਹੋ ਜੇ, ਉਹਤੋਂ ਭਲੀ ਬਣੇ ਨਾ।
ਬਿਨਾ ਨੰਬਰ ਨੋਟ, ਅਹਿਲਕਾਰ ਤੇ ਰਪੋਟ,
ਤੇ ਬੰਨ੍ਹਾਈ ਵਿਚ ਟੋਟ, ਹਰ ਇੱਕ 'ਬਾਊ' ਬੰਨ੍ਹੇ ਨਾ।

8
ਸੋਗ ਵਿਚ ਹਾਸਾ ਮਾੜਾ, ਸੁਆਲੀ ਗਿਆ ਨਿਰਾਸਾ ਮਾੜਾ,
ਕੂੜ ਦਾ ਦਿਲਾਸਾ ਤੇ ਗੰਡਾਸਾ ਮਾੜਾ ਜੰਡੀ ਨੂੰ।
ਹਾਕਮਾਂ ਨੂੰ ਬੋਬਾ ਮਾੜਾ, ਗਾਉਂ ਵਿਚਾਲੇ ਟੋਬਾ ਮਾੜਾ,
ਸਿਆਣੇ ਕਹਿੰਦੇ ਖੋਬਾ ਮਾੜਾ, ਹਰਨੀ ਤਰੰਡੀ ਨੂੰ।
ਅੜੀ ਦਾਰ ਘੋੜਾ ਮਾੜਾ, ਯਾਰ ਦਾ ਵਿਛੋੜਾ ਮਾੜਾ,
ਕਾਲਜੇ 'ਚ ਫੋੜਾ ਤੇ, ਭੰਜੋੜਾ ਬੀਣੀ ਗੰਢੀ ਨੂੰ।
ਹਲਕੇ ਨੂੰ ਆਬ, 'ਬਾਊ' ਸੌਣ 'ਚ ਜੁਲਾਬ ਮਾੜਾ,
ਕਾਜ਼ੀ ਨੂੰ ਸ਼ਰਾਬ ਤੇ ਬਰਸਾਤ ਮਾੜੀ ਮੰਡੀ ਨੂੰ।

# ਰੂਹ ਦੀਆਂ ਰਮਜ਼ਾਂ

**ਕਣੀਆਂ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਧਰਮ ਦੀ ਧਾਰਮਕਤਾ ਦੀ ਪੁਣਛਾਣ ਕਰਦਿਆਂ ਕਿਹਾ ਸੀ, "ਧਰਮ ਤਾਂ ਆਸ ਤੇ ਵਿਸ਼ਵਾਸ, ਦੁੱਖ ਤੇ ਸੁੱਖ, ਹੌਂਸਲੇ ਤੇ ਹਾਰੇ ਅਤੇ ਥੱਕਿਆਂ ਤੇ ਹਿੰਮਤੀਆਂ ਦਾ ਵੀ ਹੁੰਦਾ। ਪਰ ਇਸ ਦੀ ਅਰਾਧਨਾ ਅਤੇ ਆਸਥਾ ਦਾ ਫਰਕ ਹੀ ਹੁੰਦਾ, ਜੋ ਧਰਮ ਜਾਂ ਅਧਰਮ ਦਾ ਆਧਾਰ ਬਣਦਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਰੂਹ ਦੀਆਂ ਗੱਲਾਂ ਕੀਤੀਆਂ ਹਨ। ਉਹ ਕਹਿੰਦੇ ਹਨ, "ਰੂਹ, ਜਿਸਮ ਦੀ ਕੈਦ ਤੋਂ ਮੁਕਤ, ਸਮਾਜਕ ਬੰਦਨਾਂ ਤੋਂ ਬੇਫਿਕਰੀ, ਰਿਸ਼ਤਿਆਂ ਦੇ ਦੰਭ ਨੂੰ ਅਪਨਾਉਣ ਤੋਂ ਆਕੀ ਅਤੇ ਖੁਦ ਲਈ ਖੁਦ ਦੀ ਬਣਦੀ ਸਾਕੀ।...ਜਿਸਮ ਤਾਂ ਵਿਕਾਊ ਹੋ ਸਕਦਾ ਹੈ, ਰੂਹ ਨਹੀਂ।" ਉਹ ਝੂਰਦੇ ਹਨ, "ਰੂਹ ਦੀ ਕੇਹੀ ਤ੍ਰਾਸਦੀ ਕਿ ਅਜੋਕਾ ਮਨੁੱਖ ਰੂਹ-ਹੀਣ ਰਹਿ ਕੇ, ਜਿਸਮ ਵਿਚ ਭਾਵਨਾਵਾਂ ਦੀ ਕਬਰ ਪੁੱਟਣ ਲਈ ਕਾਹਲਾ। ਬਸਤਰਹੀਣ ਹੋ ਕੇ ਤਾਂ ਜੀਵਿਆ ਜਾ ਸਕਦਾ ਪਰ ਰੂਹ ਤੋਂ ਬਗੈਰ ਜਿਉਣ ਨੂੰ ਕੋਈ ਅਰਥ ਨਹੀਂ ਦਿਤੇ ਜਾ ਸਕਦੇ।" -ਸੰਪਾਦਕ***

ਰੂਹ, ਮਨ ਦੀ ਪਰਵਾਜ਼, ਮਾਨਸਿਕ ਵੇਗ, ਸੁਹਜ-ਸੰਗੀਤ, ਸੁਖਨ-ਸੰਵੇਦਨਾ, ਸਮਝ-ਸਮਰਪਣ ਅਤੇ ਸੁਗਮ-ਸੰਗੀਤ।

ਰੂਹ, ਖੁਦ ਦਾ ਪ੍ਰਗਟਾਵਾ, ਸੰਵੇਦਨਸ਼ੀਲਤਾ ਦਾ ਪ੍ਰਵਾਹ, ਅਦਿੱਖਤਾ ਵਿਚੋਂ ਅਸੀਮਤਾ ਨੂੰ ਨਿਹਾਰਨ ਦੀ ਅਦਾ ਤੇ ਮਨ-ਤਰਲਤਾ ਦਾ ਵਹਾਅ।

ਰੂਹ, ਨੈਣ-ਨਗਮਾ, ਹਰਫਾਂ 'ਚੋਂ ਫੁੱਟਦੀ ਸੀਰ, ਅਰਥਾਂ ਵਿਚੋਂ ਬੱਦਲੋਟੀਆਂ ਦਾ ਪੈਗਾਮ, ਵਰਕਿਆਂ 'ਤੇ ਝਨਾਂ ਦੀਆਂ ਲਹਿਰਾਂ ਦੀ ਚੁੱਪ-ਆਵਾਜ਼ ਅਤੇ ਹਰਫ-ਇਬਾਰਤ ਵਿਚੋਂ ਪਨਪਦਾ ਇਬਾਦਤੀ ਰਿਆਜ਼।

ਰੂਹ, ਜ਼ਿੰਦ-ਸਾਜ਼ ਬਣਨ ਦੀ ਤਿਆਰੀ, ਬੇਫਿਕਰੀ ਦੇ ਆਲਮ ਦੀ ਖੁਮਾਰੀ ਅਤੇ ਆਤਮਕ ਰੂਪ ਵਿਚ ਕੁਝ ਚੰਗੇਰਾ ਤੇ ਨਰੋਇਆ ਸਿਰਜਣ ਦੀ ਤਿਆਰੀ।

ਰੂਹ, ਬਿਨ-ਆਵਾਜ਼, ਬਿਨ-ਪੈੜਚਾਲ, ਬਿਨ-ਦੱਸਿਆਂ, ਬਿਨ-ਦਸਤਕ ਦਿਤਿਆਂ ਅਤੇ ਬਿਨ-ਅਗਾਮੀ ਸੂਚਨਾ ਦੇ ਤੁਹਾਡੇ ਦੀਦਿਆਂ 'ਚ ਉਤਰਦੀ। ਛਮ ਛਮ ਰੋਂਦੀਆਂ ਅੱਖਾਂ, ਕਿਸੇ ਦੀ ਪੀੜਾ ਵਿਚ ਪੀੜ ਹੋ ਜਾਣ ਦਾ ਸੁਖਨ, ਕਿਸੇ ਦੇ ਗਮਾਂ ਨੂੰ ਅੰਤਰੀਵ ਵਿਚ ਰਚਾਉਣ ਦਾ ਮਿੱਠਾ-ਮਿੱਠਾ ਦਰਦ ਅਤੇ ਇਸ ਵਿਚੋਂ ਖੁਦਾਈ ਦੇ ਰਸਤੇ ਦੀ ਭਾਲ।

ਰੂਹ, ਰਮਤੇ ਫਕੀਰਾਂ ਦੀ ਅਦਾ, ਰਮਣੀਕਤਾ ਵਿਚ ਲੀਨ ਹੋਈ ਰੂਹਾਨੀਅਤ, ਰਾਗ-ਰੰਗ ਦੀ ਕਰਤਾਰੀ ਅਦਾ ਅਤੇ ਚਿਣਗ ਦਾ ਮਨ-ਮਸਤਕ ਦੇ ਦਰਾਂ ਨੂੰ ਰੁਸ਼ਨਾਉਣ ਦਾ ਪਾਕ-ਕਰਮ।

ਰੂਹ, ਜਿਸਮ ਦੀ ਕੈਦ ਤੋਂ ਮੁਕਤ, ਸਮਾਜਕ ਬੰਦਨਾਂ ਤੋਂ ਬੇਫਿਕਰੀ, ਰਿਸ਼ਤਿਆਂ ਦੇ ਦੰਭ ਨੂੰ ਅਪਨਾਉਣ ਤੋਂ ਆਕੀ ਅਤੇ ਖੁਦ ਲਈ ਖੁਦ ਦੀ ਬਣਦੀ ਸਾਕੀ।

ਰੂਹ, ਸਮਾਜਕ ਸਰੋਕਾਰਾਂ ਸੰਗ ਲਬਰੇਜ਼ਤਾ, ਸੂਖਮ ਭਾਵਨਾਵਾਂ ਦੀ ਤਸਦੀਕ, ਸੁੱਚੀਆਂ ਸੱਧਰਾਂ ਦੀ ਤਹਿਰੀਕ, ਸੰਦਲੀ ਪਲਾਂ ਦੀ ਤਾਰੀਖ ਅਤੇ ਸਦ-ਭਾਵਨਾ ਨਾਲ ਓਤਪੋਤ, ਯੁੱਗਾਂ ਜਿੱਡੀ ਪ੍ਰੀਤ।

ਰੂਹ, ਸਰੀਰਕ ਬੰਦਨਾਂ ਦੀ ਮੁਥਾਜ਼ੀ ਕਦੇ ਨਾ ਅਪਨਾਵੇ। ਨਾ ਹੀ ਆਪਣੀਆਂ ਰਾਹਾਂ 'ਚ ਬੇੜੀਆਂ ਉਗਾਵੇ, ਪਰ ਸੁਖਨ-ਸਬੂਰੀ ਦੇ ਗੀਤ ਗਾਵੇ।

ਰੂਹ, ਰਾਂਗਲੀ-ਰਾਜ਼ਦਾਰੀ, ਸਾਹ-ਸਰਦਾਰੀ, ਪੂਰਨ-ਖੁਦਮੁਖਤਾਰੀ ਅਤੇ ਸਮਿਆਂ ਦੀ ਸ਼ਾਹ-ਅਸਵਾਰੀ।

ਰੂਹ ਨੂੰ ਅਪਨਾਉਣ ਤੋਂ ਆਕੀ ਨੇ ਕੁਝ ਕੁ ਲੋਕ, ਜੋ ਰੂਹ-ਵਿਹੜੇ ਵਿਚ ਨੱਚਣ ਤੋਂ ਉਕਤਾਉਂਦੇ ਅਤੇ ਰੂਹ-ਰਾਗਣੀਆਂ ਨੂੰ ਦੁਰਕਾਰਦੇ।

ਰੂਹ ਹੀ ਬਚਦੀ ਏ ਕੋਲ ਜਦ ਕੋਈ ਜ਼ਿੰਦਗੀ ਦੀ ਬਾਜ਼ੀ ਹਾਰਦਾ, ਦੁਸ਼ਵਾਰੀਆਂ ਦੀ ਮਾਰ ਸਹਿੰਦਾ ਜਾਂ ਮਾਇਕ ਤੇ ਸਰੀਰਕ ਤੌਰ 'ਤੇ ਅਪਾਹਜ ਹੋ ਜਾਣ ਦਾ ਸ਼ਿਕਾਰ ਹੋ ਜਾਂਦਾ ਕਿਉਂਕਿ ਰੂਹ ਨੂੰ ਕੌਣ ਖਰੀਦੇਗਾ?

ਰੂਹ-ਰੂਪੀ ਫੁੱਲ ਪੱਤੀ-ਪੱਤੀ ਹੋ ਜਾਂਦਾ ਜਦ ਕੰਡੇ ਇਸ ਨੂੰ ਝਰੀਟਦੇ, ਕਲੀਆਂ ਦੇ ਸੀਨੇ ਵਿਚ ਖੁਸ਼ਬੂ ਖੁਦਕੁਸ਼ੀ ਕਰ ਲੈਂਦੀ ਅਤੇ ਭੌਰਿਆਂ ਨੂੰ ਖੁਦ ਦੇ ਰੁਦਨ ਵਿਚ ਸਾਹ ਸੰਤੋਖਣੇ ਪੈਂਦੇ।

ਰੂਹ ਨਾਲ ਜਦ ਮੁਹੱਬਤ ਹੋ ਜਾਵੇ ਤਾਂ ਮੁੜ ਕਿਸੇ ਨਾਲ ਵੀ ਪਿਆਰ ਦਾ ਸਬੰਧ ਕਾਇਮ ਨਹੀਂ ਹੁੰਦਾ ਕਿਉਂਕਿ ਰੂਹਾਂ ਦੇ ਸੌਦੇ ਤਾਂ ਇਕ ਵਾਰ ਹੀ ਹੋ ਸਕਦੇ। ਰੂਹ ਦਾ ਰੂਹ 'ਚ ਉਤਰ ਜਾਣਾ, ਰੂਹ 'ਚੋਂ ਰੂਹ ਦੇ ਦੀਦਾਰੇ ਅਤੇ ਰੂਹ ਨੂੰ ਰੂਹ-ਰਵਾਂ ਬਣਾਉਣ ਪਿਛੋਂ ਤਾਂ ਬਚਦਾ ਹੀ ਕੀ ਏ?

ਰੂਹ ਦੀਆਂ ਰਮਜ਼ਾਂ, ਸਮਝੇ ਕੋਈ। ਰੂਹ ਦੇ ਹਾਣ ਦੀ ਰੂਹ ਜਦ ਹੋਈ, ਤਾਂ ਰੂਹ ਦੀ ਪਰਵਾਜ਼ ਅੰਬਰਾਂ ਜੇਡੀ ਹੋਈ। ਤਾਰਿਆਂ ਦੀ ਬਗਲੀ ਮੋਢੇ ਪਾ ਕੇ, ਚਾਨਣ ਦੀ ਤੰਦ ਛੋਹੀ। ਫਿਜ਼ਾ ਨੂੰ ਰੁਮਕਣ ਦਾ ਵਲ ਸਿਖਾਵੇ, ਪੌਣ-ਕੰਧਾੜੀ 'ਤੇ ਚੜ੍ਹ ਰਾਗ-ਰਤਨ ਗਾਵੇ ਅਤੇ ਸਮਿਆਂ ਦੀ ਵਹਿੰਗੀ 'ਚ ਜਿਉਣ-ਜਾਚ ਟਿਕਾਵੇ।

ਰੂਹ ਜਦ ਕਵੀ ਦਾ ਦਰ ਖੜਕਾਵੇ ਤਾਂ ਕਾਵਿਕਤਾ ਵਿਚ ਸੰਵੇਦਨਾ ਧਰ ਜਾਵੇ। ਰੂਹ ਜਦ ਕਿਸੇ ਕਲਾਕਾਰ ਦੀ ਕਲਮ ਛੋਹ ਜਾਵੇ ਤਾਂ ਕੈਨਵਸ 'ਤੇ ਮਾਰੀਆਂ ਬੁਰਸ਼-ਛੋਹਾਂ ਨੂੰ ਜਿਉਂਦਾ ਕਰ ਜਾਵੇ। ਰੂਹ ਦੀ ਬੰਦਨਾ ਜਦ ਕਰਮਯੋਗੀ ਦੇ ਬੋਲਾਂ ਨੂੰ ਘਰ ਬਣਾਵੇ ਤਾਂ ਉਸ ਦੀ ਸੱਦ ਵਿਹੜਿਆਂ ਵਿਚ ਬਾਣੀ ਦਾ ਨਾਦ ਬਣ ਜਾਵੇ। ਰੂਹ ਜਦ ਕਿਸੇ ਵਿਅਕਤੀ ਦੀ ਕਰਮ-ਜਾਚਨਾ ਨੂੰ ਅਪਨਾਵੇ ਤਾਂ ਉਹ ਇਨਸਾਨੀਅਤ ਦੀ ਉਂਗਲੀ ਲੱਗ ਜਾਵੇ। ਰੂਹ ਜਦ ਕਿਸੇ ਰਿਸ਼ਤੇ ਦੀ ਆਤਮਾ ਦਾ ਰੂਪ ਵਟਾਵੇ ਤਾਂ ਉਸ ਦੇ ਪਿੰਡੇ 'ਤੇ ਪਾਕੀਜ਼ਗੀ ਅਤੇ ਪਕਿਆਈ ਦੀਆਂ ਬੂਟੀਆਂ ਪਾਵੇ। ਰੂਹ ਜਦ ਕਿਸੇ ਕਿਰਤ ਦੀਆਂ ਰਗਾਂ ਵਿਚ ਰਮਾਵੇ ਤਾਂ ਕਿਰਤ ਦੀ ਸੁੱਚਮਤੇ ਸਾਰਥਕਤਾ, ਸਮਿਆਂ ਦਾ ਸੁਲੱਗ ਭਾਗ ਬਣ ਜਾਵੇ। ਰੂਹ ਜਦ ਹਰਫਾਂ ਦਾ ਰੰਗ ਲਗਾਵੇ ਤਾਂ ਉਨ੍ਹਾਂ ਦੀ ਦੂਰ-ਰਸ ਅਤੇ ਰੰਗਰੇਜ਼ਤਾ ਵਿਚੋਂ ਅਰਥਾਂ ਦੀਆਂ ਕਣੀਆਂ ਦੀ ਸਿੱਲ ਆਵੇ। ਰੂਹ ਜਦ ਪੋਟਿਆਂ ਨੂੰ ਛੁਹਾਵੇ ਤਾਂ ਇਸ ਦੀ ਤਰੰਗ-ਤਾਜ਼ਗੀ ਮਰਨਹਾਰੀ ਰੂਹ ਨੂੰ ਜਿਉਣ ਦਾ ਸਲੀਕਾ ਦੱਸ ਜਾਵੇ।

"ਰੂਹ ਲੈ ਗਿਆ ਦਿਲਾਂ ਦਾ ਜਾਨੀ ਕਿ ਹੱਡ ਸਾਨੂੰ ਚੁੱਕਣਾ ਪਿਆ" ਦੀ ਹੂਕ ਜਦ ਗੂੰਜਦੀ ਤਾਂ ਮਨ ਦੀ ਪਤਿੱਖਣੇ ਲੱਗਦਾ ਖਾਰੇਪਣ ਦਾ ਡੇਰਾ। ਦਿਲਜਾਨੀ ਦੇ ਰਾਹਾਂ ਵਿਚ ਵਿਛਾਈਆਂ ਅੱਖਾਂ ਵੀ

***ਰੂਹ ਦੀਆਂ ਰਮਜ਼ਾਂ, ਸਮਝੇ ਕੋਈ। ਰੂਹ ਦੇ ਹਾਣ ਦੀ ਰੂਹ ਜਦ ਹੋਈ, ਤਾਂ ਰੂਹ ਦੀ ਪਰਵਾਜ਼ ਅੰਬਰਾਂ ਜੇਡੀ ਹੋਈ। ਤਾਰਿਆਂ ਦੀ ਬਗਲੀ ਮੋਢੇ ਪਾ ਕੇ, ਚਾਨਣ ਦੀ ਤੰਦ ਛੋਹੀ। ਫਿਜ਼ਾ ਨੂੰ ਰੁਮਕਣ ਦਾ ਵਲ ਸਿਖਾਵੇ, ਪੌਣ-ਕੰਧਾੜੀ 'ਤੇ ਚੜ੍ਹ ਰਾਗ-ਰਤਨ ਗਾਵੇ ਅਤੇ ਸਮਿਆਂ ਦੀ ਵਹਿੰਗੀ 'ਚ ਜਿਉਣ-ਜਾਚ ਟਿਕਾਵੇ।***

ਅੱਥਰੂਆਂ ਤੋਂ ਸੱਖਣੀਆਂ ਹੋ ਜਾਂਦੀਆਂ। ਭਲਾ! ਕੀਹਦੇ ਆਸਰੇ ਰੂਹ ਮੁੜ ਸਜੀਵ ਹੋਵੇ?

ਰੂਹ, ਸਦਾ ਚਿਰੰਜੀਵ। ਹਰ ਪਲ ਅਤੇ ਪਹਿਰ ਇਸ ਦੀ ਹੋਂਦ ਦਾ ਅਹਿਸਾਸ ਬੰਦੇ ਨੂੰ ਮਰਨ ਨਹੀਂ ਦਿੰਦਾ। ਜਿਸਮ ਮਰ ਜਾਂਦੇ ਪਰ ਰੂਹ ਸਦਾ ਜਿਉਂਦੀ ਰਹਿੰਦੀ।

ਰੂਹ ਦੀ ਕੇਹੀ ਤ੍ਰਾਸਦੀ ਕਿ ਅਜੋਕਾ ਮਨੁੱਖ ਰੂਹ-ਹੀਣ ਰਹਿ ਕੇ, ਜਿਸਮ ਵਿਚ ਭਾਵਨਾਵਾਂ ਦੀ ਕਬਰ ਪੁੱਟਣ ਲਈ ਕਾਹਲਾ। ਬਸਤਰਹੀਣ ਹੋ ਕੇ ਤਾਂ ਜੀਵਿਆ ਜਾ ਸਕਦਾ ਪਰ ਰੂਹ ਤੋਂ ਬਗੈਰ ਜਿਉਣ ਨੂੰ ਕੋਈ ਅਰਥ ਨਹੀਂ ਦਿਤੇ ਜਾ ਸਕਦੇ।

ਰੂਹਾਂ ਵਾਲੇ ਲੋਕ ਦੁਰਲੱਭ ਜੀਵ, ਭਾਲਿਆਂ ਨਹੀਂ ਥਿਆਉਂਦੇ। ਅਜਿਹੇ ਲੋਕਾਂ ਦੇ ਬੋਲ, ਬੋਲੇ ਕੰਨ ਸੁਣਨ ਤੋਂ ਨਾਬਰ। ਸਮਿਆਂ ਦੀ ਕੇਹੀ ਤ੍ਰਾਸਦੀ ਕਿ ਅੱਜ ਕੱਲ ਰੂਹਾਂ ਦੀ ਕਬਰ-ਬੋਲੀ ਲੱਗਦੀ ਤੇ ਲੋਕ ਰੋਬੋਟ ਬਣ ਕੇ ਜਿਉਣ ਨੂੰ ਤਰਜ਼ੀਹ ਦਿੰਦੇ।

ਰੂਹ-ਹੀਣਤਾ ਦਾ ਇਹ ਕੇਹਾ ਕੋਝਾ ਰੂਪ ਕਿ ਰਿਸ਼ਤਿਆਂ ਦਾ ਰੰਗ ਪਲਿੱਤਣਾਂ ਵਿਚ ਡੁੱਬ ਗਿਆ ਏ, ਸਬੰਧਾਂ ਵਿਚਲੀ ਖੋਟ ਨੇ ਇਹਨੂੰ ਦਾਗੀ ਕਰ ਦਿਤਾ ਏ ਅਤੇ ਮੋਹ ਨੂੰ ਮਾਇਆ ਦੇ ਤਰਾਜੂ ਵਿਚ ਤੋਲ ਕੇ ਪਰਖਿਆ ਜਾਂਦਾ। ਜਦ ਜਿਸਮ, ਰੋਟੀ ਦੀ ਮੁਥਾਜੀ ਲਈ ਵਿਕਾਊ ਹੋ ਜਾਣ, ਚੁੰਨੀਆਂ ਦੀ ਚੁਰੱਸਤੇ ਵਿਚ ਨਿਲਾਮੀ ਹੋਵੇ, ਰੰਗਲੇ ਚੂੜਿਆਂ ਨੂੰ ਤਿੜਕਣ ਦੀ ਸਜ਼ਾ ਮਿਲੇ ਅਤੇ ਮਹਿੰਦੀ ਦਾ ਉਦਾਸ ਰੰਗ ਸਮਿਆਂ ਨੂੰ ਸ਼ਰਮਸ਼ਾਰ ਕਰਦਾ ਹੋਵੇ ਤਾਂ ਰੂਹ ਦੀ ਨਿਸ਼ਾਨਦੇਹੀ ਕਿੰਜ, ਕਿਵੇਂ ਅਤੇ ਕਿਥੋਂ ਕਰੋਗੇ? ਫਿਰ ਖੁਦ ਹੀ ਚੂਲੀ ਭਰ ਪਾਣੀ 'ਚ ਡੁੱਬ ਮਰੋਗੇ। ਰੂਹ ਤੋਂ ਬਗੈਰ ਮਰਨ 'ਤੇ ਕਿਸੇ ਨੇ ਨਹੀਂ ਪਾਉਣੇ ਵੈਣ ਅਤੇ ਕਿਹੜੇ ਵਿਸ਼ੇਸ਼ਣਾਂ ਨਾਲ ਤੁਰ ਗਿਆਂ ਨੂੰ ਯਾਦ ਕੀਤਾ ਜਾਵੇਗਾ?

ਰੂਹਾਂ ਦਾ ਹੁੰਦਾ ਰੂਹਾਂ ਨਾਲ ਮੇਲ, ਜੋ ਹੁੰਦਾ ਕਿਸਮਤ ਦਾ ਖੇਲ। ਜੀਵਨ ਦੇ ਸੋਕੇ 'ਤੇ ਪੈਂਦੀ ਤ੍ਰੇਲ ਅਤੇ ਅੰਬਰ ਦਾ ਧਰਤੀ ਨਾਲ ਹੁੰਦਾ ਸੁਮੇਲ। ਜ਼ਿੰਦਗੀ ਦੀ ਬੀਹੀ ਵਿਚ ਖੁਸ਼ੀਆਂ ਦੇ ਮੇਲੇ ਅਤੇ ਚਾਵਾਂ ਦੀ ਨਗਰੀ 'ਚ ਸਾਹ-ਸੁਹੇਲੇ।

ਰੂਹ ਵਾਲੇ ਕਦੇ ਨਹੀਂ ਵਿਕਦੇ। ਸਿਰਫ ਜਿਸਮਾਂ ਦੀ ਬੋਲੀ ਲੱਗਦੀ। ਰੂਹਾਂ ਵਾਲੇ ਰੂਹ ਦਾ ਸੌਦਾ ਕਦੇ ਨਹੀਂ ਕਰਦੇ, ਨਾ ਹੀ ਉਹ ਪਲ ਪਲ ਰੂਹ ਵਟਾਉਣ ਦੇ ਆਦੀ ਕਿਉਂਕਿ ਉਹ ਜਾਣਦੇ ਨੇ ਕਿ ਇਸ ਨਾਲ ਹੁੰਦੀ ਸਮੁੱਚ ਦੀ ਬਰਬਾਦੀ।

ਰੂਹਾਂ ਦਾ ਸੰਗ, ਜੀਵਨ ਦਾ ਸੰਦਲੀ ਪਹਿਰ। ਰੂਹ-ਰਾਗਣੀ, ਤਿੱਖੜ ਦੁਪਹਿਰ। ਰੂਹ-ਲਬਰੇਜ਼ਤਾ, ਢਲਦੀ ਦੁਪਹਿਰ। ਰੂਹਾਂ ਦਾ ਵਿਛੋੜਾ, ਉਤਰੀ ਗਹਿਰ। ਰੂਹਾਂ ਦਾ ਤੁਰ ਜਾਣਾ, ਜੀਵਨ-ਹਨੇਰ।

ਰੂਹਾਂ ਵਾਲੇ ਰੂਹਾਂ ਵਾਲਿਆਂ ਲਈ ਪਿਆਰੇ। ਉਨ੍ਹਾਂ ਦੇ ਬੋਲ, ਸ਼ਹਿਦੀ ਛੁਹਾਰੇ। ਉਨ੍ਹਾਂ ਦੀ ਮੁਸਕਣੀ, ਅਦਲੀ ਨਜ਼ਾਰੇ। ਉਨ੍ਹਾਂ ਦੀ ਤੱਕਣੀ, ਅਕਾਸ਼ੀ ਹੁਲਾਰੇ। ਉਨ੍ਹਾਂ ਦੇ ਹਰਫ, ਭਾਂਵੀਂ ਦੁਲਾਰੇ। ਉਨ੍ਹਾਂ ਦੀ ਜੀਵਨ-ਇਬਾਦਤ, ਟਿਮਟਿਮਾਉਂਦੇ ਤਾਰੇ। ਉਨ੍ਹਾਂ ਦੇ ਅੰਬਰ 'ਚ ਤਾਰੇ ਹੀ ਤਾਰੇ। ਹਰ ਰਾਹ ਤੇ ਪੈੜ 'ਚ ਚਾਨਣ-ਲਿਸ਼ਕਾਰੇ।

ਰੂਹ ਨਾਲ ਜਿਉਣਾ, ਵਿਰਲਿਆਂ ਦਾ ਨਸੀਬ। ਰੂਹਾਂ ਵਾਲੇ ਕਦੇ ਨਹੀਂ ਹੁੰਦੇ ਗਰੀਬ। ਹੁੰਦੇ ਨੇ ਮਾਨਵਤਾ ਦੇ ਸਭ ਤੋਂ ਕਰੀਬ। ਉਨ੍ਹਾਂ ਦਾ ਨਹੀਂ ਕੋਈ ਰਕੀਬ ਅਤੇ ਹੁੰਦੇ ਨੇ ਹਰਦਿਲ ਅਜ਼ੀਜ਼।

ਰੂਹ ਦੇ ਨੈਣਾਂ ਵਿਚ ਅੱਥਰੂ ਜੰਮ ਜਾਂਦੇ, ਸਿਸਕੀਆਂ ਵਿਚ ਸਾਹ ਔਂਤਰ ਜਾਂਦੇ ਅਤੇ ਸਾਜ਼-ਤਾਰ 'ਚ ਕੰਬਣੀ ਛਿੜਦੀ ਜਦ ਕੁਝ ਅਜਿਹਾ ਅਣਕਿਆਸਿਆ, ਅਣਚਾਹਿਆ ਅਤੇ ਅਣਬਿਆਨਿਆ ਵਾਪਰਦਾ, ਜੋ ਕਿਸੇ ਗਰੀਬ, ਮਜ਼ਲੂਮ ਜਾਂ ਨਿੱਥੇ ਲਈ ਹੰਝੂਆਂ ਦਾ ਸੈਲਾਬ ਸਿਰਜ ਜਾਂਦਾ। ਇਹ ਰੂਹਾਂ ਵਾਲੇ ਹੀ ਨੇ, ਜੋ ਭੁੱਖਿਆਂ ਲਈ ਲੰਗਰ ਲਾਉਂਦੇ, ਲੋੜਵੰਦਾਂ ਲਈ ਹਰ ਸਾਧਨ ਪੈਦਾ ਕਰਦੇ ਅਤੇ ਆਪਣੀਆਂ ਲੋੜਾਂ ਨੂੰ ਘਟਾ ਕੇ ਕਿਸੇ ਦੀ ਕੁੱਲੀ, ਗੁੱਲੀ ਜਾਂ ਜੁੱਲੀ ਦੀ ਲੋੜ-ਪੂਰਤੀ ਲਈ ਹੰਭਲਾ ਮਾਰਦੇ।

ਰੂਹ ਦਾ ਰੰਗੇ ਜਾਣਾ, ਵਿਰਲਿਆਂ ਦਾ ਭਾਗ। ਰੂਹ ਦੀ ਜ਼ਰਖੇਜ਼ਤਾ 'ਚ ਸੁੱਚੇ ਵਿਚਾਰਾਂ ਦੀ ਖੇਤੀ ਕਰਨੀ, ਕਰਮੀਆਂ ਦਾ ਕਿੱਤਾ। ਰੂਹ ਦੇ ਖੂਹ 'ਚੋਂ ਪਿਆਸੇ ਹੋਠੀਂ ਘੁੱਟ ਕੁ ਲਾਉਣਾ, ਪੁੰਨ ਦਾ ਕਾਰਜ। ਰੂਹ ਦੀ ਨਗਰੀ 'ਚ ਦਸਤਕ ਦੇਣ ਵਾਲਿਆਂ ਦਾ ਸੁਆਗਤ ਕਰਨਾ ਤੇ ਉਨ੍ਹਾਂ ਲਈ ਦਿਲ ਦਾ ਪੀਹੜਾ ਡਾਹੁਣਾ, ਨੇਕ ਕਰਮੀਆਂ ਦੀ ਸੁੱਚੀ ਅਰਾਧਨਾ।

ਰੂਹ ਮਰਦੀ ਤਾਂ ਜ਼ਮੀਰ ਮਰਦੀ ਅਤੇ ਜ਼ਮੀਰ ਮਰਨ ਨਾਲ ਬੰਦਾ ਮਰ ਜਾਂਦਾ। ਅੱਜ ਕੱਲ ਤਾਂ ਮਰੇ ਹੋਏ ਅਜਿਹੇ ਵਿਅਕਤੀਆਂ ਦਾ ਹੀ ਯੁੱਗ ਏ।

ਰੂਹ ਦੀ ਆਵਾਜ਼ ਸੁਣ ਕੇ ਆਪਣੇ ਸੋਚ-ਧਰਾਤਲ ਨੂੰ ਵਿਉਂਤਣ ਅਤੇ ਕਰਮ ਸ਼ੈਲੀ ਨੂੰ ਸੇਧ ਦੇਣ ਵਾਲੇ ਹੀ ਕੁਦਰਤ ਦੇ ਸਭ ਤੋਂ ਲਾਡਲੇ ਬੱਚੇ। ਅਜਿਹੇ ਵਿਅਕਤੀਆਂ ਦੀ ਕੀਰਤੀ ਲਈ ਕੁਦਰਤ ਸਦਾ ਰਿਣੀ। ਇਹ ਰਿਣ ਲਾਹੁੰਦਿਆਂ ਹੀ ਜਦ ਜ਼ਿੰਦਗੀ ਦਾ ਆਖਰੀ ਪਹਿਰ ਆਉਂਦਾ ਤਾਂ ਉਹ ਸਮਿਆਂ ਦੇ ਸਦਕੇ ਜਾਂਦੇ।

ਰੂਹ, ਪਾਕ ਤੇ ਪਾਕੀਜ਼, ਸੁਹਜ ਤੇ ਸਹਿਜ, ਸੁੰਦਰ ਤੇ ਸਪੱਸ਼ਟ ਅਤੇ ਸਮਰੂਪ ਤੇ ਸਮਸੋਚ ਵਾਲੇ ਗੁਣਾਂ ਦੀ ਰਹਿਬਰੀ ਕਰੇ ਤਾਂ ਰੂਹ, ਰੂਹ ਹੋਣ ਦਾ ਫਰਜ਼ ਨਿਭਾਵੇ। ਨਹੀਂ ਤਾਂ ਰੂਹ ਅਖਵਾਉਣ ਤੋਂ ਹੀ ਤੋਬਾ ਕਰ ਜਾਵੇ। ਅੱਜ ਕਲ ਦਾਗੀ ਅਤੇ ਗਲੀਜ਼ ਰੂਹਾਂ ਵਾਲੇ ਲੋਕਾਂ ਨੂੰ ਮਨੁੱਖ ਕਹਿਣ ਲੱਗਿਆਂ ਵੀ ਘ੍ਰਿਣਾ ਦਾ ਅਹਿਸਾਸ ਪੈਦਾ ਹੁੰਦਾ। ਕਮੀਨੇ, ਕੁਕਰਮੀ ਅਤੇ ਕਮਦਿਲਿਆਂ ਲਈ ਰੂਹ ਦੀ ਕੋਈ ਹੋਂਦ ਨਹੀਂ।

ਰੂਹ ਵਾਲੇ ਕਦੇ ਕੰਗਾਲ ਨਹੀਂ ਹੁੰਦੇ। ਅਜਿਹੇ ਲੋਕਾਂ ਦੀ ਅਮੀਰੀ ਸੋਚ, ਕਰਮ ਅਤੇ ਕੀਰਤੀ ਰਾਹੀਂ ਪ੍ਰਗਟ ਹੁੰਦੀ ਜੋ ਸਮਿਆਂ ਦਾ ਸੁੱਚਾ ਮੁਹਾਂਦਰਾ ਬਣਦੀ।

ਰੂਹਾਂ ਵਾਲਿਆਂ ਦੇ ਹੋਠਾਂ 'ਤੇ ਮੋਹ-ਮੁਹਾਰਨੀ, ਸਿਰ 'ਤੇ ਚਾਅ-ਚੰਦੋਆ, ਮੁੱਖ 'ਤੇ ਮੁਸਕਰਾਹਟ-ਮਹਿੰਦੀ, ਪੋਟਿਆਂ 'ਚ ਮਿਕਨਾਤੀਸੀ ਛੋਹ ਦਾ ਅਹਿਸਾਸ। ਉਨ੍ਹਾਂ ਦੇ ਦੀਦਿਆਂ ਦੇ ਦਰਪਣ 'ਚ ਕੁਝ ਵੀ ਅਛੋਪਲਾ ਜਾਂ ਲੁਕਿਆ ਨਹੀਂ ਰਹਿੰਦਾ। ਰੂਹ-ਹੀਣਾਂ ਤੋਂ ਤੁਸੀਂ ਖੁਦ ਨੂੰ ਕਿਵੇਂ ਬਚਾਵੋਗੇ ਅਤੇ ਆਪਣੀ ਹੋਂਦ ਦਾ ਕਿਹੜਾ ਪਰਚਮ ਸਮਾਜਕ ਦਾਇਰਿਆਂ ਵਿਚ ਲਹਿਰਾਉਗੇ?

ਰੂਹ ਦਾ ਚੀਰ-ਹਰਨ, ਸਭ ਤੋਂ ਵੱਡਾ ਪਾਪ। ਇਹ ਕੇਹਾ ਦੌਰ ਕਿ ਕਈ ਵਾਰ ਮਨੁੱਖ ਨੂੰ ਮਨੁੱਖ ਕਹਿੰਦਿਆਂ ਵੀ ਸਿਰ ਸ਼ਰਮ ਨਾਲ ਝੁੱਕ ਜਾਂਦਾ। ਬੰਦੇ ਨੂੰ ਜਿਸਮਾਨੀ ਤੌਰ 'ਤੇ ਮਾਰਨਾ, ਸਭ ਤੋਂ ਅਸਾਨ। ਪਰ ਜਦ ਤੁਸੀਂ ਕਿਸੇ ਰੂਹ ਨੂੰ ਸੂਲੀ 'ਤੇ ਲਟਕਾਉਂਦੇ ਹੋ, ਹਾਅ-ਹੂਕਾਂ ਵਿਚੋਂ ਖੁਸ਼ੀਆਂ ਨੂੰ ਕਿਆਸਦੇ ਹੋ ਪਰ ਖੁਦ ਦੀ ਰੂਹ ਦੇ ਖਾਲੀਪਣ ਦਾ ਪੂਰਨ ਹੋਣਾ ਲੋਚਦੇ ਹੋ ਤਾਂ ਤੁਸੀਂ ਬਹੁਤ ਵੱਡੀ ਗਲਤ-ਫਹਿਮੀ ਵਿਚ ਹੋ। ਯਾਦ ਰਹੇ! ਰੂਹ ਦੀ ਮੌਤ ਨੂੰ ਕਿਆਸਣਾ, ਮਾਨਸਿਕ ਦੀਵਾਲੀਆਪਣ ਅਤੇ ਇਸ ਤੋਂ ਬਚਣਾ, ਸਭ ਤੋਂ ਵੱਡੀ ਪਹਿਲਕਦਮੀ।

***ਰੂਹ ਦੀਆਂ ਬਾਤਾਂ ਪਾਈਏ ਸੱਜਣਾ, ਬਣੀਏ ਹਾਕ-ਹੁੰਗਾਰਾ। ਰੂਹ ਦੀ ਗਜ਼ਾ ਕਰੇਂਦੇ-ਕਰੇਂਦੇ, ਮੱਲੀਏ ਰੂਹ-ਦੁਆਰਾ। ਰੂਹਾਂ ਦੇ ਉਜੜੇ ਖੂਹਾਂ ਤੋਂ, ਰਲ ਕੇ ਕੱਢੀਏ ਗਾਰਾ। ਤਾਂ ਕਿ ਇਸ ਦੀ ਮਲੀਨਤਾ ਮਿੱਟ'ਜੇ, ਉਗਮੇ ਨਿਰਮਲ-ਧਾਰਾ। ਰੂਹ ਦੇ ਸੁੱਕੇ ਬਾਗੀਂ ਜਾ ਕੇ, ਨੈਣੋਂ ਨੀਰ ਵਹਾਈਏ। ਇਸ ਦੇ ਹਰ ਬਿਰਖ ਦੀ ਝੋਲੀ, ਬਹਾਰ ਦਾ ਨਿਉਂਦਾ ਪਾਈਏ। ਰੂਹ ਦੇ ਖੰਡਰੀਂ ਚੱਲ ਕੇ ਦੇਖੀਏ, ਕੀ ਵਰਤਿਆ ਭਾਣਾ। ਕਿਉਂ ਪੱਥਰਾਂ ਵਿਚ ਪੱਥਰ ਹੋ ਕੇ, ਬੰਦੇ ਨੇ ਮਰ ਜਾਣਾ। ਰੂਹ ਦੀ ਲੋਈ ਤਨ ਹੰਢਾਈਏ, ਰੂਹ ਦਾ ਪਾਈਏ ਬਾਣਾ। ਫਿਰ ਦੇਖੀਂ ਕਿੰਜ ਰੂਹ-ਹੀਣਾਂ ਨੇ, ਰੂਹ-ਰਾਜ਼ ਬਣ ਜਾਣਾ। ਰੂਹ ਦੇ ਪੀਲੇ ਰੰਗ ਉਤਾਰ ਕੇ, ਸੰਦਲੀ ਦੇਈਏ ਭਾਅ। ਤਾਂ ਕਿ ਮਨ-ਚਮਨ ਵਿਚ ਚਹਿਕੇ, ਅਜ਼ਲੀ ਜ਼ਿੰਦ-ਅਦਾ। ਰੂਹ ਦੇ ਚੌਂਕੇ ਵਿਚ ਛਿੜਕਾਈਏ, ਸੁੱਚੇ ਜਲ ਦਾ ਪਾਣੀ। ਤਾਂ ਕਿ ਕਦੇ ਨਾ ਹੰਝੂ ਬਣ ਜੇ, ਘਰ ਦੀ ਧੀ-ਧਿਆਣੀ। ਰੂਹ-ਪਲੰਘ 'ਤੇ ਰਲ ਵਿਛਾਈਏ, ਮਾਂ ਦੀ ਕੱਢੀ ਫੁੱਲਕਾਰੀ। ਤਾਂ ਕਿ ਘਰ ਨੂੰ ਮੱਤਾਂ ਦੇਣੀ, ਕਦੇ ਨਾ ਰਹੇ ਦੁਰਕਾਰੀ। ਰੂਹ-ਰੱਜ ਨੂੰ ਮਾਣਨ ਦੀ, ਜੇ ਆ ਜੇ ਸਾਨੂੰ ਜਾਚ। ਤਾਂ ਜੀਵਨ ਦੇ ਦਿੱਸਹੱਦੇ 'ਤੇ, ਸੁਣੂ ਸੁਹੰਢਣੀ ਚਾਪ।***

ਰੂਹ ਜਦ ਬੋਲ-ਬਾਣੀ ਵਿਚੋਂ ਬੋਲਦੀ, ਕਲਾ-ਕਿਰਤ ਵਿਚੋਂ ਹੁੰਗਾਰੇ ਭਰਦੀ ਜਾਂ ਕਿਸੇ ਕਲਮ 'ਤੇ ਮੌਲਦੀ ਤਾਂ ਸਮਿਆਂ ਦੀ ਸੁੱਚਮਤਾ ਪਲੀਤ ਪੌਣਾਂ ਅਤੇ ਪਹਿਰਾਂ ਨੂੰ ਮਣਸੀ ਜਾਂਦੀ।

ਰੂਹ ਦੀਆਂ ਬਾਤਾਂ ਪਾਈਏ ਸੱਜਣਾ, ਬਣੀਏ ਹਾਕ-ਹੁੰਗਾਰਾ। ਰੂਹ ਦੀ ਗਜ਼ਾ ਕਰੇਂਦੇ-ਕਰੇਂਦੇ, ਮੱਲੀਏ ਰੂਹ-ਦੁਆਰਾ। ਰੂਹਾਂ ਦੇ ਉਜੜੇ ਖੂਹਾਂ ਤੋਂ, ਰਲ ਕੇ ਕੱਢੀਏ ਗਾਰਾ। ਤਾਂ ਕਿ ਇਸ ਦੀ ਮਲੀਨਤਾ ਮਿੱਟ'ਜੇ, ਉਗਮੇ ਨਿਰਮਲ-ਧਾਰਾ। ਰੂਹ ਦੇ ਸੁੱਕੇ ਬਾਗੀਂ ਜਾ ਕੇ, ਨੈਣੋਂ ਨੀਰ ਵਹਾਈਏ। ਇਸ ਦੇ ਹਰ ਬਿਰਖ ਦੀ ਝੋਲੀ, ਬਹਾਰ ਦਾ ਨਿਉਂਦਾ ਪਾਈਏ। ਰੂਹ ਦੇ ਖੰਡਰੀਂ ਚੱਲ ਕੇ ਦੇਖੀਏ, ਕੀ ਵਰਤਿਆ ਭਾਣਾ। ਕਿਉਂ ਪੱਥਰਾਂ ਵਿਚ ਪੱਥਰ ਹੋ ਕੇ, ਬੰਦੇ ਨੇ ਮਰ ਜਾਣਾ। ਰੂਹ ਦੀ ਲੋਈ ਤਨ ਹੰਢਾਈਏ, ਰੂਹ ਦਾ ਪਾਈਏ ਬਾਣਾ। ਫਿਰ ਦੇਖੀਂ ਕਿੰਜ ਰੂਹ-ਹੀਣਾਂ ਨੇ, ਰੂਹ-ਰਾਜ਼ ਬਣ ਜਾਣਾ। ਰੂਹ ਦੇ ਪੀਲੇ ਰੰਗ ਉਤਾਰ ਕੇ, ਸੰਦਲੀ ਦੇਈਏ ਭਾਅ। ਤਾਂ ਕਿ ਮਨ-ਚਮਨ ਵਿਚ ਚਹਿਕੇ, ਅਜ਼ਲੀ ਜ਼ਿੰਦ-ਅਦਾ। ਰੂਹ ਦੇ ਚੌਂਕੇ ਵਿਚ ਛਿੜਕਾਈਏ, ਸੁੱਚੇ ਜਲ ਦਾ ਪਾਣੀ। ਤਾਂ ਕਿ ਕਦੇ ਨਾ ਹੰਝੂ ਬਣ ਜੇ, ਘਰ ਦੀ ਧੀ-ਧਿਆਣੀ। ਰੂਹ-ਪਲੰਘ 'ਤੇ ਰਲ ਵਿਛਾਈਏ, ਮਾਂ ਦੀ ਕੱਢੀ ਫੁੱਲਕਾਰੀ। ਤਾਂ ਕਿ ਘਰ ਨੂੰ ਮੱਤਾਂ ਦੇਣੀ, ਕਦੇ ਨਾ ਰਹੇ ਦੁਰਕਾਰੀ। ਰੂਹ-ਰੱਜ ਨੂੰ ਮਾਣਨ ਦੀ, ਜੇ ਆ ਜੇ ਸਾਨੂੰ ਜਾਚ। ਤਾਂ ਜੀਵਨ ਦੇ ਦਿੱਸਹੱਦੇ 'ਤੇ, ਸੁਣੂ ਸੁਹੰਢਣੀ ਚਾਪ।

ਜਦ ਰੂਹ 'ਚ ਰੂਹ ਉਤਰਦੀ ਤਾਂ ਉਸ ਵੇਲੇ ਪੀੜ-ਸੰਵਾਦ ਨਾਲ, ਖੁਦ ਦੇ ਦਰਦ ਨੂੰ ਵੀ ਦਰਦ ਹੋਣਾ ਲਾਜ਼ਮੀ ਹੁੰਦਾ। ਅਜਿਹੇ ਦਰਦ ਨੂੰ ਜ਼ੀਰਨਾ ਕਈ ਵਾਰ ਰੂਹ ਦੇ ਵੱਸ ਨਹੀਂ ਹੁੰਦਾ।

ਰੂਹ-ਹੀਣ ਚਿਹਰਿਆਂ ਵਿਚੋਂ ਤੁਸੀਂ ਕਿਹੜੇ ਨਕਸ਼ ਪਛਾਣੋਗੇ? ਕਿਹੜੀ ਤਸਵੀਰ ਨੂੰ ਚਿਤਰੋਗੇ? ਕਿਹੜੇ ਬਿੰਬ ਨੂੰ ਪਛਾਣ ਦਾ ਨਾਂ ਦਿਓਗੇ, ਕਿਉਂਕਿ ਰੂਹ ਤੋਂ ਬਗੈਰ ਤਾਂ ਕੋਈ ਚਿਹਰਾ ਹੀ ਨਹੀਂ ਹੁੰਦਾ।

ਰੂਹ ਦਾ ਰਿਸ਼ਤਾ, ਬੋਲਾਂ ਤੇ ਹਰਫਾਂ ਦਾ ਮੁਥਾਜ਼ ਨਹੀਂ ਹੁੰਦਾ। ਉਹ ਤਾਂ ਫਿਜ਼ਾ ਵਿਚ ਖਿੰਡਰੀ ਮਹਿਕ, ਜੋ ਸਾਹਾਂ ਲਈ ਸੁਗੰਧ-ਸੰਧਾਰਾ। ਇਸ ਰਿਸ਼ਤੇ ਦਾ ਕੋਈ ਨਾਮਕਰਨ ਨਹੀਂ ਹੁੰਦਾ ਅਤੇ ਨਾ ਹੀ ਇਸ ਦੀ ਬੇਲਾਗਤਾ ਨੂੰ ਮਾਪਿਆ ਜਾ ਸਕਦਾ।

ਰੂਹ ਨਾਲ ਪਿਆਰ ਕਰਨ ਵਾਲੇ ਜਿਸਮੀ ਲੋੜਾਂ ਦੀ ਮੁਥਾਜੀ ਵਿਚੋਂ ਹੀ ਜੀਵਨ ਨੂੰ ਪਰਿਭਾਸ਼ਤ ਨਹੀਂ ਕਰਦੇ। ਜਿਸਮ ਤਾਂ ਮੰਡੀਆਂ 'ਚ ਵੀ ਵਿਕਦੇ ਨੇ ਜਦ ਕਿ ਰੂਹਾਂ ਦੀ ਕਦੇ ਬੋਲੀ ਨਹੀਂ ਲੱਗਦੀ।

ਰੂਹ ਵਿਚ ਰਮ ਜਾਣ ਵਾਲੇ ਕਦੇ ਨਹੀਂ ਭੁੱਲਦੇ, ਕਦੇ ਦੂਰ ਨਹੀਂ ਹੁੰਦੇ ਅਤੇ ਨਾ ਹੀ ਚੇਤਿਆਂ ਦੀ ਚੰਗੇਰ ਨੂੰ ਖਾਲੀਪਣ ਦਾ ਅਹਿਸਾਸ ਹੋਣ ਦਿੰਦੇ। ਉਹ ਤਾਂ ਹਰ ਪਲ ਜੀਵਨ-ਲੰਗਾਰ ਸਿਉਂਦੇ, ਜਿਉਣ ਦਾ ਅਦਬ ਸਿਖਾਉਂਦੇ।

ਰੂਹ 'ਤੇ ਲੱਗੇ ਜਖਮ, ਚਸਕਦਾ ਤੇ ਰਿਸਦਾ ਫੋੜਾ। ਨਾਸੂਰ ਬਣਿਆ ਦਰਦ ਜਿਸ ਦੀ ਕੋਈ ਨਹੀਂ ਦਵਾ ਅਤੇ ਅਉਧ ਉਮਰਾਂ ਤੋਂ ਵਡੇਰੀ। ਜਿਸਮਾਂ ਦੇ ਜਖਮ ਤਾਂ ਭਲੇ ਹੀ ਭਰ ਜਾਂਦੇ ਅਤੇ ਕਈ ਵਾਰ ਦਾਗ ਵੀ ਨਹੀਂ ਰਹਿੰਦੇ, ਪਰ ਰੂਹ ਦੇ ਜਖਮ ਕਦੇ ਨਹੀਂ ਭਰਦੇ।

ਰੂਹ ਦੀਆਂ ਬਾਤਾਂ, ਰੂਹਾਂ ਵਾਲੇ ਜਾਣਨ। ਉਹ ਹੀ ਹੁੰਗਾਰਾ ਭਰਦੇ, ਜੀਵਨ ਨੂੰ ਸਾਰਥਕ ਕਰਦੇ ਅਤੇ ਰੂਹ-ਬਨੇਰਿਆਂ 'ਤੇ ਜਗਦੇ ਚਿਰਾਗ ਧਰਦੇ।

ਰੂਹ ਨਾਲ ਸਮਝਣ ਤੇ ਸਮਝਾਉਣ, ਪੜ੍ਹਨ ਤੇ ਪੜ੍ਹਾਉਣ, ਲਿਖਣ ਤੇ ਲਿਖਾਉਣ, ਖੇਡਣ ਤੇ ਖਿਡਾਉਣ, ਮੰਨਣ ਤੇ ਮਨਾਉਣ, ਹੱਸਣ ਤੇ ਹਸਾਉਣ ਅਤੇ ਜੀਣ ਤੇ ਜੀਵਾਣ ਵਾਲਿਆਂ ਦੀ ਨਸਲਕੁਸ਼ੀ ਹੀ ਹੋ ਗਈ। ਕੌਣ ਨੇ ਇਸ ਲਈ ਕਸੂਰਵਾਰ? ਕਿਵੇਂ ਰੂਹ ਦੇ ਬੀਜ-ਨਾਸ਼ ਨੂੰ ਰੂਹ-ਜਰਖੇਜ਼ਤਾ 'ਚ ਤਬਦੀਲ ਕੀਤਾ ਜਾ ਸਕਦਾ? ਇਹ ਸਮਿਆਂ ਦਾ ਸਭ ਤੋਂ ਵੱਡਾ ਸਵਾਲ। ਸੂਖਮਤਾ, ਸਹਿਜ ਅਤੇ ਸੰਵੇਦਨਾ ਮਰ ਜਾਵੇ ਤਾਂ ਰੂਹ ਦਾ ਮਰਨਾ ਨਿਸ਼ਚਿਤ। ਇਸ ਲਈ ਖੁਦ ਨੂੰ ਬਦਲਣਾ ਪਵੇਗਾ ਅਤੇ ਇਸ ਬਦਲਾਅ ਦੀ ਸ਼ੁਰੂਆਤ ਖੁਦ ਤੋਂ ਕਰਨੀ ਪਵੇਗੀ।

ਕੀ ਤੁਸੀਂ ਇਸ ਸੁਚਾਰੂ, ਸੇਧਮਈ ਅਤੇ ਸੁਹਜਮਈ ਤਬਦੀਲੀ ਲਈ ਤਿਆਰ ਹੋ?

ਆਮੀਨ!

# ਮਾਸਟਰ ਦੀ ਮਹੱਤਤਾ


## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪਿਛਲੇ ਇੱਕ ਲੇਖ ਵਿਚ ਅਸੀਂ ਅਧਿਆਪਕ ਦੀ ਖੱਲ ਲਾਹੁੰਦਿਆਂ ਸੰਕੇਤ ਕੀਤਾ ਸੀ ਕਿ ਸਾਡੀ ਭਾਸ਼ਾ ਵਿਚ ਇਸ ਕਿੱਤੇ ਲਈ ਆਮ ਪ੍ਰਚਲਿਤ ਸ਼ਬਦ ਮਾਸਟਰ ਹੀ ਹੈ। ਕਈ ਬਾਲਕ ਸੰਬੋਧਨ ਵਜੋਂ ਮਾਹਟਰ ਤੇ ਹੋਰ ਸੌਖਾ ਮਾੜਜੀ ਵੀ ਬੋਲਦੇ ਹਨ। ਮਹਿਲਾ ਮਾਸਟਰਾਂ ਨੂੰ ਸੰਬੋਧਨ ਵਜੋਂ ਭੈਣਜੀ ਪਰ ਆਮ ਵਰਤੋਂ ਵਜੋਂ ਮਾਸਟਰਨੀ ਜਾਂ ਮਾਸਟਰਾਣੀ ਕਿਹਾ ਜਾਂਦਾ ਹੈ। ਅੰਗਰੇਜ਼ੀ ਦਾ ਏਨਾ ਬੋਲਬਾਲਾ ਹੋ ਗਿਆ ਹੈ ਕਿ ਸਮੇਂ ਦੇ ਗੇੜ ਨਾਲ ਦੋਹਾਂ ਲਈ ਸੰਬੋਧਨੀ ਸ਼ਬਦ ਕ੍ਰਮਵਾਰ ਸਰ ਅਤੇ ਮੈਡਮ ਚੱਲ ਪਏ ਹਨ। ਮਾਸਟਰੀ ਇੱਕ ਮਾਣਯੋਗ ਕਸਬ ਹੈ, ਪਰ ਅਜੋਕੇ ਦੌਰ ਵਿਚ ਇਸ ਦੀ ਕਾਫੀ ਬੇਕਦਰੀ ਹੋ ਗਈ ਹੈ।

ਮਾਸਟਰ ਅੰਗਰੇਜ਼ੀ ਦਾ ਸ਼ਬਦ ਹੈ, ਜੋ ਅੰਗਰੇਜ਼ਾਂ ਨੇ ਭਾਰਤ ਵਿਚ ਆਪਣੇ ਤਰਜ਼ ਦੀ ਵਿਦਿਆ-ਪ੍ਰਣਾਲੀ ਸ਼ੁਰੂ ਕਰਨ ਵੇਲੇ ਸਾਡੀਆਂ ਭਾਸ਼ਾਵਾਂ ਵਿਚ ਵਾੜਿਆ। ਬਰਤਾਨੀਆ ਦੇ ਸਕੂਲਾਂ ਵਿਚ ਵੀ ਅਧਿਆਪਕ ਲਈ ਮਾਸਟਰ ਸ਼ਬਦ ਹੀ





ਚਲਦਾ ਸੀ। ਅੰਗਰੇਜ਼ੀ ਵਿਚ ਮਾਸਟਰ ਦਾ ਮੁੱਖ ਅਰਥ ਅਧਿਆਪਕ ਨਹੀਂ ਬਲਕਿ ਇੱਕ ਤਰ੍ਹਾਂ ਮਾਹਰ ਹੈ, ਅਰਥਾਤ ਅਜਿਹਾ ਵਿਅਕਤੀ ਜਿਸ ਵਿਚ ਕਿਸੇ ਕੰਮ ਨੂੰ ਸਿਰੇ ਚਾੜ੍ਹਨ ਦੀ ਯੋਗਤਾ ਹੋਵੇ। ਪੁਰਾਣੀ ਅੰਗਰੇਜ਼ੀ ਵਿਚ ਇਸ ਸ਼ਬਦ ਦੇ ਰੂਪ Maegster ਦਾ ਅਰਥ ਵੀ ਅਧਿਕਾਰੀ, ਮਾਲਕ ਅਤੇ ਅਧਿਆਪਕ ਸੀ। ਇਹ ਸ਼ਬਦ ਹੋਰ ਅੱਗੋਂ ਲਾਤੀਨੀ ਦੇ Magister ਸ਼ਬਦ ਤੋਂ ਪਰਿਵਰਤਿਤ ਹੋ ਕੇ ਅੰਗਰੇਜ਼ੀ ਵਿਚ ਗਿਆ। ਲਾਤੀਨੀ ਵਿਚ ਇਸ ਦਾ ਅਰਥ ਮੁਖੀਆ, ਅਧਿਕਾਰੀ, ਨਿਰਦੇਸ਼ਕ ਦੇ ਨਾਲ ਨਾਲ ਅਧਿਆਪਕ ਵੀ ਸੀ। ਮਾਲਕ ਹੋਣ ਤੋਂ ਭਾਵ ਨਿਰਾ ਭੌਤਿਕ ਸੰਪੱਤੀ ਦਾ ਸਵਾਮੀ ਹੋਣਾ ਨਹੀਂ, ਸਗੋਂ ਗੁਣਾਂ ਦਾ ਸਵਾਮੀ ਵੀ ਹੈ। ਅਜਿਹਾ ਵਿਅਕਤੀ ਹੀ ਕਾਸੇ ਦਾ ਮਾਹਰ, ਅਧਿਕਾਰੀ ਅਤੇ ਨਿਰਦੇਸ਼ਕ ਹੋ ਸਕਦਾ ਹੈ। ਧਿਆਨ ਦਿਉ ਉਸਤਾਦ ਦਾ ਅਰਥ ਵੀ ਅਧਿਆਪਕ ਦੇ ਨਾਲ ਨਾਲ ਮਾਹਰ ਹੁੰਦਾ ਹੈ।

ਅਸੀਂ ਇਸ ਸ਼ਬਦ ਦੀ ਤੁਲਨਾ ਮੈਜਿਸਟਰੇਟ ਨਾਲ ਵੀ ਕਰ ਦੇਖਦੇ ਹਾਂ ਕਿਉਂਕਿ ਇਸ ਸ਼ਬਦ ਦਾ ਪਿਛੋਕੜ ਵੀ ਉਹੋ ਲਾਤੀਨੀ ਮੂਲ ਹੀ ਹੈ ਤੇ ਇਸ ਦਾ ਰੂਪ ਵੀ ਅਜਿਹਾ ਹੀ ਹੈ। ਮੈਜਿਸਟਰੇਟ ਕਾਨੂੰਨ ਨੂੰ ਲਾਗੂ ਕਰਵਾਉਣ ਵਾਲਾ ਅਧਿਕਾਰੀ ਹੁੰਦਾ ਹੈ। ਲਾਤੀਨੀ ਵਿਚ ਇਹ ਸ਼ਬਦ Magister ਤੋਂ ਬਣਿਆ, ਜਿਸ ਦਾ ਅਰਥ ਮੁਖੀਆ, ਨਿਰਦੇਸ਼ਕ, ਚਾਲਕ ਸੀ। ਪਰ ਮੈਜਿਸਟਰੇਟ ਬਣ ਕੇ ਇਸ ਦੇ ਅਰਥ ਸੰਕੁਚਿਤ ਹੋ ਕੇ ਕਾਨੂੰਨ ਲਾਗੂ ਕਰਨ ਵਾਲਾ ਅਧਿਕਾਰੀ ਹੀ ਰਹਿ ਗਿਆ। ਸ਼ਬਦਾਂ ਵਿਚ ਆਮ ਤੋਂ ਵਿਸ਼ੇਸ਼ ਅਤੇ ਵਿਸ਼ੇਸ਼ ਤੋਂ ਆਮ ਅਰਥ ਧਾਰਨ ਕਰਨ ਦੀ ਰੁਚੀ ਹੁੰਦੀ ਹੈ। ਆਮ ਪੰਜਾਬੀ ਲੋਕਾਂ ਦੀਆਂ ਨਜ਼ਰਾਂ ਵਿਚ ਮਾਸਟਰ ਸ਼ਬਦ ਵੀ ਇਕ ਤਰ੍ਹਾਂ ਅਧਿਆਪਕ ਦੇ ਅਰਥਾਂ ਵਾਲਾ ਸ਼ਬਦ ਹੀ ਹੈ।

ਦੱਸ ਆਏ ਹਾਂ ਕਿ ਮਾਸਟਰ ਤੁਲਨਾਤਮਕ ਦਰਜੇ ਦਾ ਵਿਸ਼ੇਸ਼ਣ ਹੈ, ਜੋ ਭਾਰੋਪੀ ਮੂਲ Magyos ਤੋਂ ਵਿਗਸਦਾ ਹੈ। ਇਸ ਮੂਲ ਦਾ ਦੂਸਰਾ ਅੰਸ਼ Yos ਵਿਸ਼ੇਸ਼ਣ ਨੂੰ ਦੂਸਰੀ ਡਿਗਰੀ ਬਣਾਉਣ ਦਾ ਸੂਚਕ ਹੈ ਜਿਵੇਂ ਪੰਜਾਬੀ ਵਧੇਰਾ, ਸੁਹਣੇਰਾ ਆਦਿ ਵਿਚ 'ਏਰਾ'। ਇਸ ਅੰਸ਼ ਦੀ ਚਰਚਾ ਹਾਲ ਦੀ ਘੜੀ ਛੱਡ ਦਿੰਦੇ ਹਾਂ। ਅਸਲੀ ਭਾਰੋਪੀ ਮੂਲ Meg ਹੈ, ਜਿਸ ਵਿਚ ਮਹਾਨਤਾ, ਵਡੱਪਣ, ਪ੍ਰਬਲਤਾ ਆਦਿ ਦੇ ਭਾਵ ਹਨ ਅਤੇ ਇਹ ਬਹੁ-ਉਤਪਾਤਕ ਮੂਲ ਹੈ। ਇਸ ਤੋਂ ਵਿਕਸਿਤ ਹੋਇਆ ਲਾਤੀਨੀ ਸ਼ਬਦ Magister ਇਕ ਦੂਜੀ ਡਿਗਰੀ ਦਾ ਵਿਸ਼ੇਸ਼ਣ ਹੈ, ਜਿਸ ਦਾ ਸ਼ਾਬਦਿਕ ਅਰਥ ਬਣਦਾ ਹੈ, 'ਵਡੇਰਾ ਜਾਂ ਮਹਾਨਤਰ।' ਦੂਜਿਆਂ ਤੋਂ ਵਡੇਰੇ ਮਨੁੱਖ ਵਿਚ ਭੌਤਿਕ ਸੰਪੱਤੀ ਦੇ ਸਵਾਮੀ ਹੋਣ ਦੇ ਨਾਲ ਨਾਲ ਹੋਰ ਗੁਣਾਂ ਦੇ ਮਾਲਕ ਹੋਣ ਵਾਲਾ, ਦੂਜਿਆਂ ਨੂੰ ਅਧੀਨ ਕਰਨ ਵਾਲਾ, ਸ਼ਕਤੀਸ਼ਾਲੀ ਜਿਹੇ ਅਰਥ ਵੀ ਵਿਕਸਿਤ ਹੁੰਦੇ ਹਨ।

Meg ਮੂਲ ਨਾਲ ਜੁੜਦਾ ਇੱਕ ਸ਼ਬਦ ਹੈ, Major. ਇਹ ਵੱਡਾ, ਮਹਾਨ, ਵਿਰਾਟ, ਵਡ-ਆਕਾਰੀ ਦੇ ਅਰਥਾਂ ਵਾਲੇ Magnus ਤੋਂ ਬਣਿਆ। Major ਵੀ ਮਾਸਟਰ ਵਾਂਗ ਦੂਜੀ ਡਿਗਰੀ ਦਾ ਵਿਸ਼ੇਸ਼ਣ ਹੈ। ਇਸ ਦਾ ਲਾਤੀਨੀ ਰੂਪ ਪਹਿਲਾਂ Magios ਸੀ ਤੇ ਫਿਰ Maior. ਸੋ, ਸ਼ਾਬਦਿਕ ਅਰਥ ਬਣਦਾ ਹੈ, ਵਡੇਰਾ, ਪਰ ਵਰਤੀਂਦਾ ਅਰਥ ਹੈ, ਉਮਰ ਵਿਚ ਪ੍ਰੌੜ ਜਾਂ ਬਾਲਗ। ਤੁਲਨਾ ਕਰੋ, ਸਾਡੀ ਭਾਸ਼ਾ ਵਿਚ ਵਡੇਰਾ ਸ਼ਬਦ ਪੀੜ੍ਹੀ ਦੇ ਪ੍ਰਸੰਗ ਵਿਚ ਵਰਤਿਆ ਜਾਂਦਾ ਹੋਣ ਕਰਕੇ ਪੁਰਖਾ, ਬਜੁਰਗ ਦਾ ਬੋਧਕ ਹੈ। ਸੈਨਾ ਦੇ ਪ੍ਰਸੰਗ ਵਿਚ ਇਸ ਦਾ ਵਿਸ਼ੇਸ਼ੀਕ੍ਰਿਤ ਅਰਥ ਹੋਇਆ, ਅਜਿਹਾ ਅਫਸਰ ਜੋ ਕੈਪਟਨ ਤੋਂ ਵਡੇਰਾ ਪਰ ਲੈਫਟੀਨੈਂਟ-ਕਰਨਲ ਤੋਂ ਛੋਟਾ ਹੈ। ਮੇਜਰ ਤੋਂ ਬਣੇ ਮੈਜੌਰਿਟੀ ਤੋਂ ਭਾਵ ਵੱਡੀ ਜਾਂ ਪ੍ਰੌੜ ਉਮਰ ਵੀ ਹੈ ਤੇ ਬਹੁ-ਗਿਣਤੀ ਵੀ। ਉਪਰੋਕਤ Magnus ਤੋਂ ਇੱਕ ਤੀਜੀ ਡਿਗਰੀ ਦਾ ਵਿਸ਼ੇਸ਼ਣ ਬਣਦਾ ਹੈ, Majesty. ਇਸ ਸ਼ਬਦ ਵਿਚ ਸਰਵਉਚਤਾ, ਮਹਿਮਾ, ਵਡਿੱਤਣ, ਸ਼ਾਨੋ-ਸ਼ੌਕਤ ਹੋਣ ਦੇ ਭਾਵ ਸਮਾਉਂਦੇ ਹਨ। ਅਜਿਹੇ ਗੁਣ ਕਿਸੇ ਰਾਜੇ-ਮਹਾਰਾਜੇ ਵਿਚ ਹੀ ਪਾਏ ਜਾਂਦੇ ਹਨ, ਇਸ ਲਈ ਇਹ ਵੱਡੇ ਲੋਕਾਂ ਲਈ ਵਰਤਿਆ ਜਾਂਦਾ ਸੰਬੋਧਨੀ ਸ਼ਬਦ ਹੈ। ਜਰਮਨੀ ਵਿਖੇ ਸੱਤਵੀਂ ਸਦੀ ਵਿਚ ਪੈਦਾ ਹੋਏ ਇੱਕ ਸੰਤ ਦਾ ਨਾਂ ਮੈਗਨਸ ਸੀ।

ਅੰਗਰੇਜ਼ੀ ਦੇ ਮਿਸਟਰ (ਅਤੇ ਮਿਸਟਰੈਸ) ਸ਼ਬਦ ਵਿਚ ਵੀ ਮੁਢਲੇ ਤੌਰ 'ਤੇ ਵੱਡੇ ਹੋਣ ਦਾ ਭਾਵ ਹੀ ਹੈ, ਕੁਝ ਕੁਝ ਮਿਰਜ਼ਾ ਸ਼ਬਦ ਦੀ ਤਰ੍ਹਾਂ। ਇਹ ਵੀ ਮਾਸਟਰ ਸ਼ਬਦ ਦਾ ਹੀ ਇੱਕ ਭੇਦ ਹੈ। ਚਰਚਿਤ ਮੂਲ ਤੋਂ ਬਣੇ ਕੁਝ ਸ਼ਬਦ ਹੋਰ ਭਾਸ਼ਾਵਾਂ ਰਾਹੀਂ ਵੀ ਅੰਗਰੇਜ਼ੀ ਵਿਚ ਆਏ ਹਨ, ਜਿਨ੍ਹਾਂ ਵਿਚੋਂ ਇੱਕ ਹੈ, Maestro. ਇਸ ਦਾ ਮੁੱਖ ਅਰਥ 'ਸੰਗੀਤ ਦਾ ਉਸਤਾਦ' ਹੈ, ਪਰ ਆਮ ਤੌਰ 'ਤੇ ਕਿਸੇ ਵੀ ਕਲਾ 'ਚ ਨਿਪੁੰਨ ਲਈ ਵੀ ਇਹ ਸ਼ਬਦ ਵਰਤਿਆ ਜਾਣ ਲੱਗਾ ਹੈ। ਇਸ ਸ਼ਬਦ ਦਾ ਪਿੱਛਾ ਵੀ ਲਾਤੀਨੀ ਵਾਲਾ Magister ਹੀ ਹੈ, ਪਰ ਇਹ ਇਤਾਲਵੀ ਰਾਹੀਂ ਅੰਗਰੇਜ਼ੀ ਵਿਚ ਗਿਆ, ਇਸ ਲਈ ਇਸ ਦੇ ਸ਼ਬਦ-ਜੋੜ ਬਦਲ ਗਏ। ਇਸ ਦੇ ਅਰਥ ਇਸ ਲਈ ਸੰਕੁਚਿਤ ਹੋ ਗਏ, ਕਿਉਂਕਿ ਇਹ ਇਤਾਲਵੀ ਭਾਸ਼ਾ ਵਿਚ ਵੱਡੇ ਸੰਗੀਤ ਆਚਾਰੀਆ ਲਈ ਵਰਤਿਆ ਜਾਣ ਲੱਗਾ ਸੀ।

ਸ਼ਹਿਰ ਦੇ ਮੁਖੀਏ ਨੂੰ Mayor ਕਿਹਾ ਜਾਂਦਾ ਹੈ। ਇਹ ਸ਼ਬਦ ਵੀ ਮੈਗਨਸ ਤੋਂ ਬਣੇ ਮੇਜਰ ਦਾ ਹੋਰ ਅੱਗੇ ਵਿਕਾਸ ਹੈ। ਪੁਰਾਣੀ ਫਰਾਂਸੀਸੀ ਵਿਚ ਇਸ ਦਾ ਰੂਪ ਹੋਇਆ ਸੀ, Maire, ਸੋ ਅੰਗਰੇਜ਼ੀ ਵਿਚ ਆ ਕੇ ਇਸ ਨੇ ਇਸ ਜਿਹੇ ਸ਼ਬਦ-ਜੋੜ ਧਾਰੇ। ਇਸੇ ਤੋਂ ਬਣਿਆ ਹਾਲੈਂਡ ਦਾ ਇਕ ਉਪ-ਨਾਂ ਹੈ, Meijer. ਬਹੁਤ ਸਾਰੇ ਪਾਠਕ ਜਾਣਦੇ ਹੋਣਗੇ ਕਿ ਮਧ-ਪੱਛਮੀ ਅਮਰੀਕਾ ਵਿਚ ਇਕ ਸੁਪਰਸਟੋਰ ਲੜੀ ਦਾ ਇਹੀ ਨਾਂ ਹੈ, ਜਿਸ ਨੂੰ ਹਾਲੈਂਡ ਤੋਂ ਆਏ ਪਰਵਾਸੀ ਹੈਂਡਰਿਕ ਮਾਇਯਰ ਨੇ 1934 ਵਿਚ ਚਲਾਇਆ ਸੀ।

ਉਪਰੋਕਤ ਅੰਗਰੇਜ਼ੀ ਸ਼ਬਦਾਂ ਦਾ ਜ਼ਿਕਰ ਦੋ ਕਾਰਨਾਂ ਕਰਕੇ ਕੀਤਾ ਗਿਆ ਹੈ। ਇੱਕ ਤਾਂ ਇਹ ਕਿ ਇਹ ਸਾਰੇ ਸ਼ਬਦ ਪੰਜਾਬ ਵਿਚ ਜਾਣੇ ਤੇ ਵਰਤੇ ਜਾਂਦੇ ਹਨ। ਦੂਜਾ ਇਹ ਕਿ ਸਾਡੀਆਂ ਭਾਸ਼ਾਵਾਂ ਵਿਚ ਇਨ੍ਹਾਂ ਦੇ ਢੇਰ ਸਾਰੇ ਸਜਾਤੀ ਸ਼ਬਦ ਮਿਲਦੇ ਹਨ। ਅਰਥਾਂ ਵਿਚ ਵੀ ਦਿਲਚਸਪ ਸਮਾਨਤਾ ਹੈ। ਭਾਰੋਪੀ ਮੂਲ Meg ਦੇ ਟਾਕਰੇ 'ਤੇ ਸੰਸਕ੍ਰਿਤ ਧਾਤੂ 'ਮਹ' ਅਤੇ 'ਮੰਹ' ਹਨ। ਆਮ ਤੌਰ 'ਤੇ ਦੋਹਾਂ ਨੂੰ ਅਲੱਗ ਅਲੱਗ ਨਜਿੱਠਿਆ ਜਾਂਦਾ ਹੈ, ਪਰ ਦੋਹਾਂ ਦੇ ਰੂਪਾਂ ਅਤੇ ਅਰਥਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਇਸ ਧਾਤੂ ਦਾ ਮੁਢਲਾ ਰੂਪ 'ਮਘ' ਹੀ ਸੀ। ਇਸ ਧਾਤੂ ਵਿਚ Meg ਦੀ ਤਰ੍ਹਾਂ ਵੱਡਾਪਣ, ਪ੍ਰਬਲਤਾ ਆਦਿ ਦੇ ਭਾਵ ਹਨ। ਇਸ ਤੋਂ ਬਣਿਆ ਆਮ ਜਾਣਿਆ ਜਾਂਦਾ ਸ਼ਬਦ ਹੈ, ਮਹਾਂ/ਮਹਾਨ, 'ਮਹਾ ਪੁਨੀਤ ਭਏ ਸੁਖ ਸੈਲੁ॥' (ਗੁਰੂ ਅਰਜਨ ਦੇਵ)। ਇਸ ਤੋਂ ਬੇਸ਼ੁਮਾਰ ਸ਼ਬਦ ਬਣਦੇ ਹਨ, ਪਰ ਅੱਜ ਅਸੀਂ ਪਿਛੇ ਚਰਚਾ ਵਿਚ ਲਿਆਂਦੇ ਅੰਗਰੇਜ਼ੀ ਸ਼ਬਦਾਂ ਦੇ ਟਾਕਰੇ ਵਾਲੇ ਕੁਝ ਪੰਜਾਬੀ ਸ਼ਬਦਾਂ ਦਾ ਹੀ ਉਲੇਖ ਕਰਾਂਗੇ।

ਸਫਾਈ ਕਰਮਚਾਰੀਆਂ ਜਾਂ ਜਮਾਦਾਰਾਂ ਲਈ ਇਕ ਆਮ ਵਰਤਿਆ ਜਾਂਦਾ ਸ਼ਬਦ ਹੈ, ਮਿਹਤਰ ਜੋ ਸੰਸਕ੍ਰਿਤ ਵਿਚ ਮਿਲਦੇ ਇਕ ਸ਼ਬਦ 'ਮਹਤਰ' ਨਾਲ ਜਾ ਜੁੜਦਾ ਹੈ। ਇਸ ਦਾ ਅਰਥ ਹੈ, ਪਿੰਡ ਦਾ ਮੁਖੀਆ, ਦਰਬਾਰੀ ਆਦਿ। ਇਹ ਸ਼ਬਦ ਮਹ ਤੋਂ ਮਹਤ ਤੇ ਫਿਰ ਅੱਗੇ ਇਸ ਤੋਂ ਦੂਜੀ ਡਿਗਰੀ ਦਾ ਵਿਸ਼ੇਸ਼ਣ ਬਣਾਉਣ ਵਾਲਾ 'ਤਰ' ਪਿਛੇਤਰ ਲੱਗ ਕੇ ਬਣਿਆ ਹੈ। ਸੋ, ਸ਼ਾਬਦਿਕ ਅਰਥ ਵਡੇਰਾ ਹੋਇਆ। ਸਾਡਾ ਸਮਾਜ ਅਖੌਤੀ ਨੀਚ ਕੰਮ ਕਰਨ ਵਾਲਿਆਂ ਦੇ ਤੁਸ਼ਟੀਕਰਣ ਲਈ ਸਨਮਾਨਜਨਕ ਸ਼ਬਦ ਵਰਤਣ ਪ੍ਰਤੀ ਰੁਚਿਤ ਹੈ, ਜਿਵੇਂ ਘੁਮਾਰ ਲਈ ਪਰਜਾਪਤੀ ਅਤੇ ਨਾਈ ਲਈ ਰਾਜਾ। ਇਸ ਲਿਹਾਜ ਕਰਕੇ ਸਫਾਈ ਕਰਮਚਾਰੀ ਨੂੰ ਮਿਹਤਰ ਨਾਲ ਨਿਵਾਜਿਆ ਗਿਆ। ਇੱਕ ਰਾਏ ਅਨੁਸਾਰ ਵਿਦੇਸ਼ੀ ਹਮਲਿਆਂ ਦੌਰਾਨ ਸਵਰਨ ਜਾਤੀ ਦੇ ਕਈ ਲੋਕ ਜ਼ੁਲਮ ਤੋਂ ਡਰਦੇ ਆਪਣੇ ਮੂਲ ਸਥਾਨ ਤੋਂ ਭਜ ਕੇ ਹੋਰ ਥਾਂਵਾਂ 'ਤੇ ਫਿਰਦੇ ਮਜਬੂਰੀ ਵਿਚ ਨੀਚ ਕੰਮ ਕਰਦੇ ਰਹੇ ਪਰ ਮੁਢਲੇ ਤੌਰ 'ਤੇ ਉਚੀ ਜਾਤੀ ਦੇ ਹੋਣ ਕਰਕੇ ਮਿਹਤਰ ਕਹਾਏ।

ਉਂਜ ਫਾਰਸੀ ਵਿਚ ਵੀ ਮੇਹਤਰ ਸ਼ਬਦ ਮਿਲਦਾ ਹੈ, ਜਿਸ ਦਾ ਅਰਥ ਵਡੇਰਾ, ਸਰਦਾਰ ਹੈ, "ਮੇਹਤਰ ਨੂਹ ਦਿਆਂ ਬੇਟਿਆਂ ਜ਼ਿਦ ਕੀਤੀ, ਡੁਬ ਮੋਏ ਨੇ ਛੱਡ ਮੁਹਾਨਿਆਂ ਨੂੰ।" (ਹੀਰ ਵਾਰਸ)। ਟਰਨਰ ਅਨੁਸਾਰ ਇਸ ਫਾਰਸੀ ਸ਼ਬਦ ਦਾ ਵੀ ਅਸਰ ਹੋ ਸਕਦਾ ਹੈ। ਮਿਹਤਰ ਦਾ ਇਕ ਰੁਪਾਂਤਰ ਮਹਿਰ ਹੈ, "ਮਹਰ ਮਲੂਕ



ਕਹਾਈਐ॥" (ਗੁਰੂ ਨਾਨਕ ਦੇਵ)। ਖੱਤਰੀਆਂ ਦੀ ਇੱਕ ਜਾਤੀ/ਗੋਤ ਮਹਿਰਾ ਹੈ। ਗੌਰਤਲਬ ਹੈ ਕਿ ਜਿਵੇਂ ਜਮਾਂਦਾਰਾਂ ਨੂੰ ਮਿਹਤਰ ਕਿਹਾ ਜਾਂਦਾ ਹੈ, ਇਸੇ ਤਰ੍ਹਾਂ ਝੀਵਰਾਂ ਨੂੰ ਮਹਿਰੇ ਕਿਹਾ ਜਾਂਦਾ ਹੈ। ਚਮਾਰਾਂ ਦਾ ਇੱਕ ਗੋਤ ਵੀ ਮਹਿਰਾ ਜਾਂ ਮਹਿਰੜਾ ਹੈ। ਮਾਤਾ ਦੇ ਅਰਥਾਂ ਵਿਚ ਮਹਤਰੀਆ ਸ਼ਬਦ ਮਿਲਦਾ ਹੈ, ਮੂਲ ਅਰਥ ਵਡੇਰੀ ਉਮਰ ਦੀ ਸਨਮਾਨਤ ਔਰਤ, "ਸਾਜਨ ਮੀਤ ਪਿਤਾ ਮਹਤਰੀਆ॥" (ਗੁਰੂ ਅਰਜਨ ਦੇਵ)। ਇਸ ਦਾ ਇੱਕ ਰੁਪਾਂਤਰ ਮਹਤਾਰੀ ਵੀ ਹੈ। ਇਸ ਦੇ ਟਾਕਰੇ 'ਤੇ ਲਾਤੀਨੀ ਸ਼ਬਦ Magistra ਰੱਖਿਆ ਜਾ ਸਕਦਾ ਹੈ, ਜੋ ਵੱਡੀ ਉਮਰ ਦੀ ਇਸਤਰੀ ਲਈ ਵਰਤਿਆ ਜਾਂਦਾ ਸ਼ਬਦ ਹੈ।

'ਮਹ' ਧਾਤੂ ਤੋਂ ਇਕ ਸ਼ਬਦ ਬਣਦਾ ਹੈ, ਮਹਤ ਜਿਸ ਦਾ ਅਰਥ ਵੱਡਾ, ਵਿਸ਼ਾਲ ਹੁੰਦਾ ਹੈ, "ਮਾਤਾ ਧਰਤ ਮਹਤੁ॥" (ਗੁਰੂ ਨਾਨਕ ਦੇਵ)। ਇਸੇ ਦਾ ਰੁਪਾਂਤਰ ਹੈ, ਕਿਸੇ ਡੇਰੇ ਜਾਂ ਸਾਧੂ-ਮੰਡਲੀ ਦੇ ਮੁਖੀ ਲਈ ਵਰਤਿਆ ਜਾਂਦਾ ਸ਼ਬਦ ਮਹੰਤ। ਕਿਸੇ ਵੇਲੇ ਸਿੱਖ ਗੁਰਦੁਆਰਿਆਂ ਦੇ ਕਰਤਾ ਧਰਤਾ ਮਹੰਤ ਕਹਾਉਂਦੇ ਸਨ। ਇਸ ਸ਼ਬਦ ਦਾ ਮੂਲ ਅਰਥ ਵੀ ਵੱਡਾ ਆਦਮੀ ਹੀ ਹੈ। ਜਰਮਨੀ ਦੇ ਸੰਤ ਮੈਗਨਸ ਦੇ ਟਾਕਰੇ ਤੇ ਸ਼ਿਵ ਦਾ ਇੱਕ ਨਾਂ 'ਮਹੇਸ਼' (ਮਹਾ+ਈਸ਼) ਅਤੇ 'ਮਹਿੰਦਰ' (ਮਹਾ+ਇੰਦਰ) ਰੱਖੇ ਜਾ ਸਕਦੇ ਹਨ।

ਮਹਤ ਤੋਂ ਹੀ ਹੋਰ ਅੱਗੇ ਇਕ ਸ਼ਬਦ ਬਣਦਾ ਹੈ, ਮਹਿਤਾ। ਇਹ ਮੁਢਲੇ ਤੌਰ 'ਤੇ ਅਧਿਕਾਰੀਆਂ ਲਈ ਵਰਤੀ ਜਾਂਦੀ ਸਨਮਾਨਬੋਧਕ ਉਪਾਧੀ ਸੀ। ਗੁਰੂ ਨਾਨਕ ਦੇਵ ਦੇ ਪਿਤਾ ਪਟਵਾਰੀ ਸਨ, ਇਸ ਲਈ ਉਨ੍ਹਾਂ ਨੂੰ ਸਨਮਾਨ ਵਜੋਂ ਮਹਿਤਾ ਕਾਲੂ ਕਿਹਾ ਜਾਂਦਾ ਸੀ। ਮਹਿਤਾ ਹਿੰਦੂ, ਸਿੱਖਾਂ, ਜੈਨੀਆਂ, ਖੱਤਰੀਆਂ, ਬ੍ਰਾਹਮਣਾਂ ਦਾ ਇੱਕ ਗੋਤ ਵੀ ਹੈ, "ਮੋਹਣ ਰਾਮ ਮਹਿਤਿਆ।" (ਭਾਈ ਗੁਰਦਾਸ ਦੀ ਵਾਰ 'ਚੋਂ)। ਗੁਜਰਾਤੀ ਵਿਚ ਅਧਿਆਪਕ ਲਈ ਸੰਬੋਧਨਕਾਰੀ ਸ਼ਬਦ ਮਹਿਤਾ ਵਰਤਿਆ ਜਾਂਦਾ ਹੈ।

ਇਸਤਰੀ ਲਈ ਇੱਕ ਵਡਿਆਈ ਸੂਚਕ ਸ਼ਬਦ ਹੈ, ਮਹਿਲਾ। ਮਹਾ ਤੋਂ ਬਣੇ ਇਸ ਸ਼ਬਦ ਵਿਚ ਇਸਤਰੀ ਦੀ ਜਨਨੀ ਦੇ ਤੌਰ 'ਤੇ ਮਾਨਤਾ ਕੀਤੀ ਗਈ ਹੈ। ਸੰਭਵ ਹੈ, ਇਹ ਸ਼ਬਦ ਮਾਤਾ-ਪ੍ਰਧਾਨ ਸਮਾਜ ਦੀ ਉਪਜ ਹੋਵੇ। ਇਸ ਦਾ ਹੋਰ ਰੂਪ ਹੈ, ਮਹੇਲੀ, "ਕੰਤਾਂ ਨਾਲਿ ਮਹੇਲੀਆ॥' (ਗੁਰੂ ਅਮਰ ਦਾਸ)। ਹਿੰਦੀ ਦੀਆਂ ਬੋਲੀਆਂ ਵਿਚ ਪਤਨੀ, ਘਰ ਵਾਲੀ ਲਈ ਇਸ ਦਾ ਇਕ ਰੂਪ ਮਹਿਰਾਰੂ ਵਰਤਿਆ ਜਾਂਦਾ ਹੈ। ਇਹ ਕੁਝ ਕੁਝ ਨਿਰਾਦਰ ਸੂਚਕ ਹੈ, ਅਰਥਾਤ ਪਤਨੀ ਨੂੰ ਘਰੇਲੂ ਕੰਮ ਕਾਜ ਕਰਨ ਵਾਲੀ ਦੇ ਤੌਰ 'ਤੇ ਘਟਾ ਦਿੱਤਾ ਗਿਆ ਹੈ।

# ਭਾਰਤੀ ਸਾਹਿਤ ਅਕਾਦਮੀ ਅਵਾਰਡ: ਇਸ ਸਾਲ

ਕੁਝ ਸਮਾਂ ਪਹਿਲਾਂ ਭਾਰਤੀ ਸਾਹਿਤ ਅਕਾਦਮੀ ਦੇ ਦਫਤਰੋਂ ਫੋਨ ਆਇਆ ਕਿ ਮੈਨੂੰ ਇਸ ਸਾਲ ਦੇ ਅਵਾਰਡ ਲਈ ਤਿੰਨ ਜੱਜਾਂ ਵਿਚ ਲਿਆ ਗਿਆ ਹੈ। ਮੈਂ ਹੈਰਾਨ ਹੋਇਆ ਕਿ ਭਾਰਤ ਦੇ ਕਿਸੇ ਅਦਾਰੇ ਵਿਚ ਹਾਲੇ ਵੀ ਏਨੀ ਨਿਰਪੱਖਤਾ ਬਚੀ ਹੋਈ ਹੈ! ਮੈਨੂੰ ਕੋਈ ਜਾਣੇ ਨਾ ਬੁੱਝੇ; ਇਹ ਭਾਣਾ ਕਿਵੇਂ ਵਾਪਰ ਗਿਆ? ਸੁਣਿਆ ਕਿਸੇ ਨੇ ਕਿ ਕਦੀ ਰੂੜੀ ਦੀ ਵੀ ਸੁਣੀ ਗਈ ਹੋਵੇ? ਕਿਸੇ ਸਮੇਂ ਬਾਰਾਂ ਸਾਲ ਬਾਅਦ ਸੁਣੀ ਜਾਂਦੀ ਸੀ; ਪਰ ਹੁਣ ਤਾਂ ਉਮਰਾਂ ਬੀਤ ਜਾਂਦੀਆਂ ਹਨ।

ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਖੈਰ, ਚਾਰ ਦਿਨਾਂ ਪਿਛੋਂ ਮੈਨੂੰ 5 ਕਿਤਾਬਾਂ ਦਾ ਪਾਰਸਲ ਮਿਲਿਆ। ਕਿਤਾਬਾਂ ਦੇਖੀਆਂ ਤੇ ਲੇਖਕਾਂ ਦੇ ਦਿਲੋ ਦਿਮਾਗ ਤੱਕ ਅੱਪੜਨ ਦੀ ਕੋਸ਼ਿਸ਼ ਕੀਤੀ। ਕਲਾ ਕਲਾਤਮਕਤਾ ਪੱਖੋਂ ਸਭ ਇੱਕੋ ਰੰਗ ਕਪਾਹੀ ਦਾ; ਜੋ ਨਹੀਂ ਚਾਹੀਦਾ। ਪਰ, ਜੋ ਚਾਹੀਦਾ, ਉਹ ਕਿੱਥੇ! ਮੇਰੇ ਮਨ ਵਿਚ ਭਾਰਤੀ ਸਾਹਿਤ ਅਕਾਦਮੀ ਅਵਾਰਡ ਦਾ ਜੋ ਅਕਸ ਬਣਿਆ ਹੋਇਆ ਸੀ, ਉਸ ਅਨੁਸਾਰ ਢੁਕਵੀਂ ਕੋਈ ਪੁਸਤਕ ਵੀ ਨਜ਼ਰ ਨਾ ਆਈ। ਫਿਰ ਸਾਹਿਤ ਦੇ ਦੂਜੇ ਅਤੇ ਦੁਜੈਲੇ ਮਕਸਦ-ਮਨੋਰਥ ਟੋਹੇ ਤਾਂ ਕਿਤੇ ਕੁਝ ਕੁਝ ਨਿਰਣੇ ਦਾ ਰਾਹ ਦਿਸਣ ਲੱਗਾ। ਹੋਰ ਘੋਖ ਪੜਤਾਲ ਕੀਤੀ, ਤਾਂ ਕਿਤੇ ਤਿੰਨ ਕਿਤਾਬਾਂ ਨਿੱਤਰ ਕੇ ਸਾਹਮਣੇ ਆਈਆਂ। ਹੋਰ ਦੀਰਘ ਵਿਚਾਰ ਅਤੇ ਬਾਰੀਕੀ ਨਾਲ ਹਾਥ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਬੇਹੱਦ ਤਰਲ ਜਿਹੇ ਤਰੀਕੇ ਨਾਲ ਮਸਾਂ ਇੱਕ ਕਿਤਾਬ ਤੱਕ ਪੁੱਜਿਆ।

ਦਿਮਾਗ ਵਿਚ ਕਈ ਦਿਨ ਹੱਲਚਲ ਮਚੀ ਰਹੀ; ਹੇਠਲੀ ਉਤੇ ਤੇ ਉਤਲੀ ਹੇਠਾਂ ਸਰਕਦੀ ਰਹੀ। ਦਿਮਾਗ ਨੇ ਕਈ ਪੌੜੀਆਂ ਦਾ ਰੂਪ ਵਟਾ ਲਿਆ। ਕੋਈ ਕਿਤਾਬ ਕਿਸੇ ਪੌੜੀ 'ਤੇ ਸਵਾਰ ਹੋ ਕੇ ਉਪਰ ਜਾ ਬੈਠੇ ਤੇ ਕਿਸੇ ਹੋਰ ਪੌੜੀ ਰਾਹੀਂ ਹੇਠਾਂ ਜਾ ਉਤਰੇ। ਮਨ ਵਿਚ ਇੱਕੀ ਦਿਨ ਲਗਾਤਾਰ ਲੁੱਡੋ ਦੀ ਸੱਪ-ਸੀੜੀ ਚੱਲਦੀ ਰਹੀ। ਅਖੀਰ ਮੈਂ ਦਿੱਲੀ ਚਲਾ ਗਿਆ। ਰਿਹਾਇਸ਼ਗਾਹ 'ਤੇ ਗੱਡੀ ਆਈ ਤੇ ਭਾਰਤੀ ਸਾਹਿਤ ਅਕਾਦਮੀ ਵਿਖੇ ਲੈ ਗਈ। ਅਕਾਦਮੀ ਦੇ ਵੱਡੇ ਹਾਲ ਵਿਚ ਦੂਜੇ ਦੋ ਜੱਜ ਤੇ ਕਨਵੀਨਰ ਸਾਹਿਬਾ ਮੇਰੀ ਉਡੀਕ ਕਰ ਰਹੇ ਸਨ। ਸਭ ਨੇ ਆਪੋ ਆਪਣੇ ਮਨ ਮਸਤਕ ਦੀਆਂ ਸੱਪ-ਸੀੜੀਆਂ ਮੇਜ਼ 'ਤੇ ਖਿਲਾਰ ਦਿੱਤੀਆਂ।

ਨਰ ਚਾਹਤ ਕਛੁ ਅਉਰ
ਅਉਰੈ ਕੀ ਅਉਰੈ ਭਈ॥
ਚਿਤਵਤ ਰਹਿਓ ਠਗਉਰ
ਨਾਨਕ ਫਾਸੀ ਗਲਿ ਪਰੀ॥

ਮੈਂ ਖੁਦ ਨੂੰ ਇਤਨਾ ਸ਼ਸ਼ੋਪੰਜ ਵਿਚ ਪਹਿਲਾਂ ਕਦੀ ਨਹੀਂ ਸੀ ਦੇਖਿਆ। ਮਨੋ-ਮਨੀ ਘਮਸਾਨ ਚੱਲਦੀ ਰਹੀ ਤੇ ਕਨਵੀਨਰ ਸਾਹਿਬਾ ਨਿਰਪੱਖ ਅੱਖ ਨਾਲ ਨਿਰਣਾ ਉਡੀਕਦੀ ਰਹੀ। ਉਸ ਦੀ ਹਾਲਤ ਉਹੀ ਜਾਣੇ। ਮਨ ਦੇ ਖੌਲਦੇ ਸਾਗਰ ਸ਼ਾਂਤ ਹੋਏ ਤਾਂ ਸੋਚਿਆ ਕਿ ਭਾਰਤੀ ਸਾਹਿਤ ਅਕਾਦਮੀ ਦੇ ਅਵਾਰਡ ਦਾ ਮੌਕਾ ਖਾਲੀ ਨਹੀਂ ਜਾਣਾ ਜਾਂ ਰਹਿਣਾ ਚਾਹੀਦਾ। ਕਿਸੇ ਇੱਕ ਨਿਰਣੇ 'ਤੇ ਮੈਂ ਖੁਦ ਏਨਾ ਸਪਸ਼ਟ ਅਤੇ ਪਰਪੱਕ ਨਹੀਂ ਸੀ, ਜਿੰਨੇ ਦੀ ਤਵੱਕੋ ਸੀ।

ਕਿਸੇ ਨਾਂ 'ਤੇ ਉਨੀ-ਇੱਕੀ, ਕਿਸੇ 'ਤੇ ਉਨੀ-ਬਾਈ, ਕਿਸੇ 'ਤੇ ਉਨੀ-ਤੇਈ, ਇੱਕ 'ਤੇ ਉਨੀ-ਸਤਾਈ ਅਤੇ ਇੱਕ 'ਤੇ ਉਨੀ-ਸੈਂਤੀ। ਸੈਂਤੀ ਵਾਲਾ ਮੇਰੇ ਹਿਸਾਬ ਨਾਲ ਸੰਤਾਲੀ 'ਤੇ ਖੜ੍ਹਾ ਸੀ।

ਪਹਿਲੀ ਵਾਰ ਦੇਖਿਆ ਕਿ ਮਨ ਦੀ ਲੁੱਡੋ ਕਬੱਡੀ ਤੋਂ ਵੀ ਮੁਸ਼ਕਿਲ ਖੇਡ ਬਣ ਗਈ। ਫੈਸਲਾ ਕਾਹਦਾ! ਮੁੱਠ ਦੀ ਰੇਤ ਵਾਂਗ ਕਿਰ ਕਿਰ ਜਾਵੇ ਤੇ ਹੱਥ ਕੁਝ ਵੀ ਨਾ ਆਵੇ। ਵਿਚਾਰਾਂ ਦੀ ਮਹਾਂਭਾਰਤ ਜਿਹੀ ਘਮਸਾਣ ਹੋਈ ਕਿ ਅੰਤਰੀਵ ਉਧੇੜ-ਬੁਣ ਅਤੇ ਦਲੀਲਾਂ ਦੇ ਘੱਟੇ ਨਾਲ ਦੋ ਤਿੰਨ ਖੂਹੀਆਂ ਤਾਂ ਜ਼ਰੂਰ ਭਰ ਗਈਆਂ ਹੋਣਗੀਆਂ। ਕਨਵੀਨਰ ਸਾਹਿਬਾ ਦੇ ਜ਼ਬਤ ਦੀ ਬੇਅੰਤਤਾ, ਇੰਤਜਾਰ ਦੀ ਅਮੁੱਕਤਾ, ਸਲੀਕੇ ਦੇ ਸਹਿਜ ਅਤੇ ਨਿਰਲੇਪਤਾ ਦੇ ਕਮਾਲ ਦਾ ਮੈਂ ਪੁੱਜ ਕੇ ਕਾਇਲ ਹੋ ਗਿਆ। ਅਜਿਹੇ ਇਤਮਿਨਾਨ ਨੂੰ ਸਲਾਮ!

ਖੈਰ! ਗੱਲ ਮੁਕਾਉਣੀ ਸੀ, ਮੁੱਕ ਗਈ। ਜਮੀਨ ਅਸਮਾਨ ਦੇ ਫਰਕ ਨਾਲ ਨਹੀਂ; ਬੱਸ ਉਨੀ, ਵੀਹ, ਇੱਕੀ 'ਚੋਂ ਉਨੀ ਜਿੱਤ ਗਈ। ਕੋਈ ਵੀ ਜਿੱਤ ਜਸ਼ਨ ਦਾ ਮੁਕਾਮ ਨਹੀਂ ਹੁੰਦੀ। ਇਹ ਵੀ ਨਹੀਂ। ਸਮਾਂ ਕਿਸੇ ਨਾਂ ਦੀ ਧੂ ਘੜੀਸ ਜਾਂ ਇਨਾਮ ਦੀ ਖਿੱਦੋ-ਖੂੰਡੀ ਦਾ ਅਖਾੜਾ ਨਹੀਂ ਹੈ, ਸਗੋਂ ਇਹ ਪੰਜਾਬੀ ਸਾਹਿਤਕਾਰਾਂ ਤੇ ਚਿੰਤਕਾਂ ਤੋਂ ਸਹਿਜਮਈ ਚਿੰਤਨ ਅਤੇ ਮੰਥਨ ਦੀ ਮੰਗ ਕਰਦਾ ਹੈ।

ਆਓ, ਗੰਭੀਰਤਾ ਨਾਲ ਸੋਚੀਏ ਕਿ ਅਸੀਂ ਪੰਜਾਬੀ ਸਾਹਿਤਕਾਰੀ ਦੀ ਸੱਪ-ਸੀੜ੍ਹੀ ਖੇਡ ਵਿਚ ਸੀੜ੍ਹੀ ਬਣ ਅਰਸ਼ਾਂ ਵੱਲ ਉਪਰ ਚੜ੍ਹ ਰਹੇ ਹਾਂ ਜਾਂ ਸੱਪ ਬਣ ਬਣ ਰਸਾਤਲ ਵੱਲ ਹੇਠਾਂ ਖਿਸਕ ਰਹੇ ਹਾਂ। ਆਓ, ਪੰਜਾਬੀ ਸਾਹਿਤਕਾਰੀ ਦੀ ਲੁੱਡੋ ਦੇ ਸੱਪਾਂ ਤੋਂ ਨਿਜਾਤ ਹਾਸਲ ਕਰੀਏ ਤੇ ਪੌੜੀਆਂ ਦਾ ਪ੍ਰਯੋਗ ਜਾਂ ਸਦਉਪਯੋਗ ਕਰਨਾ ਸਿੱਖੀਏ ਤਾਂ ਜੋ ਅਸੀਂ ਭਾਰਤੀ ਸਾਹਿਤ ਅਕਾਦਮੀ ਅਵਾਰਡ ਦੇ ਹਾਣ ਦੇ ਰਹਿ ਜਾਂ ਬਣ ਸਕੀਏ।

ਚੇਤੇ ਰੱਖੋ, ਭਾਰਤੀ ਸਾਹਿਤ ਅਕਾਦਮੀ ਦਾ ਪਹਿਲਾ ਅਵਾਰਡ ਭਾਈ ਵੀਰ ਸਿੰਘ ਨੂੰ ਮਿਲਿਆ ਸੀ। ਭਾਰਤੀ ਸਾਹਿਤ ਅਕਾਦਮੀ ਦੇ ਅਵਾਰਡ ਦਾ ਮੀਟਰ ਹਰ ਸਾਲ ਬੌਣਾ ਅਤੇ ਹੋਰ ਬੌਣਾ ਹੋਈ ਜਾ ਰਿਹਾ ਹੈ। ਇਸੇ ਕਰਕੇ ਸਾਡੀ ਸਾਹਿਤਕਾਰੀ ਦਾ ਕੱਦ ਭਾਈ ਵੀਰ ਸਿੰਘ ਦੇ ਹਾਣ ਦਾ ਨਹੀਂ ਰਿਹਾ। ਅਸੀਂ ਹਰੇਕ ਪਿਛਲਾ ਇਨਾਮ ਅਗਲੇ ਇਨਾਮ ਲਈ ਪੈਮਾਨਾ ਬਣਾ ਲੈਂਦੇ ਹਾਂ। ਇਸ ਤਰ੍ਹਾਂ ਸਾਡਾ ਪੈਮਾਨਾ ਘਟਦਾ ਘਟਦਾ ਇਸ ਕਦਰ ਘਟ ਗਿਆ ਹੈ ਕਿ ਹੁਣ ਭਾਰਤੀ ਸਾਹਿਤ ਅਕਾਦਮੀ ਦੇ ਇਨਾਮ ਲਈ ਕੋਈ ਪੈਮਾਨਾ ਹੀ ਨਹੀਂ ਰਿਹਾ। ਸਾਡਾ ਪੈਮਾਨਾ ਬੇਮਾਇਨਾ ਹੋ ਗਿਆ ਹੈ।

ਹਰ ਇਨਾਮ ਪ੍ਰਾਪਤ ਸ਼ਖਸ ਅਗਲੇ ਸਾਲ ਲਈ ਬਾਇ ਡਿਫਾਲਟ ਜਿਊਰੀ ਮੈਂਬਰ ਬਣ ਜਾਂਦਾ ਹੈ। ਉਹ ਮੈਂਬਰ ਅਗਲੇ ਸਾਲ ਆਪਣੇ ਤੋਂ ਬਿਹਤਰ ਸਾਹਿਤਕਾਰ ਦੀ ਚੋਣ ਕਿਉਂ ਕਰੇਗਾ? ਹਰ ਹਾਲ ਉਹ ਆਪਣੇ ਤੋਂ ਹੇਠਲੇ ਨੂੰ ਚੁਣੇਗਾ, ਤਾਂ ਜੋ ਖੁਦ ਉਸ ਦਾ ਕੋਈ ਵੱਕਾਰ ਬਣਿਆ ਰਹਿ ਸਕੇ। ਕਮ ਸੇ ਕਮ ਇਸ ਇਨਾਮ ਦਾ ਪੈਮਾਨਾ ਹੀ ਸਹੀ ਰਹੇ।

ਆਓ, ਇਸ ਅਵਾਰਡ ਦੇ ਪ੍ਰਥਮ ਅਤੇ ਸਰਬੋਤਮ ਪੈਮਾਨੇ ਨਾਲ ਆਪਣੇ ਸਾਹਿਤਕ ਕੱਦ ਦਾ ਅੰਦਾਜ਼ਾ ਲਾਈਏ ਕਿ ਅਸੀਂ ਕਿੱਥੇ ਖੜ੍ਹੇ ਹਾਂ ਜਾਂ ਕਿੰਨੇ ਕੁ ਪਾਣੀ 'ਚ ਹਾਂ; ਡੁੱਬੇ ਹੋਏ ਹਾਂ, ਗੋਤੇ ਖਾ ਰਹੇ ਹਾਂ ਕਿ ਤਰ ਰਹੇ ਹਾਂ?

ਆਓ, ਸੱਚ ਅਤੇ ਚੁੱਪ ਵੱਲ ਪਰਤੀਏ।

## ਲੜੀਵਾਰ ਨਾਵਲ

### ਕਿਸ਼ਤ ਸੱਤਵੀਂ

# ਕਿਆਮਤ

*ਹਰਮਹਿੰਦਰ ਚਾਹਲ ਦਾ ਨਾਵਲ 'ਕਿਆਮਤ' ਇਰਾਕ ਦੇ ਛੋਟੇ ਜਿਹੇ ਅਕੀਦੇ/ਕਬੀਲੇ ਜਾਜ਼ੀਦੀ ਨਾਲ ਸਬੰਧਤ ਕੁੜੀ ਆਸਮਾ ਦੇ ਜੀਵਨ ਦੁਆਲੇ ਬੁਣਿਆ ਗਿਆ ਹੈ। ਇਸ ਵਿਚ ਇਸਲਾਮਕ ਸਟੇਟ ਆਫ ਇਰਾਕ ਐਂਡ ਸੀਰੀਆ (ਆਈ. ਐਸ. ਆਈ. ਐਸ.) ਦੇ ਦਹਿਸ਼ਤਗਰਦਾਂ ਦੀਆਂ ਜ਼ਿਆਦਤੀਆਂ ਦਾ ਚਿੱਠਾ ਫਰੋਲਿਆ ਗਿਆ ਹੈ। ਇਰਾਕ ਵਿਚ ਸੱਦਾਮ ਹੁਸੈਨ ਦੇ ਜ਼ਮਾਨੇ ਵਿਚ ਇਨ੍ਹਾਂ ਲੋਕਾਂ 'ਤੇ ਬਹੁਤ ਕਹਿਰ ਵਾਪਰਿਆ, ਪਰ ਆਈ. ਐਸ. ਆਈ. ਐਸ. ਦੇ ਉਭਾਰ ਪਿਛੋਂ ਤਾਂ ਉਨ੍ਹਾਂ ਉਤੇ ਕਹਿਰ ਦੀ ਹੱਦ ਹੋ ਗਈ ਜਿਸ ਨੂੰ ਪੜ੍ਹ-ਸੁਣ ਕੇ ਕਾਲਜਾ ਮੂੰਹ ਨੂੰ ਆਉਂਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ ਕੁਝ ਅਰਸਾ ਪਹਿਲਾਂ ਚਾਹਲ ਦੀ ਇਕ ਹੋਰ ਲਿਖਤ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁਕੇ ਹਨ, ਜਿਸ ਵਿਚ ਉਸ ਨੇ ਅਲ-ਕਾਇਦਾ ਨਾਲ ਜੁੜੀ ਅਤੇ ਅਮਰੀਕਾ ਵਿਚ ਪੜ੍ਹਦੀ ਕੁੜੀ ਆਫੀਆ ਸਿੱਦੀਕੀ ਦੇ ਜੀਵਨ ਦੇ ਆਧਾਰ 'ਤੇ ਕਹਾਣੀ ਬੁਣੀ ਸੀ। ਆਫੀਆ ਨੂੰ 2010 ਵਿਚ 86 ਵਰ੍ਹਿਆਂ ਦੀ ਕੈਦ ਹੋਈ ਸੀ, ਉਹ ਅੱਜ ਕੱਲ੍ਹ ਅਮਰੀਕੀ ਜੇਲ੍ਹ ਵਿਚ ਬੰਦ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

### ਤੁਸੀਂ ਪੜ੍ਹ ਚੁਕੇ ਹੋ...

ਇਰਾਕ ਦੇ ਇਕ ਹਿੱਸੇ ਉਤੇ ਆਈ. ਐਸ. ਆਈ. ਐਸ. ਦੇ ਕਬਜ਼ੇ ਤੋਂ ਬਾਅਦ ਜਾਜ਼ੀਦੀ ਕਬੀਲੇ ਨਾਲ ਸਬੰਧਤ ਲੋਕ ਉਜੜ-ਪੁੱਜੜ ਗਏ। ਅਤਿਵਾਦੀਆਂ ਦੇ ਹੱਥ ਆਈਆਂ ਜਾਜ਼ੀਦੀ ਕੁੜੀਆਂ ਵੱਖ-ਵੱਖ ਥਾਂਈਂ ਰੁਲ ਰਹੀਆਂ ਹਨ। ਇਨ੍ਹਾਂ ਵਿਚੋਂ ਇਕ ਕੁੜੀ ਆਸਮਾ ਨੂੰ ਸੀਰੀਆ ਭੇਜਿਆ ਜਾ ਰਿਹਾ ਹੈ ਪਰ ਉਹ ਉਨ੍ਹਾਂ ਦੀ ਚੁੰਗਲ ਵਿਚੋਂ ਬਚ ਨਿਕਲਦੀ ਹੈ। ਉਸ ਨੂੰ ਆਪਣੇ ਘਰ ਅਤੇ ਘਰ ਦੇ ਜੀਆਂ ਦਾ ਚੇਤਾ ਆਉਂਦਾ ਹੈ, ਉਹ ਚੇਤਿਆਂ ਵਿਚ ਹੀ ਆਪਣੇ ਪਿੰਡ ਜਾ ਵੜਦੀ ਹੈ। ਇਹ ਉਹ ਸਮਾਂ ਹੈ ਜਦੋਂ ਅਮਰੀਕਾ ਨੇ ਸੱਦਾਮ ਹੁਸੈਨ ਦਾ ਤਖਤਾ ਪਲਟਣ ਲਈ ਇਰਾਕ ਉਤੇ ਹਮਲਾ ਕਰ ਦਿੱਤਾ ਸੀ। ਸੱਦਾਮ ਮਾਰਿਆ ਗਿਆ। ਨਵੀਂ ਹਕੂਮਤ ਆ ਗਈ ਪਰ ਉਦੋਂ ਹੀ ਸੁੰਨੀ ਮੁਸਲਮਾਨਾਂ ਦੇ ਕੁਝ ਧੜੇ ਦਹਿਸ਼ਤਪਸੰਦ ਬਣ ਗਏ ਅਤੇ ਸ਼ੀਆ ਮੁਸਲਮਾਨਾਂ ਤੇ ਜਾਜ਼ੀਦੀਆਂ 'ਤੇ ਕਹਿਰ ਢਾਹੁਣ ਲੱਗੇ। ਇਹ ਲੋਕ ਆਈ. ਐਸ. ਆਈ. ਐਸ. ਵਜੋਂ ਮਸ਼ਹੂਰ ਹੋਏ। ਇਸੇ ਦੌਰਾਨ ਇਨ੍ਹਾਂ ਦੇ ਜਾਜ਼ੀਦੀਆਂ ਦੇ ਇਲਾਕੇ ਵਲ ਵਧਣ ਦੀਆਂ ਸੂਹਾਂ ਮਿਲਣ ਲੱਗੀਆਂ ਅਤੇ ਉਨ੍ਹਾਂ ਆਸਮਾ ਦੇ ਪਿੰਡ ਨੂੰ ਘੇਰਾ ਪਾ ਲਿਆ। ਹੁਣ ਪੜ੍ਹੋ ਇਸ ਤੋਂ ਅੱਗੇ...

*(8)*

ਮਾਂ ਨੇ ਕਣਕ ਉਬਾਲੀ ਅਤੇ ਅੱਧੀ-ਅੱਧੀ ਕੜਛੀ ਸਭ ਨੂੰ ਪਾ ਦਿੱਤੀ। ਮੈਂ ਪਲੇਟ 'ਚੋਂ ਚਮਚਾ ਭਰ ਕੇ ਮੂੰਹ ਨੂੰ ਲਾਇਆ ਹੀ ਸੀ ਕਿ ਬੀਹੀ ਵਲੋਂ ਇਸਲਾਮਕ ਸਟੇਟ ਵਾਲਿਆਂ ਦਾ ਬੋਲ-ਬੁਲਾਰਾ ਜਿਹਾ ਸੁਣਿਆ। ਉਹ ਸਪੀਕਰ ਰਾਹੀਂ ਪਿੰਡ 'ਚ ਹੋਕਾ ਦਿੰਦੇ ਘੁੰਮ ਰਹੇ ਸਨ। ਮੈਂ ਉਧਰ ਧਿਆਨ ਕੀਤਾ ਤਾਂ ਆਵਾਜ਼ ਕੰਨੀ ਪਈ, "ਸੁਣੋ ਸਭ ਪਿੰਡ ਵਾਲਿਓ ਸੁਣੋ! ਇਸਲਾਮਕ ਸਟੇਟ ਦੇ ਕਮਾਂਡਰ ਦਾ ਹੁਕਮ ਐ ਕਿ ਪਿੰਡ ਦੇ ਲੋਕ ਸਕੂਲ 'ਚ ਇਕੱਠੇ ਹੋਣ। ਹਰ ਕੋਈ ਤੁਰੰਤ ਘਰੋਂ ਨਿਕਲ ਕੇ ਗਲੀ 'ਚ ਆ ਜਾਵੇ। ਸਾਡੇ ਲੜਾਕੇ ਤੁਹਾਨੂੰ ਸਕੂਲ ਤੱਕ ਲੈ ਕੇ ਜਾਣਗੇ। ਚਲੋ ਛੇਤੀ ਤੁਰੋ।"



**ਹਰਮਹਿੰਦਰ ਚਹਿਲ**
ਫੋਨ: 703-362-3239
chahals57@yahoo.com

ਸੁਣਦਿਆਂ ਹੀ ਮੇਰੇ ਹੱਥੋਂ ਚਮਚਾ ਡਿੱਗ ਪਿਆ। ਬਾਕੀਆਂ ਦਾ ਵੀ ਇਹੋ ਹਾਲ ਸੀ। ਹਰ ਕੋਈ ਘਾਬਰਿਆ ਉਠ ਖੜੋਤਾ। ਖਾਣਾ ਵਿਚੇ ਹੀ ਰਹਿ ਗਿਆ। ਤੰਦੂਰ ਕੋਲ ਖੜ੍ਹੀ ਮਾਂ ਨੇ ਹੱਥਾਂ 'ਚ ਚੁੱਕਿਆ ਬਾਲਣ ਥਾਂ 'ਤੇ ਹੀ ਸੁੱਟ ਸਿਰ ਦੀ ਚੁੰਨੀ ਠੀਕ ਕੀਤੀ ਤੇ ਲੰਬਾ ਸਾਹ ਲੈਂਦਿਆਂ ਬੋਲੀ, "ਹੋਣੀ ਨਾ ਟਲੀ... ਹਾਏ ਰੱਬਾ ਸਾਥੋਂ ਕੀ ਕਸੂਰ ਹੋ ਗਿਆ ਸੀ... ਬੱਚਿਉ...?" ਇੰਨਾ ਕਹਿੰਦਿਆਂ ਮਾਂ ਨੇ ਆਲੇ-ਦੁਆਲੇ ਨਜ਼ਰ ਮਾਰੀ। ਸਾਰੇ ਜਣੇ ਛੇਤੀ ਦੇਣੇ ਉਸ ਦੇ ਨੇੜੇ ਇਕੱਠੇ ਹੋ ਗਏ। ਫਿਰ ਉਸ ਨੇ ਕਿਹਾ, "ਸਾਰੇ ਮੇਰੀ ਗੱਲ ਸੁਣੋ। ਜੋ ਵੀ ਸਮਾਨ ਤਿਆਰ ਕੀਤਾ ਐ, ਚੁੱਕ ਲਵੋ। ਜਿਵੇਂ ਉਹ ਕਹਿੰਦੇ ਐ, ਉਵੇਂ ਕਰੋ। ਤੇ ਤੁਸੀਂ ਕੁੜੀਉ...।" ਮਾਂ ਨੇ ਗੱਲ ਵਿਚਾਲੇ ਛੱਡਦਿਆਂ ਸਾਡੇ ਵਲ ਵੇਖਿਆ। ਸ਼ਾਇਦ ਪੱਕ ਕਰ ਰਹੀ ਸੀ ਕਿ ਅਸੀਂ ਸੱਭੇ ਉਸ ਨੂੰ ਸੁਣ ਰਹੀਆਂ ਹਾਂ। ਉਹ ਬੋਲੀ, "ਤੁਸੀਂ ਸਾਰੀਆਂ ਆਪਣੇ ਪਹਿਨੇ ਕੱਪੜਿਆਂ ਦੇ ਉਤੋਂ ਦੀ ਜਿੰਨੇ ਹੋ ਸਕਦਾ ਐ, ਹੋਰ ਪਾ ਲਵੋ। ਖਿਆਲ ਰੱਖਿਉ, ਤੁਹਾਡਾ ਸਾਰਾ ਸਰੀਰ ਚੰਗੀ ਤਰ੍ਹਾਂ ਢਕਿਆ ਹੋਵੇ। ਫਿਕਰ ਤੇ ਡਰ ਛੱਡੋ, ਹੁਣ ਛੇਤੀ ਦੇਣੇ ਤੁਰਨ ਦੀ ਤਿਆਰੀ ਕਰੋ।"

ਅਸੀਂ ਸਮਝ ਗਈਆਂ ਸਾਂ। ਮੈਂ ਆਪਣੇ ਪਹਿਨੇ ਕੱਪੜਿਆਂ ਦੇ ਉਤੋਂ ਦੀ ਤਿੰਨ ਜੋੜੇ ਹੋਰ ਪਾ ਲਏ। ਇਵੇਂ ਹੀ ਬਾਕੀਆਂ ਨੇ ਕੀਤਾ। ਖੈਰੀ ਹੋਰੀਂ ਵੀ ਸਭ ਛੇਤੀ ਛੇਤੀ ਚੌਂਕੇ ਨੇੜੇ ਮਾਂ ਕੋਲ ਆ ਗਏ। ਇੰਨੇ ਨੂੰ ਦਰਵਾਜਾ ਪਟਾਕ ਦੇਣੇ ਖੁੱਲ੍ਹਿਆ ਤੇ ਆਵਾਜ਼ ਆਈ, "ਚਲੋ ਬਾਹਰ ਨਿਕਲੋ। ਛੇਤੀ ਕਰੋ।" ਇਹ ਇਸਲਾਮਕ ਸਟੇਟ ਦੇ ਮਿਲੀਟੈਂਟ ਸਨ, ਜਿਨ੍ਹਾਂ ਦੇ ਗਲੀਂ ਰਾਈਫਲਾਂ ਲਟਕ ਰਹੀਆਂ ਸਨ। ਸਭ ਨੇ ਕਾਲੇ ਕੱਪੜੇ ਪਹਿਨੇ ਹੋਏ ਸਨ ਤੇ ਮੂੰਹ ਢਕੇ ਹੋਏ ਸਨ। ਢਕੇ ਚਿਹਰਿਆਂ 'ਚੋਂ ਸਿਰਫ ਵਹਿਸ਼ੀ ਅੱਖਾਂ ਦਿਸ ਰਹੀਆਂ ਸਨ। ਉਨ੍ਹਾਂ ਨੂੰ ਵੇਖ ਕੇ ਸਰੀਰ 'ਚੋਂ ਸੀਤ ਲਹਿਰ ਲੰਘ ਗਈ। ਜਦੋਂ ਅਸੀਂ ਸਾਰੇ ਇਕੱਠੇ ਹੋ ਗਏ ਤਾਂ ਮਾਂ ਨੇ ਤੁਰਨ ਲੱਗਿਆਂ ਨੂੰ ਕਿਹਾ, "ਜੋ ਰੱਬ ਦੀ ਰਜ਼ਾ ਐ, ਉਹ ਹੋ ਕੇ ਰਹਿਣਾ ਐ। ਉਸ ਦੇ ਭਾਣੇ ਨੂੰ ਮੰਨਿਉ, ਕਿਸੇ ਨੇ ਹੌਸਲਾ ਨ੍ਹੀਂ ਹਾਰਨਾ ਪਰ ਯਾਦ ਰੱਖਿਉ, ਆਪਣੇ ਨਾਲ ਬਹੁਤ ਬੁਰਾ ਵੀ ਵਾਪਰ ਸਕਦਾ ਐ। ਚਲੋ ਤੁਰੋ।"

ਮਾਂ ਦੀ ਗੱਲ ਕਾਲਜੇ 'ਚ ਤੀਰ ਵਾਂਗ ਖੁੱਭ ਗਈ। ਪਹਿਲੀ ਵਾਰ ਅਹਿਸਾਸ ਹੋਇਆ ਕਿ ਕੁਝ ਵੀ ਵਾਪਰ ਸਕਦਾ ਹੈ। ਫਿਰ ਮਾਂ ਨੇ ਵਿਹੜੇ 'ਚ ਖੜ੍ਹੋ ਕੇ ਚਾਰ-ਚੁਫੇਰੇ ਨਜ਼ਰ ਮਾਰਦਿਆਂ ਹਉਕਾ ਭਰਿਆ ਤੇ ਘਰੋਂ ਨਿਕਲ ਪਈ। ਬਾਕੀ ਸਭ ਉਸ ਦੇ ਮਗਰ ਤੁਰ ਪਏ। ਪਰਿਵਾਰ ਦੇ ਗਿਆਰਾਂ ਜੀਆਂ ਤੋਂ ਬਿਨਾ, ਬਾਕੀਆਂ ਨੂੰ ਮਿਲਾ ਕੇ ਗਿਣਤੀ ਪੰਝੀ ਦੇ ਕਰੀਬ ਸੀ। ਘਰੋਂ ਬਾਹਰ ਨਿਕਲਦਿਆਂ ਮੈਂ ਪਿੱਛੇ ਮੁੜ ਕੇ ਵੇਖਿਆ। ਤੰਦੂਰ 'ਚੋਂ ਧੂੰਆਂ ਉਠ ਰਿਹਾ ਸੀ। ਇਕ ਪਾਸੇ ਸਭ ਦਾ ਪਾਇਆ ਖਾਣਾ ਉਵੇਂ ਹੀ ਪਿਆ ਸੀ। ਕਾਹਲ 'ਚ ਇਕ ਕਮਰੇ ਦਾ ਬੂਹਾ ਵੀ ਖੁੱਲ੍ਹਾ ਰਹਿ ਗਿਆ ਸੀ ਪਰ ਹੁਣ ਪਿੱਛੇ ਮੁੜਨ ਦੀ ਇਜਾਜ਼ਤ ਨਹੀਂ ਸੀ। ਇੰਨੇ ਨੂੰ ਇਸਲਾਮਕ ਸਟੇਟ ਦੇ ਲੜਾਕੇ ਦੀ ਆਵਾਜ਼ ਕੰਨੀਂ ਪਈ। ਉਸ ਨੇ ਕਾਹਲੀ ਤੁਰਨ ਲਈ ਦਬਕਾ ਮਾਰਿਆ ਸੀ। ਮੈਂ ਛੇਤੀ ਦੇਣੇ ਬਾਕੀਆਂ ਦੇ ਨਾਲ ਰਲ ਗਈ। ਬੀਹੀ 'ਚ ਪਹੁੰਚੇ ਤਾਂ ਮੈਂ ਪਿਛਾਂਹ ਨਜ਼ਰ ਮਾਰੀ। ਮੇਰੀ ਸਹੇਲੀ ਫੌਜ਼ੀਆ ਦੇ ਪਰਿਵਾਰ ਸਮੇਤ ਉਧਰੋਂ ਵੀ ਕਈ ਜਣੇ ਸਾਡੇ ਵਾਂਗ ਤੁਰੇ ਆਉਂਦੇ ਸਨ। ਸਭ ਤੋਂ ਪਿੱਛੇ ਸ਼ਾਮੀ ਅੰਮਾ ਹੌਲੀ-ਹੌਲੀ ਖਰੌੜੀਆਂ ਘੜੀਸਦੀ ਆ ਰਹੀ ਸੀ। ਮੈਂ ਚਾਹੁੰਦੀ ਸੀ ਕਿ ਹੌਲੀ ਹੋ ਜਾਵਾਂ ਤਾਂ ਕਿ ਉਹ ਸਾਡੇ ਨਾਲ ਆ ਰਲੇ ਪਰ ਬਰਾਬਰ ਤੁਰ ਰਹੇ ਲੜਾਕੇ ਦੇ ਡਰੋਂ ਮੈਂ ਉਵੇਂ ਹੀ ਤੁਰੀ ਗਈ। ਅਗਾਂਹ ਜਾ ਕੇ ਵੱਡੀ ਬੀਹੀ 'ਚ ਪੈਰ ਰੱਖਿਆ ਤਾਂ ਵੇਖਿਆ ਕਿ ਪਿੰਡ ਵਾਲੇ ਪਾਸਿਉਂ ਗਲੀ, ਲੋਕਾਂ ਦੀ ਭਰੀ ਆ ਰਹੀ ਸੀ। ਕਿਸੇ ਨੇ ਸਿਰ 'ਤੇ ਸਮਾਨ ਦੀ ਗਠੜੀ ਚੁੱਕੀ ਹੋਈ ਸੀ ਤੇ ਕਿਸੇ ਦੇ ਗਲ ਬੈਗ ਲਟਕ ਰਿਹਾ ਸੀ। ਵਡੇਰੀ ਉਮਰ ਦੇ ਕਈ ਲੋਕ ਬਹੁਤ ਔਖੇ ਤੇ ਪੈਰ ਘੜੀਸਦੇ ਹੌਲੀ-ਹੌਲੀ ਤੁਰ ਰਹੇ ਸਨ। ਕਈਆਂ ਨੇ ਪਰਿਵਾਰ ਦੇ ਕਿਸੇ ਬਜ਼ੁਰਗ ਨੂੰ ਵੀਲਚੇਅਰ 'ਤੇ ਬਿਠਾਇਆ ਹੋਇਆ ਸੀ। ਕਿਸੇ ਨੇ ਆਪਣੇ ਜ਼ਿਆਦਾ ਬਿਰਧ ਮਾਪੇ ਮੋਢਿਆਂ 'ਤੇ ਚੁੱਕੇ ਹੋਏ ਸਨ। ਲੋਕ ਧੀਮੀ ਤੋਰ ਤੁਰਦੇ ਜਾ ਰਹੇ ਸਨ। ਕੋਈ ਕੁਝ ਨਹੀਂ ਸੀ ਬੋਲ ਰਿਹਾ। ਸਭ ਦੇ ਚਿਹਰੇ ਉਡੇ ਹੋਏ ਸਨ। ਲੋਕਾਂ ਦੇ ਪੈਰਾਂ ਦੀ ਪੈੜਚਾਲ ਤੋਂ ਬਿਨਾ ਹੋਰ ਕੋਈ ਖੜਕਾ ਨਹੀਂ ਹੋ ਰਿਹਾ ਸੀ।

ਘਾਬਰੀਆਂ ਮਾਂਵਾਂ ਨੇ ਨਿੱਕੇ ਨਿਆਣਿਆਂ ਦੇ ਮੂੰਹ ਵੀ ਬੰਦ ਕੀਤੇ ਹੋਏ ਸਨ ਤਾਂ ਕਿ ਕੋਈ ਮਿਲੀਟੈਂਟ ਚਿੜ ਕੇ ਕਿਸੇ ਜੁਆਕ ਨੂੰ ਹੀ ਨਾ ਮਾਰ ਸੁੱਟੇ। ਦਸ ਪੰਦਰਾਂ ਮਿੰਟਾਂ 'ਚ ਅਸੀਂ ਸਕੂਲ ਪਹੁੰਚ ਗਏ। ਅਗਾਂਹ ਬਹੁਤ ਵੱਡਾ ਇਕੱਠ ਸੀ। ਮੈਂ ਆਲੇ-ਦੁਆਲੇ ਖੜ੍ਹੇ ਲੋਕਾਂ ਦੇ ਚਿਹਰਿਆਂ ਵਲ ਨਜ਼ਰ ਮਾਰੀ। ਸਭ ਦੀਆਂ ਅੱਖਾਂ 'ਚ ਡਰ ਦਾ ਸਾਇਆ ਸੀ। ਕਈ ਕੰਬ ਰਹੇ ਸਨ। ਕਈ ਹੰਝੂ ਵਹਾ ਰਹੇ ਸਨ ਪਰ ਇਸਲਾਮਕ ਸਟੇਟ ਦੇ ਲੜਾਕਿਆਂ ਤੋਂ ਡਰਦੇ ਉਚੀ ਸਾਹ ਨਹੀਂ ਸਨ ਕੱਢ ਰਹੇ। ਹਰ ਪਾਸੇ ਦਹਿਸ਼ਤ ਸੀ। ਆਲੇ-ਦੁਆਲੇ ਇਸਲਾਮਕ ਸਟੇਟ ਦੇ ਸੈਂਕੜੇ ਮਿਲੀਟੈਂਟ ਘੁੰਮ ਰਹੇ ਸਨ। ਰਾਤ ਵੇਲੇ ਗੱਡੀਆਂ ਦੇ ਆਉਣ ਦਾ ਜੋ ਖੜਕਾ ਸੁਣਦਾ ਰਿਹਾ ਸੀ, ਸ਼ਾਇਦ ਇਨ੍ਹਾਂ ਨੂੰ ਹੀ ਲੈ ਕੇ ਆਈਆਂ ਸਨ।

ਅਗਾਂਹ ਵੇਖਿਆ, ਕੁਝ ਲੋਕ ਸਕੂਲ ਅੰਦਰ ਦਾਖਲ ਹੋ ਗਏ ਸਨ। ਬਾਕੀ ਅਜੇ ਪਿੱਛੇ ਹੀ ਲਾਈਨ 'ਚ ਸਨ। ਸਕੂਲ ਦੇ ਗੇਟ 'ਤੇ ਅੱਪੜੇ ਤਾਂ ਇਸਲਾਮਕ ਸਟੇਟ ਦਾ ਵੱਡਾ ਕਮਾਂਡਰ ਹਾਜੀ ਮੁਰਤਜ਼ਾ ਮੂਹਰੇ ਖੜ੍ਹਾ ਸੀ। ਸਾਡਾ ਮੁਖਤਾਰ, ਅਹਿਮਦ ਜਾਸੋ ਵੀ ਉਸ ਦੇ ਕੋਲ ਸੀ। ਮੈਂ ਸਮਝ ਗਈ ਕਿ ਕਮਾਂਡਰ ਨੇ ਸਾਡੇ ਮੁਖਤਾਰ ਨੂੰ ਪਿੰਡ ਦਾ ਮੁਖੀਆ ਹੋਣ ਕਰਕੇ ਕੋਲ ਖੜ੍ਹਾ ਕੀਤਾ ਹੋਇਆ ਹੈ। ਜਿਵੇਂ ਹੀ ਸਾਡਾ ਗਰੁੱਪ ਗੇਟ ਦੇ ਨੇੜੇ ਪੁੱਜਾ ਤਾਂ ਕਮਾਂਡਰ ਮੂਹਰੇ ਆ ਗਿਆ। ਉਸ ਨੇ ਉਚੀ ਆਵਾਜ਼ 'ਚ ਕਿਹਾ, "ਜਿਹੜੇ ਮੁਸਲਮਾਨ ਬਣਨ ਲਈ ਤਿਆਰ ਨੇ, ਉਹ ਇਧਰ ਖੱਬੇ ਹੱਥ ਦੇ ਪਾਰਕ 'ਚ ਆ ਜਾਣ।" ਇੰਨਾ ਆਖ ਉਹ ਸਭ ਵਲ ਵੇਖਣ ਲੱਗਾ ਪਰ ਕਿਸੇ ਨੇ ਵੀ ਨਾ ਉਸ ਨਾਲ ਅੱਖ ਮਿਲਾਈ ਤੇ ਨਾ ਹੀ ਕੋਈ ਪਾਰਕ ਵਾਲੇ ਪਾਸੇ ਜਾਣ ਲਈ ਨਿਕਲਿਆ। ਉਸ ਨੇ ਮੁੜ ਕਿਹਾ, "ਜੋ ਕੋਈ ਮੁਸਲਮਾਨ ਬਣ ਜਾਵੇਗਾ, ਉਸ ਨੂੰ ਘਰ ਪਰਤ ਜਾਣ ਦੀ ਖੁੱਲ੍ਹ ਹੋਵੇਗੀ। ਉਹ ਆਰਾਮ ਨਾਲ ਇਸੇ ਪਿੰਡ 'ਚ ਆਪਣੀ ਜ਼ਿੰਦਗੀ ਬਿਤਾ ਸਕੇਗਾ। ਅਜੇ ਮੌਕਾ ਐ ਸੋਚ ਲਵੋ।"



*ਆਈ.ਐਸ.ਆਈ.ਐਸ. ਦੇ ਹਥਿਆਰਬੰਦ ਲੜਾਕੇ*

ਪਰ ਸੋਚਣ ਵਿਚਾਰਨ ਵਾਲੀ ਤਾਂ ਗੱਲ ਹੀ ਨਹੀਂ ਸੀ। ਸਭ ਨੂੰ ਪਤਾ ਸੀ ਕਿ ਅਸੀਂ ਧਰਮ ਬਦਲਣ ਵਾਲੇ ਲੋਕ ਨਹੀਂ ਹਾਂ। ਖੈਰ! ਕੁਝ ਦੇਰ ਉਡੀਕਣ ਪਿੱਛੋਂ ਵੀ ਜਦੋਂ ਕਿਸੇ ਨੇ ਕਮਾਂਡਰ ਦੀ ਗੱਲ ਨਾ ਮੰਨੀ ਤਾਂ ਉਸ ਨੇ ਗੁੱਸੇ 'ਚ ਕਿਹਾ ਕਿ ਚਲੋ ਫਿਰ ਸਕੂਲ ਵਿਚ ਚੱਲੋ। ਅਸੀਂ ਸਭ ਅੰਦਰ ਤੁਰ ਪਏ। ਅਗਾਂਹ ਦੂਸਰੇ ਮਿਲੀਟੈਂਟ ਸਭ ਨੂੰ ਵੱਖੋ ਵੱਖਰੇ ਕਰ ਰਹੇ ਸਨ। ਬੰਦਿਆਂ ਨੂੰ ਇਕ ਪਾਸੇ ਤੇ ਔਰਤਾਂ ਨੂੰ ਦੂਜੇ ਪਾਸੇ। ਅਣਦਾੜ੍ਹੀਏ ਮੁੰਡਿਆਂ ਨੂੰ ਵੀ ਔਰਤਾਂ ਵਲ ਭੇਜ ਰਹੇ ਸਨ। ਬੰਦੇ ਸਕੂਲ ਦੇ ਗਰਾਊਂਡ ਵਲ ਚਲੇ ਗਏ ਅਤੇ ਔਰਤਾਂ ਨੂੰ ਸਕੂਲ ਦੇ ਕਮਰਿਆਂ 'ਚ ਜਾਣ ਦਾ ਹੁਕਮ ਹੋਇਆ। ਅਸੀਂ ਉਧਰ ਤੁਰ ਪਈਆਂ ਅਤੇ ਇਕ ਕਮਰੇ ਦੇ ਕੋਨੇ 'ਚ ਜਾ ਬੈਠੀਆਂ। ਮੈਂ ਵੇਖਿਆ, ਹਰ ਕੋਈ ਮਾਂ ਦੇ ਨੇੜੇ ਬੈਠਣ ਦੀ ਕੋਸ਼ਿਸ਼ ਕਰ ਰਿਹਾ ਸੀ। ਮਾਂ ਨੇ ਛੋਟਿਆਂ ਨੂੰ ਆਪਣੇ ਕੋਲ ਬਿਠਾ ਲਿਆ। ਉਦੋਂ ਨੂੰ ਦੂਜੇ ਪਾਸੇ ਨਾਲ ਹੀ ਸ਼ਾਮੀ ਅੰਮਾ ਆ ਬੈਠੀ ਤਾਂ ਕਈ ਜਣੇ ਉਸ ਨਾਲ ਲੱਗ ਕੇ ਬਹਿ ਗਏ। ਵਾਲਿਦ, ਖਾਲਿਦ ਅਤੇ ਹਾਜ਼ਮ ਵੀ ਔਰਤਾਂ ਨਾਲ ਉਧਰ ਹੀ ਆ ਗਏ। ਮੇਰੇ ਖੱਬੇ ਹੱਥ ਫੌਜ਼ੀਆ ਦਾ ਪਰਿਵਾਰ ਸੀ। ਦਰਵਾਜੇ ਕੋਲ ਦੋ ਮਿਲੀਟੈਂਟ ਬੰਦੂਕਾਂ ਲਈ ਪਹਿਰੇ 'ਤੇ ਖੜ੍ਹੇ ਸਨ। ਇਕ ਪਾਸਿਉਂ ਕਈਆਂ ਦੇ ਰੋਣ ਦੀ ਆਵਾਜ਼ ਆਈ ਤਾਂ ਮਿਲੀਟੈਂਟ ਦੂਰੋਂ ਗੁੱਸੇ 'ਚ ਬੋਲਿਆ, "ਕਿਸੇ ਦੀ ਵੀ ਆਵਾਜ਼ ਨਾ ਆਵੇ। ਜਦੋਂ ਤੱਕ ਤੁਹਾਡੀ ਵਾਰੀ ਨ੍ਹੀਂ ਆਉਂਦੀ, ਚੁੱਪ ਕਰਕੇ ਬੈਠੋ।"

ਇੰਨੇ ਨਾਲ ਹੀ ਰੋਂਦਿਆਂ ਦੀਆਂ ਹਿਚਕੀਆਂ ਵਿਚੇ ਦਬ ਗਈਆਂ। ਵਾਰੀ ਆਉਣ ਵਾਲੀ ਗੱਲ ਸੁਣ ਕੇ ਮੈਨੂੰ ਅਹਿਸਾਸ ਹੋਇਆ ਕਿ ਸਾਨੂੰ ਅਜੇ ਕੁਝ ਦੇਰ ਇਵੇਂ ਹੀ ਬੈਠਣਾ ਪਵੇਗਾ। ਬੈਠਣਾ ਵੀ ਸੌਖਾ ਨਹੀਂ ਸੀ। ਹੁੰਮਸ ਬਹੁਤ ਸੀ। ਇਸ ਦੇ ਨਾਲ ਹੀ ਤੀਹਰੇ-ਚਹੁਰੇ ਕੱਪੜੇ ਪਾਏ ਹੋਣ ਕਰਕੇ ਵੀ ਗਰਮੀ ਵੱਟ ਕੱਢ ਰਹੀ ਸੀ। ਮੈਂ ਉਠ ਕੇ ਤਾਕੀ ਵਿਚੋਂ ਪਿੰਡ ਵਲ ਨਜ਼ਰ ਮਾਰੀ। ਸਾਡੇ ਘਰ ਦੀ ਛੱਤ ਦਿਸ ਰਹੀ ਸੀ। ਇਸ ਦੇ ਨਾਲ ਹੀ ਘਰ ਦੇ ਵਿਹੜੇ ਵਿਚਲੇ ਦਰਖਤ ਦੀ ਟੀਸੀ ਨਜ਼ਰ ਆ ਰਹੀ ਸੀ। ਦੂਰ ਪਿੰਡ ਵਲੋਂ ਲੋਕਾਂ ਦੇ ਘਰਾਂ 'ਚੋਂ ਧੂੰਆਂ ਉਠ ਰਿਹਾ ਸੀ। ਕਈਆਂ ਦੀਆਂ ਛੱਤਾਂ ਤੋਂ ਟੀ. ਵੀ. ਐਨਟੀਨੇ ਨਜ਼ਰ ਆ ਰਹੇ ਸਨ। ਪਿੰਡ ਖਾਮੋਸ਼ ਪਿਆ ਸੀ। ਬਸ ਕਦੇ ਕਦੇ ਭੌਂਕਦੇ ਕੁੱਤਿਆਂ ਦੀਆਂ ਆਵਾਜ਼ਾਂ ਇਸ ਖਾਮੋਸ਼ੀ ਨੂੰ ਤੋੜ ਰਹੀਆਂ ਸਨ। ਪਲ ਦੀ ਪਲ ਮੇਰੇ ਮਨ 'ਚੋਂ ਵਿਚਾਰ ਲੰਘ ਗਿਆ ਕਿ ਮੁੜ ਕੇ ਸ਼ਾਇਦ ਇਸ ਪਿੰਡ 'ਚ ਪੈਰ ਪਾਉਣਾ ਨਸੀਬਾਂ 'ਚ ਨਾ ਹੋਵੇ।

ਫਿਰ ਮੈਂ ਬਾਹਰ ਸਕੂਲ ਦੇ ਗਰਾਊਂਡ ਵਲ ਵੇਖਿਆ। ਇਸਲਾਮਕ ਸਟੇਟ ਵਾਲਿਆਂ ਨੇ ਬੰਦਿਆਂ ਨੂੰ ਇਕ ਪਾਸੇ ਇਕੱਠੇ ਕਰ ਲਿਆ ਹੋਇਆ ਸੀ। ਉਹ ਸਭ ਨੀਵੀਂ ਪਾਈ ਖੜ੍ਹੇ ਸਨ। ਪਾਸੇ ਤੋਂ ਕਮਾਂਡਰ ਦੀ ਉਚੀ ਆਵਾਜ਼ ਫਿਰ ਸੁਣੀ। ਉਸ ਨੇ ਮੁਸਲਮਾਨ ਬਣ ਜਾਣ ਵਾਲੀ ਗੱਲ ਦੁਹਰਾਈ ਸੀ ਪਰ ਨੀਵੀਂ ਪਾਈ ਖੜ੍ਹੇ ਬੰਦਿਆਂ 'ਚੋਂ ਕਿਸੇ ਨੇ ਵੀ ਉਸ ਦੀ ਗੱਲ ਦਾ ਉਤਰ ਨਾ ਦਿੱਤਾ। ਫਿਰ ਉਸ ਨੇ ਮੁਖਤਾਰ ਨੂੰ ਕਿਹਾ ਕਿ ਉਹ ਆਪ ਲੋਕਾਂ ਨੂੰ ਪੁੱਛੇ। ਮੁਖਤਾਰ ਨੇ ਕਮਾਂਡਰ ਦੀ ਗੱਲ ਕਹਿ ਸੁਣਾਈ। ਉਸ ਦਾ ਵੀ ਕਿਸੇ ਨੇ ਜੁਆਬ ਨਾ ਦਿੱਤਾ। ਕਮਾਂਡਰ ਨੇ ਗੁੱਸੇ 'ਚ ਆਲੇ-ਦੁਆਲੇ ਵੇਖਿਆ ਤੇ ਫਿਰ ਮੁਖਤਾਰ ਨੂੰ ਬੋਲਿਆ, "ਮੁਖਤਾਰ, ਪਿੰਡ ਦਾ ਮੁਖੀਆ ਹੋਣ ਦੇ ਨਾਤੇ ਤੂੰ ਆਪਣਾ ਫਰਜ਼ ਨਿਭਾ ਲਿਆ ਐ। ਤੇਰਾ ਕੰਮ ਇਥੇ ਈ ਖਤਮ। ਤੂੰ ਵੀ ਇਨ੍ਹਾਂ ਲੋਕਾਂ 'ਚ ਜਾ ਬੈਠ। ਤੁਹਾਡਾ ਇੰਤਜ਼ਾਮ ਕਰਦੇ ਆਂ।"

"ਕੀ ਇੰਤਜ਼ਾਮ ਕਰੋਗੇ ਜਨਾਬ? ਕਿਥੇ ਲੈ ਕੇ ਜਾਵੋਗੇ ਸਾਨੂੰ? ਸਿੰਜਾਰ ਪਹਾੜਾਂ 'ਤੇ ਛੱਡਣ ਜਾਵੋਗੇ?" ਮੁਖਤਾਰ ਨੇ ਇੰਨਾ ਪੁੱਛਿਆ ਤਾਂ ਕਮਾਂਡਰ ਵਹਿਸ਼ੀ ਹਾਸੀ ਹੱਸਿਆ, "ਆਹੋ, ਬੜੀ ਜਲਦੀ ਥੋਨੂੰ ਤੁਹਾਡੇ ਵਡੇਰਿਆਂ ਕੋਲ ਭੇਜਦੇ ਆਂ।"

ਉਸ ਦੀ ਗੱਲ 'ਚੋਂ ਵਡੇਰਿਆਂ ਕੋਲ ਭੇਜਣ ਵਾਲੀ ਗੱਲ ਸੁਣਦਿਆਂ ਮੇਰਾ ਮੱਥਾ ਠਣਕਿਆ। ਮੈਨੂੰ ਜਾਪਿਆ, ਵਾਕਿਆ ਹੀ ਸਿੰਜਾਰ ਪਹਾੜਾਂ 'ਤੇ ਭੇਜਣ ਵਾਲਾ ਸਿਰਫ ਲਾਰਾ ਹੀ ਸੀ। ਇਨ੍ਹਾਂ ਦੇ ਇਰਾਦੇ ਕੁਝ ਹੋਰ ਹੀ ਹਨ। ਇੰਨੇ ਨੂੰ ਮੈਂ ਵੇਖਿਆ ਕਿ ਹੇਠਾਂ ਦੋ ਮਿਲੀਟੈਂਟਾਂ ਨੇ ਬੈਗ ਚੁੱਕੇ ਹੋਏ ਸਨ ਤੇ ਉਹ ਕਤਾਰ 'ਚ ਖੜ੍ਹੇ ਪਿੰਡ ਵਾਲਿਆਂ ਦੇ ਸਾਹਮਣੇ ਫਿਰ ਰਹੇ ਸਨ। ਅਸਲ 'ਚ ਉਹ, ਉਨ੍ਹਾਂ ਦੀਆਂ ਕੀਮਤੀ ਚੀਜ਼ਾਂ-ਵਸਤਾਂ ਇਕੱਠੀਆਂ ਕਰ ਰਹੇ ਸਨ। ਜਦੋਂ ਹੀ ਉਹ ਕਿਸੇ ਦੇ ਕੋਲ ਆਉਂਦੇ ਤਾਂ ਉਹ ਬਟੂਆ, ਸੈਲ ਫੋਨ ਜਾਂ ਹੱਥ ਘੜੀ ਬਗੈਰਾ ਬੈਗ 'ਚ ਸੁੱਟ ਦਿੰਦਾ। ਫਿਰ ਉਹ ਅਗਲੇ ਜਣੇ ਕੋਲ ਪਹੁੰਚਦੇ। ਉਨ੍ਹਾਂ ਹੈਜ਼ੀ ਅਤੇ ਖੈਰੀ ਤੋਂ ਉਨ੍ਹਾਂ ਦਾ ਸੈਲ ਫੋਨ, ਬਟੂਆ ਬਗੈਰਾ ਲੈ ਲਿਆ। ਅਗਾਂਹ ਉਹ ਦਾਊਦ ਮੂਹਰੇ ਜਾ ਖਲੋਤੇ ਪਰ ਉਸ ਨੇ ਉਨ੍ਹਾਂ ਨਾਲ ਅੱਖ ਨਾ ਮਿਲਾਈ ਤੇ ਨਾ ਹੀ ਉਨ੍ਹਾਂ ਦੇ ਹੁਕਮ ਮੁਤਾਬਕ ਆਪਣੀਆਂ ਚੀਜ਼ਾਂ ਉਨ੍ਹਾਂ ਦੇ ਹਵਾਲੇ ਕੀਤੀਆਂ। ਮੇਰਾ ਕਾਲਜਾ ਡੁੱਬ ਗਿਆ, ਕਿਉਂਕਿ ਮੈਂ ਦਾਊਦ ਦੇ ਗੁਸੈਲ ਅਤੇ ਮਾਣਮੱਤੇ ਸੁਭਾਅ ਨੂੰ ਜਾਣਦੀ ਸਾਂ।

ਉਨ੍ਹਾਂ ਦਬਕਾ ਮਾਰਿਆ ਤਾਂ ਦਾਊਦ ਨੇ ਗੁੱਸੇ 'ਚ ਉਨ੍ਹਾਂ ਵਲ ਵੇਖਿਆ। ਇੰਨੇ ਨੂੰ ਇਕ ਜਣੇ ਨੇ ਦਾਊਦ ਦਾ ਘੜੀ ਵਾਲਾ ਹੱਥ ਮਰੋੜ ਕੇ ਘੜੀ ਉਤਾਰਨੀ ਚਾਹੀ। ਇਸ 'ਤੇ ਦਾਊਦ ਦਾ ਗੁੱਸਾ ਫਟ ਗਿਆ। ਉਹ ਮਿਲੀਟੈਂਟ ਨੂੰ ਧੱਕਾ ਦਿੰਦਿਆਂ ਉਸ ਦੇ ਗਲ ਨੂੰ ਪੈ ਗਿਆ। ਦੂਸਰੇ ਮਿਲੀਟੈਂਟ ਨੇ ਉਸ ਦੇ ਬੰਦੂਕ ਦਾ ਬੱਟ ਮਾਰਿਆ। ਫਿਰ ਕਿੰਨੇ ਹੀ ਪਾਸਿਆਂ ਤੋਂ ਉਸ ਦੇ ਕੁੱਟ ਪੈਣ ਲੱਗ ਪਈ। ਇਹ ਵੇਖ ਕੇ ਮੇਰੀ ਚੀਕ ਨਿਕਲਣ ਲੱਗੀ ਸੀ ਪਰ ਮਾਂ ਵਲ ਵੇਖਦਿਆਂ ਮੈਂ ਦਰਦ ਅੰਦਰੇ ਦਬਾ ਲਿਆ। ਉਦੋਂ ਨੂੰ ਮਿਲੀਟੈਂਟਾਂ ਨੇ ਦਾਊਦ ਦੇ ਹੱਥ ਪਿੱਛੇ ਬੰਨ੍ਹ ਕੇ ਟਰੱਕ 'ਚ ਚੜ੍ਹਾ ਦਿੱਤਾ। ਉਧਰੋਂ ਨਜ਼ਰ ਹਟਾ ਕੇ ਮੈਂ ਪਿੰਡ ਵਲ ਵੇਖਣ ਲੱਗੀ। ਅਜੇ ਲੋਕ ਆ ਰਹੇ ਸਨ। ਜਦੋਂ ਪਿੰਡ ਦੇ ਲੋਕ ਆਉਣੋਂ ਬੰਦ ਹੋ ਗਏ ਤਾਂ ਪਿੱਛੇ ਬਹੁਤ ਸਾਰੇ ਮਿਲੀਟੈਂਟ ਨਜ਼ਰ ਆਏ। ਮੈਂ ਸਮਝ ਗਈ ਕਿ ਇਹ ਸਭ ਲੋਕਾਂ ਨੂੰ ਘਰਾਂ 'ਚੋਂ ਕੱਢਣ ਲਈ ਗਏ ਸਨ। ਹੁਣ ਸ਼ਾਇਦ ਇਹ ਪਿੰਡ ਖਾਲੀ ਕਰ ਆਏ ਹਨ।

ਬਾਹਰ ਸਕੂਲ ਦੇ ਗਰਾਊਂਡ ਵਿਚ ਮਿਲੀਟੈਂਟ ਸਭ ਤੋਂ ਸਮਾਨ ਇਕੱਠਾ ਕਰ ਹਟੇ। ਫਿਰ ਕਮਾਂਡਰ ਨੇ ਇਸ਼ਾਰਾ ਕੀਤਾ ਤਾਂ ਬਾਹਰੋਂ ਟਰੱਕ ਬੈਕ ਹੋਣ ਲੱਗੇ। ਟਰੱਕ ਅੰਦਰ ਆ ਗਏ ਤਾਂ ਕਮਾਂਡਰ ਨੇ ਬੰਦਿਆਂ ਨੂੰ ਵਾਰੋ-ਵਾਰੀ ਟਰੱਕ 'ਚ ਚੜ੍ਹਨ ਦਾ ਹੁਕਮ ਦਿੱਤਾ, "ਚਲੋ ਛੇਤੀ ਸਵਾਰ ਹੋਵੋ। ਤੁਹਾਨੂੰ ਪਹਾੜਾਂ 'ਤੇ ਛੱਡ ਆਈਏ।" ਉਸ ਦੀ ਗੱਲ ਸੁਣ ਕੇ ਬੰਦੇ ਹੌਲੀ-ਹੌਲੀ ਟਰੱਕਾਂ ਵਲ ਖਿਸਕਣ ਲੱਗ ਪਏ। ਪਿੱਛੋਂ ਮਿਲੀਟੈਂਟ ਬੰਦੂਕਾਂ ਦੇ ਬੱਟ ਮਾਰਨ ਲੱਗੇ ਤਾਂ ਸਭ ਕਾਹਲੀ ਨਾਲ ਟਰੱਕਾਂ 'ਚ ਚੜ੍ਹਨ ਲੱਗੇ। ਬਹੁਤੇ ਭੋਲੇ ਹਾਲੇ ਵੀ ਇਸੇ ਉਮੀਦ 'ਚ ਸਨ ਕਿ ਉਹ ਸਿੰਜਾਰ ਪਹਾੜਾਂ 'ਤੇ ਜਾ ਰਹੇ ਹਨ। ਜਦੋਂ ਇਕ ਟਰੱਕ ਭਰ ਗਿਆ ਤਾਂ ਪਿੱਛੋਂ ਬੰਦ ਕਰਕੇ ਉਹ ਬਾਹਰ ਖੜ੍ਹਾ ਕਰ ਦਿੱਤਾ ਤੇ ਫਿਰ ਦੂਸਰਾ ਟਰੱਕ ਭਰਨ ਲੱਗਿਆ।

ਮੈਂ ਵੇਖਿਆ, ਖੈਰੀ ਅਤੇ ਹੈਜ਼ੀ ਅੱਗੜ-ਪਿੱਛੜ ਟਰੱਕ 'ਚ ਚੜ੍ਹ ਰਹੇ ਸਨ। ਉਹ ਡਰ ਨਾਲ ਕੰਬ ਰਹੇ ਸਨ। ਜਿਉਂ ਹੀ ਖੈਰੀ ਨੇ ਟਰੱਕ ਦੀ ਆਖਰੀ ਪੌੜੀ 'ਤੇ ਪੈਰ ਰੱਖਿਆ ਤਾਂ ਉਸ ਨੇ ਪਿਛਾਂਹ ਮੁੜ ਕੇ ਵੇਖਿਆ। ਉਸ ਦਾ ਚਿਹਰਾ ਪੀਲਾ ਜ਼ਰਦ ਸੀ ਤੇ ਉਸ ਦੀਆਂ ਨਜ਼ਰਾਂ ਸ਼ਾਇਦ ਸਾਨੂੰ ਭਾਲ ਰਹੀਆਂ ਸਨ। ਮੈਂ ਤਾਕੀ 'ਚੋਂ ਉਸ ਵਲ ਹੌਲੀ ਜਿਹੀ ਹੱਥ ਹਿਲਾਇਆ ਪਰ ਉਸ ਨੂੰ ਨਜ਼ਰ ਨਾ ਆਇਆ ਤੇ ਉਹ ਉਦਾਸ ਜਿਹਾ ਟਰੱਕ 'ਚ ਵੜ ਗਿਆ। ਇਵੇਂ ਹੀ ਹੈਜ਼ੀ ਨੇ ਕੀਤਾ। ਉਹ ਆਖਰੀ ਪੌੜੀ 'ਤੇ ਰੁਕਦਾ ਪਿੱਛੇ ਮੁੜ ਕੇ ਵੇਖਣ ਲੱਗਾ। ਉਹ ਇਧਰ ਉਧਰ ਝਾਕੀ ਗਿਆ ਪਰ ਜਦੋਂ ਉਸ ਨੂੰ ਸਾਡੇ 'ਚੋਂ ਕੋਈ ਵੀ ਨਾ ਦਿਸਿਆ ਤਾਂ ਉਹ ਹਰਾਸਿਆ ਜਿਹਾ ਉਥੇ ਹੀ ਖੜ੍ਹੋ ਗਿਆ। ਉਦੋਂ ਹੀ ਪਿੱਛੇ ਖੜ੍ਹੇ ਮਿਲੀਟੈਂਟ ਨੇ ਉਸ ਦੇ ਧੱਫਾ ਮਾਰਿਆ। ਹੈਜ਼ੀ ਬੁਛਾੜ ਪਰਨੇ ਟਰੱਕ 'ਚ ਜਾ ਡਿੱਗਿਆ। ਮੇਰੀ ਭੁੱਬ ਨਿੱਕਲੀ ਪਰ ਮੈਂ ਮੂੰਹ 'ਤੇ ਹੱਥ ਧਰਦਿਆਂ ਰੋਣਾ ਅੰਦਰੇ ਦਬਾ ਲਿਆ। ਇਹ ਟਰੱਕ ਵੀ ਭਰ ਗਿਆ ਸੀ। ਇਸ ਨੂੰ ਵੀ ਬਾਹਰ ਕੱਢ ਕੇ ਖੜ੍ਹਾ ਕਰ ਦਿੱਤਾ, ਫਿਰ ਹੋਰ ਟਰੱਕ ਭਰਨ ਲੱਗੇ।

ਜਦੋਂ ਸਾਰੇ ਟਰੱਕ ਭਰ ਗਏ ਤਾਂ ਕਮਾਂਡਰ ਦੇ ਹੁਕਮ 'ਤੇ ਇਕ-ਇਕ ਕਰ ਕੇ ਅੱਗੜ-ਪਿੱਛੜ ਟਰੱਕ ਤੁਰ ਗਏ। ਉਨ੍ਹਾਂ ਦੇ ਮਗਰ ਕਮਾਂਡਰ ਨੇ ਆਪਣੀ ਜੀਪ ਲਾ ਲਈ। ਸਭ ਔਰਤਾਂ ਉਚੀ ਸਿਰ ਚੁੱਕ ਕੇ ਆਪਣੇ ਮਰਦਾਂ ਨੂੰ ਜਾਂਦਿਆਂ ਵੇਖਦੀਆਂ ਰਹੀਆਂ। ਟਰੱਕ ਸੜਕ ਛੱਡ ਕੇ ਖੇਤਾਂ ਵਲ ਹੋ ਗਏ ਅਤੇ ਥੋੜ੍ਹੀ ਦੇਰ 'ਚ ਅੱਖਾਂ ਤੋਂ ਓਝਲ ਹੋ ਗਏ। ਕੋਈ ਪੰਦਰਾਂ ਕੁ ਮਿੰਟਾਂ ਬਾਅਦ

*(ਅਗਲੇ ਸਫੇ 'ਤੇ ਜਾਰੀ)*

ਲਗਾਤਾਰ ਗੋਲੀਆਂ ਚੱਲਣ ਦੀ ਆਵਾਜ਼ ਆਈ ਤਾਂ ਮੈਨੂੰ ਲੱਗਾ, ਜਿਵੇਂ ਕਿਸੇ ਨੇ ਕਾਲਜਾ ਰੁੱਗ ਭਰ ਕੇ ਬਾਹਰ ਖਿੱਚ ਲਿਆ ਹੋਵੇ। ਜੋ ਡਰ ਸੀ, ਉਹ ਸੱਚ ਹੋ ਗਿਆ ਸੀ। ਅੰਦਰ ਚੀਕ ਚਿਹਾੜਾ ਮੱਚ ਗਿਆ। ਸਭ ਔਰਤਾਂ ਉਚੀ-ਉਚੀ ਰੋਣ-ਕੁਰਲਾਉਣ ਲੱਗੀਆਂ। ਮਿਲੀਟੈਂਟ ਦਬਕੇ ਮਾਰਦੇ ਚੁੱਪ ਕਰਵਾ ਰਹੇ ਸਨ ਪਰ ਔਰਤਾਂ ਦਾ ਰੋਣਾ ਉਚਾ ਹੋ ਰਿਹਾ ਸੀ। ਫਿਰ ਅਗਲਿਆਂ ਨੇ ਬੰਦੂਕਾਂ ਦੀਆਂ ਹੁੱਝਾਂ ਮਾਰ-ਮਾਰ ਕੇ ਔਰਤਾਂ ਨੂੰ ਚੁੱਪ ਕਰਵਾਉਣਾ ਸ਼ੁਰੂ ਕਰ ਦਿੱਤਾ। ਉਹ ਫਿਰ ਵੀ ਚੁੱਪ ਨਾ ਹੋਈਆਂ ਤਾਂ ਇਕ ਮਿਲੀਟੈਂਟ ਨੇ ਬੰਦੂਕ ਦੇ ਫਾਇਰ ਸ਼ੁਰੂ ਕਰ ਦਿੱਤੇ। ਇਸ ਨਾਲ ਇਕਦਮ ਚੁੱਪ ਪਸਰ ਗਈ। ਕਿਸੇ ਨੇ ਇਹ ਵੇਖਣ ਲਈ ਸਿਰ ਉਚਾ ਵੀ ਨਾ ਕੀਤਾ ਕਿ ਗੋਲੀ ਕਿਸ ਦੇ ਲੱਗੀ ਹੈ। ਇਹ ਸਿਰਫ ਹਵਾਈ ਫਾਇਰ ਸਨ। ਮੈਂ ਵੇਖਿਆ, ਮਾਂ ਚੁੰਨੀ 'ਚ ਮੂੰਹ ਕਰ ਕੇ ਕੁਰਲਾ ਰਹੀ ਸੀ, "ਉਨ੍ਹਾਂ ਮੇਰੇ ਪੁੱਤਰਾਂ ਨੂੰ ਮਾਰ ਸੁੱਟਿਆ ਵੇ ਲੋਕੋ, ਹਾਏ ਮੈਂ ਮਰ ਗਈ ਵੇ...।"

ਉਸ ਨੂੰ ਇਸ ਤਰ੍ਹਾਂ ਕਰਦਿਆਂ ਵੇਖ ਕੇ ਸ਼ਾਮੀ ਅੰਮਾ ਨੇ ਹੌਲੀ ਦੇਣੇ ਕਿਹਾ, "ਸਾਇਰਾ ਬੀਬੀ, ਜੋ ਹੋ ਗਿਆ, ਉਸ ਨੂੰ ਭੁੱਲ ਜਾਵੋ। ਇਹ ਸੋਚੋ ਕਿ ਇਸ ਵੇਲੇ ਜੋ ਕੁਛ ਪਿੱਛੇ ਰਹਿ ਗਿਆ ਐ, ਉਹ ਕਿਵੇਂ ਬਚਾਉਣਾ ਐ। ਆਪਣੇ ਆਪ ਨੂੰ ਕਿਵੇਂ ਜਿੰਦਾ ਰੱਖਣਾ ਐ।"

ਮਾਂ ਨੇ ਹੰਝੂ ਪੂੰਝੇ ਤੇ ਆਲੇ-ਦੁਆਲੇ ਬੈਠੇ ਆਪਣੇ ਬੱਚਿਆਂ ਦੇ ਚਿਹਰਿਆਂ ਵਲ ਵੇਖਿਆ। ਹਰ ਦੀ ਨਿਗਾਹ ਉਸੇ 'ਤੇ ਜੰਮੀ ਹੋਈ ਸੀ। ਉਸ ਨੇ ਨਜ਼ਰਾਂ ਦੇ ਇਸ਼ਾਰੇ ਨਾਲ ਹੀ ਸਭ ਨੂੰ ਹੌਸਲਾ ਰੱਖਣ ਨੂੰ ਕਿਹਾ। ਸੜਕ ਵਲੋਂ ਖੜਕਾ ਸੁਣਿਆ ਤਾਂ ਮੈਂ ਉਧਰ ਨਜ਼ਰ ਘੁਮਾਈ। ਸਾਰੇ ਟਰੱਕ ਅਤੇ ਕਮਾਂਡਰ ਦੀ ਜੀਪ ਮੁੜੇ ਆਉਂਦੇ ਦਿਸੇ। ਉਹ ਖੂਨੀ ਖੇਡ, ਖੇਡ ਕੇ ਵਾਪਸ ਪਰਤ ਆਏ ਸਨ। ਹੇਠਾਂ ਤੋਂ ਕੰਮ ਨਬੇੜ ਕੇ ਕਮਾਂਡਰ ਅੰਦਰ ਔਰਤਾਂ ਵਲ ਤੁਰ ਪਿਆ। ਕੋਲ ਆ ਕੇ ਉਸ ਨੇ ਹੁਕਮ ਸੁਣਾਇਆ, "ਚਲੋ ਸਭ, ਟਰੱਕਾਂ 'ਚ ਸਵਾਰ ਹੋਵੋ। ਉਠੋ ਛੇਤੀ।"

ਉਸ ਦੇ ਹੁਕਮ 'ਤੇ ਸਭ ਉਠ ਕੇ ਹੌਲੀ-ਹੌਲੀ ਬਾਹਰ ਨੂੰ ਜਾਣ ਲੱਗੀਆਂ। ਉਹ ਤੇਜ਼ ਤੁਰਨ ਦਾ ਕਹਿ ਰਹੇ ਸਨ ਪਰ ਦੁੱਖ ਦੀਆਂ ਝੰਬੀਆਂ ਔਰਤਾਂ ਦਾ ਉਨ੍ਹਾਂ ਵਲ ਕੋਈ ਧਿਆਨ ਨਹੀਂ ਸੀ। ਉਹ ਉਵੇਂ ਹੀ ਪੈਰ ਘੜੀਸਦੀਆਂ ਹੌਲੀ-ਹੌਲੀ ਤੁਰੀਆਂ ਗਈਆਂ। ਮਿਲੀਟੈਂਟ ਸਭ ਨੂੰ ਟਰੱਕਾਂ 'ਚ ਚੜ੍ਹਾਉਣ ਲੱਗੇ। ਪਹਿਲਾ ਟਰੱਕ ਭਰ ਗਿਆ। ਮੈਂ, ਜ਼ਾਹਰਾ, ਜ਼ੀਨਤ ਅਤੇ ਫੌਜ਼ੀਆ ਟਰੱਕ 'ਚ ਚੜ੍ਹ ਚੁੱਕੀਆਂ ਸਾਂ ਪਰ ਮਾਂ ਅਜੇ ਪਿੱਛੇ ਹੀ ਸੀ। ਅਸੀਂ ਕੋਸ਼ਿਸ਼ ਕੀਤੀ ਕਿ ਮਾਂ ਨੂੰ ਅਗਾਂਹ ਲੈ ਆਈਏ ਪਰ ਮਿਲੀਟੈਂਟਾਂ ਨੇ ਸਾਡੀ ਇਕ ਨਾ ਚੱਲਣ ਦਿੱਤੀ ਤੇ ਟਰੱਕ ਦਾ ਦਰਵਾਜਾ ਬੰਦ ਕਰ ਦਿੱਤਾ। ਅਸੀਂ ਮਨ ਮਸੋਸ ਕੇ ਰਹਿ ਗਈਆਂ। ਟਰੱਕ ਤੁਰ ਪਿਆ। ਡਰਾਈਵਰ ਨੇ ਇਕਦਮ ਟਰੱਕ ਤੇਜ਼ ਕਰ ਦਿੱਤਾ। ਊਬੜ-ਖਾਬੜ ਰਸਤਾ ਸੀ ਅਤੇ ਅਸੀਂ ਇਕ ਦੂਜੀ ਦੇ ਉਤੋਂ ਦੀ ਇੱਧਰ-ਉਧਰ ਡਿਗਦੀਆਂ ਚੀਕਾਂ ਮਾਰਨ ਲੱਗੀਆਂ ਪਰ ਡਰਾਈਵਰ ਨੇ ਕੋਈ ਪਰਵਾਹ ਨਾ ਕੀਤੀ। ਜਦੋਂ ਤੱਕ ਸੜਕ ਨਾ ਆ ਗਈ, ਅਸੀਂ ਉਵੇਂ ਹੀ ਇੱਧਰ-ਉਧਰ ਡਿਗਦੀਆਂ ਗਈਆਂ। ਫਿਰ ਥੋੜ੍ਹਾ ਸੌਖਾ ਸਾਹ ਆਇਆ ਤਾਂ ਭੁੱਖ ਪਿਆਸ ਵਲ ਧਿਆਨ ਗਿਆ। ਭੁੱਖ ਲਈ ਤਾਂ ਕੋਲ ਕੁਝ ਨਹੀਂ ਸੀ ਪਰ ਬੋਤਲ ਕੱਢ ਕੇ ਕੁਝ ਘੁੱਟਾਂ ਪਾਣੀ ਦੀਆਂ ਪੀ ਲਈਆਂ।

ਬਾਹਰ ਨਜ਼ਰ ਮਾਰੀ ਤਾਂ ਪਤਾ ਲੱਗਾ ਕਿ ਟਰੱਕ ਸਿੰਜਾਰ ਪਹਾੜਾਂ ਵਲ ਜਾ ਰਿਹਾ ਸੀ। ਮਨ 'ਚ ਉਮੀਦ ਜਿਹੀ ਜਾਗੀ ਕਿ ਪਰਿਵਾਰਾਂ ਦੇ ਮਰਦ ਮੈਂਬਰ ਨਾਲ ਤਾਂ ਪਤਾ ਨਹੀਂ ਕੀ ਵਾਪਰਿਆ, ਚਲੋ ਕਮ ਸੇ ਕਮ ਸਾਨੂੰ ਤਾਂ ਉਥੇ ਲਿਜਾਇਆ ਜਾ ਰਿਹਾ ਹੈ। ਜਦੋਂ ਟਰੱਕ, ਪਹਾੜ ਦੇ ਬਿਲਕੁਲ ਕੋਲ ਜਾ ਕੇ ਖੱਬੇ ਹੱਥ ਮੁੜ ਗਿਆ ਤਾਂ ਸਭ ਉਮੀਦਾਂ ਖਤਮ ਹੋ ਗਈਆਂ। ਕੋਈ ਘੰਟੇ ਭਰ ਪਿੱਛੋਂ ਟਰੱਕ ਸਿੰਜਾਰ ਸ਼ਹਿਰ ਦੀ ਹੱਦ 'ਚ ਦਾਖਲ ਹੋ ਗਿਆ। ਸ਼ਹਿਰ 'ਚ ਪਹੁੰਚ ਕੇ ਵੇਖਿਆ, ਸਭ ਕੁਝ ਆਮ ਵਾਂਗ ਹੀ ਦਿਸ ਰਿਹਾ ਸੀ। ਪਹਿਲਾਂ ਵੀ ਇਸ ਸ਼ਹਿਰ 'ਚ ਬਹੁਤ ਵਾਰ ਆਏ ਸਾਂ। ਸ਼ਹਿਰ 'ਚ ਕੋਈ ਖਾਸ ਤਬਦੀਲੀ ਨਾ ਦਿਸੀ, ਸਿਰਫ ਇਕ ਗੱਲ ਦੇ ਕਿ ਹਰ ਪਾਸੇ ਇਸਲਾਮਕ ਸਟੇਟ ਵਾਲੇ ਹਰਲ-ਹਰਲ ਕਰਦੇ ਫਿਰਦੇ ਸਨ। ਫਿਰ ਉਮੀਦ ਹੋਈ ਕਿ ਸ਼ਾਇਦ ਸਾਨੂੰ ਸ਼ਹਿਰ 'ਚ ਹੀ ਛੱਡ ਦੇਣ ਪਰ ਟਰੱਕ ਸ਼ਹਿਰ 'ਚੋਂ ਲੰਘਦਾ ਅਗਾਂਹ ਤੁਰ ਗਿਆ। ਅੱਧੇ ਕੁ ਘੰਟੇ ਬਾਅਦ ਟਰੱਕ ਰੁਕਿਆ ਤਾਂ ਵੇਖਿਆ ਕਿ ਇਹ ਕਿਸੇ ਵਿਦਿਅਕ ਅਦਾਰੇ ਦੀ ਬਿਲਡਿੰਗ ਸੀ। ਸਾਨੂੰ ਹੇਠਾਂ ਉਤਾਰਿਆ ਗਿਆ ਤਾਂ ਪਤਾ ਲੱਗਾ ਕਿ ਸੁਲਾਘ ਇੰਸਟੀਚਿਊਟ ਹੈ। ਕਾਲਜ ਖਾਲੀ ਸੀ ਤੇ ਵੱਡੇ ਕਮਰੇ ਵਿਹਲੇ ਪਏ ਸਨ। ਸਾਨੂੰ ਉਤਾਰ ਕੇ ਵੱਡੇ ਹਾਲ ਕਮਰੇ ਅੰਦਰ ਬਿਠਾ ਦਿੱਤਾ ਗਿਆ। ਥੋੜ੍ਹੀ ਦੇਰ ਹੀ ਹੋਈ ਸੀ ਕਿ ਦੂਸਰੇ ਟਰੱਕ ਦੇ ਸਵਾਰ ਵੀ ਆ ਗਏ। ਮੈਂ ਉਤਰਨ ਵਾਲਿਆਂ ਵਲ ਵੇਖ ਰਹੀ ਸਾਂ। ਜਦੋਂ ਮਾਂ ਬੱਚਿਆਂ ਸਮੇਤ ਨਜ਼ਰ ਆਈ ਤਾਂ ਮਨ ਨੂੰ ਸਕੂਨ ਜਿਹਾ ਆ ਗਿਆ। ਉਸ ਦੇ ਪਿੱਛੇ ਸ਼ਾਮੀ ਅੰਮਾ ਸੀ। ਸਭ ਨੂੰ ਸਾਡੇ ਕਮਰੇ ਅੰਦਰ ਹੀ ਭੇਜ ਦਿੱਤਾ ਗਿਆ। ਅਸੀਂ ਮਾਂ ਨੂੰ ਚੰਬੜ ਗਈਆਂ ਪਰ ਮਾਂ ਚੁੱਪ ਸੀ। ਉਸ ਦਾ ਚਿਹਰਾ ਭਾਵ ਰਹਿਤ ਸੀ।

ਸਾਰਾ ਪਰਿਵਾਰ ਮਾਂ ਦੇ ਆਲੇ-ਦੁਆਲੇ ਬਹਿ ਗਿਆ। ਆਸੇ ਪਾਸੇ ਹੋਰ ਕਈ ਔਰਤਾਂ ਸਨ। ਸਭ ਰੋ ਰਹੀਆਂ ਸਨ। ਕੁਝ ਤਾਂ ਉਚੀ-ਉਚੀ ਕੀਰਨੇ ਪਾਉਣ ਲੱਗ ਜਾਂਦੀਆਂ ਤੇ ਫਿਰ ਇਸਲਾਮਕ ਸਟੇਟ ਵਾਲੇ ਬੰਦੂਕਾਂ ਦੀਆਂ ਹੁੱਝਾਂ ਮਾਰ ਮਾਰ ਕੇ ਚੁੱਪ ਕਰਵਾਉਂਦੇ। ਇੰਨੇ ਨੂੰ ਖਾਣ ਲਈ ਚੌਲ ਤੇ ਚਿਪਸ ਵਗੈਰਾ ਅਤੇ ਪਾਣੀ ਦੀ ਇਕ-ਇਕ ਬੋਤਲ ਦਿੱਤੀ ਗਈ ਪਰ ਕੁਝ ਵੀ ਅੰਦਰ ਨਾ ਲੰਘਿਆ। ਐਵੇਂ ਇਕ-ਅੱਧ ਬੁਰਕੀ ਖਾ ਕੇ ਬਾਕੀ ਸੁੱਟ ਦਿੱਤਾ। ਪਾਣੀ ਦੀਆਂ ਬੋਤਲਾਂ ਸੰਭਾਲ ਕੇ ਰੱਖ ਲਈਆਂ। ਸ਼ਾਮ ਪੈ ਗਈ ਸੀ, ਇਕ ਮਿਲੀਟੈਂਟ ਆਇਆ। ਉਸ ਨੇ ਆਲੇ-ਦੁਆਲੇ ਵੇਖਦਿਆਂ ਹਾਲ ਕਮਰੇ ਦਾ ਜਾਇਜ਼ਾ ਲਿਆ ਤੇ ਫਿਰ ਕੁਰੱਖਤ ਆਵਾਜ਼ 'ਚ ਬੋਲਿਆ, "ਮੇਰਾ ਨਾਂ ਅਬੂ ਬਾਤ ਐ। ਹੁਣ ਤੁਹਾਡੀ ਸਭ ਦੀ ਜ਼ਿੰਮਵਾਰੀ ਮੇਰੀ ਐ। ਅੱਜ ਦੀ ਰਾਤ ਇਥੇ ਈ ਰੁਕਣਾ ਐ। ਖਬਰਦਾਰ ਕਿਸੇ ਨੇ ਕੋਈ ਚੂੰ-ਚਾਂ ਕੀਤੀ ਤਾਂ।"

ਗੱਲ ਸੁਣਦਿਆਂ ਹੀ ਇਕ ਵਾਰ ਤਾਂ ਚੁੱਪ ਪਸਰ ਗਈ। ਨਾਲ ਹੀ ਇਹ ਧਰਵਾਸਾ ਵੀ ਮਿਲਿਆ ਕਿ ਚਲੋ ਅੱਜ ਦੀ ਰਾਤ ਤਾਂ ਸਾਰੇ ਇਕੱਠੇ ਗੁਜ਼ਾਰਾਂਗੇ। ਉਹ ਫਿਰ ਬੋਲਿਆ, "ਇਸ ਹਾਲ ਕਮਰੇ ਦੇ ਬਾਹਰ ਬਾਥਰੂਮ ਨੇ। ਵੱਡੇ ਦਰਵਾਜੇ ਬੰਦ ਰਹਿਣਗੇ ਪਰ ਬਾਹਰ ਸਾਡਾ ਪਹਿਰਾ ਰਹੇਗਾ। ਕਿਸੇ ਨੇ ਵੀ ਭੱਜਣ ਨੱਸਣ ਦੀ ਕੋਸ਼ਿਸ਼ ਕੀਤੀ ਜਾਂ ਕੋਈ ਹੋਰ ਮੁਸ਼ਕਿਲ ਖੜ੍ਹੀ ਕੀਤੀ ਤਾਂ ਸਿਰ 'ਚੋਂ ਦੀ ਗੋਲੀ ਕੱਢ ਦੂੰ।"

ਇੰਨਾ ਆਖ ਉਹ ਹਾਲ ਕਮਰੇ 'ਚੋਂ ਬਾਹਰ ਗਿਆ ਅਤੇ ਮੁੱਖ ਕਮਰੇ ਨੂੰ ਜੰਦਰਾ ਮਾਰ ਦਿੱਤਾ। ਅੰਦਰ ਅੰਤਾਂ ਦੀ ਗਰਮੀ ਸੀ, ਉਪਰੋਂ ਚਾਰ-ਚਾਰ ਜੋੜੀ ਕੱਪੜੇ ਪਾਏ ਹੋਏ ਸਨ। ਛੱਤ ਵਾਲੇ ਪੱਖੇ ਚੱਲ ਰਹੇ ਸਨ। ਇਹ ਵੇਖ ਕੇ ਹੈਰਾਨੀ ਹੋਈ ਕਿ ਸਾਡੇ ਪਿੰਡਾਂ ਵਲ ਤਾਂ ਬਿਜਲੀ ਦੋ ਹਫਤੇ ਪਹਿਲਾਂ ਗਈ ਮੁੜ ਕੇ ਨਹੀਂ ਆਈ ਸੀ। ਹੁਣ ਅਹਿਸਾਸ ਹੋਇਆ ਕਿ ਉਹ ਸ਼ਾਇਦ ਇਸਲਾਮਕ ਸਟੇਟ ਵਾਲਿਆਂ ਨੇ ਜਾਣ ਬੁੱਝ ਕੇ ਬੰਦ ਕੀਤੀ ਹੋਵੇਗੀ ਤਾਂ ਲੋਕਾਂ ਨੂੰ ਤੰਗ ਕਰਦਿਆਂ ਉਨ੍ਹਾਂ 'ਤੇ ਦਬਾਅ ਪਾਇਆ ਜਾ ਸਕੇ। ਗਰਮੀ ਭਾਵੇਂ ਕਾਫੀ ਸੀ ਪਰ ਪੱਖਿਆਂ ਕਰਕੇ ਕੁਝ ਆਰਾਮ ਮਿਲ ਰਿਹਾ ਸੀ। ਮੈਂ ਆਲੇ-ਦੁਆਲੇ ਨਜ਼ਰ ਮਾਰੀ। ਛੋਟੇ ਜੁਆਕ ਤਾਂ ਟੂਲੇ ਲੈ ਰਹੇ ਸਨ ਪਰ ਵੱਡੇ ਨਿੰਮੋਝੂਣੇ ਹੋਏ ਨੀਵੀਆਂ ਪਾਈ ਬੈਠੇ ਸਨ। ਮਾਂ ਉਵੇਂ ਜਿਵੇਂ ਗੁੰਮ-ਸੁੰਮ ਸੀ। ਕੋਈ ਕਿਸੇ ਨੂੰ ਕੀ ਧਰਵਾਸਾ ਦੇ ਸਕਦਾ ਸੀ, ਹਰ ਕੋਈ ਤਾਂ ਖੁਦ ਪ੍ਰੇਸ਼ਾਨ ਸੀ, ਟੁੱਟਿਆ ਹੋਇਆ ਸੀ। ਫਿਰ ਮੈਂ ਸ਼ਾਮੀ ਅੰਮਾ ਵਲ ਨਜ਼ਰ ਮਾਰੀ। ਉਹ ਅੱਖਾਂ ਮੀਚੀ ਪ੍ਰਾਰਥਨਾ ਕਰ ਰਹੀ ਸੀ। ਉਠ ਕੇ ਬਾਹਰ ਵੇਖਣ ਦੀ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲੀ ਕਿਉਂਕਿ ਸ਼ੀਸ਼ੇ ਬਾਰੀਆਂ, ਕਾਗਜ਼ ਲਾ ਕੇ ਢਕੇ ਹੋਏ ਸਨ। ਰਾਤ ਬੀਤਣ ਲੱਗੀ, ਪਰ ਨੀਂਦ ਅੱਖਾਂ ਤੋਂ ਕੋਹਾਂ ਦੂਰ ਸੀ। ਦਿਨ ਵੇਲੇ ਪਿੰਡ ਦੇ ਸਕੂਲ 'ਚ ਹੋਇਆ ਬੀਤਿਆ ਵਾਰ-ਵਾਰ ਅੱਖਾਂ ਮੂਹਰਿਉਂ ਲੰਘ ਰਿਹਾ ਸੀ। ਬਿੰਦੇ ਝੱਟੇ ਖੈਰੀ, ਹੈਂਜ਼ੀ ਤੇ ਦਾਊਦ ਦੀਆਂ ਸ਼ਕਲਾਂ ਅੱਖਾਂ ਮੂਹਰੇ ਆ ਜਾਂਦੀਆਂ ਤਾਂ ਹੰਝੂ ਡੁੱਲ੍ਹਣ ਲੱਗ ਪੈਂਦੇ। ਮਨ ਪਿੰਡ ਦੀਆਂ ਗਲੀਆਂ 'ਚ ਹੀ ਘੁੰਮ ਰਿਹਾ ਸੀ।

ਦੂਰੋਂ ਕਿਧਰੋਂ ਮਸਜਿਦ 'ਚੋਂ ਫਜ਼ਰ ਦੀ ਨਮਾਜ਼ ਲਈ ਬਾਂਗ ਸੁਣੀ ਤਾਂ ਖਿਆਲਾਂ ਦੀ ਲੜੀ ਭੰਗ ਹੋਈ। ਅੰਦਾਜ਼ਾ ਹੋਇਆ ਕਿ ਵੱਡਾ ਤੜਕਾ ਹੋ ਚੁਕਾ ਹੈ। ਦਿਨ ਚੜ੍ਹਿਆ ਤਾਂ ਤਾਕੀਆਂ ਦੇ ਬਾਹਰ ਚਾਨਣ ਦਿਸਣ ਲੱਗਾ। ਅੱਠ ਕੁ ਵਜੇ ਮਿਲੀਟੈਂਟ ਪਾਣੀ ਅਤੇ ਉਬਲੇ ਚੌਲ ਲੈ ਕੇ ਆ ਗਏ। ਉਹ ਥੋੜ੍ਹੇ-ਥੋੜ੍ਹੇ ਚੌਲ ਅਤੇ ਪਾਣੀ ਦੀ ਇਕ-ਇਕ ਬੋਤਲ ਸਭ ਨੂੰ ਦੇ ਗਏ। ਜਾਂਦੇ ਹੋਏ ਕਹਿ ਗਏ ਕਿ ਥੋੜ੍ਹੀ ਦੇਰ 'ਚ ਵਾਪਸ ਆਉਣਗੇ। ਫਿਰ ਕਈ ਘੰਟੇ ਲੰਘ ਗਏ ਪਰ ਕੋਈ ਮੁੜ ਕੇ ਨਾ ਆਇਆ। ਸਾਰਾ ਦੁਪਹਿਰਾ ਕਮਰਿਆਂ ਅੰਦਰ ਤੜੇ ਮੱਚਦੇ ਰਹੇ। ਆਖਰ ਦਿਨ ਢਲੇ ਦਰਵਾਜਾ ਖੁੱਲ੍ਹਿਆ ਅਤੇ ਕਈ ਮਿਲੀਟੈਂਟ ਅੰਦਰ ਦਾਖਲ ਹੋਏ। ਉਨ੍ਹਾਂ ਨਾਲ ਕੋਈ ਵੱਡਾ ਕਮਾਂਡਰ ਵੀ ਸੀ। ਕਮਾਂਡਰ ਨੇ ਹੁਕਮ ਚਾੜ੍ਹਿਆ, "ਜੁਆਕਾਂ ਵਾਲੀਆਂ ਔਰਤਾਂ ਇਕ ਪਾਸੇ ਹੋ ਜਾਣ।"

ਉਸ ਦੀ ਗੱਲ ਸੁਣ ਕੇ ਜਦੋਂ ਕੋਈ ਨਾ ਉਠੀ ਤਾਂ ਉਸ ਨੇ ਦਬਕਾ ਮਾਰਿਆ। ਔਰਤਾਂ ਹੌਲੀ-ਹੌਲੀ ਉਠਦੀਆਂ ਜੁਆਕਾਂ ਨੂੰ ਸੰਭਾਲਣ ਲੱਗੀਆਂ। ਮਾਂ ਨੇ ਨੂਰੀ ਨੂੰ ਗੋਦੀ ਚੁੱਕ ਲਿਆ ਅਤੇ ਵਾਲਿਦ ਖਾਲਿਦ ਹੋਰਾਂ ਦੀ ਬਾਂਹ ਫੜੀ ਦੂਜੇ ਪਾਸੇ ਜਾ ਬੈਠੀ। ਸ਼ਾਮੀ ਅੰਮਾ ਨੇ ਵੀ ਹਾਜ਼ਮ ਨੂੰ ਨਾਲ ਲਿਆ ਤੇ ਮਾਂ ਕੋਲ ਚਲੀ ਗਈ। ਜਦੋਂ ਸਾਰੀਆਂ ਔਰਤਾਂ ਦੋ ਗਰੁਪਾਂ 'ਚ ਵਟ ਗਈਆਂ ਤਾਂ ਕਮਾਂਡਰ ਅਗਾਂਹ ਆਇਆ। ਉਹ ਥੋੜ੍ਹੇ ਵੱਡੇ ਮੁੰਡਿਆਂ ਨੂੰ ਉਠਾਉਂਦਾ ਬਾਹਰ ਕੱਢਣ ਲੱਗਾ। ਮਾਂਵਾਂ ਨੇ ਆਪਣੇ ਪੁੱਤਰਾਂ ਨੂੰ ਬਚਾਉਣ ਲਈ ਹਰ ਚਾਰਾਜੋਈ ਕੀਤੀ ਪਰ ਬਹੁਤੀਆਂ ਕਾਮਯਾਬ ਨਾ ਹੋਈਆਂ। ਮਾਂ ਨੇ ਵਾਲਿਦ ਅਤੇ ਖਾਲਿਦ ਦੀਆਂ ਘੁੱਟ ਕੇ ਬਾਂਹਾਂ ਫੜ ਲਈਆਂ ਪਰ ਕਮਾਂਡਰ ਨੇ ਮਾਂ ਨੂੰ ਤੋੜ ਕੇ ਪਾਸੇ ਸੁੱਟਿਆ ਤੇ ਵਾਲਿਦ ਹੋਰਾਂ ਨੂੰ ਬਾਹਰ ਲੈ ਗਏ।

ਫਿਰ ਕਮਾਂਡਰ ਜੁਆਕਾਂ ਵਾਲੀਆਂ ਔਰਤਾਂ ਵਲ ਗਿਆ। ਉਹ ਹਰ ਜੁਆਕ ਵਲ ਗਹੁ ਨਾਲ ਝਾਕਦਾ ਮੁਆਇਨਾ ਕਰਨ ਲੱਗਾ। ਕਈ ਹੋਰ ਮੁੰਡਿਆਂ ਨੂੰ ਉਸ ਨੇ ਮਾਂਵਾਂ ਕੋਲੋਂ ਉਠਾ ਕੇ ਬਾਹਰ ਨੂੰ ਤੋਰ ਦਿੱਤਾ। ਮਾਂਵਾਂ ਰੋਂਦੀਆਂ ਕਹਿ ਰਹੀਆਂ ਸਨ ਕਿ ਇਹ ਤਾਂ ਅਜੇ ਜੁਆਕ ਹਨ ਪਰ ਉਨ੍ਹਾਂ ਕਿਸੇ ਦੀ ਪ੍ਰਵਾਹ ਨਾ ਮੰਨੀ। ਕਮਾਂਡਰ ਨੇ ਸ਼ਾਮੀ ਅੰਮਾ ਕੋਲ ਬੈਠੇ ਹਾਜ਼ਮ ਨੂੰ ਖੜ੍ਹਾ ਕੀਤਾ ਤਾਂ ਅੰਮਾ ਨੇ ਕਿਹਾ ਕਿ ਇਹ ਤਾਂ ਬਹੁਤ ਛੋਟਾ ਹੈ। ਇਸ 'ਤੇ ਕਮਾਂਡਰ ਨੇ ਹਾਜ਼ਮ ਨੂੰ ਬਾਂਹਾਂ ਉਪਰ ਚੁੱਕਣ ਲਈ ਕਿਹਾ। ਸ਼ਾਇਦ ਇਹ ਵੇਖ ਕੇ ਕਿ ਉਸ ਦੀਆਂ ਕੱਛਾਂ 'ਚ ਅਜੇ ਲੂੰਈ ਵੀ ਨਹੀਂ ਫੁੱਟੀ, ਉਸ ਨੇ ਉਸ ਨੂੰ ਬੈਠਣ ਲਈ ਕਹਿ ਦਿੱਤਾ। ਅਸੀਂ ਸ਼ੁਕਰ ਮਨਾਇਆ ਕਿ ਚਲੋ ਇਹ ਬੱਚਾ ਤਾਂ ਮਾਂ ਕੋਲ ਰਹੇਗਾ। ਮੇਰੀ ਭਰਜਾਈ ਜਿਨਾਲ ਵੀ ਕੁਝ ਹੀ ਦਿਨਾਂ ਦੇ ਬੱਚੇ ਨੂੰ ਗੋਦੀ ਚੁੱਕੀ ਮਾਂ ਹੋਰਾਂ ਮਗਰ ਚਲੀ ਗਈ ਸੀ। ਕਮਾਂਡਰ ਦਾ ਅਗਲਾ ਹੁਕਮ ਆਇਆ, "ਸਭ ਜੁਆਨ ਕੁੜੀਆਂ ਬਾਹਰ ਚੱਲੋ।" ਅਸੀਂ ਸਭ ਕੰਬ ਗਈਆਂ। ਡਾਢਿਆਂ ਅੱਗੇ ਕੋਈ ਜ਼ੋਰ ਨਹੀਂ ਸੀ। ਮੈਂ, ਜ਼ਾਹਰਾ, ਜ਼ੀਨਤ ਅਤੇ ਮੇਰੀ ਸਹੇਲੀ ਫੌਜ਼ੀਆ ਨਾਲ-ਨਾਲ ਰਹਿਣ ਦੀ ਕੋਸ਼ਿਸ਼ 'ਚ ਇਕ ਦੂਜੀ ਦੇ ਨਾਲ-ਨਾਲ ਰਹੀਆਂ। ਬਾਹਰ ਨਿਕਲੀਆਂ ਤਾਂ ਗਰਾਉਂਡ 'ਚ ਬੈਠਣ ਦਾ ਹੁਕਮ ਹੋਇਆ। ਬਾਹਰ ਗਰਮੀ ਬਹੁਤ ਸੀ। ਦੂਜੇ ਪਾਸੇ ਨਜ਼ਰ ਮਾਰੀ ਤਾਂ ਵੇਖਿਆ, ਵਾਲਿਦ ਹੋਰੀਂ ਬੈਠੇ ਸਨ। ਫਿਰ ਬਾਹਰੋਂ ਵੱਡੀਆਂ ਬੱਸਾਂ ਆ ਕੇ ਰੁਕੀਆਂ। ਸਭ ਤੋਂ ਪਹਿਲਾਂ ਬੱਚਿਆਂ ਵਾਲੀਆਂ ਔਰਤਾਂ ਨੂੰ ਬੱਸਾਂ 'ਚ ਚੜ੍ਹਾ ਦਿੱਤਾ ਗਿਆ ਤੇ ਫਿਰ ਮੁੰਡਿਆਂ ਨੂੰ। ਉਨ੍ਹਾਂ ਵਲ ਵੇਖਦਿਆਂ ਮੈਨੂੰ ਇਕਦਮ ਸੁਣੀ ਹੋਈ ਗੱਲ ਯਾਦ ਆ ਗਈ। ਸਰੀਰ ਕੰਬ ਉਠਿਆ। ਸੁਣਦੇ ਸਾਂ ਕਿ ਇਸਲਾਮਕ ਸਟੇਟ ਵਾਲੇ ਇਸ ਉਮਰ ਦੇ ਮੁੰਡਿਆਂ ਨੂੰ ਆਤਮਘਾਤੀ ਦਸਤੇ ਬਣਾਉਂਦੇ ਹਨ। ਹੁਣ ਯਕੀਨ ਹੋ ਗਿਆ ਕਿ ਵਾਲਿਦ ਅਤੇ ਖਾਲਿਦ ਹੋਰੀਂ ਵੀ ਇਕ ਦਿਨ ਖਤਰਨਾਕ ਆਤਮਘਾਤੀ ਬੰਬ ਬਣਨਗੇ। ਇਹ ਖਿਆਲ ਚੱਲ ਹੀ ਰਿਹਾ ਸੀ ਕਿ ਉਨ੍ਹਾਂ ਦੀ ਬੱਸ ਤੁਰ ਪਈ ਪਰ ਗੇਟ ਤੋਂ ਬਾਹਰ ਨਿਕਦਿਆਂ ਹੀ ਬੱਸ ਰੁਕੀ। ਉਦੋਂ ਨੂੰ ਦੂਸਰੀ ਬੱਸ ਵੀ ਤੁਰ ਪਈ ਤੇ ਪਹਿਲੀ ਦੇ ਪਿੱਛੇ ਜਾ ਕੇ ਖੜ੍ਹੋ ਗਈ। ਫਿਰ ਸਾਡੀ ਵਾਰੀ ਆਈ। ਦਿਨ ਤਕਰੀਬਨ ਛੁਪ ਚੁਕਾ ਸੀ। ਉਦੋਂ ਹੀ ਅਬੂ ਬਾਤ ਸਾਡੇ ਵਲ ਆਇਆ। ਮੈਂ ਹੈਰਾਨ ਪ੍ਰੇਸ਼ਾਨ ਹੋ ਗਈ, ਮੈਨੂੰ ਲੱਗਾ ਕਿ ਉਹ ਮੇਰੇ ਵਲ ਹੀ ਆ ਰਿਹਾ ਹੈ ਪਰ ਉਹ ਮੈਥੋਂ ਅੱਗੇ ਖੜ੍ਹੀ ਫੌਜ਼ੀਆ ਕੋਲ ਜਾ ਖੜੋਤਾ। ਕੁਝ ਪਲ ਉਸ ਦੇ ਚਿਹਰੇ ਵਲ ਵੇਖਿਆ, ਫਿਰ ਬੋਲਿਆ, "ਤੂੰ ਮੈਨੂੰ ਬੜੀ ਪਸੰਦ ਐਂ। ਚਾਹੇਂ ਤਾਂ ਤੂੰ ਤੇ ਤੇਰਾ ਪਰਿਵਾਰ ਸਭ ਇਥੇ ਰਹਿ ਸਕਦੇ ਨੇ। ਬਸ ਤੂੰ ਇਕੋ ਕੰਮ ਕਰਨਾ ਐਂ।"



ਜਾਜ਼ੀਦੀ ਨੌਜਵਾਨਾਂ ਨੂੰ ਕੋਹਣ ਲਈ ਲਿਜਾ ਰਹੇ ਆਈ.ਐਸ.ਆਈ.ਐਸ. ਲੜਾਕੇ

ਫੌਜ਼ੀਆ ਅੱਖਾਂ ਪੁੱਟ ਕੇ ਸੁਆਲੀਆ ਨਜ਼ਰਾਂ ਨਾਲ ਉਸ ਵਲ ਝਾਕੀ ਤਾਂ ਉਹ ਬੋਲਿਆ, "ਤੂੰ ਮੁਸਲਮਾਨ ਹੋ ਜਾ। ਫਿਰ ਤੈਨੂੰ ਮੌਜਾਂ ਹੀ ਮੌਜਾਂ।" ਇੰਨਾ ਆਖ ਉਹ ਉਸ ਦੇ ਚਿਹਰੇ ਵਲ ਵੇਖਣ ਲੱਗਾ। ਫੌਜ਼ੀਆ ਬੋਲੀ ਕੁਝ ਨਾ, ਪਰ ਉਸ ਨੇ ਚਿਹਰੇ ਦੇ ਭਾਵਾਂ ਨੇ ਨਾਂਹ ਕਹਿ ਦਿੱਤੀ। ਇਹ ਵੇਖ ਕੇ ਉਹ ਬੋਲਿਆ, "ਦਫਾ ਹੋ ਪਰ੍ਹੇ।"

ਫਿਰ ਸਾਨੂੰ ਵੀ ਬੱਸ 'ਚ ਚੜ੍ਹਨ ਦਾ ਹੁਕਮ ਹੋਇਆ। ਅਸੀਂ ਇਕੱਠੀਆਂ ਰਹਿੰਦੀਆਂ ਨਾਲ ਦੀਆਂ ਸੀਟਾਂ 'ਤੇ ਬੈਠੀਆਂ। ਬੱਸ ਦੇ ਸ਼ੀਸ਼ੇ ਕਾਗਜ਼ ਨਾਲ ਢਕੇ ਹੋਏ ਸਨ। ਆਲੇ-ਦੁਆਲੇ ਕੁਝ ਵੀ ਨਹੀਂ ਦਿਸਦਾ ਸੀ। ਮੈਂ ਸ਼ੀਸ਼ੇ ਵਾਲੇ ਪਾਸੇ ਬਹਿ ਗਈ। ਮੇਰੇ ਖੱਬੇ, ਵਿਚਕਾਰ ਵਲ ਫੌਜ਼ੀਆ ਬੈਠੀ ਸੀ। ਪਿੱਛੇ ਦੀ ਸੀਟ 'ਤੇ ਜ਼ਾਹਿਰਾ ਅਤੇ ਜ਼ੀਨਤ ਸਨ। ਦੂਸਰੇ ਪਾਸੇ ਦੀ ਸੀਟ 'ਤੇ ਨਫੀਸਾ ਬੈਠੀ ਸੀ। ਉਹ ਮੇਰੇ ਗੁਆਂਢ ਤੋਂ ਮੇਰੀ ਸਹੇਲੀ ਸੀ। ਨਫੀਸਾ ਅਤੇ ਮੈਂ ਇਕੋ ਕਲਾਸ 'ਚ ਪੜ੍ਹਦੀਆਂ ਰਹੀਆਂ ਸਾਂ। ਖੈਰ! ਜਦੋਂ ਬੱਸ ਬਿਲਡਿੰਗ 'ਚੋਂ ਬਾਹਰ ਨਿਕਲੀ ਤਾਂ ਅਹਿਸਾਸ ਹੋਇਆ ਕਿ ਤਿੰਨੇ ਬੱਸਾਂ ਇਕੱਠੀਆਂ ਜਾਣਗੀਆਂ। ਸਾਡੀ ਬੱਸ ਦੇ ਤੁਰਦਿਆਂ ਹੀ ਅਗਲੀਆਂ ਬੱਸਾਂ ਮੂਹਰੇ-ਮੂਹਰੇ ਚੱਲ ਪਈਆਂ।

(ਚਲਦਾ)

# ਇਹ ਦੁਨੀਆਂ ਅਤੇ ਦੁਨੀਆਂ ਵਿਚ ਰਹਿਣ ਵਾਲੇ ਲੋਕ

ਕੁਲਦੀਪ ਸਿੰਘ ਢਿੱਲੋਂ
ਫੋਨ: 91-98559-64276

ਕਿਸੇ ਸਿਆਣੇ ਨੇ ਸੱਚ ਕਿਹਾ ਹੈ, ਆਰੀ ਨੂੰ ਦੰਦੇ ਇੱਕ ਪਾਸੇ ਤੇ ਜਹਾਨ ਨੂੰ ਦੰਦੇ ਦੋਹੀਂ ਪਾਸੇ। ਸੱਚ ਹੀ ਬੜੀ ਸਿਆਣੀ ਗੱਲ ਆਖੀ ਹੈ। ਇਹ ਦੁਨੀਆਂ ਤੁਹਾਨੂੰ ਕਿਸੇ ਪਾਸੇ ਨਹੀਂ ਛੱਡੇਗੀ, ਨਾ ਰੱਜਿਆਂ ਨੂੰ, ਨਾ ਭੁੱਖਿਆਂ ਨੂੰ, ਨਾ ਅਮੀਰ ਹੋਇਆਂ ਨੂੰ, ਨਾ ਗਰੀਬੀ ਆਇਆਂ ਨੂੰ, ਨਾ ਚੰਗੇ ਕੰਮ ਕਰਦਿਆਂ ਨੂੰ ਤੇ ਨਾ ਮਾੜੇ ਕੰਮ ਕਰਦਿਆਂ ਨੂੰ।

ਇਸ ਦੁਨੀਆਂ ਵਿਚ ਰਹਿਣ ਵਾਲੇ ਲੋਕ, ਜਿਨ੍ਹਾਂ ਨੂੰ ਵਿਹਲੇ ਨੁਕਤਾਚੀਨੀ ਕਰਨ, ਵੱਡੇ-ਵੱਡੇ ਦਾਅਵੇ ਕਰਨ ਜਾਂ ਕਿਸੇ ਦੇ ਕੰਮ ਵਿਚ ਦਖਲਅੰਦਾਜ਼ੀ ਕਰਨ ਦੀ ਆਦਤ ਪਈ ਹੋਈ ਹੈ, ਉਹ ਤੁਹਾਨੂੰ ਕਦੇ ਵੀ ਤੇ ਕਿਸੇ ਵੀ ਹਾਲਤ ਵਿਚ ਨਹੀਂ ਬਖਸ਼ਣਗੇ! ਕੁਝ ਨਾ ਕੁਝ ਕਹਿੰਦੇ-ਕਰਦੇ ਹੀ ਰਹਿਣਗੇ।

ਤੁਹਾਨੂੰ ਕਦੇ ਨਾ ਕਦੇ ਉਨ੍ਹਾਂ ਦੀ ਨੁਕਤਾਚੀਨੀ ਦਾ ਸ਼ਿਕਾਰ ਹੋਣਾ ਹੀ ਪੈਣਾ, ਚਾਹੇ ਉਹ ਚੰਗੇ ਪੱਖ ਤੋਂ ਹੋਵੇ ਜਾਂ ਮਾੜੇ ਪੱਖ ਤੋਂ। ਜੇ ਕੋਈ ਆਦਮੀ ਬੜੇ ਸਾਊ ਸੁਭਾਅ ਦਾ ਹੋਵੇ, ਕਿਸੇ ਨੂੰ ਮੰਦਾ ਜਾਂ ਚੰਗਾ ਨਾ ਬੋਲਦਾ ਹੋਵੇ ਤੇ ਕਿਤੇ ਕਦੇ ਰੱਬ ਨਾ ਕਰੇ, ਉਸ ਤੋਂ ਕੋਈ ਗਲਤੀ ਜਾਂ ਕੋਈ ਗਲਤ ਕੰਮ ਹੋ ਜਾਵੇ ਤਾਂ ਇਹ ਲੋਕ ਉਸੇ ਸਮੇਂ ਹੀ ਉਸ 'ਤੇ ਸੂਈ ਰੱਖ ਦੇਣਗੇ ਕਿ ਬੰਦਾ ਤਾਂ ਸਿਆਣਾ ਸੀ, ਇਹ ਕੰਮ ਕਿਵੇਂ ਹੋ ਗਿਆ ਇਹਦੇ ਤੋਂ? ਕੀ ਪਤਾ ਉਤੋਂ ਹੀ ਸ਼ਰੀਫ ਬਣਦਾ ਹੋਵੇ! ਹੋ ਸਕਦਾ ਚੋਰੀ ਛੁਪੇ ਕੀ-ਕੀ ਕੰਮ ਕਰਦਾ ਹੋਣਾ, ਕਿਉਂ? ਕੀ ਗੱਲ?

ਸਿਆਣੇ ਤੋਂ ਕੋਈ ਗਲਤੀ ਨਹੀਂ ਹੋ ਸਕਦੀ ਪਰ ਇਸ ਦੁਨੀਆਂ ਵਿਚ ਐਨਾ ਸਿਆਣਾ ਤਾਂ ਕੋਈ ਵੀ ਨਹੀਂ ਕਿ ਉਹ ਕੋਈ ਗਲਤੀ ਹੀ ਨਾ ਕਰੇ ਅਤੇ ਕਈ ਵਾਰ ਤਾਂ ਆਦਮੀ ਗਲਤੀ ਕਰ ਕੇ ਹੀ ਸਿਆਣਾ ਬਣਦਾ ਹੈ।

ਜਿਹੜੇ ਆਦਮੀ ਦਾ ਕੰਮ ਮਾੜਾ ਕੰਮ ਕਰਨਾ ਹੋਵੇ ਤੇ ਉਸ ਤੋਂ ਅਚਾਨਕ ਸਿਆਣਾ ਕੰਮ ਹੋ ਜਾਵੇ ਤਾਂ ਕਹਿਣਗੇ ਕਿ ਉਸ ਤੋਂ ਉਮੀਦ ਹੀ ਨਹੀਂ ਸੀ ਅਜਿਹੇ ਕੰਮ ਦੀ, ਜੋ ਇਹਨੇ ਕਰ'ਤਾ। ਮਤਲਬ ਲੋਕ ਇਹ ਕਦੇ ਨਹੀਂ ਚਾਹੁਣਗੇ ਕਿ ਕੋਈ ਗਲਤ ਰਾਹ 'ਤੇ ਤੁਰਨ ਵਾਲਾ ਕਿਸੇ ਚੰਗੇ ਰਸਤੇ ਤੁਰੇ। ਸਭ ਤੋਂ ਖਾਸ ਗੱਲ ਲੋਕਾਂ ਦੀ ਬਿਨਾ ਵਜ੍ਹਾ ਤੋਂ ਰਾਏ ਦੇਣੀ, ਕਿਸੇ ਦੀ ਹਾਲਤ ਤੋਂ ਜਾਣੂ ਹੋਏ ਬਿਨਾ ਟਿੱਪਣੀਆਂ ਕਰਨੀਆਂ-ਇਹ ਗੱਲ ਆਮ ਦੇਖਣ-ਸੁਣਨ ਨੂੰ ਮਿਲਦੀ ਹੈ।

ਜਿੱਥੇ ਚਾਰ ਜਣੇ ਰਲ ਕੇ ਬੈਠ ਗਏ, ਬਸ ਹੋ ਗਏ ਸ਼ੁਰੂ ਕਿ ਫਲਾਣੇ ਨੇ ਆਪਣੀ ਜਮੀਨ ਵੇਚ'ਤੀ, ਘਰ ਵੇਚ'ਤਾ ਜਾਂ ਕੋਈ ਹੋਰ ਚੀਜ਼ ਵੇਚ ਦਿੱਤੀ, ਪਰ ਉਨ੍ਹਾਂ ਸਵਾਦ ਲੈ ਕੇ ਗੱਲਾਂ ਕਰਨ ਵਾਲਿਆਂ ਨੇ ਕਦੇ ਇਹ ਸੋਚਿਆ ਕਿ ਇਸ ਦੀ ਕੋਈ ਮਜ਼ਬੂਰੀ ਹੋਊ, ਆਰਥਕ ਪੱਖੋਂ ਤੰਗ ਹੋਣਾ ਜਾਂ ਕਰਜ਼ਾ ਐਨਾ ਹੋਣਾ ਕਿ ਜਿਸ ਕਾਰਨ ਉਸ ਨੂੰ ਆਪਣੀ ਜਮੀਨ, ਘਰ ਜਾਂ ਹੱਡ-ਭੰਨਵੀਂ ਮਿਹਨਤ ਕਰਕੇ ਬਣਾਈਆਂ ਚੀਜ਼ਾਂ ਵੇਚਣੀਆਂ ਪਈਆਂ?

ਭਲੇਮਾਣਸਾਂ ਨੂੰ ਕੋਈ ਪੁੱਛੇ, ਜੇ ਤੁਹਾਨੂੰ ਐਨਾ ਹੀ ਤਰਸ ਆਉਂਦਾ ਸੀ ਤਾਂ ਉਸ ਦਾ ਮਸਲਾ ਤੁਸੀਂ ਹੱਲ ਕਰ ਦਿੰਦੇ, ਤਾਂ ਉਹ ਕੁਝ ਵੀ ਨਾ ਵੇਚਦਾ। ਇੱਕ ਗੱਲ ਹੋਰ, ਕਈ ਵਾਰ ਕਿਸੇ ਇਨਸਾਨ ਨੇ ਰੱਬ ਨਾ ਕਰੇ ਕਿਸੇ ਤੋਂ ਕਰਜ਼ਾ ਲਿਆ ਹੋਵੇ ਅਤੇ ਉਸ ਤੋਂ ਉਹ ਕਰਜ਼ਾ ਨਾ ਮੋੜ ਹੋਵੇ। ਜਿਸ ਤੋਂ ਕਰਜ਼ਾ ਲਿਆ, ਉਹ ਆ ਕੇ ਹਰ ਰੋਜ਼ ਉਸ ਦੀ ਬੇਇੱਜਤੀ ਕਰੇ, ਦਸ ਜਣੇ ਖੜ੍ਹੇ ਤਮਾਸ਼ਾ ਦੇਖਦੇ ਹੋਣ। ਉਸ ਸਮੇਂ ਤਾਂ ਕਦੇ ਕਿਸੇ ਨੇ ਨਾ ਕਿਹਾ ਕਿ ਬਈ ਇਹ ਬੰਦਾ ਰੋਜ਼ ਤੇਰੀ ਬੇਇੱਜਤੀ ਕਰਦਾ ਹੈ ਤੇ ਦੱਸ ਤੇਰੇ ਕਿੰਨੇ ਪੈਸੇ ਆ, ਅਸੀਂ ਇੱਕਠੇ ਕਰ ਕੇ ਦਿੰਦੇ ਹਾਂ, ਆਖਰ ਤੂੰ ਸਾਡੇ ਵਿਚ ਰਹਿਨੈਂ, ਪਰ ਨਹੀਂ! ਉਨ੍ਹਾਂ ਨੇ ਤਾਂ ਸਿਰਫ ਤਮਾਸ਼ਾ ਵੇਖਣਾ ਹੁੰਦਾ ਹੈ। ਉਹ ਲੋਕ ਤੁਹਾਡੇ ਵਾਸਤੇ ਸਿਵਾਏ ਗੱਲਾਂ ਤੋਂ ਕੁਝ ਨਹੀਂ ਕਰ ਸਕਦੇ।

ਸਾਨੂੰ ਵੀ ਦੁਨੀਆਂ ਵਿਚ ਰਹਿਣ ਵਾਲੇ ਅਜਿਹੇ ਲੋਕਾਂ ਦੀ ਪ੍ਰਵਾਹ ਕਰਨੀ ਛੱਡ ਦੇਣੀ ਚਾਹੀਦੀ ਹੈ ਕਿ ਉਹ ਸਾਡੇ ਬਾਰੇ ਕੀ ਕਹਿਣਗੇ? ਕਹੀ ਜਾਣ ਜੋ ਕੁਝ ਕਹਿਣਾ, ਬਸ ਲੋੜ ਹੈ ਤਾਂ ਸਾਨੂੰ ਆਪਣਾ ਨਿਸ਼ਾਨਾ ਮਿੱਥ ਲੈਣਾ ਚਾਹੀਦਾ ਹੈ, ਫਿਰ ਇਸ ਦੁਨੀਆਂ ਦੀ ਪ੍ਰਵਾਹ ਕਰਨ ਦੀ ਲੋੜ ਨਹੀਂ।

ਇੱਕ ਸਿਆਣੇ ਨੇ ਕਿਹਾ ਕਿ ਲੋਕਾਂ ਵੱਲ ਨਾ ਦੇਖੋ, ਸਗੋਂ ਤੁਸੀਂ ਆਪਣੀ ਜ਼ਿੰਦਗੀ ਦੇਖੋ ਕਿ ਤੁਸੀਂ ਕਿਵੇਂ ਸੁਖੀ ਰਹਿ ਸਕਦੇ ਹੋ। ਇਨ੍ਹਾਂ ਨੇ ਤਾਂ ਗੁਰੂਆਂ, ਪੀਰਾਂ, ਫਕੀਰਾਂ ਨੂੰ ਨਹੀਂ ਬਖਸ਼ਿਆ ਤੇ ਤੁਸੀਂ ਤਾਂ ਹੋ ਹੀ ਇਨ੍ਹਾਂ ਵਰਗੇ।

ਕਹਿੰਦੇ ਨੇ, ਜੇ ਤਾਂ ਤੁਸੀਂ ਲੋਕਾਂ ਤੋਂ ਵੱਖਰਾ ਬਣਨਾ ਚਾਹੁੰਦੇ ਹੋ ਤਾਂ ਤੁਹਾਡੀ ਹਰ ਗੱਲ, ਆਦਤ ਉਨ੍ਹਾਂ ਤੋਂ ਵੱਖਰੀ ਹੋਣੀ ਚਾਹੀਦੀ ਹੈ। ਮੇਰੀਆਂ ਗੱਲਾਂ ਬਥੇਰਿਆਂ ਨੂੰ ਫੱਟ 'ਤੇ ਲੱਗੀਆਂ ਮਿਰਚਾਂ ਵਾਂਗ ਲੱਗਣੀਆਂ ਕਿਉਂਕਿ ਉਨ੍ਹਾਂ ਦੀ ਤਾਰੀਫ ਕੁਝ ਵਧੇਰੇ ਹੀ ਹੋ ਗਈ।

ਇਸ ਲਈ ਜੇ ਅਸੀਂ ਕਿਸੇ ਲਈ ਕੁਝ ਕਰ ਨਹੀਂ ਸਕਦੇ, ਕਿਸੇ ਨੂੰ ਕੁਝ ਦੇ ਨਹੀਂ ਸਕਦੇ ਤਾਂ ਬਸ ਉਸ ਨੂੰ ਆਪਣੀ ਜ਼ਿੰਦਗੀ ਜਿਉਣ ਦੇਣੀ ਚਾਹੀਦੀ ਹੈ ਤੇ ਤੁਹਾਨੂੰ ਕਿਸੇ ਬਾਰੇ ਗੱਲਾਂ ਕਰਨ ਤੋਂ ਪਹਿਲਾਂ ਸੋਚ ਲੈਣਾ ਚਾਹੀਦਾ ਹੈ ਕਿ ਤੁਸੀਂ ਵੀ ਰਹਿੰਦੇ ਇਨ੍ਹਾਂ ਲੋਕਾਂ ਵਿਚ ਹੀ ਹੋ। ਜੇ ਕੱਲ ਨੂੰ ਰੱਬ ਨਾ ਕਰੇ ਕੋਈ ਘਟਨਾ ਤੁਹਾਡੇ ਨਾਲ ਵਾਪਰ ਗਈ ਤਾਂ ਬਖਸ਼ਣਾ ਇਨ੍ਹਾਂ ਤੁਹਾਨੂੰ ਵੀ ਨਹੀਂ। ਇਸ ਲਈ ਉਨ੍ਹਾਂ 'ਤੇ ਉਂਗਲਾਂ ਨਾ ਚੁੱਕੋ ਕਿਉਂਕਿ ਚਾਰ ਉਂਗਲਾਂ ਤੁਹਾਡੇ ਵੱਲ ਵੀ ਆਉਂਦੀਆਂ ਹਨ।

###

# ਲਾਹੌਰ ਦੀਆਂ ਪਿਕਨਿਕਾਂ

***'ਲਾਹੌਰ: ਏ ਸੈਂਟੀਮੈਂਟਲ ਜਰਨੀ' ਵਰਗੀ ਜਾਨਦਾਰ ਕਿਤਾਬ ਲਿਖਣ ਵਾਲੇ ਪ੍ਰਾਣ ਨਿਵੇਲ (22 ਅਕਤੂਬਰ 1922-11 ਅਕਤੂਬਰ 2018) ਨੂੰ ਵੰਡ ਤੋਂ ਪਹਿਲੇ ਲਾਹੌਰ ਬਾਰੇ ਅਥਾਰਿਟੀ ਮੰਨਿਆ ਜਾਂਦਾ ਰਿਹਾ ਹੈ। ਉਨ੍ਹਾਂ ਹੋਰ ਵੀ ਕਈ ਕਿਤਾਬਾਂ ਲਿਖੀਆਂ ਜਿਨ੍ਹਾਂ ਵਿਚ ਮਸ਼ਹੂਰ ਗਾਇਕ-ਅਦਾਕਾਰ ਕੇ. ਐਲ. ਸਹਿਗਲ ਬਾਰੇ ਕਿਤਾਬ ਵੀ ਸ਼ਾਮਲ ਹੈ। 'ਲਾਹੌਰ ਦੀਆਂ ਪਿਕਨਿਕਾਂ' ਲੇਖ ਵਿਚ ਉਨ੍ਹਾਂ ਲਾਹੌਰ ਦੀਆਂ ਕੁਝ ਯਾਦਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ***

ਸਕੂਲੀ ਇਮਤਿਹਾਨਾਂ ਵਿਚ ਬੱਚਿਆਂ ਨੂੰ ਲੇਖ ਲਿਖਣ ਲਈ ਅਕਸਰ ਪਿਕਨਿਕ 'ਤੇ ਜਾਣ ਦਾ ਵਿਸ਼ਾ ਦਿੱਤਾ ਜਾਂਦਾ ਹੈ। ਇਸ ਵਿਸ਼ੇ 'ਤੇ ਕਿਤਾਬਾਂ ਵਿਚ ਬਣੇ-ਬਣਾਏ ਲੇਖ ਮਿਲ ਜਾਂਦੇ ਸਨ ਅਤੇ ਪਾੜ੍ਹੇ ਉਨ੍ਹਾਂ ਨੂੰ ਰੱਟੇ ਮਾਰ ਕੇ ਇਮਤਿਹਾਨਾਂ ਦਾ ਬੁੱਤਾ ਸਾਰ ਲੈਂਦੇ ਹਨ ਪਰ ਸਾਡੇ ਦਰਮਿਆਨ ਵਧੇਰੇ ਚੰਗਾ ਇਹ ਸਮਝਿਆ ਜਾਂਦਾ ਸੀ ਕਿ ਅਜਿਹਾ ਲੇਖ ਆਪਣੇ ਜ਼ਾਤੀ ਤਜਰਬਿਆਂ ਦੇ ਆਧਾਰ 'ਤੇ ਲਿਖਿਆ ਜਾਵੇ।

ਮੈਨੂੰ ਚੇਤੇ ਹੈ ਕਿ ਛੋਟੇ ਹੁੰਦਿਆਂ ਅਸੀਂ ਹਮੇਸ਼ਾਂ ਇਸ ਉਡੀਕ ਵਿਚ ਰਹਿੰਦੇ ਕਿ ਅਧਿਆਪਕ ਸਾਨੂੰ ਕਦੋਂ ਲਾਹੌਰ ਦੇ ਭੀੜ-ਭੜੱਕੇ ਵਿਚੋਂ ਕੱਢ ਕੇ ਖੁੱਲ੍ਹੇ-ਡੁੱਲ੍ਹੇ ਮਿੰਟੋ ਪਾਰਕ ਵਿਚ ਪਿਕਨਿਕ ਲਈ ਲਿਜਾਣਗੇ। ਗਰਮੀਆਂ ਦੌਰਾਨ ਜਦੋਂ ਵੀ ਆਸਮਾਨ ਵਿਚ ਬੱਦਲ ਛਾ ਜਾਂਦੇ, ਅਸੀਂ ਅਧਿਆਪਕ ਨੂੰ ਜ਼ੋਰ ਦਿੰਦੇ ਕਿ ਅੱਜ ਸਾਨੂੰ



**ਪ੍ਰਾਣ ਨਿਵੇਲ**

ਬਾਹਰ ਖੇਡਣ ਲਈ ਲਿਜਾਇਆ ਜਾਵੇ। ਅਸੀਂ ਦੋ-ਦੋ ਦੀਆਂ ਕਤਾਰਾਂ 'ਚ ਤੰਗ ਗਲੀਆਂ ਤੇ ਭੀੜ ਭਰੇ ਬਾਜ਼ਾਰਾਂ ਵਿਚੋਂ ਲੰਘਦਿਆਂ ਕਿਲ੍ਹੇ ਵਾਲੇ ਇਲਾਕੇ ਵੱਲ ਅੱਗੇ ਵਧਦੇ। ਜਦੋਂ ਅਸੀਂ ਹਜ਼ੂਰੀ ਬਾਗ ਪੁੱਜਦੇ ਤਾਂ ਸਾਹਮਣੇ ਹਰੇ-ਭਰੇ ਦਰਖਤ, ਫੁੱਲ ਅਤੇ ਫੁਹਾਰੇ ਦੇਖ ਕੇ ਦਿਲ ਗਦਗਦ ਹੋ ਉਠਦਾ ਅਤੇ ਅਸੀਂ ਆਪ-ਮੁਹਾਰੇ ਹੀ ਆਪਣੀ ਉਰਦੂ ਦੀ ਕਿਤਾਬ ਵਿਚੋਂ ਇਕ ਮਸ਼ਹੂਰ ਕਵਿਤਾ ਉਚੀ-ਉਚੀ ਗਾਉਣ ਲੱਗਦੇ, ਜੋ ਅਸੀਂ ਦਿਲੋਂ ਚੇਤੇ ਕੀਤੀ ਹੋਈ ਸੀ। ਇਹ ਕੁਝ ਇੰਜ ਸੀ:

*ਸੁਬ੍ਹਾ ਕਾ ਥਾ ਵਕਤ ਔਰ ਠੰਢੀ ਹਵਾ,*
*ਪਰਿੰਦੋਂ ਕਾ ਥਾ ਹਰ ਤਰਫ ਚਹਿਚਹਾ,*
*ਜ਼ੇਹੀ ਜੀ ਮੇਂ ਆਈ ਕਿ ਘਰ ਸੇ ਨਿਕਲ*
*ਟਹਿਲਤਾ ਟਹਿਲਤਾ ਜ਼ਰਾ ਬਾਗ ਚਲ*
*ਛੜੀ ਹਾਥ ਮੇਂ ਲੇ ਕੇ ਘਰ ਸੇ ਚਲਾ,*
*ਔਰ ਏਕ ਬਾਗ ਕੇ ਸੀਧਾ ਰਾਸਤਾ ਲੀਆ,*
*ਵਹਾਂ ਜਾ ਕੇ ਦੇਖੀ ਕੁਛ ਔਰ ਹੀ ਬਹਾਰ,*
*ਪਰਿੰਦੋਂ ਕੀ ਥੀ ਹਰ ਤਰਫ ਏਕ ਕਤਾਰ,*
*ਕਹੀਂ ਆਮ ਥੇ ਔਰ ਕਹੀਂ ਥੇ ਅਨਾਰ,*
*ਕਹੀਂ ਖੱਟੇ ਮੀਠੇ ਥੇ ਦੇਤੇ ਬਹਾਰ।*

(ਸਵੇਰ ਦਾ ਵੇਲਾ ਸੀ ਅਤੇ ਠੰਢੀ ਹਵਾ ਵਗ ਰਹੀ ਸੀ। ਚਾਰੇ ਪਾਸੇ ਪੰਛੀਆਂ ਦੀ ਚਹਿਚਹਾਟ ਸੀ। ਇਸ ਮਾਹੌਲ 'ਚ ਮੇਰਾ ਦਿਲ ਘਰੋਂ ਨਿਕਲ ਕੇ ਕਿਸੇ ਬਾਗ ਵਿਚ ਜਾਣ ਨੂੰ ਕੀਤਾ। ਮੈਂ ਆਪਣੀ ਛੜੀ ਫੜੀ ਅਤੇ ਸਿੱਧਾ ਬਾਗ ਵੱਲ ਹੋ ਤੁਰਿਆ। ਉਥੇ ਪੁੱਜ ਕੇ ਮੈਂ ਕੁਦਰਤੀ ਨਜ਼ਾਰਾ ਦੇਖਦਾ ਹੀ ਰਹਿ ਗਿਆ। ਉਥੇ ਚਾਰੇ ਪਾਸੇ ਦਰਖਤਾਂ ਉਤੇ ਕਤਾਰਾਂ ਵਿਚ ਬੈਠੇ ਪੰਛੀ ਚਹਿਚਹਾ ਰਹੇ ਸਨ। ਰੁੱਖ ਵੀ ਫਲਾਂ ਨਾਲ ਲੱਦੇ ਖੜ੍ਹੇ ਸਨ ਜਿਨ੍ਹਾਂ ਨੂੰ ਲੱਗੇ ਅੰਬ, ਅਨਾਰ, ਸੰਗਤਰੇ ਤੇ ਨਿੰਬੂ ਆਦਿ ਮਾਹੌਲ ਨੂੰ ਖੁਸ਼ਗਵਾਰ ਬਣਾ ਰਹੇ ਸਨ।)

ਇਕ ਵਾਰ ਪਾਰਕ ਵਿਚ ਅਧਿਆਪਕ ਨੇ ਸਾਨੂੰ ਵੱਖ-ਵੱਖ ਟੀਮਾਂ ਵਿਚ ਵੰਡ ਕੇ ਕ੍ਰਿਕਟ, ਫੁਟਬਾਲ ਅਤੇ ਰੱਸਾਕਸ਼ੀ ਆਦਿ ਖੇਡਾਂ ਖਿਡਾਈਆਂ। ਬਹੁਤ ਸਾਰੇ ਮੁੰਡਿਆਂ ਨੇ ਕਬੱਡੀ ਖੇਡਣ ਦਾ ਮਜ਼ਾ ਲਿਆ, ਜਿਹੜੀ ਮਕਬੂਲ ਪੰਜਾਬੀ ਖੇਡ ਹੈ, ਜਿਸ ਵਿਚ ਜ਼ੋਰਦਾਰ ਭੱਜ-ਦੌੜ, ਉਚੀ-ਉਚੀ ਬੋਲਣਾ ਸਭ ਕੁਝ ਸ਼ਾਮਲ ਹੈ। ਸਾਡੇ ਵਿਚੋਂ ਕਈ ਜਣਿਆਂ ਨੇ ਸੌਖੀ ਖੇਡ ਗੁੱਲੀ-ਡੰਡਾ ਵੀ ਖੇਡੀ। ਅਧਿਆਪਕ ਆਪੋ-ਆਪਣੇ ਮੂੰਹ ਵਿਚ ਸੀਟੀਆਂ ਲਈ, ਸਾਡੇ ਸੇਧਗਾਰਾਂ ਤੇ ਰੈਫਰੀਆਂ ਦਾ ਕਿਰਦਾਰ ਨਿਭਾਉਂਦੇ ਰਹੇ। ਇਸ ਮੌਕੇ ਪੂਰਾ ਜ਼ਾਬਤਾ ਰੱਖਿਆ ਗਿਆ ਅਤੇ ਗੜਬੜ ਕਰਨ ਵਾਲਿਆਂ ਨੂੰ ਫੌਰੀ ਖੇਡ ਤੋਂ ਬਾਹਰ ਕੱਢਣ ਦੀ ਸਜ਼ਾ ਸੁਣਾਈ ਜਾਂਦੀ।

ਖੇਡਾਂ ਖਤਮ ਹੋਣ ਤੋਂ ਬਾਅਦ ਅਧਿਆਪਕਾਂ ਨੇ ਇਤਿਹਾਸਕ ਕਹਾਣੀਆਂ ਸੁਣਾ ਕੇ ਸਾਡਾ ਮਨਪ੍ਰਚਾਵਾ ਕੀਤਾ। ਸਾਡੇ ਵਰਗੇ ਜਿਹੜੇ ਖੇਡਾਂ ਵਿਚ ਬਹੁਤੀ ਦਿਲਚਸਪੀ ਨਹੀਂ ਸਨ ਰੱਖਦੇ, ਲਈ ਇਹ ਕਹਾਣੀਆਂ ਵਾਲਾ ਸਮਾਂ ਪਿਕਨਿਕ ਦਾ ਬਿਹਤਰੀਨ ਹਿੱਸਾ ਸੀ। ਮੈਨੂੰ ਚੇਤੇ ਹੈ ਕਿ ਅਸੀਂ ਅਕਬਰ ਮਹਾਨ ਦੇ ਦਰਬਾਰ ਵਿਚ ਬੀਰਬਲ ਦੀ ਹਾਜ਼ਰ ਜਵਾਬੀ ਅਤੇ ਸਿਆਣਪ ਦੇ ਕਿੱਸੇ ਸੁਣ-ਸੁਣ ਕੇ ਕਿਵੇਂ ਹੱਸ-ਹੱਸ ਕੇ ਲੋਟ-ਪੋਟ ਹੋਏ ਸਾਂ। ਹੁਣ ਤੱਕ ਸਮਾਂ ਹੋ ਚੱਲਾ ਸੀ ਕਿ ਖਾਣ-ਪੀਣ ਦੀ ਮੁਹਿੰਮ ਵਿੱਢੀ ਜਾਵੇ, ਕਿਉਂਕਿ ਪਹਿਲਾਂ ਹੀ ਖਾਣ-ਪੀਣ ਦੀਆਂ ਵੰਨ-ਸੁਵੰਨੀਆਂ ਚੀਜ਼ਾਂ, ਖਾਸਕਰ ਛੋਲੇ-ਕੁਲਚੇ ਲੈ ਕੇ ਵੱਡੀ ਗਿਣਤੀ ਫੜ੍ਹੀਆਂ ਵਾਲੇ ਸਾਡੇ ਦੁਆਲੇ ਇਕੱਤਰ ਹੋ ਚੁਕੇ ਸਨ। ਆਖਰ ਬਾਹਰ ਘੁੰਮਣ ਦਾ ਪ੍ਰੋਗਰਾਮ ਮੁਕੰਮਲ ਹੋਇਆ। ਅਧਿਆਪਕਾਂ ਨੇ ਸਾਰਿਆਂ ਦੀ ਹਾਜ਼ਰੀ ਲਾਈ ਤੇ ਫਿਰ ਅਸੀਂ ਪਹਿਲਾਂ ਵਾਂਗ ਹੀ ਸਕੂਲ ਨੂੰ ਵਾਪਸ ਚਾਲੇ ਪਾ ਦਿੱਤੇ। ਕਈ ਦਿਨ ਇਹ ਪਿਕਨਿਕ ਸਾਡੀਆਂ ਗੱਲਾਂ ਦਾ ਵਿਸ਼ਾ ਬਣੀ ਰਹੀ। ਅਸੀਂ ਉਥੇ ਜੋ ਵੀ ਮੌਜ-ਮਸਤੀ ਕੀਤੀ, ਉਸ ਨੂੰ ਵਾਰ-ਵਾਰ ਚੇਤੇ ਕਰਦੇ ਅਤੇ ਪਿਕਨਿਕ 'ਤੇ ਜਾਣ ਦੇ ਅਗਲੇ ਮੌਕੇ ਦੀ ਬੇਤਾਬੀ ਨਾਲ ਉਡੀਕ ਕਰਦੇ।



*ਲਾਹੌਰ ਦਾ ਇਕ ਦ੍ਰਿਸ਼*

ਲਾਹੌਰ ਅਜਿਹਾ ਸ਼ਹਿਰ ਹੈ, ਜਿੱਥੇ ਘੱਟੋ-ਘੱਟ ਚਾਰ ਮੁਗਲ ਬਾਦਸ਼ਾਹਾਂ ਨਾਲ ਸਬੰਧਤ ਇਤਿਹਾਸਕ ਯਾਦਗਾਰਾਂ ਅਤੇ ਬਾਗ ਮੌਜੂਦ ਹਨ। ਉਥੇ ਪਿਕਨਿਕ ਲਈ ਅਨੇਕਾਂ ਵਧੀਆ ਥਾਵਾਂ ਸਨ। ਜਦੋਂ ਅਸੀਂ ਵੱਡੇ ਹੋਏ ਤਾਂ ਅਸੀਂ ਸਾਈਕਲਾਂ 'ਤੇ ਘੁੰਮ-ਘੁੰਮ ਕੇ ਸ਼ਾਲੀਮਾਰ ਬਾਗ, ਜਹਾਂਗੀਰ ਦਾ ਮਕਬਰਾ, ਬਾਰਾਂਦਰੀ ਅਤੇ ਨਹਿਰ ਦੇ ਕੰਢੇ ਆਦਿ ਸੁੰਦਰ ਨਜ਼ਾਰਿਆਂ ਵਾਲੀਆਂ ਥਾਂਵਾਂ ਦੀ ਸ਼ਨਾਖਤ ਕਰ ਲਈ। ਕਿਸ਼ਤੀਆਂ ਚਲਾਉਣ ਜਾਂਦਿਆਂ ਅਸੀਂ ਦਰਿਆ 'ਤੇ ਵੀ ਕੁਝ ਦਿਲਕਸ਼ ਥਾਂਵਾਂ ਦੀ ਨਿਸ਼ਾਨਦੇਹੀ ਕਰ ਲਈ।

ਸਰਦੀਆਂ ਆਉਂਦੀਆਂ ਤਾਂ ਕ੍ਰਿਸਮਸ ਦੀਆਂ ਛੁੱਟੀਆਂ ਮੌਕੇ ਪਿਕਨਿਕ ਦਾ ਮਾਹੌਲ ਸਿਖਰਾਂ 'ਤੇ ਰਹਿੰਦਾ। ਉਦੋਂ ਸਾਡਾ ਇਕ ਹੋਰ ਕੰਮ ਹੁੰਦਾ ਸੀ, ਖਾਣਾ ਪਕਾਉਣ ਦੇ ਤਜਰਬੇ ਕਰਨਾ, ਖਾਸ ਕਰ ਬੱਕਰੇ ਜਾਂ ਮੁਰਗੇ ਦੇ ਮਾਸ ਦੀ ਤਰਕਾਰੀ ਪਕਾਉਣਾ। ਖਾਣਾ ਪਕਾਉਣ ਦਾ ਕੰਮ ਸਾਰੇ ਮੈਂਬਰਾਂ ਦਰਮਿਆਨ ਵੰਡ ਦਿੱਤਾ ਜਾਂਦਾ। ਸਾਡੇ ਵਿਚੋਂ ਕੋਈ ਪਿਆਜ਼ ਛਿੱਲਦਾ ਤੇ ਚੀਰਦਾ, ਕੋਈ ਟਮਾਟਰ ਕੱਟਦਾ ਅਤੇ ਕੋਈ ਹੋਰ ਦਹੀਂ ਰਿੜਕਦਾ ਅਤੇ ਮਸਾਲੇ ਮਿਲਾਉਂਦਾ। ਕੋਈ ਹੋਰ ਅੱਗ ਮਚਾਉਣ ਲਈ ਲੱਕੜਾਂ ਇਕੱਠੀਆਂ ਕਰਦਾ। ਮੁੱਖ ਰਸੋਈਆ ਯਕੀਨਨ ਉਹ ਹੁੰਦਾ ਜੋ ਅੱਗ ਦੇ ਨੇੜੇ ਬਹਿੰਦਾ ਅਤੇ ਪਕਾਉਣ ਦੇ ਕੰਮ ਦੀ ਨਿਗਰਾਨੀ ਕਰਦਾ। ਇਹ ਕੰਮ ਕਰਦਿਆਂ ਅਸੀਂ ਮੂਲੀਆਂ ਜਾਂ ਗਾਜਰਾਂ ਵੀ ਖਾਈ ਜਾਂਦੇ। ਆਖਰ ਕਈ ਅਜ਼ਮਾਇਸ਼ਾਂ, ਗਲਤੀਆਂ ਅਤੇ ਵਾਰ-ਵਾਰ ਸੁਆਦ ਚੱਖ ਕੇ ਦੇਖਣ ਮਗਰੋਂ ਤਰਕਾਰੀ ਰੋਟੀਆਂ ਨਾਲ ਵਰਤਾਉਣ ਲਈ ਤਿਆਰ ਹੁੰਦੀ। ਕਈ ਵਾਰ ਸੌਖੀ ਅਤੇ ਘੱਟ ਭੱਜ-ਦੌੜ ਵਾਲੀ ਪਿਕਨਿਕ ਵੀ ਮਨਾਈ ਜਾਂਦੀ, ਜਦੋਂ ਲਾਹੌਰ ਦੇ ਸੈਦ ਮਿੱਠਾ ਦੇ ਹਲਵਾਈ ਨਿੱਕੂ ਸ਼ਾਹ ਦੀ ਮਸ਼ਹੂਰ ਦੁਕਾਨ ਤੋਂ ਪੂਰੀਆਂ, ਆਲੂ ਤੇ ਹਲਵਾ ਲਿਆ ਕੇ ਖਾ ਲਿਆ ਜਾਂਦਾ।

ਮੈਨੂੰ ਅਜਿਹੀ ਕਿਸੇ ਪਿਕਨਿਕ ਵੇਲੇ ਦਾ ਇਕ ਹੌਲਨਾਕ ਹਾਦਸਾ ਚੇਤੇ ਹੈ, ਜਦੋਂ ਮੈਂ ਰਾਵੀ ਵਿਚ ਡੁੱਬਣ ਤੋਂ ਵਾਲ ਵਾਲ ਬਚਿਆ। ਅਸੀਂ ਪਾਣੀ ਦੇ ਵਹਾਅ ਦੇ ਉਲਟ ਦਿਸ਼ਾ ਵਿਚ ਕਿਸ਼ਤੀ ਚਲਾ ਰਹੇ ਸਾਂ ਕਿ ਅਚਾਨਕ ਕਿਸ਼ਤੀ ਛਿਛਲੇ ਪਾਣੀ ਵਿਚ ਫਸ ਗਈ, ਜੋ ਉਥੇ ਪਾਣੀ ਹੇਠ ਰੇਤ ਦੇ ਉਭਾਰ ਕਾਰਨ ਬਣਿਆ ਹੋਇਆ ਸੀ। ਸਾਡੇ ਗਰੁਪ ਦੇ ਦੋ ਜਣੇ ਸਈਦ ਅਤੇ ਰਾਜਿੰਦਰ, ਜੋ ਤੈਰਨਾ ਜਾਣਦੇ ਸਨ, ਨੇ ਦਰਿਆ ਵਿਚ ਛਾਲਾਂ ਮਾਰ ਦਿੱਤੀਆਂ ਤਾਂ ਕਿ ਉਹ ਕਿਸ਼ਤੀ ਨੂੰ ਅੱਗੇ ਵਧਣ ਲਈ ਧੱਕਾ ਦੇ ਸਕਣ। ਮੈਂ ਤੈਰਨਾ ਨਹੀਂ ਸਾਂ ਜਾਣਦਾ, ਪਰ ਇਹ ਦੇਖ ਕੇ ਕਿ ਉਸ ਥਾਂ ਪਾਣੀ ਜ਼ਿਆਦਾ ਡੂੰਘਾ ਨਹੀਂ ਸੀ, ਮੈਂ ਭੁਲਾਵੇ ਵਿਚ ਆ ਕੇ ਪਾਣੀ 'ਚ ਉਤਰ ਗਿਆ। ਮੈਂ ਕੁਝ ਫੁੱਟ ਹੀ ਅਗਾਂਹ ਵਧਿਆ ਹੋਵਾਂਗਾ ਕਿ ਮੈਨੂੰ ਆਪਣੇ ਪੈਰਾਂ ਹੇਠੋਂ ਦਰਿਆ ਦਾ ਤਲ ਖਿਸਕਦਾ ਜਾਪਿਆ। ਉਥੇ ਕਾਫੀ ਡੂੰਘਾਈ ਸੀ ਅਤੇ ਮੈਂ ਡੁੱਬਣ ਲੱਗਾ। ਮੈਨੂੰ ਉਹ ਪਲ ਪੂਰੀ ਤਰ੍ਹਾਂ ਚੇਤੇ ਹਨ, ਜਦੋਂ ਮੈਂ ਜ਼ਿੰਦਗੀ ਤੇ ਮੌਤ ਦਰਮਿਆਨ ਝੂਲ ਗਿਆ ਸਾਂ। ਮੈਂ ਪਾਣੀ ਦੇ ਉਪਰ ਰਹਿਣ ਲਈ ਹੱਥ-ਪੈਰ ਮਾਰਦਿਆਂ ਮਦਦ ਲਈ ਦੁਹਾਈ ਦਿੱਤੀ। ਰਾਜਿੰਦਰ ਮੇਰੇ ਬਚਾਅ ਲਈ ਬਹੁੜਿਆ, ਪਰ ਉਹ ਵੀ ਮੇਰੀ ਪਕੜ ਵਿਚ ਜਕੜਿਆ ਗਿਆ। ਅਸੀਂ ਦੋਵੇਂ ਇਕ ਭੰਵਰ ਵਿਚ ਫਸ ਕੇ ਡੁੱਬਣ ਲੱਗੇ।

ਇਸ ਦੌਰਾਨ ਸਾਡੇ ਦੋਸਤਾਂ ਸਈਦ ਅਤੇ ਨਰੋਤਮ ਨੇ ਸਾਨੂੰ ਬਚਾਉਣ ਵਾਸਤੇ ਮਦਦ ਲਈ ਉਚੀ-ਉਚੀ ਪੁਕਾਰਨਾ ਸ਼ੁਰੂ ਕਰ ਦਿੱਤਾ। ਚੰਗੀ ਕਿਸਮਤ ਨੂੰ ਦਰਿਆ ਕੰਢੇ ਮੌਜੂਦ ਇਕ ਪਹਿਲਵਾਨ ਫੌਰੀ ਕਿਸ਼ਤੀ ਲੈ ਕੇ ਸਾਡੇ ਬਚਾਅ ਲਈ ਪੁੱਜਾ ਅਤੇ ਸਾਨੂੰ ਸੁਰੱਖਿਅਤ ਕੰਢੇ ਤਕ ਲੈ ਆਇਆ। ਇਹ ਮੌਤ ਨਾਲ ਬੜਾ ਨੇੜਿਓਂ ਸਾਹਮਣਾ ਸੀ। ਜਦੋਂ ਵੀ ਮੈਨੂੰ ਇਹ ਭਿਆਨਕ ਦ੍ਰਿਸ਼ ਚੇਤੇ ਆਉਂਦਾ ਹੈ, ਮੈਂ ਧੁਰ ਤਕ ਕੰਬ ਜਾਂਦਾ ਹਾਂ। ਬਾਅਦ ਵਿਚ ਮੈਂ ਤੈਰਨਾ ਤਾਂ ਸਿੱਖ ਲਿਆ, ਪਰ ਕਦੇ ਵੀ ਮੇਰਾ ਰਾਵੀ ਦੇ ਪਾਣੀ 'ਚ ਉਤਰਨ ਦਾ ਹੀਆ ਨਾ ਪਿਆ।



*ਅੱਜ ਦੇ ਲਾਹੌਰ ਦੀ ਝਲਕ।*

ਜਦੋਂ ਅਸੀਂ ਹੋਰ ਵੱਡੇ ਹੋਏ ਤਾਂ ਅਸੀਂ ਚੰਨ ਚਾਨਣੀ ਰਾਤ ਵੇਲੇ ਦੀਆਂ ਪਿਕਨਿਕਾਂ ਉਤੇ ਜਾਣ ਲੱਗੇ। ਅਸੀਂ ਆਮ ਕਰਕੇ ਨਹਿਰ ਕੰਢੇ ਜਾਂਦੇ। ਅੰਬਾਂ ਦੀਆਂ ਟੋਕਰੀਆਂ ਸਾਡੇ ਕੋਲ ਹੁੰਦੀਆਂ। ਅਸੀਂ ਬਹੁਤ ਮਜ਼ੇ ਕਰਦੇ। ਟੋਕਰੀਆਂ ਨੂੰ ਨਹਿਰ ਦੇ ਠੰਢੇ ਪਾਣੀ ਵਿਚ ਲਮਕਾ ਦਿੰਦੇ ਤੇ ਖੁਦ ਨਹਿਰ ਦੇ ਰਵਾਂ ਵਗ ਰਹੇ ਪਾਣੀ ਵਿਚ ਤਾਰੀਆਂ ਲਾਉਂਦੇ। ਜਦੋਂ ਤਕ ਅਸੀਂ ਪਰਤਦੇ, ਅੰਬ ਠੰਢੇ ਤੇ ਤਾਜ਼ਾ ਹੋ ਜਾਂਦੇ ਅਤੇ ਅਸੀਂ ਮਜ਼ੇ ਲੈ-ਲੈ ਕੇ ਚੂਪਦੇ। ਸਮਾਂ ਗੁਜ਼ਰਨ ਨਾਲ ਅੰਬਾਂ ਦੀ ਥਾਂ ਬੀਅਰ ਦੀਆਂ ਬੋਤਲਾਂ ਨੇ ਲੈ ਲਈ ਅਤੇ ਪਿਕਨਿਕਾਂ ਹੋਰ ਵੱਧ ਸੰਜੀਦਾ ਬਣ ਗਈਆਂ।

ਕਈ ਵਾਰ ਪਿਕਨਿਕਾਂ ਨੂੰ ਲਾਹੌਰ ਦੀਆਂ ਇਤਿਹਾਸਕ ਥਾਂਵਾਂ ਦੀ ਫੇਰੀ ਨਾਲ ਜੋੜ ਲਿਆ ਜਾਂਦਾ, ਖਾਸ ਕਰ ਜਦੋਂ ਬਾਹਰਲੇ ਸ਼ਹਿਰਾਂ ਤੋਂ ਮਹਿਮਾਨ ਆਏ ਹੁੰਦੇ ਅਤੇ ਉਨ੍ਹਾਂ ਨੂੰ ਸ਼ਹਿਰ ਦੀ ਸੈਰ ਕਰਾਉਣੀ ਹੁੰਦੀ। ਅਜਿਹੇ ਮੌਕਿਆਂ 'ਤੇ ਆਮ ਕਰਕੇ ਦਿਨ ਭਰ ਲਈ ਤਾਂਗਾ ਭਾੜੇ 'ਤੇ ਕਰ ਲਿਆ ਜਾਂਦਾ ਅਤੇ ਅਸੀਂ ਸ਼ਹਿਰ ਘੁੰਮਣ ਨਿਕਲ ਤੁਰਦੇ। ਇਸ ਮੌਕੇ ਬਾਦਸ਼ਾਹੀ ਮਸਜਿਦ, ਹਜ਼ੂਰੀ ਬਾਗ, ਪੁਰਾਣਾ ਕਿਲ੍ਹਾ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ, ਸ਼ਾਹਦਰਾ ਵਿਚ ਜਹਾਂਗੀਰ ਦਾ ਮਕਬਰਾ ਆਦਿ ਮੁੱਖ ਦੇਖਣ ਵਾਲੀਆਂ ਥਾਂਵਾਂ ਹੁੰਦੀਆਂ।

ਮੁੜ ਪਿਕਨਿਕਾਂ ਦੀ ਗੱਲ ਕਰਦੇ ਹਾਂ। ਮੈਨੂੰ ਇਕ ਮਜ਼ਾਹੀਆ ਘਟਨਾ ਚੇਤੇ ਹੈ। ਸਾਡਾ ਇਕ ਸੀਨੀਅਰ ਸਹਿਕਰਮੀ ਮਲਿਕ ਰਿਆਜ਼ ਹੁਸੈਨ ਜੋ ਕਿੰਗਜ਼ ਕਮਿਸ਼ਨਡ ਅਫਸਰ ਸੀ, ਸਾਨੂੰ ਆਪਣੀ ਕਾਰ ਰਾਹੀਂ ਪੇਂਡੂ ਇਲਾਕੇ ਵਿਚ ਘੁਮਾਉਣ ਲੈ ਗਿਆ। ਅਸੀਂ ਉਸ ਨਾਲ ਛੇੜਖਾਨੀ ਦੇ ਇਰਾਦੇ ਨਾਲ ਉਸ ਨੂੰ ਕਿਸੇ ਦੂਰ-ਦੁਰਾਡੇ ਪਿੰਡ ਵਿਚ ਚੱਲਣ ਲਈ ਕਿਹਾ ਤਾਂ ਕਿ ਅਸੀਂ ਪੇਂਡੂ ਮੁਟਿਆਰਾਂ ਦੇਖ ਸਕੀਏ, ਜਿਵੇਂ ਫਿਲਮਾਂ ਵਿਚ ਦਿਖਾਈਆਂ ਜਾਂਦੀਆਂ ਸਨ।

ਪੇਂਡੂ ਮੁਟਿਆਰਾਂ ਦੀ ਸ਼ਹਿਰੀ ਮੁੰਡਿਆਂ ਨਾਲ ਇਸ਼ਕਬਾਜ਼ੀ ਫਿਲਮਾਂ ਦਾ ਆਮ ਵਿਸ਼ਾ ਹੁੰਦਾ ਸੀ। ਕੁੜੀਆਂ ਨਾਲ ਮੇਲ-ਮਿਲਾਪ ਨਾ ਹੋਣ ਕਾਰਨ ਸਾਨੂੰ ਆਪਣੀ ਉਮਰ ਦੀਆਂ ਕੁੜੀਆਂ ਨਾਲ ਗੱਲ ਕਰਨ ਦੇ ਮੌਕੇ ਘੱਟ ਹੀ ਮਿਲਦੇ। ਅਸੀਂ ਪੰਜਾਬਣ ਮੁਟਿਆਰਾਂ ਨੂੰ ਬੜੇ ਗਹੁ ਨਾਲ ਦੇਖਦੇ, ਜੋ ਬੜੀਆਂ ਸੋਹਣੀਆਂ ਤੇ ਦਗਦੇ ਚਿਹਰਿਆਂ ਵਾਲੀਆਂ ਹੁੰਦੀਆਂ। ਸਾਈਕਲਾਂ ਉਤੇ ਜਾ ਰਹੀਆਂ ਇਨ੍ਹਾਂ ਕੁੜੀਆਂ ਦੀਆਂ ਚੁੰਨੀਆਂ ਹਵਾ ਵਿਚ ਉਡਦੀਆਂ ਬਹੁਤ ਹੀ ਦਿਲਕਸ਼ ਲੱਗਦੀਆਂ। ਅਸੀਂ ਪੇਂਡੂ ਨੱਢੀਆਂ ਨੂੰ ਕਰੀਬ ਤੋਂ ਦੇਖਣਾ ਚਾਹੁੰਦੇ ਸਾਂ, ਜੋ ਫਿਲਮੀ ਕਹਾਣੀਆਂ ਵਿਚ ਆਪਣੇ ਨਿੱਘੇ ਸੁਭਾਅ, ਤਕੜੇ ਜੁੱਸੇ, ਕਸਵੀਆਂ ਗੱਲ੍ਹਾਂ, ਗੁਲਾਬੀ ਬੁੱਲ੍ਹਾਂ ਲਈ ਜਾਣੀਆਂ ਜਾਂਦੀਆਂ ਸਨ।

ਰਿਆਜ਼ ਸਾਨੂੰ ਗੁੱਜਰਾਂਵਾਲਾ ਤੋਂ ਵੀ ਅਗਾਂਹ ਹਾਫਿਜ਼ਾਬਾਦ ਵੱਲ ਲੈ ਗਿਆ ਅਤੇ ਅਖੀਰ ਅਸੀਂ ਇਕ ਡਾਕ ਬੰਗਲੇ ਵਿਚ ਪੁੱਜੇ। ਉਸ ਨੇ ਆਪਣੀ ਕਾਰ ਉਥੇ ਖੜ੍ਹਾਈ ਅਤੇ ਸਾਨੂੰ ਫੁੱਟ-ਫੁੱਟ ਧੂੜ-ਮਿੱਟੀ ਵਾਲੇ ਰਸਤੇ ਰਾਹੀਂ ਇਕ ਪਿੰਡ ਵੱਲ ਲੈ ਤੁਰਿਆ। ਰਾਹ ਵਿਚ ਸਾਨੂੰ ਧੂੜਾਂ ਪੁੱਟਦੀ ਆਉਂਦੀ ਬੈਲ ਗੱਡੀ ਮਿਲੀ ਜਿਸ ਕਾਰਨ ਅਸੀਂ ਸਾਰੇ ਘੱਟੇ ਨਾਲ ਬੁਰੀ ਤਰ੍ਹਾਂ ਭਰ ਗਏ। ਅਸੀਂ ਇਕ ਪਿੰਡ ਵਿਚ ਪੁੱਜੇ, ਪਰ ਉਥੇ ਕਿਤੇ ਵੀ ਕੋਈ ਪੇਂਡੂ ਮੁਟਿਆਰ ਨਜ਼ਰੀਂ ਨਾ ਪਈ। ਫਿਰ ਅਸੀਂ ਆਪਣੇ ਘੱਟੇ ਨਾਲ ਭਰੇ ਚਿਹਰੇ ਧੋਣ ਲਈ ਨੇੜਲੇ ਖੂਹ 'ਤੇ ਪੁੱਜੇ। ਉਥੇ ਸਾਨੂੰ ਦੋ ਬਜ਼ੁਰਗ ਔਰਤਾਂ ਮਿਲੀਆਂ, ਜੋ ਖੂਹ ਵਿਚੋਂ ਪਾਣੀ ਕੱਢ ਰਹੀਆਂ ਸਨ। ਫਿਰ ਸਾਨੂੰ ਨੇੜਲੇ ਖੇਤਾਂ ਵੱਲ ਜਾਣ ਲਈ ਕਿਹਾ ਗਿਆ ਤਾਂ ਕਿ ਉਥੇ ਅਸੀਂ ਕੰਮ ਕਰਦੀਆਂ ਸੋਹਣੀਆਂ-ਸੁਨੱਖੀਆਂ ਮੁਟਿਆਰਾਂ ਦੇ ਦਰਸ਼ਨ ਕਰ ਸਕੀਏ, ਪਰ ਉਥੇ ਵੀ ਨਿਰਾਸ਼ਾ ਹੀ ਪੱਲੇ ਪਈ। ਅਸੀਂ ਤਾਂ ਇਸ ਗੱਲੋਂ ਹੀ ਹੈਰਾਨ-ਪ੍ਰੇਸ਼ਾਨ ਸਾਂ ਕਿ ਆਖਰ ਪਿੰਡ ਵਿਚ ਕੋਈ ਸੋਹਣੀ ਮੁਟਿਆਰ ਕਿਉਂ ਨਹੀਂ ਸੀ ਹੱਸਦੀ-ਖੇਡਦੀ ਦਿੱਸ ਰਹੀ। ਰਿਆਜ਼ ਨੇ ਦੱਸਿਆ ਕਿ ਇਸ ਪਿੰਡ ਤੋਂ ਕਰੀਬ ਤਿੰਨ ਮੀਲ ਦੂਰ ਇਕ ਹੋਰ ਪਿੰਡ ਵਿਚ ਮੇਲਾ ਹੋਣ ਕਾਰਨ ਬਹੁਤੀ ਨੌਜਵਾਨ ਪੀੜ੍ਹੀ ਉਥੇ ਗਈ ਹੋਈ ਸੀ। ਸਾਡੇ ਵਿਚ ਇਸ ਧੂੜ ਭਰੇ ਰਾਹ ਉਤੇ ਅਗਾਂਹ ਹੋਰ ਇਕ ਕਦਮ ਵੀ ਚੱਲਣ ਦੀ ਹਿੰਮਤ ਨਹੀਂ ਸੀ ਤੇ ਅਸੀਂ ਬੰਗਲੇ ਨੂੰ ਪਰਤਣ ਦਾ ਫੈਸਲਾ ਕੀਤਾ।

ਇਸ ਦੌਰਾਨ ਰਿਆਜ਼ ਹਾਜਤ ਲਈ ਜਾਣ ਦੀ ਆਖ ਕੇ ਸਾਡੇ ਕੋਲੋਂ ਚਲਾ ਗਿਆ। ਉਸ ਨੇ ਕਿਹਾ ਕਿ ਉਹ ਸਾਨੂੰ ਡਾਕ ਬੰਗਲੇ 'ਤੇ ਹੀ ਮਿਲੇਗਾ। ਇਕ ਘੰਟਾ ਤੁਰਦੇ ਤੇ ਮਿੱਟੀ ਘੱਟਾ ਫੱਕਦੇ ਅਸੀਂ ਬੰਗਲੇ 'ਤੇ ਪੁੱਜੇ, ਪਰ ਅੱਗੇ ਦੇਖਿਆ ਕਿ ਨਾ ਉਥੇ ਰਿਆਜ਼ ਸੀ ਤੇ ਨਾ ਉਸ ਦੀ ਕਾਰ। ਕਰੀਬ ਘੰਟਾ ਭਰ ਦੁਖੀ ਮਨ ਨਾਲ ਉਸ ਦੀ ਉਡੀਕ ਕਰਦੇ-ਕਰਦੇ ਅਸੀਂ ਹੋਰ ਅੱਕ ਤੇ ਥੱਕ ਗਏ। ਫਿਰ ਅਸੀਂ ਡਾਕ ਬੰਗਲੇ ਦੇ ਚੌਕੀਦਾਰ ਨੂੰ ਆਉਂਦਾ ਦੇਖਿਆ। ਉਸ ਨੇ ਦੱਸਿਆ ਕਿ ਸਾਹਬ ਤਾਂ ਕਾਰ ਲੈ ਕੇ ਜੀ.ਟੀ. ਰੋਡ ਵੱਲ ਚਲੇ ਗਏ ਹਨ। ਅਸੀਂ ਵੀ ਥੱਕੇ-ਟੁੱਟੇ ਪੈਰ ਘੜੀਸਦੇ ਹਾਫਿਜ਼ਾਬਾਦ ਵੱਲ ਨੂੰ ਤੁਰ ਪਏ ਤਾਂ ਕਿ ਲਾਹੌਰ ਜਾਣ ਲਈ ਬੱਸ ਫੜ ਸਕੀਏ। ਜਿਉਂ ਹੀ ਅਸੀਂ ਬੱਸ ਸਟਾਪ ਉਤੇ ਪੁੱਜੇ ਤਾਂ ਦੇਖਿਆ ਕਿ ਰਿਆਜ਼ ਉਥੇ ਲਾਲ ਸੂਹੇ ਮਾਲਟੇ ਖਾ ਰਿਹਾ ਸੀ ਅਤੇ ਸਾਡੇ ਵੱਲ ਦੇਖ ਕੇ ਸ਼ਰਾਰਤ ਨਾਲ ਮੁਸਕੁਰਾ ਰਿਹਾ ਸੀ। ਉਸ ਨੂੰ ਦੇਖ ਅਸੀਂ ਰਤਾ ਰਾਹਤ ਦੀ ਸਾਹ ਲਈ।

ਜਦੋਂ ਅਸੀਂ ਉਸ ਦੀ ਕਾਰ ਵਿਚ ਲਾਹੌਰ ਵੱਲ ਪਰਤ ਰਹੇ ਸਾਂ ਤਾਂ ਉਸ ਨੇ ਕਿਹਾ, "ਹਾਂ ਫਿਰ ਤੁਹਾਨੂੰ ਲਾਹੌਰ ਦੀਆਂ ਨੱਢੀਆਂ ਦੇ ਮੁਕਾਬਲੇ ਉਹ ਪੇਂਡੂ ਮੁਟਿਆਰਾਂ ਕਿਹੋ ਜਿਹੀਆਂ ਲੱਗੀਆਂ?" ਅਸੀਂ ਸ਼ਰਮ ਦੇ ਮਾਰੇ ਚੁੱਪ ਰਹਿਣਾ ਹੀ ਬਿਹਤਰ ਸਮਝਿਆ।



*ਲਾਹੌਰ ਨੇੜਲੇ ਇਕ ਪਿੰਡ ਵਿਚ ਵਿਆਹ ਦਾ ਨਜ਼ਾਰਾ।*

# 'ਭੱਜੋ ਵੀਰੋ ਵੇ' ਨਾਲ ਪੈਰ ਜਮਾਂ ਰਿਹਾ ਅੰਬਰਦੀਪ

ਫਿਲਮੀ ਦੁਨੀਆਂ



ਸੁਰਜੀਤ ਜੱਸਲ
ਫੋਨ: 91-98146-07737

ਫਿਲਮ 'ਲੌਂਗ ਲਾਚੀ' ਨਾਲ ਲੇਖਕ ਨਿਰਦੇਸ਼ਕ ਪਿਛੋਂ ਨਾਇਕ ਬਣ ਕੇ ਪੰਜਾਬੀ ਪਰਦੇ 'ਤੇ ਆਉਣਾ ਅੰਬਰਦੀਪ ਦਾ ਪਹਿਲਾ ਸੁਪਨਾ ਸੀ, ਜੋ ਉਸ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਥੀਏਟਰ ਵਿਭਾਗ 'ਚ ਪੈਰ ਧਰਦਿਆਂ ਕਈ ਸਾਲ ਪਹਿਲਾਂ ਲਿਆ ਸੀ। ਫਿਲਮ ਲੇਖਕ ਹੋਣ ਨਾਤੇ ਅੰਬਰਦੀਪ ਨੇ ਆਪਣੇ ਆਪ 'ਤੇ ਕਿਰਦਾਰ ਲਿਖ ਕੇ ਉਸ ਨੂੰ ਖੇਡਿਆ। ਪਾਰਖੂ ਦਰਸ਼ਕਾਂ ਨੇ ਉਸ ਦੀ ਅਦਾਕਾਰੀ ਦੀ ਪ੍ਰਸ਼ੰਸਾ ਕੀਤੀ। ਨਵੀਂ ਫਿਲਮ 'ਭੱਜੋ ਵੀਰੋ ਵੇ...' ਵਿਚ ਉਹ ਲੇਖਕ, ਨਿਰਦੇਸ਼ਕ ਤੇ ਨਾਇਕ ਬਣ ਕੇ ਆਇਆ ਹੈ। 'ਲੌਂਗ ਲਾਚੀ' ਫਿਲਮ ਵਿਚ ਉਸ ਦੀ ਹੀਰੋਇਨ ਨੀਰੂ ਬਾਜਵਾ ਸੀ ਜਦਕਿ ਇਸ ਨਵੀਂ ਫਿਲਮ ਵਿਚ ਸਿੰਮੀ ਚਾਹਲ ਹੈ।



ਅਬੋਹਰ ਇਲਾਕੇ ਦੇ ਜੰਮੇ-ਪਲੇ ਅੰਬਰਦੀਪ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਥੀਏਟਰ ਦੀ ਪੜ੍ਹਾਈ ਕੀਤੀ ਤੇ ਫਿਰ ਆਪਣੀ ਕਿਸਮਤ ਅਜ਼ਮਾਉਣ ਫਿਲਮ ਨਗਰੀ ਮੁੰਬਈ ਚਲਾ ਗਿਆ। ਉਥੇ 10 ਪੰਜਾਬੀ-ਹਿੰਦੀ ਵੱਡੇ ਵੱਡੇ ਕਲਾਕਾਰਾਂ ਨਾਲ ਕੰਮ ਕੀਤਾ। ਇਸੇ ਦੌਰਾਨ ਜਦ ਪੰਜਾਬੀ ਫਿਲਮਾਂ ਵਿਚ ਚੰਗਾ ਕੰਮ ਹੋਣ ਲੱਗਾ ਤਾਂ ਅੰਬਰਦੀਪ ਨੇ ਆਪਣਾ ਰੁਖ ਪੰਜਾਬ ਵੱਲ ਕਰ ਲਿਆ ਤੇ ਸਹੀ ਸਮੇਂ ਇਸ ਨਾਲ ਜੁੜ ਕੇ ਆਪਣੀ ਕਲਾ ਨੂੰ ਨਿਖਾਰਿਆ।

ਅੰਬਰਦੀਪ ਪਿਛਲੇ ਸੱਤ ਕੁ ਸਾਲਾਂ ਤੋਂ ਪੰਜਾਬੀ ਫਿਲਮ ਇੰਡਸਟਰੀ ਵਿਚ ਸਰਗਰਮ ਹੈ। ਫਿਲਮ 'ਜੱਟ ਐਂਡ ਜੂਲੀਅਟ' ਨਾਲ ਕਹਾਣੀ ਤੇ ਸਕਰੀਨ ਪਲੇਅ ਲੇਖਕ ਵਜੋਂ ਆਪਣੀ ਸ਼ੁਰੂਆਤ ਕਰਦਿਆਂ ਅੰਬਰਦੀਪ ਨੇ 'ਵਿਆਹ 70 ਕਿੱਲੋਮੀਟਰ', 'ਡੈਡੀ ਕੂਲ ਮੁੰਡੇ ਫੂਲ', 'ਹੈਪੀ ਗੋ ਹੈਪੀ', 'ਗੋਰਿਆਂ ਨੂੰ ਦਫਾ ਕਰੋ', 'ਅੰਗਰੇਜ਼', 'ਲਵ ਪੰਜਾਬ', 'ਸਰਵਣ', 'ਡਿਸਕੋ ਸਿੰਘ' ਆਦਿ ਫਿਲਮਾਂ ਲਈ ਯੋਗਦਾਨ ਪਾਇਆ। ਇਸੇ ਦੌਰਾਨ 'ਗੋਰਿਆਂ ਨੂੰ ਦਫਾ ਕਰੋ' ਤੇ 'ਅੰਗਰੇਜ਼' ਫਿਲਮਾਂ ਲਈ ਤਾਂ ਅੰਬਰਦੀਪ ਨੂੰ ਬੈਸਟ ਲੇਖਕ ਦਾ ਐਵਾਰਡ ਵੀ ਮਿਲਿਆ। 'ਲਵ ਪੰਜਾਬ', 'ਸਰਵਣ', 'ਹਰਜੀਤਾ' ਅਤੇ 'ਲਾਹੌਰੀਏ' ਫਿਲਮਾਂ ਦਾ ਲੇਖਕ ਹੋਣ ਦੇ ਨਾਲ ਨਾਲ ਉਨ੍ਹਾਂ ਵਿਚ ਅਦਾਕਾਰੀ ਵੀ ਕੀਤੀ। ਭਾਵੇਂ ਦੁਨੀਆਂ ਘੁੰਮ ਆਇਆ ਪਰ ਉਸ ਦੀ ਸਰਹੱਦੀ ਬੋਲੀ ਉਸ ਦਾ ਫਿਲਮੀ ਅੰਦਾਜ਼ ਬਣ ਚੁਕੀ ਹੈ।




ਇੱਕ ਲੇਖਕ ਹੋਣ ਨਾਤੇ ਅੰਬਰਦੀਪ ਵਿਚ ਫਿਲਮ ਦੀ ਕਹਾਣੀ ਵਿਚ ਹਰ ਤਰ੍ਹਾਂ ਦਾ ਮਸਾਲਾ ਭਰਨ ਦੀ ਮੁਹਾਰਤ ਹੈ। ਉਹ ਦਰਸ਼ਕਾਂ ਦਾ ਧਿਆਨ ਪਰਦੇ ਤੋਂ ਪਾਸੇ ਨਹੀਂ ਹੋਣ ਦਿੰਦਾ। ਉਸ ਦੀਆਂ ਫਿਲਮੀ ਕਹਾਣੀਆਂ ਵਿਚ ਜ਼ਿਆਦਾਤਰ ਸਰਹੱਦੀ ਲੋਕਾਂ ਦੀ ਵੇਦਨਾ ਝਲਕਦੀ ਹੈ। ਬਤੌਰ ਅਦਾਕਾਰ, ਲੇਖਕ ਤੇ ਨਿਰਦੇਸ਼ਕ ਉਸ ਦੀ ਪਹਿਲੀ ਫਿਲਮ 'ਲਾਹੌਰੀਏ' ਸੀ, ਜਿਸ ਨੂੰ ਦਰਸ਼ਕਾਂ ਦਾ ਚੰਗਾ ਪਿਆਰ ਮਿਲਿਆ।

ਇਸ ਪਿਛੋਂ 'ਲੌਂਗ ਲਾਚੀ' ਅਤੇ 'ਅਸ਼ਕੇ' ਫਿਲਮਾਂ ਨਾਲ ਅੰਬਰਦੀਪ ਚਾਰ ਕਦਮ ਅੱਗੇ ਹੀ ਵਧਿਆ। ਹੁਣ ਨਵੀਂ ਫਿਲਮ 'ਭੱਜੋ ਵੀਰੋ ਵੇ' ਵਿਚ ਉਸ ਨੇ ਲੋਕ ਗੀਤਾਂ ਵਿਚਲੇ ਤਰਸ ਦੇ ਪਾਤਰ ਰਹੇ 'ਛੜਿਆਂ' ਦੀ ਜ਼ਿੰਦਗੀ ਬਾਰੇ ਚਿੰਤਤ ਹੁੰਦਿਆਂ ਇਹ ਫਿਲਮ ਲਿਖੀ ਹੈ, ਜੋ 1960 ਦੇ ਸਮਿਆਂ ਦੀ ਕਹਾਣੀ ਬਿਆਨ ਕਰਦੀ ਹੈ। ਵਿਆਹ ਕਲਚਰ ਦੇ ਸਿਨਮੇ ਤੋਂ ਵੱਖ ਹੁੰਦਿਆਂ ਇਹ ਪਹਿਲਾਂ ਹੀ ਕਿਹਾ ਗਿਆ ਹੈ ਕਿ ਇਹ ਫਿਲਮ ਵਿਆਹ ਬਾਰੇ ਨਹੀਂ ਬਲਕਿ ਉਨ੍ਹਾਂ ਬਾਰੇ ਹੈ, ਜਿਨ੍ਹਾਂ ਦੇ ਵਿਆਹ ਨਹੀਂ ਹੁੰਦੇ। ਮਤਲਬ ਛੜੇ ਬੰਦੇ ਦੀ ਜੂਨ ਹੰਢਾਉਂਦੇ ਲੋਕਾਂ 'ਤੇ ਕੀ ਬੀਤਦੀ ਹੈ, ਬੰਦੇ ਦੀ ਜ਼ਿੰਦਗੀ ਵਿਚ ਤੀਵੀਂ ਦੀ ਅਹਿਮੀਅਤ ਕੀ ਹੁੰਦੀ ਹੈ? ਇਹੋ ਹੀ ਫਿਲਮ ਦਾ ਅਹਿਮ ਵਿਸ਼ਾ ਹੈ।

ਫਿਲਮ ਦੀ ਕਹਾਣੀ ਅਨੁਸਾਰ ਨਾਇਕ ਅੰਬਰਦੀਪ ਦਾ ਰਿਸ਼ਤਾ ਸਿੰਮੀ ਚਾਹਲ ਨਾਲ ਹੋਣ ਲੱਗਦਾ ਹੈ ਪਰ ਉਸ ਦੇ ਅਨਾਥ ਹੋਣ ਕਰਕੇ ਰੁਕ ਜਾਂਦਾ ਹੈ। ਆਪਣੇ ਨਾਨਕਿਆਂ ਦੀ ਭਾਲ ਵਿਚ ਨਿਕਲਿਆ ਅੰਬਰਦੀਪ ਨਵੀਆਂ ਹੀ ਘੁੰਮਣ-ਘੇਰੀਆਂ ਵਿਚ ਪੈ ਜਾਂਦਾ ਹੈ।

ਰਿਧਮ ਬੁਆਇਜ਼, ਹੇਅਰ ਓਮ ਜੀ ਸਟੂਡੀਓ ਦੀ ਪੇਸ਼ਕਸ਼ ਇਹ ਲੇਖਕ-ਨਿਰਦੇਸ਼ਕ ਅੰਬਰਦੀਪ ਦੀ ਇਸ ਸਾਲ ਤੀਸਰੀ ਫਿਲਮ ਰਿਲੀਜ਼ ਹੋ ਰਹੀ ਹੈ, ਜਿਸ ਦਾ ਨਾਂ ਪਹਿਲਾਂ 'ਕਾਰ ਰੀਬਨਾਂ ਵਾਲੀ' ਸੀ ਜੋ ਬਦਲ ਕੇ 'ਭੱਜੋ ਵੀਰੋ ਵੇ' ਰੱਖਿਆ ਗਿਆ। ਫਿਲਮ ਦੇ ਨਿਰਮਾਤਾ ਕਾਰਜ ਗਿੱਲ, ਤਲਵਿੰਦਰ ਹੇਅਰ ਤੇ ਸਹਿ ਨਿਰਮਾਤਾ ਮੁਨੀਸ਼ ਸਾਹਨੀ ਹਨ। ਫਿਲਮ ਵਿਚ ਅੰਬਰਦੀਪ, ਸਿੰਮੀ ਚਾਹਲ, ਗੁੱਗੂ ਗਿੱਲ, ਨਿਰਮਲ ਰਿਸ਼ੀ, ਹੌਬੀ ਧਾਲੀਵਾਲ, ਹਰਦੀਪ ਗਿੱਲ, ਯਾਦ ਗਰੇਵਾਲ ਤੇ ਸੁਖਵਿੰਦਰ ਰਾਜ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦਾ ਸੰਗੀਤ ਜਤਿੰਦਰ ਸ਼ਾਹ ਨੇ ਤਿਆਰ ਕੀਤਾ ਹੈ। ਅਮਰਿੰਦਰ ਗਿੱਲ, ਸੁਰਿੰਦਰ ਛਿੰਦਾ, ਗੁਰਸ਼ਬਦ, ਬੀਰ ਸਿੰਘ ਤੇ ਗੁਰਪ੍ਰੀਤ ਮਾਨ ਨੇ ਪਲੇਅ ਬੈਕ ਗਾਇਆ ਹੈ।

# ਦੇਵ ਖਰੌੜ ਦੀ ਨਵੀਂ ਰੁਮਾਂਟਿਕ ਤੇ ਐਕਸ਼ਨ ਫਿਲਮ 'ਯਾਰ ਬੇਲੀ'




14 ਦਸੰਬਰ ਨੂੰ ਰਿਲੀਜ਼ ਹੋਣ ਵਾਲੀ ਫਿਲਮ 'ਯਾਰ ਬੇਲੀ' ਵਿਚ ਦੇਵ ਖਰੌੜ ਐਕਸ਼ਨ ਵੀ ਦਿਖਾਏਗਾ ਤੇ ਰੁਮਾਂਸ ਵੀ। 'ਰੁਪਿੰਦਰ ਗਾਂਧੀ-1', 'ਰੁਪਿੰਦਰ ਗਾਂਧੀ-2' ਅਤੇ 'ਡਾਕੂਆਂ ਦਾ ਮੁੰਡਾ' ਫਿਲਮਾਂ ਨਾਲ ਸੁਰਖੀਆਂ ਵਿਚ ਆਇਆ ਦੇਵ ਅੱਜ ਪੰਜਾਬੀ ਸਿਨਮੇ ਦਾ ਸਭ ਤੋਂ ਵੱਧ ਰੁੱਝਿਆ ਅਦਾਕਾਰ ਹੈ। ਅਗਲੇ ਸਾਲ ਆਉਣ ਵਾਲੀਆਂ ਫਿਲਮਾਂ 'ਬਲੈਕੀਆ', 'ਕਾਕਾ ਜੀ' ਤੇ 'ਸਰਾਭਾ' ਵਿਚ ਵੀ ਦੇਵ ਨਜ਼ਰ ਆਵੇਗਾ।

ਨਿਰਮਾਤਾ ਵਿਨੈ ਜ਼ਿੰਦਲ ਵਲੋਂ ਲਿਵਿੰਗ ਡਰੀਮਜ਼ ਐਂਟਰਟੇਨਮੈਂਟ ਬੈਨਰ ਹੇਠ ਲੇਖਕ ਨਿਰਦੇਸ਼ਕ ਸੁਖਜਿੰਦਰ ਸਿੰਘ ਦੀ ਇਸ ਫਿਲਮ ਦਾ ਟਰੇਲਰ ਬੀਤੇ ਦਿਨੀਂ ਰਿਲੀਜ਼ ਹੋਇਆ, ਜਿਸ ਨੂੰ ਦਰਸ਼ਕਾਂ ਨੇ ਚੰਗਾ ਪਸੰਦ ਕੀਤਾ ਹੈ। ਦੇਵ ਖਰੌੜ ਦੀ ਪਛਾਣ ਪੰਜਾਬੀ ਫਿਲਮਾਂ ਦੇ ਹੀਮੈਨ ਵਜੋਂ ਬਣ ਚੁਕੀ ਹੈ।

ਇਸ ਫਿਲਮ 'ਚ ਦੇਵ ਦੀ ਜੋੜੀ ਖੂਬਸੂਰਤ ਅਦਾਕਾਰਾ ਸੈਭੀ ਸੂਰੀ ਨਾਲ ਹੈ। ਸੈਭੀ ਦੀ ਇਹ ਪਹਿਲੀ ਪੰਜਾਬੀ ਫਿਲਮ ਹੈ, ਜਿਸ ਨੇ ਪਿੰਡਾਂ ਵਾਲੀ ਠੇਠ ਪੰਜਾਬਣ ਕੁੜੀ ਦਾ ਕਿਰਦਾਰ ਨਿਭਾਇਆ ਹੈ। ਕੁਝ ਸਾਲ ਪਹਿਲਾਂ ਆਈ ਫਿਲਮ 'ਮਿੱਟੀ' ਵਿਚ ਯਾਦਗਾਰੀ ਕਿਰਦਾਰ ਨਿਭਾਉਣ ਵਾਲਾ ਲਖਵਿੰਦਰ ਕੰਦੋਲਾ ਖਤਰਨਾਕ ਵਿਲੇਨ ਦੇ ਕਿਰਦਾਰ 'ਚ ਪਰਦੇ 'ਤੇ ਮੁੜ ਨਜ਼ਰ ਆਵੇਗਾ।

ਫਿਲਮ ਦੇ ਨਿਰਮਾਤਾ ਵਿਨੈ ਜਿੰਦਲ ਨੇ ਦੱਸਿਆ ਕਿ ਦੇਵ ਖਰੌੜ ਦੀ ਇਹ ਫਿਲਮ ਉਸ ਦੀਆਂ ਪਹਿਲੀਆਂ ਹਿੱਟ ਫਿਲਮਾਂ ਵਾਂਗ ਐਕਸ਼ਨ ਅਤੇ ਪਿਆਰ ਦੀ ਜਬਰਦਸ਼ਤ ਕਹਾਣੀ ਹੈ, ਜੋ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰੇਗੀ। ਇਹ ਪਹਿਲੀ ਪੰਜਾਬੀ ਫਿਲਮ ਹੈ ਜਿਸ ਦੀ ਸ਼ੂਟਿੰਗ ਇਸੇ ਸਾਲ ਅਪਰੈਲ-ਮਈ ਵਿਚ ਮਲੋਟ ਇਲਾਕੇ ਵਿਚ ਕੀਤੀ ਗਈ ਹੈ।

ਫਿਲਮ ਦੀ ਕਹਾਣੀ, ਡਾਇਲਾਗ ਅਤੇ ਸਕਰੀਨ ਪਲੇਅ ਸੁਖਜਿੰਦਰ ਸਿੰਘ ਦੇ ਲਿਖੇ ਹਨ। ਦੇਵ ਖਰੌੜ, ਸੈਬੀ ਸੂਰੀ, ਕਰਮਜੀਤ ਅਨਮੋਲ, ਨਿਸ਼ਾ ਬਾਨੋ, ਸੁਖਜਿੰਦਰ ਸਿੰਘ, ਗੁਰਪ੍ਰੀਤ ਕੌਰ ਭੰਗੂ, ਬੀ. ਐਨ. ਸ਼ਰਮਾ, ਲਖਵਿੰਦਰ ਕੰਦੋਲਾ, ਹਰਪ੍ਰੀਤ ਢਿੱਲੋਂ ਆਦਿ ਕਲਾਕਾਰਾਂ ਨੇ ਅਹਿਮ ਰੋਲ ਨਿਭਾਏ ਹਨ। ਫਿਲਮ ਦਾ ਸੰਗੀਤ ਗੁਰਮੀਤ ਸਿੰਘ ਅਤੇ ਦੇਸੀ ਕਰੀਊ ਨੇ ਦਿੱਤਾ ਹੈ। ਹੈਪੀ ਰਾਏਕੋਟੀ ਦੇ ਲਿਖੇ ਗੀਤ ਨਛੱਤਰ ਗਿੱਲ, ਗੁਰਨਾਮ ਭੁੱਲਰ, ਜੌਰਡਨ ਸੰਧੂ, ਹੈਪੀ ਰਾਏਕੋਟੀ, ਅੰਗਰੇਜ਼ ਅਲੀ ਅਤੇ ਮੰਨਤ ਨੂਰ ਨੇ ਗਾਏ ਹਨ।

ਫਿਲਮ ਦੇ ਨਿਰਦੇਸ਼ਕ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਇਹ ਫਿਲਮ ਅੱਜ ਦੇ ਸਮੇਂ ਦੀ ਫਿਲਮ ਹੈ, ਜੋ ਸੁੱਚੀਆਂ ਮੁਹੱਬਤਾਂ ਦੀ ਬਾਤ ਪਾਉਂਦੀ ਅਤੇ ਸਮਾਜਕ ਕਦਰਾਂ ਕੀਮਤਾਂ ਦੀ ਗੱਲ ਕਰਦੀ ਹੈ। ਇਸ ਫਿਲਮ ਰਾਹੀਂ ਮਨੋਰੰਜਨ ਦੀ ਸ਼ੁੱਧਤਾ ਅਤੇ ਧਰਾਤਲ ਨਾਲ ਜੁੜਿਆ ਮਿਆਰੀ ਸਿਨੇਮਾ ਪੇਸ਼ ਕੀਤਾ ਗਿਆ ਹੈ। ਇਸ ਫਿਲਮ ਦੇ ਟਰੇਲਰ ਅਤੇ ਗੀਤਾਂ ਨੂੰ ਦਰਸ਼ਕਾਂ ਵਲੋਂ ਕਾਫੀ ਹੁੰਗਾਰਾ ਮਿਲਿਆ ਹੈ। ਕਰਮਜੀਤ ਅਨਮੋਲ ਦੀ ਸਾਰਥਕ ਕਾਮੇਡੀ ਵੀ ਦਰਸ਼ਕਾਂ ਦਾ ਚੰਗਾ ਮਨੋਰਜਨ ਕਰੇਗੀ। ਮੌਜੂਦਾ ਦੌਰ ਦੇ ਸਿਨੇਮਾ ਲਈ ਇਹ ਇੱਕ ਨਿਰੋਲ ਪਰਿਵਾਰਕ, ਐਕਸ਼ਨ ਤੇ ਰੁਮਾਂਸ ਭਰਪੂਰ ਸੰਗੀਤਕ ਫਿਲਮ ਹੈ, ਜੋ ਦਰਸ਼ਕਾਂ ਦਾ ਹਰ ਪੱਖੋਂ ਮਨੋਰੰਜਨ ਕਰੇਗੀ।




## ਸਿਸਟਮ ਦਾ ਸ਼ਿਕਾਰ ਬੇਰੁਜ਼ਗਾਰ ਨੌਜਵਾਨਾਂ ਦੀ ਤ੍ਰਾਸਦੀ ਪੇਸ਼ ਕਰਦੀ ਫਿਲਮ

# 'ਟਾਈਟੈਨਿਕ'

ਕਾਮੇਡੀ ਤੇ ਵਿਆਹ ਕਲਚਰ ਤੋਂ ਬਾਅਦ ਹੁਣ ਪੰਜਾਬੀ ਸਿਨੇਮਾ ਪੰਜਾਬ ਦੇ ਮੌਜੂਦਾ ਹਾਲਾਤ ਅਤੇ ਨੌਜਵਾਨ ਵਰਗ ਦੀ ਤ੍ਰਾਸਦੀ ਵੱਲ ਆਇਆ ਹੈ। ਫਿਲਮ 'ਟਾਈਟੈਨਿਕ' ਪੰਜਾਬ ਦੇ ਇੱਕ ਬੇਰੁਜ਼ਗਾਰ ਨੌਜਵਾਨ ਦੇ ਸੰਘਰਸ਼ ਦੀ ਕਹਾਣੀ ਹੈ, ਜੋ ਨੇਵੀ ਵਿਚ ਜਾ ਕੇ ਆਪਣੇ ਸੁਪਨੇ ਸਾਕਾਰ ਕਰਨਾ ਚਾਹੁੰਦਾ ਹੈ, ਜਿਸ ਵਿਚ ਸਫਲ ਹੋਣ ਲਈ ਅਨੇਕਾਂ ਯਤਨ ਕਰਦਾ ਹੈ। ਪਰ ਹਰ ਵਾਰ ਭ੍ਰਿਸ਼ਟ ਸਿਸਟਮ ਦਾ ਸ਼ਿਕਾਰ ਹੋ ਕੇ ਰਹਿ ਜਾਂਦਾ ਹੈ ਤੇ ਉਸ ਦੇ ਪੱਲੇ ਨਿਰਾਸ਼ਾ ਹੀ ਪੈਂਦੀ ਹੈ। ਅੱਜ ਦੇ ਨੌਜਵਾਨ ਦੀਆਂ ਦਿਲੀ ਭਾਵਨਾਵਾਂ ਦੀ ਤਰਜ਼ਮਾਨੀ ਕਰਦੀ ਇਹ ਫਿਲਮ ਜ਼ਿੰਦਗੀ ਦੇ ਕੌੜੇ-ਮਿੱਠੇ ਤਜ਼ਰਬੇ ਨੂੰ ਪਰਦੇ 'ਤੇ ਪੇਸ਼ ਕਰੇਗੀ।

'ਦਾ ਟਾਈਟੈਨਿਕ ਫਿਲਮਜ਼ ਪ੍ਰੋਡਕਸ਼ਨ' ਦੇ ਬੈਨਰ ਹੇਠ ਬਣੀ ਇਸ ਫਿਲਮ 'ਟਾਈਟੈਨਿਕ' ਦੇ ਲੇਖਕ ਤੇ ਨਿਰਦੇਸ਼ਕ ਰਵੀ ਪੁੰਜ ਨੇ ਦੱਸਿਆ ਕਿ ਚਰਚਿਤ ਹਾਲੀਵੁੱਡ ਫਿਲਮ ਟਾਈਟੈਨਿਕ ਨਾਲ ਇਸ ਫਿਲਮ ਦਾ ਕੋਈ ਸਬੰਧ ਨਹੀਂ। ਉਹ ਫਿਲਮ ਲਵ ਸਟੋਰੀ 'ਤੇ ਆਧਾਰਤ ਸੀ, ਜਦਕਿ ਇਹ ਇੱਕ ਨੌਜਵਾਨ ਦੀ ਜ਼ਿੰਦਗੀ 'ਤੇ ਆਧਾਰਤ ਹੈ, ਜਿਸ ਨੂੰ ਮਾਪੇ ਬੜੀ ਮਿਹਨਤ ਨਾਲ ਪੜ੍ਹਾ ਕੇ ਡਿਗਰੀਆਂ, ਡਿਪਲੋਮੇ ਕਰਵਾਉਂਦੇ ਹਨ ਪਰ ਨੌਕਰੀ ਨਹੀਂ ਮਿਲਦੀ ਤੇ ਅਖੀਰ ਲੇਬਰ ਕਰਨ ਲਈ ਮਜਬੂਰ ਹੋ ਜਾਂਦਾ ਹੈ। ਫਿਲਮ ਵਿਚ ਜ਼ਿੰਦਗੀ ਦਾ ਹਰ ਰੰਗ ਪੇਸ਼ ਕੀਤਾ ਗਿਆ ਹੈ। ਕਾਲਜੀ ਜੀਵਨ ਵਾਲਾ ਪਿਆਰ, ਉਚੀਆਂ ਸੋਚਾਂ ਨੂੰ ਪੂਰਾ ਕਰਨ ਦਾ ਜਜ਼ਬਾ, ਆਪਣੀ ਮੰਜ਼ਿਲ 'ਤੇ ਪੁੱਜਣ ਦਾ ਨਿਸ਼ਚੈ ਤੇ ਸੰਘਰਸ਼ ਵਿਖਾਇਆ ਗਿਆ ਹੈ।

21 ਦਸੰਬਰ ਨੂੰ ਰਿਲੀਜ਼ ਹੋ ਰਹੀ ਇਸ ਫਿਲਮ ਵਿਚ ਰਾਜ ਸਿੰਘ ਝਿੰਜਰ, ਕਮਲ ਖੰਗੂੜਾ, ਗੌਰਵ ਮੋਦਗਿੱਲ, ਹੌਬੀ ਧਾਲੀਵਾਲ, ਮਲਕੀਤ ਰੌਣੀ, ਤਰਸੇਮ ਪੌਲ, ਗੁਰਪ੍ਰੀਤ ਕੌਰ ਭੰਗੂ, ਸਤਵਿੰਦਰ ਕੌਰ, ਸਤਵੰਤ ਕੌਰ, ਸੰਨੀ ਗਿੱਲ, ਸਿਮਰਨ ਸਹਿਜਪਾਲ, ਅਕਾਸ਼ ਗਿੱਲ ਅਤੇ ਨਿਹਾਲ ਪੁਰਬਾ ਆਦਿ ਕਲਾਕਾਰਾਂ ਨੇ ਅਹਿਮ ਰੋਲ ਨਿਭਾਏ ਹਨ। ਫਿਲਮ ਦੇ ਸਿਨਮੇਟੋਗ੍ਰਾਫਰ ਕੇ. ਸੁਨੀਲ ਹਨ।

ਫਿਲਮ ਦੀ ਕਹਾਣੀ ਸਕਰੀਨ ਪਲੇਅ ਤੇ ਡਾਇਲਾਗ ਲਿਖਣ ਤੋਂ ਇਲਾਵਾ ਨਿਰਦੇਸ਼ਨ ਵੀ ਰਵੀ ਪੁੰਜ ਨੇ ਦਿੱਤਾ ਹੈ। ਸਹਾਇਕ ਨਿਰਦੇਸ਼ਕ ਕਰਮਪ੍ਰੀਤ ਸਮਰਾ ਹਨ। ਨਿਰਮਾਤਾ ਹੈਰੀ ਪੁੰਜ ਤੇ ਬਲਜਿੰਦਰ ਸਿੰਘ ਅਤੇ ਸਹਿ ਨਿਰਮਾਤਾ ਸੁਖਪ੍ਰੀਤ ਕੌਰ ਸਮਰਾ ਹਨ। ਫਿਲਮ ਦਾ ਸੰਗੀਤ ਡੀ. ਜੇ. ਨਰਿੰਦਰ ਨੇ ਤਿਆਰ ਕੀਤਾ ਹੈ। ਫਿਲਮ 'ਚ ਜੰਗ ਸੰਧੂ, ਤੇਜਿੰਦਰ ਕਿਸ਼ਨਗੜ੍ਹ ਤੇ ਰਮਨ ਸੇਖੋਂ ਦੇ ਲਿਖੇ ਗੀਤ ਗੁਰਨਾਮ ਭੁੱਲਰ, ਫਿਰੋਜ਼ ਖਾਨ, ਨਿੰਜਾ, ਅਲੀ ਬ੍ਰਦਰਜ਼, ਦੀਪਕ ਢਿੱਲੋਂ, ਆਰਤੀ ਗਿੱਲ ਅਤੇ ਅੰਗਰੇਜ਼ ਮਾਨ ਨੇ ਗਾਏ ਹਨ। ਯਕੀਨਨ ਇਹ ਫਿਲਮ ਮੌਜੂਦਾ ਪੰਜਾਬੀ ਸਿਨਮੇ 'ਤੇ ਭਾਰੂ ਹੋਏ ਕਾਮੇਡੀ ਤੇ ਵਿਰਾਸਤੀ ਕਲਚਰ ਤੋਂ ਵੱਖਰੇ ਰੰਗ ਦੀ ਫਿਲਮ ਹੈ।

# ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 31 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting new model homes to save big time.**

**Time to buy new home in Tracy, Manteca, Lothrop and Stockton**

## Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

Call Sukhveer (Sukhi) Gill Ph: 510-207-9067

DHMS, Loan Broker

CA BRE Lic.#01180969
NMLS# 352095

## Recent Sales

1. 3132 San Andreas Dr, Union City, CA 94587
2. 2696 Beachwood Street, Hayward, CA 94545
3. 2805 Danwood Ct., San Jose, CA 95148
4. 816 Gilchrist Dr., #2 San Jose CA 95133
5. 2634 S. White Rd., San Jose, CA 95148
6. 7569 Knollwood Place, Dublin, CA 94568
7. 1991 Liberia Cir., San Jose, CA 95116
8. 5011 Anaheim Cir., Union City, CA 94587
9. 1190 Raposa Dr., San Jose, CA 95121
10. 5842 Cohasset Way, San Jose, CA 95123

**Call for Listing Special 2018**

Fremont Office:
86 Pilgrim Loop
Fremont CA 94539
Tel:510-440-9292



Jaswinder (Jassi) Gill
M.Sc (PAU)
CA BRE# 00966763
Broker/Owner/Notary

Pinnacle Award Winner 2014, 2015, 2016 & 2017
Grand Master Award Winner 2012 & 2013

E-mail: jassi@jassigill.com
or
Visit us @ www.jassigill.com for hot listings

Follow us on zillow.com and trulia.com

## Cell: 510-304-9292 & 408-666-8279

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.